Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067

Jassi Gill
CA DRE Lic.#01180969
CA DRE# 00966763

Hardeep S.Rai
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੇਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

FARMERS
ਆਟੋ, ਘਰ, ਬਿਜਨਸ, ਲਾਈਫ
ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ
ਲਈ ਸੇਵਾ ਦਾ ਮੌਕਾ ਦਿਓ
Duabba Insurance Agency
2450 Peralta Blvd., Suite 120, Fremont, CA 94536
Ph: 510-797-7989
Fax: 510-794-7398 visit us@ farmers.com

Gurcharan Singh Mann
Insurance Agent
Licence# OC 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿਚ ਉਪਲਬਧ ਹੈ, ਜਿਸ ਦੀ ਦਫਤਰ ਵਲੋਂ ਮਨਜ਼ੂਰੀ ਹੈ



Sixteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 17, Issue 39, September 24, 2016 | 20451 N Plum Grove Rd., Palatine, IL 60074 | Ph:847-359-0746, Fax:847-705-9388


# ਭਾਰਤ ਅਤੇ ਪਾਕਿਸਤਾਨ ਵਿਚਕਾਰ ਤਲਖੀ ਵਧੀ

## ਮੋਦੀ ਸਰਕਾਰ ਦੀ ਨੀਤੀ ਵੀ ਸਵਾਲਾਂ ਦੇ ਘੇਰੇ ਵਿਚ

**ਸ੍ਰੀਨਗਰ:** ਉੜੀ (ਬਾਰਾਮੂਲਾ) ਵਿਚ ਕੰਟਰੋਲ ਰੇਖਾ ਨੇੜੇ ਥਲ ਸੈਨਾ ਦੇ ਬ੍ਰਿਗੇਡ ਹੈੱਡਕੁਆਰਟਰ ਦੇ ਬਾਹਰਵਾਰ ਸੁੱਤੇ ਪਏ ਫੌਜੀਆਂ 'ਤੇ ਫਿਦਾਈਨ ਹਮਲੇ ਵਿਚ 18 ਜਵਾਨਾਂ ਦੀ ਮੌਤ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚ ਇਕ ਵਾਰ ਫਿਰ ਟਕਰਾਅ ਵਾਲੇ ਹਾਲਾਤ ਬਣ ਗਏ ਹਨ। ਇਸ ਹਮਲੇ ਪਿੱਛੋਂ ਸਰਹੱਦ 'ਤੇ ਗੋਲੀਬੰਦੀ ਦੀ ਉਲੰਘਣਾ ਦੀਆਂ ਘਟਨਾਵਾਂ ਵੀ ਤੇਜ਼ ਹੋ ਗਈਆਂ ਹਨ।

ਭਾਰਤ ਨੇ ਇਸ ਅਤਿਵਾਦੀ ਹਮਲੇ ਦਾ ਦੋਸ਼ ਸਿੱਧਾ ਪਾਕਿਸਤਾਨ 'ਤੇ ਮੜ੍ਹਦਿਆਂ ਸਬਕ ਸਿਖਾਉਣ ਦੀ ਗੱਲ ਆਖੀ ਹੈ। ਭਾਰਤ ਦਾ ਦਾਅਵਾ ਹੈ ਕਿ ਹਮਲੇ ਦੀ ਮਾਰ ਹੇਠ ਆਇਆ ਕੈਂਪ ਕੰਟਰੋਲ ਰੇਖਾ ਤੋਂ ਮਹਿਜ਼ ਢਾਈ ਕਿਲੋਮੀਟਰ ਦੂਰ ਹੈ ਅਤੇ ਹਮਲਾਵਰ ਪਾਕਿਸਤਾਨ ਵਾਲੇ ਪਾਸਿਉਂ ਘੁਸਪੈਠ ਕਰ ਕੇ ਉੜੀ ਖੇਤਰ ਵਿਚ ਦਾਖਲ ਹੋਏ। ਇਨ੍ਹਾਂ ਹਮਲਾਵਰ ਫਿਦਾਈਨ ਦਾ ਸਬੰਧ ਲਸ਼ਕਰ-ਏ-ਤੋਇਬਾ ਨਾਲ ਦੱਸਿਆ ਜਾ ਰਿਹਾ ਹੈ। ਭਾਰਤੀ ਫੌਜ ਨੇ ਇਸ ਹਮਲੇ ਪਿੱਛੋਂ ਹੁਣ ਤੱਕ 15 ਘੁਸਪੈਠੀਆਂ ਨੂੰ ਮਾਰ-ਮੁਕਾਉਣ ਦਾ ਦਾਅਵਾ ਕੀਤਾ ਹੈ। ਉਧਰ, ਮੋਦੀ ਸਰਕਾਰ ਉਤੇ ਪਾਕਿਸਤਾਨ ਨੂੰ ਸਬਕ ਸਿਖਾਉਣ ਦਾ ਦਬਾਅ ਵਧ ਗਿਆ ਹੈ। ਭਾਜਪਾ ਦੀ ਭਾਈਵਾਲ ਸ਼ਿਵ ਸੈਨਾ ਨੇ ਵੀ ਮੋਦੀ ਨੂੰ ਘੇਰ ਲਿਆ ਹੈ। ਸ਼ਿਵ ਸੈਨਾ ਨੇ ਕਿਹਾ ਹੈ ਕਿ ਅਮਰੀਕਾ ਨੇ ਜਿਵੇਂ ਉਸਾਮਾ ਬਿਨ-ਲਾਦਿਨ ਨੂੰ ਪਾਕਿਸਤਾਨ 'ਚ ਦਾਖਲ ਹੋ ਕੇ ਮਾਰਿਆ ਸੀ, ਉਸੇ ਤਰ੍ਹਾਂ ਜੇ ਭਾਰਤ ਵਿਚ ਪਾਕਿਸਤਾਨ ਉਤੇ ਹਮਲਾ ਕਰਨ ਦਾ ਜੇਰਾ ਨਹੀਂ ਹੈ ਤਾਂ ਸ੍ਰੀ ਮੋਦੀ ਨੂੰ ਕੌਮਾਂਤਰੀ ਪੱਧਰ 'ਤੇ ਆਪਣਾ ਦਬਦਬਾ ਬਣਾਉਣ ਦਾ ਕੋਈ ਫਾਇਦਾ ਨਹੀਂ ਹੈ। ਕਾਂਗਰਸ ਨੇ ਵੀ ਸ੍ਰੀ ਮੋਦੀ ਨੂੰ ਹੁਣ 56 ਇੰਚ ਦੀ ਛਾਤੀ ਦਿਖਾਉਣ ਦੀ

(ਬਾਕੀ ਸਫਾ 6 'ਤੇ)



### ਪਾਕਿਸਤਾਨ ਦੀ ਅਤਿਵਾਦ ਬਾਰੇ ਨੀਤੀ ਬਣੀ ਵੰਗਾਰ

ਕੌਮਾਂਤਰੀ ਪੱਧਰ 'ਤੇ ਅਲੋਚਨਾ ਤੋਂ ਬਾਅਦ ਵੀ ਪਾਕਿਸਤਾਨ ਅਤਿਵਾਦ ਨੂੰ ਸ਼ਹਿ ਦੇਣ ਤੋਂ ਬਾਜ਼ ਨਹੀਂ ਆ ਰਿਹਾ। ਭਾਰਤ ਹੀ ਨਹੀਂ, ਅਫਗਾਨਿਸਤਾਨ, ਇਥੋਂ ਤੱਕ ਕਿ ਬੰਗਲਾਦੇਸ਼ ਵੀ ਪਾਕਿਸਤਾਨ ਵੱਲੋਂ ਪੈਦਾ ਕੀਤੇ ਜਾ ਰਹੇ ਅਤਿਵਾਦ ਦਾ ਸਾਹਮਣਾ ਕਰ ਰਿਹਾ ਹੈ। ਅਮਰੀਕਾ ਉਪਰ 11 ਸਤੰਬਰ 2001 ਨੂੰ ਹੋਏ ਵੱਡੇ ਦਹਿਸ਼ਤਗਰਦੀ ਹਮਲੇ ਦੀਆਂ ਪੈੜਾਂ ਵੀ ਪਾਕਿਸਤਾਨ ਤੱਕ ਅੱਪੜੀਆਂ ਸਨ ਅਤੇ ਅਲ-ਕਾਇਦਾ ਨਾਲ ਸਬੰਧਤ ਬਹੁਤ ਸਾਰੇ ਦੋਸ਼ੀਆਂ ਨੂੰ ਉਥੋਂ ਹੀ ਫੜਿਆ ਗਿਆ ਸੀ। ਦੁਨੀਆ ਦੇ ਹੋਰ ਬਹੁਤ ਸਾਰੇ ਦੇਸ਼ਾਂ ਵਿਚ ਵੀ ਜਿਹੜੀਆਂ ਅਤਿਵਾਦੀ ਘਟਨਾਵਾਂ ਹੁੰਦੀਆਂ ਹਨ, ਉਨ੍ਹਾਂ ਦੀਆਂ ਕੜੀਆਂ ਕਿਸੇ ਨਾ ਕਿਸੇ ਪੱਧਰ 'ਤੇ ਪਾਕਿਸਤਾਨ ਨਾਲ ਆ ਜੁੜਦੀਆਂ ਹਨ।

# ਸ਼੍ਰੋਮਣੀ ਕਮੇਟੀ ਦੇ ਨਵੇਂ ਸਦਨ ਬਾਰੇ ਭੰਬਲਭੂਸਾ

**ਅੰਮ੍ਰਿਤਸਰ:** ਸੁਪਰੀਮ ਕੋਰਟ ਵੱਲੋਂ ਸ਼੍ਰੋਮਣੀ ਕਮੇਟੀ ਦੇ 2011 ਦੇ ਸਦਨ ਦੀ ਬਹਾਲੀ ਬਾਰੇ ਕੀਤੇ ਫੈਸਲੇ ਵਿਚ ਹਾਊਸ ਦੀ ਮਿਆਦ ਬਾਰੇ ਸਥਿਤੀ ਸਪਸ਼ਟ ਨਾ ਹੋਣ ਕਾਰਨ ਭੰਬਲਭੂਸੇ ਵਾਲੀ ਸਥਿਤੀ ਬਣੀ ਹੋਈ ਹੈ। ਕੁਝ ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਸਿੱਖ ਗੁਰਦੁਆਰਾ ਐਕਟ 1925 ਦੀ ਧਾਰਾ 56 ਤਹਿਤ ਨਵੇਂ ਸਦਨ ਦੇ ਮੁੜ ਗਠਨ ਤੱਕ ਪਹਿਲਾ ਹਾਊਸ ਹੀ ਕੰਮ ਕਰਦਾ ਰਹਿ ਸਕਦਾ ਹੈ।

ਸਹਿਜਧਾਰੀ ਸਿੱਖਾਂ ਨੂੰ ਵੋਟ ਪਾਉਣ ਤੋਂ ਰੋਕਣ ਦੇ ਮਾਮਲੇ ਨੂੰ ਲੈ ਕੇ 2011 ਵਿਚ ਸ਼੍ਰੋਮਣੀ ਕਮੇਟੀ ਦੀਆਂ ਹੋਈਆਂ ਆਮ ਚੋਣਾਂ ਦਾ ਭਵਿੱਖ ਹੁਣ ਤੱਕ ਹਵਾ ਵਿਚ ਲਟਕ ਰਿਹਾ ਸੀ। ਹੁਣ ਇਹ ਮਸਲਾ ਹੱਲ ਹੋਣ ਮਗਰੋਂ ਸੁਪਰੀਮ ਕੋਰਟ ਨੇ 2011 ਵਿਚ ਹੋਈਆਂ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਨੂੰ ਪ੍ਰਧਾਨਗੀ ਦਿੰਦਿਆਂ ਇਸ ਹਾਊਸ ਦੀ ਬਹਾਲੀ ਲਈ ਹਰੀ ਝੰਡੀ ਦਿਤੀ ਹੈ। ਇਸ ਵੇਲੇ ਕਾਨੂੰਨੀ ਅੜਿੱਕਾ ਇਹ ਬਣਿਆ ਹੋਇਆ ਹੈ ਕਿ 2011 ਵਿਚ ਹੋਈਆਂ ਚੋਣਾਂ ਦੀ ਮਿਆਦ ਪੰਜ ਸਾਲ ਇਸ ਵਰ੍ਹੇ ਦਸੰਬਰ ਮਹੀਨੇ ਵਿਚ ਖਤਮ ਹੋ ਜਾਵੇਗੀ। ਸੁਪਰੀਮ ਕੋਰਟ ਦੇ ਫੈਸਲੇ ਵਿਚ ਸਪਸ਼ਟ ਨਹੀਂ ਹੈ ਕਿ 2011 ਵਾਲਾ ਹਾਊਸ ਅਗਾਂਹ ਪੰਜ ਸਾਲ ਚੱਲੇਗਾ, ਜਾਂ ਇਸ ਦੀ ਮਿਆਦ 2016 ਤੱਕ ਹੀ ਹੋਵੇਗੀ। ਇਸ ਮਾਮਲੇ ਨੂੰ ਲੈ ਕੇ ਭੰਬਲਭੂਸੇ ਵਾਲੀ ਸਥਿਤੀ ਬਣੀ ਹੋਈ ਹੈ।

ਸਿੱਖ ਗੁਰਦੁਆਰਾ ਐਕਟ 1925 ਦੀ ਧਾਰਾ 56 ਤਹਿਤ ਵੀ ਸਪਸ਼ਟ ਕੀਤਾ ਗਿਆ ਹੈ ਕਿ ਨਵੇਂ ਹਾਊਸ ਦੀ ਚੋਣ ਹੋਣ ਤੱਕ ਪੁਰਾਣਾ ਹਾਊਸ ਹੀ ਕੰਮ ਕਰਦਾ ਰਹੇਗਾ। ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਦੇ ਸਾਬਕਾ ਚੇਅਰਮੈਨ ਕਸ਼ਮੀਰ ਸਿੰਘ ਪੱਟੀ ਨੇ ਆਖਿਆ ਕਿ ਸਿੱਖ ਗੁਰਦੁਆਰਾ ਐਕਟ ਦੀ ਧਾਰਾ 56 ਤਹਿਤ ਭਾਵੇਂ ਇਹ ਸਪਸ਼ਟ ਹੈ ਕਿ ਨਵੇਂ ਹਾਊਸ ਦੀ ਚੋਣ ਤੱਕ ਪੁਰਾਣਾ ਸਦਨ ਹੀ ਕੰਮ ਕਰਦਾ ਰਹੇਗਾ, ਪਰ ਇਸ ਨੂੰ ਵੀ ਇਕ ਵਾਰ ਚੁਣੌਤੀ ਦਿਤੀ ਜਾ ਚੁੱਕੀ ਹੈ। ਉਂਜ ਵੀ ਸਹਿਜਧਾਰੀਆਂ ਬਾਰੇ ਐਕਟ ਵਿਚ ਹੋਈ ਸੋਧ ਨੂੰ ਹਾਈ ਕੋਰਟ ਵਿਚ ਚੁਣੌਤੀ ਦਿਤੀ ਹੋਈ ਹੈ। ਅਦਾਲਤ ਦਾ ਫੈਸਲਾ ਹੀ 2011 ਸਦਨ ਦਾ ਭਵਿੱਖ ਤੈਅ ਕਰੇਗਾ। ਉਨ੍ਹਾਂ ਆਖਿਆ ਕਿ ਸੁਪਰੀਮ ਕੋਰਟ ਨੇ ਵੀ ਸਹਿਜਧਾਰੀ ਜਥੇਬੰਦੀ ਨੂੰ ਹੱਕ ਦਿਤਾ ਹੈ ਅਤੇ ਸਹਿਜਧਾਰੀਆਂ ਨੂੰ ਵੋਟ ਪਾਉਣ ਤੋਂ ਰੋਕਣ ਸਬੰਧੀ ਬਣੇ ਕਾਨੂੰਨ ਨੂੰ ਚੁਣੌਤੀ ਦੇ ਸਕਦੇ ਹਨ। ਦੂਜੇ ਪਾਸੇ ਸਹਿਜਧਾਰੀ ਸਿੱਖ ਪਾਰਟੀ ਨੇ ਗੁਰਦੁਆਰਾ ਚੋਣਾਂ 1925 ਵਿਚ ਸੋਧ ਖਿਲਾਫ਼ ਸੁਪਰੀਮ ਕੋਰਟ ਵਿਚ ਨਜ਼ਰਸਾਨੀ ਅਪੀਲ ਦਾਇਰ ਕਰਨ ਦਾ ਫੈਸਲਾ ਕੀਤਾ ਹੈ।



ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ

(ਬਾਕੀ ਸਫਾ 6 'ਤੇ)


We Do Real Estate in Bay Area & Central Valley
We do loans anywhere in California

Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011


Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
Attorny At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥ ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥

ਬਾਬਾ ਫਰੀਦ ਜੀ ਦੀ ਪਵਿੱਤਰ ਧਰਤੀ ਫਰੀਦਕੋਟ ਦੇ ਇਲਾਕਾ ਨਿਵਾਸੀਆਂ ਅਤੇ ਸਮੂਹ ਸਾਧ ਸੰਗਤ ਵਲੋਂ

# ਆਗਮਨ ਪੁਰਬ ਬਾਬਾ ਸ਼ੇਖ ਫਰੀਦ ਜੀ





ਮਹਾਨ ਸੂਫੀ ਬਾਬਾ ਸ਼ੇਖ ਫਰੀਦ (1173-1266 ਈਸਵੀ) ਦਾ ਆਗਮਨ ਪੁਰਬ
ਗੁਰਦੁਆਰਾ ਸਾਹਿਬ ਫਰੀਮਾਂਟ (300 Gurdwara Road, Fremont, CA 94536) ਵਿਖੇ
ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ

## ਪ੍ਰੋਗਰਾਮ

23 ਸਤੰਬਰ 2016 (ਸ਼ੁੱਕਰਵਾਰ) ਅਰੰਭ ਸ੍ਰੀ ਅਖੰਡ ਪਾਠ ਸਾਹਿਬ: ਸਵੇਰੇ 10 ਵਜੇ
24 ਸਤੰਬਰ 2016 (ਸਨਿਚਰਵਾਰ) ਬੱਚਿਆਂ ਦੀਆਂ ਖੇਡਾਂ, ਸਮਾਂ: 1 ਤੋਂ 6 ਵਜੇ ਤੱਕ
25 ਸਤੰਬਰ 2016 (ਐਤਵਾਰ) ਭੋਗ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ

*ਆਪ ਸਮੂਹ ਸੰਗਤ ਨੂੰ ਮੌਕੇ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ*

ਹੋਰ ਜਾਣਕਾਰੀ ਲਈ ਸੰਪਰਕ ਕਰੋ: ਸਤਪਾਲ ਸਿੰਘ ਢਿੱਲਵਾਂ ਕਲਾਂ, ਫੋਨ: 510-952-6702
ਤਰਸੇਮ ਭਲਵਾਨ ਫਰੀਦਕੋਟ, ਫੋਨ: 510-258-9266; ਜਸਵੀਰ ਸਿੰਘ ਸੰਧੂ, ਫੋਨ: 510-303-8789
ਡਾ. ਹਰਮਿੰਦਰ ਸਿੰਘ ਗਿੱਲ ਬਰਗਾੜੀ, ਫੋਨ: 408-368-2143; ਕਮਲ ਸਿੱਧੂ (ਚੌਧਰੀਆ), ਫੋਨ: 510-717-9555

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥ ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥

## ਬਾਬਾ ਸ਼ੇਖ ਫਰੀਦ ਜੀ ਦੇ ਆਗਮਨ ਪੁਰਬ ਦੀ ਸਮੂਹ ਸੰਗਤਾਂ ਨੂੰ

# ਬਹੁਤ ਬਹੁਤ ਵਧਾਈ

**Rajinder 'Raj' Brar**
B.S. Engineering
Commercial Real Estate Specialist

**AEM REAL ESTATE, INC**
720 Montague Expressway, Milpitas, CA 95035






Commercial Real Estate
Residential Real Estate

**Cell: 510-610-4661**

Fax: 510-441-2082
rajbrar41@gmail.com

# ਵਿਆਹ ਪੁਰਬ ਪ੍ਰਥਮ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ



*ੴ ਸਤਿਨਾਮ ਸ੍ਰੀ ਵਾਹਿਗੁਰੂ॥*

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਬਟਾਲਾ ਨਿਵਾਸੀ ਸਮੂਹ ਸਾਧ ਸੰਗਤ ਵਲੋਂ ਕੁਲ ਜਗਤ ਦੇ ਰਾਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ 25 ਸਤੰਬਰ 2016 ਨੂੰ ਗੁਰਦੁਆਰਾ ਸੈਨ ਹੋਜ਼ੇ ਵਿਖੇ ਪੂਰੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤਾਂ ਨੂੰ ਇਸ ਮੌਕੇ ਹਾਜਰੀਆਂ ਭਰ ਕੇ ਜੀਵਨ ਸਫਲਾ ਕਰਨ ਦੀ ਬੇਨਤੀ ਹੈ ਜੀ।



## ਪ੍ਰੋਗਰਾਮ ਇਸ ਤਰ੍ਹਾਂ ਹੋਵੇਗਾ

**23 ਸਤੰਬਰ 2016:** ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
**25 ਸਤੰਬਰ 2016:** ਭੋਗ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
ਉਪਰੰਤ ਸ਼ਬਦ ਕੀਰਤਨ, ਕਥਾ ਵਿਆਖਿਆ ਅਤੇ ਢਾਡੀ ਵਾਰਾਂ

*ਛੋਲੇ ਭਟੂਰਿਆਂ ਤੇ ਗਰਮਾ ਗਰਮ ਜਲੇਬੀਆਂ ਦਾ ਵਿਸ਼ੇਸ਼ ਲੰਗਰ ਅਤੁੱਟ ਵਰਤੇਗਾ।*

## ਹੋਰ ਜਾਣਕਾਰੀ ਲਈ ਸੰਪਰਕ ਕਰੋ

ਅਜੀਤ ਸਿੰਘ ਸ਼ੰਕਰਪੁਰਾ 408-599-7935
ਬਿਕਰਮਜੀਤ ਸਿੰਘ ਲਾਲੀ ਨੰਗਲ 408-429-9657
ਨਰਿੰਦਰਦੀਪ ਸਿੰਘ ਬੇਦੀ 408-836-6550
ਨੀਤੂ ਸਿੰਘ ਕਾਹਲੋਂ 408-398-1474
ਅੰਮ੍ਰਿਤਪਾਲ ਸਿੰਘ ਬਟਾਲਾ 510-789-6469
ਗੁਲਵੰਤ ਸਿੰਘ ਕਾਹਲੋਂ 408-242-3567

## Gurdwara Sahib San Jose, California

3636 Murillo Ave. San Jose 95148 Ph: 408-274-9373 www.sanjosegurdwara.com


ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ

ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ

Duplex, Four Plax ਅਤੇ Apartment Building ਵਿਚ Investment ਲਈ ਕਾਲ ਕਰੋ ਜੀ

ਜਗਦੇਵ ਸਿੰਘ
ਫੋਨ: 510-689-4625



JAGDEV SINGH
*Realtor*
CalBre #01423409
42820 Albrae, St.,
Fremont, CA 94538

REALTOR EQUAL HOUSING OPPORTUNITY



PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made

Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights

RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results

Personal Injury matters are time sensitive!

For a free consultation, please call (510) 474-0028
E-mail: BainsWeiss@gmail.com

Serving the Bay Area and Beyond • Offices in San Francisco and Union City

# ਚੋਣ ਫੰਡਾਂ ਨੇ ਬਾਦਲਾਂ ਵਾਲੇ ਸ਼੍ਰੋਮਣੀ ਅਕਾਲੀ ਦਲ ਨੂੰ ਕੀਤਾ ਮਾਲੋਮਾਲ

**ਚੰਡੀਗੜ੍ਹ:** ਪੰਜਾਬ ਦੀ ਸੱਤਾਧਾਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਪਿਛਲੇ 5 ਸਾਲਾਂ ਦੌਰਾਨ ਸਭ ਤੋਂ ਜ਼ਿਆਦਾ ਚੋਣ ਫੰਡ ਹਾਸਲ ਹੋਇਆ ਹੈ। ਵਿੱਤੀ ਵਰ੍ਹੇ 2010-11 ਤੋਂ 2014-15 ਦਰਮਿਆਨ ਹਾਕਮ ਪਾਰਟੀ ਨੂੰ 76.14 ਕਰੋੜ ਰੁਪਏ ਮਿਲੇ। ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫੌਰਮਜ਼ (ਏ.ਡੀ.ਆਰ.) ਅਤੇ ਪੰਜਾਬ ਇਲੈਕਸ਼ਨ ਵਾਚ ਨੇ ਰਾਜਸੀ ਪਾਰਟੀ ਨੂੰ ਮਿਲੇ ਮਾਇਆ ਦੇ ਗੱਫਿਆਂ ਦੇ ਵੇਰਵੇ ਜਾਰੀ ਕਰਦਿਆਂ ਦੱਸਿਆ ਕਿ ਤਿੰਨ ਕੁ ਸਾਲ ਪਹਿਲਾਂ ਹੋਂਦ 'ਚ ਆਈ ਆਮ ਆਦਮੀ ਪਾਰਟੀ (ਆਪ) ਵੀ ਪਿੱਛੇ ਨਹੀਂ ਹੈ।

ਇਸ ਪਾਰਟੀ ਨੂੰ ਕੌਮੀ ਪੱਧਰ 'ਤੇ 110.5 ਕਰੋੜ ਰੁਪਏ ਹਾਸਲ ਹੋਏ, ਜਦੋਂਕਿ ਪੰਜਾਬ ਵਿਚੋਂ 48.29 ਲੱਖ ਰੁਪਏ ਦਾ ਫੰਡ ਮਿਲਿਆ ਹੈ। ਵਿੱਤੀ ਵਰ੍ਹੇ 2014-15 ਦੌਰਾਨ 'ਆਪ' ਨੂੰ 55.26 ਕਰੋੜ ਰੁਪਏ ਮਿਲੇ ਸਨ ਤਾਂ ਅਕਾਲੀ ਦਲ ਨੂੰ ਵਿੱਤੀ ਵਰ੍ਹੇ 2011-12 ਦੌਰਾਨ 30.76 ਕਰੋੜ ਰੁਪਏ ਪ੍ਰਾਪਤ ਹੋਏ। ਕੌਮੀ ਪੱਧਰ ਉਤੇ ਭਾਜਪਾ ਨੇ ਸਾਰੀਆਂ ਪਾਰਟੀਆਂ ਨੂੰ ਪਛਾੜ ਦਿੱਤਾ ਹੈ। ਭਾਜਪਾ ਨੂੰ ਪੰਜ ਵਿੱਤੀ ਵਰ੍ਹਿਆਂ ਦੌਰਾਨ 2445.87 ਕਰੋੜ ਰੁਪਏ ਅਤੇ ਕਾਂਗਰਸ ਨੂੰ 2280.43 ਕਰੋੜ ਰੁਪਏ ਮਿਲੇ। ਏ.ਡੀ.ਆਰ. ਦੇ ਆਗੂਆਂ ਜਗਦੀਪ ਛੋਕਰ, ਜਸਕੀਰਤ ਸਿੰਘ,



ਪਰਵਿੰਦਰ ਸਿੰਘ ਕਿੱਤਣਾ ਤੇ ਲਕਸ਼ਮੀ ਸ੍ਰੀਰਾਮ ਨੇ ਪੰਜਾਬ 'ਚ 2006 ਤੋਂ ਜਿੱਤੇ ਵਿਧਾਇਕਾਂ ਤੇ ਸੰਸਦ ਮੈਂਬਰਾਂ ਦੇ ਅਪਰਾਧਿਕ ਪਿਛੋਕੜ ਬਾਰੇ ਵੀ ਤੱਥ ਰੱਖੇ।

ਪਰਲਜ਼ ਗਰੁੱਪ ਦੀ ਮਾਲਕੀ ਵਾਲੇ ਗਿਆਨ ਸਾਗਰ ਮੈਡੀਕਲ ਕਾਲਜ ਵੱਲੋਂ ਭਾਜਪਾ ਨੂੰ 3 ਲੱਖ ਰੁਪਏ ਸਾਲ 2014-15 ਦੌਰਾਨ ਦਿੱਤੇ ਗਏ। ਲੁਧਿਆਣਾ ਦੇ ਏ ਵਨ ਸਾਈਕਲ ਦੇ ਮਾਲਕਾਂ ਵੱਲੋਂ ਕਿਸੇ ਵੀ ਸਿਆਸੀ ਧਿਰ ਨੂੰ ਨਾਰਾਜ਼ ਨਹੀਂ ਕੀਤਾ ਜਾਂਦਾ। ਇਸ ਉਦਯੋਗਿਕ ਘਰਾਣੇ ਨੇ ਭਾਜਪਾ, ਅਕਾਲੀ ਦਲ ਤੇ ਕਾਂਗਰਸ ਤਿੰਨਾਂ ਨੂੰ ਚੋਣ ਫੰਡ ਦਿੱਤਾ। ਏ.ਡੀ.ਆਰ. ਦੀ ਸੂਚੀ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਦੇ ਵੱਡੇ ਦਾਨੀਆਂ ਵਿਚ ਸਤਿਆ ਇਲੈਕਟੋਰਲ ਟਰੱਸਟ ਨਵੀਂ ਦਿੱਲੀ ਨੇ ਵੱਖ-ਵੱਖ ਖਾਤਿਆਂ 'ਚੋਂ 4 ਕਰੋੜ ਰੁਪਏ ਦਿੱਤੇ। ਭਾਜਪਾ ਆਗੂ ਦੀ ਮਾਲਕੀ ਵਾਲੀ ਟਰਿਗ ਡਿਟੈਕਟਿਵ ਏਜੰਸੀ ਮੁੰਬਈ ਵੱਲੋਂ 1 ਕਰੋੜ ਰੁਪਏ, ਐਚ.ਬੀ.ਐਨ. ਅਲਾਈਡ ਐਂਡ ਡੇਅਰੀਜ਼ ਗਰੁੱਪ ਆਫ ਕੰਪਨੀਜ਼ ਨਵੀਂ ਦਿੱਲੀ ਵੱਲੋਂ 50 ਲੱਖ ਰੁਪਏ, ਸਿਗਮਾ ਫਰੂਡਨਬਰਗ ਮੁਹਾਲੀ, ਚਰਨਜੀਤ ਸਿੰਘ ਰੱਖੜਾ, ਹਰਵਿੰਦਰ ਪਾਲ ਸਿੰਘ ਦੇਸੂਮਾਜਰਾ ਮੁਹਾਲੀ ਤਿੰਨਾਂ ਵੱਲੋਂ 25-25 ਲੱਖ ਰੁਪਏ ਦਿੱਤੇ ਗਏ। ਮੁਹਾਲੀ ਦੇ ਮੇਅਰ ਕੁਲਵੰਤ ਸਿੰਘ ਵੱਲੋਂ 15 ਲੱਖ ਰੁਪਏ, ਬਰਨਾਲਾ ਬਿਲਡਰਜ਼ ਜ਼ੀਰਕਪੁਰ ਵੱਲੋਂ 15 ਲੱਖ ਤੇ ਦੀਪ ਮਲਹੋਤਰਾ ਵੱਲੋਂ 11 ਲੱਖ 17 ਹਜ਼ਾਰ ਰੁਪਏ ਸ਼ਾਮਲ ਹਨ।

'ਆਪ' ਵੱਲੋਂ ਵੀ ਉਦਯੋਗਪਤੀ ਜਾਂ ਚਰਚਿਤ ਦਾਨੀਆਂ ਦੀ ਥਾਂ ਵਿਅਕਤੀਗਤ ਤੌਰ 'ਤੇ ਚੰਦਾ ਦੇਣ ਵਾਲੇ ਵਿਅਕਤੀਆਂ ਦੀ ਹੀ ਸੂਚੀ ਦਿੱਤੀ ਗਈ ਹੈ। ਅਕਾਲੀ ਦਲ ਨੂੰ 237 ਦਾਨੀਆਂ ਤੋਂ ਪੰਜਾਬ ਅਤੇ ਚੰਡੀਗੜ੍ਹ ਤੋਂ 4.54 ਕਰੋੜ ਰੁਪਏ ਮਿਲੇ, ਭਾਜਪਾ ਨੂੰ 55 ਦਾਨੀ ਪੁਰਸ਼ਾਂ ਨੇ 59.15 ਲੱਖ ਰੁਪਏ ਦਿੱਤੇ। 'ਆਪ' ਨੂੰ ਪੰਜਾਬ ਤੇ ਚੰਡੀਗੜ੍ਹ ਤੋਂ 107 ਵਿਅਕਤੀਆਂ ਨੇ 48.29 ਲੱਖ ਰੁਪਏ ਸਾਲ 2012-13 ਅਤੇ ਸਾਲ 2014-15 ਦੌਰਾਨ ਦਿੱਤੇ। ਅਕਾਲੀ ਦਲ ਨੂੰ 6.73 ਕਰੋੜ ਰੁਪਏ ਤਾਂ ਵਪਾਰਕ ਅਦਾਰਿਆਂ ਨੇ ਦਿੱਤੇ ਜਦੋਂ ਕਿ 4.43 ਕਰੋੜ ਰੁਪਏ ਵਿਅਕਤੀਗਤ ਤੌਰ 'ਤੇ ਲੋਕਾਂ ਨੇ ਦਿੱਤੇ। ਅਕਾਲੀ ਦਲ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਵਿੱਤੀ ਵਰ੍ਹੇ 2010-11 ਦੌਰਾਨ ਪਾਰਟੀ ਨੂੰ ਕੋਈ ਫੰਡ ਨਹੀਂ ਮਿਲਿਆ। ਪੰਜਾਬ 'ਚ ਸਿਆਸੀ ਪੱਖ ਤੋਂ ਹਾਸ਼ੀਏ 'ਤੇ ਚੱਲ ਰਹੀਆਂ ਖੱਬੀਆਂ ਪਾਰਟੀਆਂ ਸੀ.ਪੀ.ਆਈ. ਅਤੇ ਸੀ.ਪੀ.ਐਮ. ਦੀ ਸਥਿਤੀ ਫੰਡ ਦੇ ਮਾਮਲੇ ਵਿਚ ਵੀ ਗਰੀਬੀ ਵਾਲੀ ਹੀ ਹੈ। ਇਨ੍ਹਾਂ ਪਾਰਟੀਆਂ ਨੂੰ ਵਪਾਰਕ ਅਦਾਰੇ ਹੁਣ ਬਹੁਤ ਘੱਟ ਫੰਡ ਦਿੰਦੇ ਹਨ।

### 17 ਫੀਸਦੀ ਜਨਤਕ ਨੁਮਾਇੰਦੇ ਅਪਰਾਧਕ ਪਿਛੋਕੜ ਵਾਲੇ

ਏ.ਡੀ.ਆਰ. ਨੇ 2006 ਤੋਂ ਬਾਅਦ ਪੰਜਾਬ ਤੋਂ ਚੋਣ ਜਿੱਤੇ 266 ਵਿਧਾਇਕਾਂ ਅਤੇ ਸੰਸਦ ਮੈਂਬਰਾਂ ਦੇ ਅਪਰਾਧਕ ਰਿਕਾਰਡ ਤੋਂ ਸਿੱਟਾ ਕੱਢਿਆ ਹੈ ਕਿ ਪੰਜਾਬ ਦੇ ਕੁੱਲ 17 ਫੀਸਦੀ ਜਨਤਕ ਨੁਮਾਇੰਦੇ ਅਪਰਾਧਕ ਪਿਛੋਕੜ ਵਾਲੇ ਐਲਾਨੇ ਗਏ ਸਨ। 6 ਫੀਸਦੀ ਖਿਲਾਫ਼ ਸੰਗੀਨ ਅਪਰਾਧਾਂ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਹਨ। ਇਸ ਮਾਮਲੇ 'ਚ ਅਕਾਲੀ ਦਲ ਅਤੇ ਕਾਂਗਰਸ ਬਰਾਬਰ ਦਿਖਾਈ ਦੇ ਰਹੀਆਂ ਹਨ। ਅਕਾਲੀ ਦਲ ਦੇ 19 ਫੀਸਦੀ ਜਨਤਕ ਨੁਮਾਇੰਦਿਆਂ ਖਿਲਾਫ਼ ਅਪਰਾਧਕ ਮਾਮਲੇ ਦਰਜ ਹਨ ਤੇ ਕਾਂਗਰਸ ਦੇ 18 ਫੀਸਦੀ, ਭਾਜਪਾ ਦੇ 9 ਫੀਸਦੀ ਤੇ ਆਜ਼ਾਦ 25 ਫੀਸਦੀ ਹਨ। ਆਜ਼ਾਦ ਦੀ ਗਿਣਤੀ ਘੱਟ ਹੋਣ ਕਾਰਨ ਪ੍ਰਤੀਸ਼ਤਤਾ ਜ਼ਿਆਦਾ ਦਿਖਾਈ ਦਿੰਦੀ ਹੈ।

# ਅਰਵਿੰਦ ਕੇਜਰੀਵਾਲ ਦੀ ਲੰਮੀ ਜ਼ੁਬਾਨ ਨੂੰ ਕੱਟ !

**ਨਵੀਂ ਦਿੱਲੀ:** ਚਾਲੀ ਸਾਲ ਤੋਂ ਖੰਘ ਕਾਰਨ ਪ੍ਰੇਸ਼ਾਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਜੀਭ ਦਾ ਓਪਰੇਸ਼ਨ ਹੋ ਗਿਆ ਹੈ। ਡਾਕਟਰਾਂ ਦਾ ਦਾਅਵਾ ਹੈ ਕਿ ਕੇਜਰੀਵਾਲ ਦੀ



ਜੀਭ ਉਨ੍ਹਾਂ ਦੇ ਮੂੰਹ ਦੀ ਤੁਲਨਾ ਵਿਚ ਜ਼ਿਆਦਾ ਲੰਬੀ ਹੋ ਗਈ ਸੀ, ਜਿਸ ਨੂੰ ਸਰਜਰੀ ਰਾਹੀਂ ਛੋਟਾ ਕੀਤਾ ਗਿਆ ਹੈ।

ਸਰਜਰੀ ਤੋਂ ਬਾਅਦ ਕੇਜਰੀਵਾਲ ਨੂੰ ਕੁਝ ਦਿਨ ਚੁੱਪ ਰਹਿਣਾ ਹੋਵੇਗਾ। ਡਾਕਟਰ ਵੱਲੋਂ ਕੇਜਰੀਵਾਲ ਦੀ ਜੀਭ ਬਾਰੇ ਦਿੱਤੇ ਗਏ ਬਿਆਨ ਤੋਂ ਬਾਅਦ ਸੋਸ਼ਲ ਮੀਡੀਆ ਉਤੇ ਵੱਖ-ਵੱਖ ਤਰ੍ਹਾਂ ਦੀਆਂ ਪ੍ਰਤਿਕਿਆਵਾਂ ਦੇਖਣ ਨੂੰ ਮਿਲ ਰਹੀਆਂ ਹਨ। ਕੇਜਰੀਵਾਲ ਦੀ ਸਰਜਰੀ ਬੰਗਲੌਰ ਦੇ ਹਸਪਤਾਲ ਵਿਚ ਕੀਤੀ ਗਈ ਹੈ। ਡਾਕਟਰਾਂ ਅਨੁਸਾਰ ਕੇਜਰੀਵਾਲ ਦੀ ਜ਼ੁਬਾਨ ਦੇ ਆਕਾਰ ਨੂੰ ਮੂੰਹ ਦੇ ਹਿਸਾਬ ਨਾਲ ਛੋਟਾ ਕੀਤਾ ਗਿਆ ਹੈ। ਕੇਜਰੀਵਾਲ ਨੂੰ ਇਸ ਦਿੱਕਤ ਕਾਰਨ ਲਗਾਤਾਰ ਖੰਘ ਆ ਰਹੀ ਸੀ।

ਉਨ੍ਹਾਂ ਦੀ ਇਹ ਬਿਮਾਰੀ ਕਾਫੀ ਗੰਭੀਰ ਵੀ ਬਣ ਚੁੱਕੀ ਹੈ। ਕਈ ਵਾਰੀ ਇਸ ਦਾ ਇਲਾਜ ਵੀ ਕਰਵਾਇਆ ਗਿਆ, ਪਰ ਇਹ ਠੀਕ ਨਹੀਂ ਹੋਈ। ਆਖਰਕਾਰ ਓਪਰੇਸ਼ਨ ਰਾਹੀਂ ਇਸ ਨੂੰ ਠੀਕ ਕਰਨਾ ਪਿਆ।

### ਚਾਹ-ਸਮੋਸਿਆਂ ਨੇ ਪਾਇਆ ਕੇਜਰੀਵਾਲ ਸਰਕਾਰ ਨੂੰ ਵਖਤ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਸਰਕਾਰ ਇਕ ਵਾਰ ਫਿਰ ਸਵਾਲਾਂ ਵਿਚ ਘਿਰ ਸਕਦੀ ਹੈ। ਮੁੱਖ ਮੰਤਰੀ ਕੇਜਰੀਵਾਲ ਤੇ ਹੋਰ ਕਈ ਮੰਤਰੀਆਂ ਨੇ ਲਗਭਗ ਇਕ ਕਰੋੜ ਰੁਪਏ ਚਾਹ ਸਮੋਸਿਆਂ 'ਤੇ ਖਰਚ ਕਰ ਦਿੱਤੇ ਹਨ, ਜਿਨ੍ਹਾਂ 'ਚੋਂ ਮੁੱਖ ਮੰਤਰੀ ਕੇਜਰੀਵਾਲ ਦਾ ਹੀ ਚਾਹ-ਸਮੋਸੇ ਦਾ ਬਿੱਲ ਲਗਭਗ 47 ਲੱਖ ਰੁਪਏ ਦਾ ਬਣਦਾ ਹੈ ਤੇ ਅਜਿਹੇ ਵਿਚ ਰਾਜਨਿਵਾਸ ਵੱਲੋਂ ਇਸ ਦੀ ਜਾਂਚ ਕਰਵਾਏ ਜਾਣ ਦੀ ਉਮੀਦ ਹੈ। ਮੁੱਖ ਮੰਤਰੀ ਵੱਲੋਂ ਬਿਨਾਂ ਕਿਸੇ ਵਿਭਾਗ ਦੇ ਹੁੰਦਿਆਂ ਚਾਹ ਸਮੋਸਿਆਂ 'ਤੇ ਇੰਨੀ ਵੱਡੀ ਰਕਮ ਖਰਚ ਕੀਤੀ ਗਈ ਹੈ ਜਦੋਂ ਕਿ ਪੂਰੇ ਮੰਤਰੀ ਮੰਡਲ ਨੇ ਤਕਰੀਬਨ ਇਕ ਕਰੋੜ ਖਰਚ ਦਿੱਤੇ ਹਨ। ਇਹ ਜਾਣਕਾਰੀ ਆਰ.ਟੀ.ਆਈ. ਤੋਂ ਹਾਸਲ ਹੋਈ ਹੈ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਬਿੱਲ47.29 ਲੱਖ ਹੈ ਜਿਸ ਵਿਚ ਉਨ੍ਹਾਂ ਦੇ ਸਕੱਤਰੇਤ ਦਾ ਬਿੱਲ 22.42 ਲੱਖ ਰੁਪਏ ਤੇ ਨਿਵਾਸ ਸਥਾਨ ਦਫਤਰ ਦਾ ਬਿੱਲ 24.86 ਲੱਖ ਰੁਪਏ ਹੈ।

# ਵਿਧਾਨ ਸਭਾ ਚੋਣਾਂ ਲਈ ਪੰਜਾਬ ਕਾਂਗਰਸ ਨੇ ਕਮਰ ਕੱਸੀ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਨੇ ਸੂਬੇ ਦੇ ਸਾਰੇ 13 ਲੋਕ ਸਭਾ ਹਲਕਿਆਂ ਵਿਚ 26 ਸਤੰਬਰ ਤੋਂ ਵਿਆਪਕ ਪ੍ਰਚਾਰ ਮੁਹਿੰਮ ਵਿੱਢਣ ਦਾ ਐਲਾਨ ਕੀਤਾ ਹੈ। ਇਸ ਮੁਹਿੰਮ ਤਹਿਤ ਹਰ ਰੋਜ਼ 52 ਮੀਟਿੰਗਾਂ ਕੀਤੀਆਂ ਜਾਣਗੀਆਂ। ਪੰਜਾਬ ਪ੍ਰਦੇਸ਼ ਕਾਂਗਰਸ ਨੇ ਸੂਬੇ ਦੀ ਸਮੁੱਚੀ ਲੀਡਰਸ਼ਿਪ ਨੂੰ 'ਕਾਂਗਰਸ ਲਿਆਓ ਤੇ ਪੰਜਾਬ ਬਚਾਓ' ਮੁਹਿੰਮ''ਚ ਝੋਕਣ ਦਾ ਫੈਸਲਾ ਕੀਤਾ ਹੈ।



ਇਸ ਮੁਹਿੰਮ ਦੀ ਰਣਨੀਤੀ ਉਲੀਕਣ ਲਈ ਸਾਰੇ ਲੋਕ ਸਭਾ ਹਲਕਿਆਂ ਦੇ ਤਿੰਨ-ਤਿੰਨ ਇੰਚਾਰਜਾਂ, ਜ਼ਿਲ੍ਹਾ ਪ੍ਰਧਾਨਾਂ, ਵਿਧਾਇਕਾਂ ਤੇ ਸੰਸਦ ਮੈਂਬਰਾਂ ਦੀ ਮੀਟਿੰਗ ਕੀਤੀ ਗਈ, ਜਿਸ ਵਿਚ ਲਗਪਗ 200 ਆਗੂ ਸ਼ਾਮਲ ਸਨ। ਦੱਸਣਯੋਗ ਹੈ ਕਿ ਕਾਂਗਰਸ ਪਾਰਟੀ ਨੇ 13 ਸੰਸਦੀ ਹਲਕਿਆਂ ਨੂੰ ਜ਼ੋਨ ਬਣਾਇਆ ਹੈ ਤੇ ਇਕ ਜ਼ੋਨ ਵਿਚ 108 ਮੀਟਿੰਗਾਂ ਕੀਤੀਆਂ ਜਾਣਗੀਆਂ। ਇਸ ਮੁਹਿੰਮ ਤਹਿਤ ਹਰੇਕ ਵਿਧਾਨ ਸਭਾ ਹਲਕੇ ਵਿਚ ਤਿੰਨ ਪੜਾਵਾਂ ਵਿਚ ਇਕ-ਇਕ ਦਰਜਨ ਨੁੱਕੜ ਮੀਟਿੰਗਾਂ ਕੀਤੀਆਂ ਜਾਣਗੀਆਂ। ਇਹ ਮੁਹਿੰਮ 37 ਦਿਨਾਂ ਤੱਕ ਚੱਲੇਗੀ, ਪਰ ਸ਼ਨਿਚਰਵਾਰ ਤੇ ਐਤਵਾਰ ਨੂੰ ਮੀਟਿੰਗਾਂ ਨਹੀਂ ਕੀਤੀਆਂ ਜਾਣਗੀਆਂ। ਪੰਜਾਬ ਦੇ 13 ਸੰਸਦੀ ਹਲਕਿਆਂ ਲਈ 13 ਵਿਸ਼ੇਸ਼ ਬੱਸਾਂ ਤਿਆਰ ਕੀਤੀਆਂ ਗਈਆਂ ਹਨ ਤੇ ਹਰੇਕ ਬੱਸ ਉਤੇ 'ਕਾਂਗਰਸ ਲਿਆਓ ਤੇ ਪੰਜਾਬ ਬਚਾਓ' ਦਾ ਨਾਅਰਾ ਲਿਖਿਆ ਹੈ।

ਮੁਹਿੰਮ ਦੇ ਇੰਚਾਰਜ ਲਾਲ ਸਿੰਘ ਨੇ ਦੱਸਿਆ ਕਿ ਹਰੇਕ ਵਿਧਾਨ ਸਭਾ ਹਲਕੇ ਨੂੰ ਕਈ-ਕਈ ਹਿੱਸਿਆਂ ਵਿਚ ਵੰਡ ਕੇ ਤਿੰਨ ਪੜਾਵਾਂ 'ਚ ਚਾਰ-ਚਾਰ ਮੀਟਿੰਗਾਂ ਕੀਤੀਆਂ ਜਾਣਗੀਆਂ। 'ਹਲਕੇ ਵਿਚ ਕੈਪਟਨ' ਪ੍ਰੋਗਰਾਮ ਵੱਖਰੇ ਤੌਰ ਉਤੇ ਜਾਰੀ ਰਹਿਣਗੇ। ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਮੁਹਿੰਮ ਵਿਚ ਕੇਂਦਰੀ ਆਗੂਆਂ ਦੀ ਸ਼ਮੂਲੀਅਤ ਬਾਰੇ ਕਿਹਾ ਕਿ ਸੂਬਾਈ ਆਗੂ ਹੀ ਮੁਹਿੰਮ ਚਲਾਉਣਗੇ। ਇਸ ਤੋਂ ਬਾਅਦ ਵੱਡੀਆਂ ਰੈਲੀਆਂ ਕੀਤੀਆਂ ਜਾਣਗੀਆਂ।

# ਬਿਹਾਰ ਵਿਚ ਦਸਮ ਪਾਤਸ਼ਾਹ ਦੇ ਪ੍ਰਕਾਸ਼ ਦਿਹਾੜੇ 'ਤੇ ਤਿੰਨ ਦਿਨ ਦੀ ਸਰਕਾਰੀ ਛੁੱਟੀ

**ਪਟਨਾ:** ਬਿਹਾਰ ਸਰਕਾਰ ਨੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਦਿਹਾੜੇ ਮੌਕੇ ਸੂਬੇ ਵਿਚ ਤਿੰਨ ਦਿਨ ਦੀ ਸਰਕਾਰੀ ਛੁੱਟੀ ਦਾ ਐਲਾਨ ਕੀਤਾ ਹੈ। ਸੂਬੇ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਪ੍ਰਕਾਸ਼ ਦਿਹਾੜੇ ਸਬੰਧੀ ਇਕ ਵੈਬਸਾਈਟ ਜਾਰੀ ਕਰਦਿਆਂ ਇਹ ਐਲਾਨ ਕੀਤਾ। ਇਸ ਵੈਬਸਾਈਟ ਵਿਚ ਪ੍ਰਕਾਸ਼ ਦਿਹਾੜੇ ਸਬੰਧੀ ਮੁਕੰਮਲ ਜਾਣਕਾਰੀ ਉਪਲਬਧ ਹੋਵੇਗੀ। ਇਸ ਤੋਂ ਇਲਾਵਾ ਮੁੱਖ ਮੰਤਰੀ ਨੇ ਇਕ ਵਿਸ਼ੇਸ਼ ਵਾਹਨ ਨੂੰ ਵੀ ਹਰੀ ਝੰਡੀ ਦਿੱਤੀ ਜੋ ਪ੍ਰਕਾਸ਼ ਦਿਹਾੜਾ ਮਨਾਉਣ ਸਬੰਧੀ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਪ੍ਰਚਾਰ ਕਰੇਗਾ। ਇਸ ਤੋਂ ਇਲਾਵਾ ਰਾਜ ਦੇ ਸੈਰ-ਸਪਾਟਾ ਵਿਭਾਗ ਵੱਲੋਂ ਵੀ ਦਸਮੇਸ਼ ਪਿਤਾ ਦੇ ਜੀਵਨ ਸਬੰਧੀ 9 ਛੋਟੀਆਂ ਫਿਲਮਾਂ ਤਿਆਰ ਕੀਤੀਆਂ ਗਈਆਂ ਹਨ। ਕਾਬਲੇਗੌਰ ਹੈ ਕਿ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ 22 ਤੋਂ 24 ਸਤੰਬਰ ਤੱਕ ਇਕ ਵਿਸ਼ੇਸ਼ ਸਮਾਗਮ ਵੀ ਕਰਵਾਇਆ ਜਾ ਰਿਹਾ ਹੈ।

# ਸਿੱਧੂ ਵੱਲੋਂ ਭਾਜਪਾ ਨੂੰ ਪੱਕੀ ਅਲਵਿਦਾ

**ਚੰਡੀਗੜ੍ਹ:** ਨਵਜੋਤ ਸਿੰਘ ਸਿੱਧੂ ਨੇ ਰਾਜ ਸਭਾ ਸੀਟ ਤੋਂ ਅਸਤੀਫਾ ਦੇਣ ਮਗਰੋਂ ਹੁਣ ਭਾਜਪਾ ਦੀ ਮੁੱਢਲੀ ਮੈਂਬਰਸ਼ਿਪ ਤੋਂ ਵੀ ਅਸਤੀਫਾ ਦੇ ਦਿੱਤਾ ਹੈ। ਇਸ ਦੀ ਜਾਣਕਾਰੀ ਉਨ੍ਹਾਂ ਦੀ ਪਤਨੀ ਨਵਜੋਤ ਕੌਰ ਸਿੱਧੂ ਨੇ ਹੀ ਦਿੱਤੀ ਹੈ। ਨਵਜੋਤ ਕੌਰ ਨੇ ਦੱਸਿਆ ਕਿ ਸਿੱਧੂ ਨੇ ਆਪਣਾ ਅਸਤੀਫਾ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨੂੰ ਭੇਜਿਆ ਹੈ।



ਦੱਸਣਯੋਗ ਹੈ ਕਿ ਰਾਜ ਸਭਾ ਸੀਟ ਤੋਂ ਅਸਤੀਫਾ ਦੇਣ ਮਗਰੋਂ ਖਬਰਾਂ ਸਨ ਕਿ ਸਿੱਧੂ ਜੋੜਾ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਸਕਦਾ ਹੈ। ਇਸ ਮਗਰੋਂ ਨਵਜੋਤ ਸਿੱਧੂ ਦੀਆਂ ਕਈ ਵਾਰ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਬੈਠਕਾਂ ਵੀ ਹੋਈਆਂ। ਇਨ੍ਹਾਂ ਬੈਠਕਾਂ ਦਾ ਕੋਈ ਸਿੱਟਾ ਨਾ ਨਿਕਲਿਆ। ਜਦੋਂ ਇਨ੍ਹਾਂ ਖਬਰਾਂ ਨੂੰ ਠੱਲ੍ਹ ਪਈ ਤਾਂ ਨਵਜੋਤ ਸਿੰਘ ਸਿੱਧੂ ਨੇ ਬੈਂਸ ਭਰਾਵਾਂ ਨਾਲ ਮਿਲ ਕੇ ਆਵਾਜ਼-ਏ-ਪੰਜਾਬ ਫਰੰਟ ਬਣਾਇਆ। ਇਸ ਫਰੰਟ ਵਿਚ ਪ੍ਰਮੁੱਖ ਤੌਰ 'ਤੇ ਨਵਜੋਤ ਸਿੰਘ ਸਿੱਧੂ, ਸਿਮਰਜੀਤ ਸਿੰਘ ਬੈਂਸ, ਬਲਵਿੰਦਰ ਸਿੰਘ ਬੈਂਸ ਤੇ ਸਾਬਕਾ ਅਕਾਲੀ ਲੀਡਰ ਪਰਗਟ ਸਿੰਘ ਇਕਜੁਟ ਹੋ ਕੇ ਸਭ ਦੇ ਸਾਹਮਣੇ ਆਏ। ਹਾਲਾਂਕਿ ਨਵਜੋਤ ਕੌਰ ਸਿੱਧੂ ਨੇ ਇਸ ਫਰੰਟ ਤੋਂ ਦੂਰੀ ਬਣਾਈ ਹੋਈ ਹੈ ਤੇ ਉਹ ਹਾਲੇ ਵੀ ਭਾਜਪਾ ਵਿਚ ਹੀ ਹਨ।

# ਸਵਾ ਕਰੋੜੀ ਘੋੜੇ ਉਤੇ ਬਾਦਲ ਪਰਿਵਾਰ ਦੀ ਅੱਖ

**ਜੈਪੁਰ:** ਬਾਦਲ ਪਰਿਵਾਰ ਦਾ ਦਿਲ ਰਾਜਸਥਾਨ ਵਿਚ ਮਾਰਵਾੜੀ ਘੋੜੇ ਉਤੇ ਆ ਗਿਆ ਹੈ। ਇਸ ਘੋੜੇ ਦੀ ਕੀਮਤ ਇਸ ਸਮੇਂ 1 ਕਰੋੜ 11 ਲੱਖ ਰੁਪਏ ਲੱਗ ਚੁੱਕੀ ਹੈ, ਪਰ ਇਸ ਦਾ ਮਾਲਕ ਅਜੇ ਤੱਕ ਵੇਚਣ ਲਈ ਤਿਆਰ ਨਹੀਂ। ਰਾਜਸਥਾਨ ਵਿਚ ਮਾਈਨਿੰਗ ਕਿੰਗ ਵਜੋਂ ਜਾਣੇ ਜਾਂਦੇ ਨਰਾਇਣ ਸਿੰਘ ਆਕੜਵਾਸ 11 ਸਾਲ ਦੇ ਪ੍ਰਭਾਤ ਨਾਮਕ ਘੋੜੇ ਦਾ ਮਾਲਕ ਹੈ।

ਆਕੜਵਾਸ ਦੇ ਇਸ ਘੋੜੇ ਨੂੰ ਖਰੀਦਣ ਲਈ ਦੇਸ਼ ਦੇ ਕਈ ਅਮੀਰ ਘਰਾਣੇ ਉਸ ਕੋਲ ਪਹੁੰਚ ਕਰ ਚੁੱਕੇ ਹਨ। ਇਨ੍ਹਾਂ ਵਿਚੋਂ ਪੰਜਾਬ ਦਾ ਬਾਦਲ ਪਰਿਵਾਰ ਵੀ ਇਕ ਹੈ। ਭਾਰੀ ਕੀਮਤ ਮਿਲਣ ਦੇ ਬਾਵਜੂਦ ਆਕੜਵਾਸ ਇਸ ਨੂੰ ਵੇਚਣ ਲਈ ਤਿਆਰ ਨਹੀਂ। ਘੋੜੇ ਦੇ ਸ਼ੌਕ ਕਾਰਨ ਦੇਸ਼ ਵਿਦੇਸ਼ ਕਈ ਮਹਿੰਗੇ ਘੋੜੇ ਬਾਦਲ ਪਰਿਵਾਰ ਨੇ ਬਾਦਲ ਪਿੰਡ ਵਿਚ ਰੱਖੇ ਹੋਏ ਹਨ। ਇਸ ਘੋੜੇ ਦੀ ਖਾਸੀਅਤ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਉਹ ਵੀ ਕਾਫੀ ਅਹਿਮ ਹੈ।

ਔਡੀ, ਬੀ. ਐਮ. ਡਬਲਲਿਊ ਸਮੇਤ ਜੈਗੂਅਰ ਗੱਡੀਆਂ ਦੇ ਬਰਾਬਰ ਇਸ ਘੋੜੇ ਦੀ ਸ਼ਾਨ ਹੈ। ਘੋੜੇ ਲਈ ਆਕੜਵਾਸ ਨੇ ਸਵਿਮਿੰਗ





ਪੂਲ ਤੇ ਹੋਰ ਸੁਵਿਧਾ ਨੂੰ ਖਾਸ ਤੌਰ ਉਤੇ ਤਿਆਰ ਕੀਤਾ ਹੋਇਆ ਹੈ। ਘੋੜੇ ਦੀ ਦੇਖਭਾਲ ਲਈ ਤਿੰਨ ਕਰਮਚਾਰੀ ਵੀ ਲਾਏ ਗਏ ਹਨ। ਆਕੜਵਾਸ ਅਨੁਸਾਰ ਇਸ ਘੋੜੇ ਦਾ ਖਾਣਾ ਵੀ ਖਾਸ ਹੈ।

ਘੋੜੇ ਨੂੰ ਨਾਸ਼ਤੇ ਵਿਚ ਛੋਲੇ ਅਤੇ ਹੋਰ ਚਾਰਾ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਘੋੜੇ ਨੂੰ ਸੈਰ ਉਤੇ ਲੈ ਕੇ ਜਾਇਆ ਜਾਂਦਾ ਹੈ। ਦੁਪਹਿਰ ਦੇ ਖਾਣੇ ਵਿਚ ਹਰਾ ਚਾਰਾ ਦਿੱਤਾ ਜਾਂਦਾ ਹੈ ਅਤੇ ਮਾਲਸ਼ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਸ਼ੈਂਪੂ ਨਾਲ ਘੋੜੇ ਦੇ ਵਾਲ ਸਾਫ ਕੀਤੇ ਜਾਂਦੇ ਹਨ। ਇਸ ਘੋੜੇ ਨੂੰ ਦੁੱਧ, ਬਦਾਮ ਤੇ ਦੇਸੀ ਘਿਉ ਵੀ ਦਿੱਤਾ ਜਾਂਦਾ ਹੈ। ਦੇਸ਼ ਵਿਚ ਕਈ ਥਾਵਾਂ ਉਤੇ ਪ੍ਰਭਾਤ ਆਪਣੀ ਚੰਗੀ ਨਸਲ ਲਈ ਕਈ ਇਨਾਮ ਵੀ ਜਿੱਤ ਚੁੱਕਾ ਹੈ। ਆਕੜਵਾਸ ਨੇ ਦੱਸਿਆ ਕਿ ਉਸ ਦੇ ਪਾਸ ਮਾਰਵਾੜੀ ਨਸਲ ਦੀਆਂ ਦੋ ਘੋੜੀਆਂ ਵੀ ਹਨ।

# ਛਪਾਰ ਮੇਲਾ ਬਣਿਆ ਸਿਆਸੀ ਛਿੰਝ, ਇਕ ਦੂਜੇ 'ਤੇ ਤੋਹਮਤਾਂ ਦੀ ਝੜੀ



**ਲੁਧਿਆਣਾ:** ਮਾਲਵੇ ਦੇ ਸਭ ਤੋਂ ਵੱਡੇ ਲੋਕ ਮੇਲੇ ਛਪਾਰ ਵਿਚ ਵੱਖ-ਵੱਖ ਪਾਰਟੀਆਂ ਨੇ ਆਪੋ ਆਪਣੀਆਂ ਕਾਨਫਰੰਸਾਂ ਕਰ ਕੇ ਇਕ-ਦੂਜੇ ਨੂੰ ਨਿਸ਼ਾਨਾ ਬਣਾਇਆ। ਸ਼੍ਰੋਮਣੀ ਅਕਾਲੀ ਦਲ ਦੀ ਸਟੇਜ ਤੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੂੰ ਜਨ ਵਿਰੋਧੀ ਪਾਰਟੀਆਂ ਐਲਾਨਿਆਂ। ਅਕਾਲੀ ਦਲ ਨੂੰ ਕਿਸਾਨਾਂ ਦਾ ਮਸੀਹਾ ਜ਼ਾਹਿਰ ਕਰਦਿਆਂ ਉਨ੍ਹਾਂ ਕਿਸਾਨਾਂ ਦੀਆਂ ਖੁਦਕੁਸ਼ੀਆਂ ਲਈ ਕੇਂਦਰ ਵਿਚ ਲੰਬਾ ਸਮਾਂ ਰਹੀ ਕਾਂਗਰਸ ਸਰਕਾਰ ਦੀ ਖੇਤੀ ਨੀਤੀ ਨੂੰ ਜ਼ਿੰਮੇਵਾਰ ਠਹਿਰਾਇਆ।

ਉਨ੍ਹਾਂ ਕਿਹਾ ਕਿ ਪੰਜਾਬ ਤੋਂ ਦਰਿਆਈ ਪਾਣੀਆਂ ਦਾ ਹੱਕ ਖੋਹਣ ਦੇ ਯਤਨ ਕੀਤੇ ਗਏ ਹਨ, ਪਰ ਅਕਾਲੀ ਦਲ ਨੇ ਇਸ ਦਾ ਡੱਟ ਕੇ ਵਿਰੋਧ ਕੀਤਾ ਹੈ ਅਤੇ ਕਰਦਾ ਰਹੇਗਾ। 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਉਤੇ ਹਮਲਾ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਪਾਰਟੀ ਲੀਰਾਂ ਦੀ ਖੁੱਦੋ ਵਾਂਗ ਹੈ ਜੋ ਜਲਦੀ ਖਿਲਰ ਗਈ ਹੈ। ਉਨ੍ਹਾਂ ਕਿਹਾ ਕਿ ਕੇਜਰੀਵਾਲ ਨੇ ਸੁਪਰੀਮ ਕੋਰਟ ਵਿਚ ਹਲਫ਼ੀਆ ਬਿਆਨ ਦੇ ਕੇ ਮੰਗ ਕੀਤੀ ਹੈ ਕਿ ਹਰਿਆਣੇ ਨੂੰ ਪਾਣੀ ਹਰ ਹਾਲਤ ਵਿਚ ਦਿੱਤਾ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਕੇਜਰੀਵਾਲ ਹਰਿਆਣੇ ਦਾ ਜੰਮਪਲ ਹੋਣ ਕਰ ਕੇ ਪੰਜਾਬ ਦੀ ਥਾਂ 'ਤੇ ਹਰਿਆਣੇ ਦਾ ਪੱਖ ਪੂਰ ਰਿਹਾ ਹੈ। ਉਨ੍ਹਾਂ ਵਿਅੰਗ ਨਾਲ ਕਿਹਾ ਕਿ ਪੰਜਾਬ ਉਪਰ ਕਾਂਗਰਸ ਅਤੇ ਆਮ ਆਦਮੀ ਪਾਰਟੀ ਦਾ ਤਾਂ ਪਰਛਾਵਾਂ ਵੀ ਮਾੜਾ ਹੈ।

ਸ. ਬਾਦਲ ਨੇ ਕਿਹਾ ਕਿ ਮੁਹਾਲੀ ਏਅਰਪੋਰਟ ਤੋਂ ਅੰਤਰ-ਰਾਸ਼ਟਰੀ ਉਡਾਣਾਂ ਸ਼ੁਰੂ ਹੋਣ ਨਾਲ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਨੂੰ ਬਹੁਤ ਜ਼ਿਆਦਾ ਲਾਭ ਹੋਵੇਗਾ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਦੇ ਉਡਾਣ ਸ਼ੁਰੂ ਹੋਣ ਸਮੇਂ ਸਮਾਗਮ ਵਿਚ ਸ਼ਾਮਲ ਨਾ ਹੋਣ ਬਾਰੇ ਉਨ੍ਹਾਂ ਕਿਹਾ ਕਿ ਹਰ ਆਦਮੀ ਨੂੰ ਕੋਈ ਨਾ ਕੋਈ ਰੁਝੇਵਾਂ ਹੁੰਦਾ ਹੈ। ਹਵਾਈ ਅੱਡੇ ਦਾ ਨਾਂ ਚੰਡੀਗੜ੍ਹ ਏਅਰਪੋਰਟ ਨਾ ਰੱਖਣ ਬਾਰੇ ਪੁੱਛੇ ਗਏ ਸਵਾਲ ਉਤੇ ਉਨ੍ਹਾਂ ਕਿਹਾ ਕਿ ਜਦੋਂ ਏਅਰਪੋਰਟ ਮੁਹਾਲੀ ਦੀ ਜ਼ਮੀਨ 'ਤੇ ਬਣਿਆ ਹੈ ਤਾਂ ਨਾਂ ਵੀ ਮੁਹਾਲੀ ਉਤੇ ਹੀ ਰੱਖਿਆ ਜਾਵੇਗਾ। ਅਮਰੀਕਾ ਵਿਚ ਪੰਜ ਪਿਆਰੇ ਸ਼ਬਦ ਨੂੰ ਲੈ ਕੇ 'ਆਪ' ਦੇ ਪੰਜਾਬ ਕਨਵੀਨਰ ਗੁਰਪ੍ਰੀਤ ਸਿੰਘ ਘੁੱਗੀ ਦੇ ਵਿਰੋਧ ਬਾਰੇ ਸ੍ਰੀ ਬਾਦਲ ਨੇ ਕਿਹਾ ਕਿ ਪੰਜ ਪਿਆਰੇ ਹਾਰੀ ਸਾਰੀ ਨਹੀਂ ਬਣ ਸਕਦੇ ਕਿਉਂਕਿ ਉਹ ਤਾਂ ਆਪਣੇ ਅਸੂਲਾਂ 'ਤੇ ਸੀਸ ਦੇਣ ਲਈ ਵੀ ਤਿਆਰ-ਬਰ-ਤਿਆਰ ਰਹਿੰਦੇ ਹਨ। ਉਨ੍ਹਾਂ ਕਿਹਾ ਕਿ 'ਆਪ' ਨੂੰ ਪੰਜਾਬ ਦੀ ਧਾਰਮਿਕ ਅਤੇ ਸਮਾਜਿਕ ਮਰਿਆਦਾ ਬਾਰੇ ਕੋਈ ਗਿਆਨ ਨਹੀਂ ਹੈ। ਅਵਾਜ਼-ਏ-ਪੰਜਾਬ ਫਰੰਟ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਇਹੋ ਜਿਹੇ ਫਰੰਟ ਚੋਣਾਂ ਤੋਂ ਪਹਿਲਾਂ ਬਥੇਰੇ ਬਣਨੇ ਹਨ। ਵਿਧਾਨ ਸਭਾ ਵਿਚ ਮੱਚੇ ਘਮਸਾਨ ਬਾਰੇ ਉਨ੍ਹਾਂ ਕਿਹਾ ਕਿ ਕਾਂਗਰਸ ਤਹਿਜ਼ੀਬਯਾਫ਼ਤਾ ਪਾਰਟੀ ਨਹੀਂ ਹੈ।

### ਬਾਦਲ ਪਰਿਵਾਰ ਬਣਿਆ ਤਾਨਾਸ਼ਾਹ: ਕੈਪਟਨ

**ਛਪਾਰ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਾਨਫਰੰਸ ਦੌਰਾਨ ਕਿਹਾ ਕਿ ਬਾਦਲ ਪਰਿਵਾਰ ਸੂਬੇ ਵਿਚ ਲੋਕਤੰਤਰ ਦਾ ਘਾਣ ਕਰ ਕੇ ਆਪਣੀ ਡਿਕਟੇਟਰਸ਼ਿਪ ਚਲਾ ਰਿਹਾ ਹੈ। ਪੰਜਾਬ ਪੁਲਿਸ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਦੇ ਹੱਥਾਂ ਵਿਚ ਕਠਪੁਤਲੀ ਬਣੀ ਹੋਈ ਹੈ। ਬਾਦਲ ਪਰਿਵਾਰ ਦੇ ਹਿੱਤਾਂ ਦੀ ਪੂਰਤੀ ਲਈ ਪੁਲਿਸ ਸਾਰੇ ਕਾਇਦੇ-ਕਾਨੂੰਨ ਛਿੱਕੇ ਟੰਗ ਕੇ ਵਿਰੋਧੀਆਂ 'ਤੇ ਝੂਠੇ ਮੁਕੱਦਮੇ ਦਰਜ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਦੇ ਦਿਨ ਹੁਣ ਪੁੱਗ ਚੁੱਕੇ ਹਨ ਅਤੇ ਕਾਂਗਰਸ ਦੀ ਸਰਕਾਰ ਬਣਨ ਜਾ ਰਹੀ ਹੈ।

### 'ਆਪ' ਵੱਲੋਂ ਪੰਜਾਬੀ ਹੀ ਬਣੇਗਾ ਮੁੱਖ ਮੰਤਰੀ: ਸੰਜੈ ਸਿੰਘ

**ਛਪਾਰ:** ਆਮ ਆਦਮੀ ਪਾਰਟੀ (ਆਪ) ਦੇ ਪੰਡਾਲ ਵਿਚ ਜੁੜੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸੀਨੀਅਰ ਆਗੂ ਸੰਜੈ ਸਿੰਘ ਨੇ ਦਾਅਵਾ ਕੀਤਾ ਕਿ ਪਾਰਟੀ ਆਉਂਦੀਆਂ ਵਿਧਾਨ ਸਭਾ ਚੋਣਾਂ 'ਚ ਘੱਟੋ ਘੱਟ 100 ਸੀਟਾਂ ਉਤੇ ਜਿੱਤ ਪ੍ਰਾਪਤ ਕਰ ਕੇ ਕਿਸੇ ਪੰਜਾਬੀ ਨੂੰ ਹੀ ਸੂਬੇ ਦਾ ਮੁੱਖ ਮੰਤਰੀ ਬਣਾਏਗੀ। ਅਕਾਲੀ-ਭਾਜਪਾ ਸਰਕਾਰ ਉਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ 'ਆਪ' ਦੀ ਸਿਆਸੀ ਚੜ੍ਹਤ ਦੇਖ ਕੇ ਹੁਕਮਰਾਨ ਪਾਰਟੀਆਂ ਬੁਖਲਾ ਗਈਆਂ ਹਨ ਅਤੇ ਪਾਰਟੀ ਦੇ ਵਾਲੰਟੀਅਰਾਂ ਉਤੇ ਧੜਾਧੜ ਝੂਠੇ ਪਰਚੇ ਦਰਜ ਕੀਤੇ ਜਾ ਰਹੇ ਹਨ।

## ਸਿੱਖ ਬੀਬੀਆਂ ਨਾਲ ਪੰਗਾ ਲੈ ਕੇ ਗੋਰਾ ਫਸਿਆ



**ਲੰਡਨ:** ਬਰਤਾਨੀਆ ਵਿਚ ਆਪਣੇ ਗੁਆਂਢੀ ਸਿੱਖ ਪਰਿਵਾਰ ਨੂੰ ਬੁਰਾ ਭਲਾ ਕਹਿਣ ਵਾਲੇ ਇਕ ਸਾਬਕਾ ਫ਼ੌਜੀ ਅਫਸਰ ਨੂੰ ਅਦਾਲਤ ਨੇ 10 ਮਹੀਨੇ ਦੀ ਸਜ਼ਾ ਸੁਣਾਈ ਹੈ। ਡਰਬੀ ਕਾਊਨ ਅਦਾਲਤ ਨੇ ਦੋਸ਼ੀ ਸਾਬਕਾ ਫੌਜੀ ਅਧਿਕਾਰੀ ਕ੍ਰਿਸਟੋਫਰ ਬਲੂਰਟਨ ਨੂੰ ਨਸਲੀ ਟਿੱਪਣੀਆਂ ਕਰਨ, ਪ੍ਰੇਸ਼ਾਨ ਕਰਨ ਸਬੰਧੀ ਧਾਰਾਵਾਂ ਤਹਿਤ ਦੋਸ਼ੀ ਪਾਇਆ ਹੈ।

ਜਾਣਕਾਰੀ ਮੁਤਾਬਕ ਡਰਬੀ ਦੇ ਮਾਨਚੈਸਟਰ ਸਟਰੀਟ ਖੇਤਰ ਵਿਚ ਰਹਿੰਦੀਆਂ ਦੋ ਸਿੱਖ ਬੀਬੀਆਂ ਨੂੰ ਬਰਤਾਨੀਆ ਸੈਨਾ ਦਾ ਸਾਬਕਾ ਸੈਨਿਕ ਆਈ.ਐਸ.ਆਈ.ਐਸ. ਅਤੇ ਪਾਕੀ ਕਹਿ ਕੇ ਬੁਲਾਉਂਦਾ ਸੀ, ਜਿਸ ਕਾਰਨ ਸਿੱਖ ਮਹਿਲਾਵਾਂ ਪ੍ਰੇਸ਼ਾਨ ਸਨ। ਇਥੇ ਹੀ ਬੱਸ ਨੇ ਗੋਰੇ ਨੇ ਸਿੱਖ ਮਹਿਲਾਵਾਂ ਨੂੰ ਨਸਲੀ ਚਿੱਠੀ ਵੀ ਭੇਜੀ ਜਿਸ ਵਿਚ ਉਸ ਨੇ ਲਿਖਿਆ ਸੀ ਕਿ ਉਹ ਆਈ.ਐਸ. ਆਈ.ਐਸ ਦੀਆਂ ਮੈਂਬਰ ਹਨ। ਅਦਾਲਤ ਨੇ ਇਹ ਵੀ ਮੰਨਿਆ ਕਿ ਪੀੜਤ ਔਰਤਾਂ ਸਾਲ 2014 ਵਿਚ ਘਰ ਆਈਆਂ ਸਨ, ਪਰ ਪਿਛਲੇ ਸਾਲ ਜੂਨ ਵਿਚ ਵਿਵਾਦ ਸ਼ੁਰੂ ਹੋਇਆ। ਉਹ ਆਪਣੇ ਘਰ ਜਾਂ ਬਗੀਚੇ ਵਿਚੋਂ ਹੀ ਸਿੱਖ ਮਹਿਲਾਵਾਂ ਨੂੰ ਮੰਦਾ ਬੋਲਦਾ ਸੀ।

## ਮੁਸ਼ੱਰਫ ਦੀ ਜਾਇਦਾਦ ਜ਼ਬਤ ਕਰਨ ਦੇ ਹੁਕਮ

**ਇਸਲਾਮਾਬਾਦ:** 2007 ਵਿਚ ਫੌਜ ਵੱਲੋਂ ਲਾਲ ਮਸਜਿਦ 'ਤੇ ਹਮਲੇ ਦੌਰਾਨ ਮਾਰੇ ਗਏ ਮੌਲਵੀ ਦੇ ਮਾਮਲੇ ਵਿਚ ਅਦਾਲਤ 'ਚ ਪੇਸ਼ ਨਾ ਹੋਣ ਉਤੇ ਪਾਕਿਸਤਾਨ ਦੀ ਇਕ ਅਦਾਲਤ ਨੇ ਸਾਬਕਾ ਤਾਨਾਸ਼ਾਹ ਪਰਵੇਜ਼ ਮੁਸ਼ੱਰਫ ਦੀ ਜਾਇਦਾਦ ਜ਼ਬਤ ਕਰਨ ਦੇ ਹੁਕਮ ਸੁਣਾਏ ਹਨ।

ਇਸ ਸਬੰਧੀ ਵਕੀਲ ਨੇ ਦੱਸਿਆ ਕਿ ਸਿਹਤ ਜਾਂਚ ਲਈ ਇਸ ਵੇਲੇ ਦੁਬਈ ਵਿਖੇ ਰਹਿ ਰਹੇ 73 ਸਾਲਾ ਮੁਸ਼ੱਰਫ ਦੇ ਕੇਸ ਦੀ ਸੁਣਵਾਈ ਕਰਦੇ ਹੋਏ ਇਸਲਾਮਾਬਾਦ ਦੀ ਸੈਸ਼ਨ ਅਦਾਲਤ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਪ੍ਰਵੇਜ਼ ਉਲ ਕਾਦਿਰ ਮੈਮਨ ਨੇ 2007 ਦੇ ਮਾਮਲੇ 'ਚ ਪੇਸ਼ ਨਾ ਹੋਣ ਉਤੇ ਮੁਸ਼ੱਰਫ ਦੀ ਜਾਇਦਾਦ ਜ਼ਬਤ ਕਰਨ ਦੇ ਹੁਕਮ ਸੁਣਾਏ ਹਨ।

## ਖੱਬੀਆਂ ਧਿਰਾਂ ਨੇ ਬਣਾਈ ਨਵੀਂ ਸਾਂਝੀ ਪਾਰਟੀ



**ਜਲੰਧਰ:** ਸੀ.ਪੀ.ਐਮ. ਪੰਜਾਬ ਸਮੇਤ ਦਸ ਸੂਬਿਆਂ ਦੀਆਂ ਖੱਬੀਆਂ ਧਿਰਾਂ ਵੱਲੋਂ ਇਕਜੁੱਟ ਹੋ ਕੇ ਨਵੀਂ ਸਿਆਸੀ ਪਾਰਟੀ ਬਣਾਈ ਗਈ ਹੈ, ਜਿਸ ਦਾ ਨਾਂ ਰੈਵੋਲਿਊਸ਼ਨਰੀ ਮਾਰਕਸਿਸਟ ਪਾਰਟੀ ਆਫ ਇੰਡੀਆ (ਆਰ.ਐਮ.ਪੀ.ਆਈ.) ਰੱਖਿਆ ਗਿਆ ਹੈ। ਇਸ ਦਾ ਐਲਾਨ ਇਥੇ ਦੇਸ਼ ਭਗਤ ਯਾਦਗਾਰ ਹਾਲ ਵਿਚ ਸੱਦੀ ਗਈ ਕਾਨਫਰੰਸ ਵਿੱਚ ਕੀਤਾ ਗਿਆ। ਪੰਜਾਬ ਦੇ ਸਾਰੇ ਜ਼ਿਲ੍ਹਿਆਂ ਤੋਂ ਆਏ ਨੁਮਾਇੰਦਿਆਂ ਤੋਂ ਇਲਾਵਾ ਤਾਮਿਲਨਾਡੂ, ਕੇਰਲ, ਮਹਾਰਾਸ਼ਟਰ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਯੂ.ਟੀ. ਚੰਡੀਗੜ੍ਹ ਤੋਂ ਆਏ ਡੈਲੀਗੇਟਾਂ ਨੇ ਇਸ ਕਾਨਫਰੰਸ ਵਿਚ ਹਿੱਸਾ ਲਿਆ। ਇਹ ਪਾਰਟੀ ਮਾਰਕਸਵਾਦੀ-ਲੈਨਿਨਵਾਦੀ ਦਰਸ਼ਨ ਤੇ ਸਿਧਾਂਤਾਂ ਉਤੇ ਚੱਲੇਗੀ ਅਤੇ ਮੌਜੂਦਾ ਭਾਰਤੀ ਸਮਾਜ ਨੂੰ ਬਦਲ ਕੇ ਹਰ ਕਿਸਮ ਦੇ ਸਮਾਜੀ, ਨਸਲੀ, ਲਿੰਗਕ ਜਬਰ ਅਤੇ ਵਿਤਕਰੇ ਤੋਂ ਰਹਿਤ, ਵਰਗ ਰਹਿਤ ਤੇ ਜਾਤ-ਪਾਤ ਤੋਂ ਮੁਕਤ ਸਮਾਜ ਦੀ ਸਿਰਜਣਾ ਲਈ ਯਤਨ ਕਰੇਗੀ। ਕਾਨਫਰੰਸ ਨੇ ਪਾਰਟੀ ਦੇ ਸੰਵਿਧਾਨ ਨੂੰ ਪ੍ਰਵਾਨਗੀ ਦਿੰਦਿਆਂ 23 ਮੈਂਬਰੀ ਕੇਂਦਰੀ ਟੀਮ ਦੀ ਚੋਣ ਵੀ ਕੀਤੀ।

ਚਾਰ ਸੀਟਾਂ ਆਂਧਰਾ ਪ੍ਰਦੇਸ਼, ਪੱਛਮੀ ਬੰਗਾਲ ਅਤੇ ਦਿੱਲੀ ਵਾਸਤੇ ਖਾਲੀ ਛੱਡੀਆਂ ਗਈਆਂ ਹਨ। ਕਾਨਫਰੰਸ ਵਿਚ ਮਤਾ ਪਾਸ ਕਰ ਕੇ ਪਾਰਟੀ ਨੂੰ ਫੌਰੀ ਤੌਰ 'ਤੇ ਭਾਰਤ ਦੇ ਚੋਣ ਕਮਿਸ਼ਨ ਕੋਲ ਰਜਿਸਟਰਡ ਕਰਵਾਉਣ ਦਾ ਫੈਸਲਾ ਲਿਆ ਗਿਆ। ਕਾਮਰੇਡ ਪਾਸਲਾ ਨੇ ਦੱਸਿਆ ਕਿ ਆਉਂਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਖੱਬੀਆਂ ਧਿਰਾਂ ਨਾਲ ਰਲ ਕੇ 50 ਤੋਂ ਵੱਧ ਸੀਟਾਂ ਉਤੇ ਚੋਣ ਲੜੀ ਜਾਵੇਗੀ।

ਉਨ੍ਹਾਂ ਕਿਹਾ ਕਿ ਸੂਬੇ ਵਿੱਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ, ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਕਿਸੇ ਨਾ ਕਿਸੇ ਤਰ੍ਹਾਂ ਕਾਰਪੋਰੇਟ ਜਗਤ ਨਾਲ ਸਬੰਧ ਜੋੜੇ ਹੋਏ ਹਨ, ਜਿਥੋਂ ਉਨ੍ਹਾਂ ਨੂੰ ਵੱਡੇ ਪੱਧਰ 'ਤੇ ਪੈਸੇ ਮਿਲ ਰਹੇ ਹਨ। ਇਹ ਪਾਰਟੀਆਂ ਆਮ ਲੋਕਾਂ ਦੇ ਦੁੱਖ ਦਰਦ ਦੀ ਗੱਲ ਨਹੀਂ ਕਰਦੀਆਂ।

ਉਨ੍ਹਾਂ ਦਾਅਵਾ ਕੀਤਾ ਕਿ ਨਵੀਂ ਬਣੀ ਪਾਰਟੀ ਜਾਤ ਰਹਿਤ ਸਮਾਜ ਦੀ ਸਿਰਜਣਾ ਕਰੇਗੀ ਤੇ ਖਾਸ ਕਰ ਕੇ ਦਲਿਤਾਂ ਦੀ ਭਲਾਈ ਵੱਲ ਧਿਆਨ ਦੇਵੇਗੀ। ਉਨ੍ਹਾਂ ਕਿਹਾ ਕਿ ਦਲਿਤਾਂ ਅਤੇ ਔਰਤਾਂ ਨੂੰ ਬਰਾਬਰਤਾ ਦੇ ਹੱਕ ਦੇਣ ਤੋਂ ਬਿਨਾਂ ਇਨਕਲਾਬ ਬਾਰੇ ਸੋਚਿਆ ਨਹੀਂ ਜਾ ਸਕਦਾ। ਕਾਮਰੇਡ ਪਾਸਲਾ ਨੇ ਦੱਸਿਆ ਕਿ ਕਬਾਇਲੀਆਂ ਦੇ ਮੁੱਦਿਆਂ ਨੂੰ ਪਾਰਟੀ ਮੁੱਖ ਰੂਪ ਵਿਚ ਉਭਾਰੇਗੀ।

## ਫਰਾਂਸ ਵੱਲੋਂ ਸਿੱਖਾਂ ਦਾ ਵੱਡਾ ਸਨਮਾਨ



**ਪੈਰਿਸ:** ਫਰਾਂਸ ਦੇ ਸ਼ਹਿਰ ਸੇਂਟ ਟਰੋਪਜ਼ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਸਥਾਪਤ ਕੀਤਾ ਗਿਆ ਹੈ। ਯੂਰਪ, ਇੰਗਲੈਂਡ ਅਤੇ ਭਾਰਤ ਤੋਂ ਅਹਿਮ ਸ਼ਖ਼ਸੀਅਤਾਂ ਨੇ ਇਸ ਮੌਕੇ ਹੋਏ ਸਮਾਗਮ ਵਿਚ ਹਿੱਸਾ ਲਿਆ। ਇਸ ਤੋਂ ਇਲਾਵਾ ਫਰਾਂਸ ਸਥਿਤ ਭਾਰਤੀ ਐਂਬੇਸੀ ਦੇ ਰਾਜਦੂਤ ਡਾਕਟਰ ਮੋਹਨ ਕੁਮਾਰ ਵੀ ਮੌਜੂਦ ਸਨ।

ਭਾਰਤ ਸੈਨਾ ਦੇ ਸਾਬਕਾ ਮੁਖੀ ਜਨਰਲ ਜੇ.ਜੇ. ਸਿੰਘ ਉਚੇਚੇ ਤੌਰ ਉਤੇ ਸੇਂਟ ਟਰੋਪਜ਼ ਸ਼ਹਿਰ ਵਿਚ ਪਹੁੰਚੇ। ਕਾਂਸੀ ਦਾ ਇਹ ਬੁੱਤ ਫਰਾਂਸ 'ਚ ਲਗਵਾਉਣ ਪਿੱਛੇ ਇਤਿਹਾਸਕ ਮਹੱਤਤਾ ਵੀ ਸੀ। ਸਿੱਖ ਜਰਨੈਲ ਮਹਾਰਾਜ ਰਣਜੀਤ ਸਿੰਘ ਨੇ ਫਰਾਂਸ ਦੇ ਜੀਨ ਫਰੈਂਕੁਇਸ ਅਲਾਰਡ ਨੂੰ ਆਪਣੀ ਫੌਜ 'ਚ ਸ਼ਾਮਲ ਕਰ ਕੇ ਬ੍ਰਿਟਿਸ਼ ਰਾਜ ਦੇ ਪਸਾਰ ਨੂੰ ਠੱਲ੍ਹ ਪਾਈ ਸੀ। ਅਲਾਰਡ ਫਰਾਂਸ ਦੇ ਸੇਂਟ ਟਰੋਪਜ਼ ਸ਼ਹਿਰ ਦੇ ਹੀ ਰਹਿਣ ਵਾਲੇ ਸਨ। ਇਸ ਕਰ ਕੇ ਇਸ ਸ਼ਹਿਰ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਸਥਾਪਤ ਕੀਤਾ ਗਿਆ ਹੈ। ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਸਥਾਪਤ ਹੋਣ ਉਤੇ ਫਰਾਂਸ ਵਿਚ ਰਹਿਣ ਵਾਲਾ ਸਿੱਖ ਭਾਈਚਾਰਾ ਕਾਫੀ ਖੁਸ਼ ਹੈ।

ਫਰਾਂਸ ਵਿੱਚ ਲੰਮੇ ਸਮੇਂ ਤੋਂ ਰਹਿਣ ਵਾਲੇ ਰਘੁਬੀਰ ਸਿੰਘ ਕੋਹਾੜ ਅਤੇ ਕੁਲਵਿੰਦਰ ਸਿੰਘ ਅਨੁਸਾਰ ਇਸ ਉੱਦਮ ਨਾਲ ਇਥੇ ਰਹਿਣ ਵਾਲੇ ਸਿੱਖਾਂ ਦੇ ਮਾਣ ਵਿਚ ਵਾਧਾ ਹੋਇਆ ਹੈ। ਉਨ੍ਹਾਂ ਆਖਿਆ ਕਿ ਫਰਾਂਸ ਦੇ ਸਰਕਾਰੀ ਅਦਾਰਿਆਂ ਵਿਚ ਸਿੱਖਾਂ ਦੇ ਦਸਤਾਰ ਦੀ ਮਨਾਹੀ ਹੈ, ਪਰ ਇਕ ਦਸਤਾਰਧਾਰੀ ਮਹਾਰਾਜਾ ਦਾ ਬੁੱਤ ਸਥਾਪਤ ਕਰ ਕੇ ਫਰਾਂਸ ਸਰਕਾਰ ਨੇ ਸਿੱਖਾਂ ਨੂੰ ਵੱਡਾ ਮਾਣ ਦਿੱਤਾ ਹੈ। ਇਹ ਬੁੱਤ ਮੱਧ ਪ੍ਰਦੇਸ਼ ਦੇ ਗਵਾਲੀਅਰ ਦੇ ਪ੍ਰਭਾਤ ਮੂਰਤੀ ਕਲਾ ਕੇਂਦਰ ਤੋਂ ਤਿਆਰ ਕਰਵਾਇਆ ਗਿਆ ਹੈ। ਇਸ ਦੀ ਉਚਾਈ 2 ਫੁੱਟ 8.68 ਇੰਚ ਤੇ ਭਾਰ 110 ਕਿੱਲੋਗ੍ਰਾਮ ਹੈ।

## ਪੰਜਾਬ ਸਰਕਾਰ ਦਾ ਚੋਣ ਕਮਿਸ਼ਨ ਨਾਲ ਪੇਚਾ




**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਅਧਿਕਾਰੀਆਂ ਦੀ ਤਾਇਨਾਤੀ ਦੇ ਮਾਮਲੇ ਵਿਚ ਚੋਣ ਕਮਿਸ਼ਨ ਦੇ ਹੁਕਮਾਂ ਨੂੰ ਦਰਕਿਨਾਰ ਕਰ ਦਿੱਤਾ ਹੈ। ਸਰਕਾਰ ਵੱਲੋਂ ਅਪਣਾਏ ਰਵੱਈਏ ਕਾਰਨ ਕਮਿਸ਼ਨ ਅਤੇ ਸਰਕਾਰ ਦਰਮਿਆਨ ਟਕਰਾਅ ਦਾ ਮਾਹੌਲ ਬਣ ਗਿਆ ਹੈ। ਸੂਤਰਾਂ ਮੁਤਾਬਕ ਚੋਣ ਕਮਿਸ਼ਨ ਵੱਲੋਂ 27 ਅਗਸਤ ਨੂੰ ਰਾਜ ਸਰਕਾਰ ਨੂੰ ਚਿੱਠੀ ਲਿਖ ਕੇ ਇਲੈਕਟੋਰਲ ਰਜਿਸਟਰੇਸ਼ਨ ਅਫਸਰਾਂ (ਈ.ਆਰ.ਓ.) ਦੀ ਤਾਇਨਾਤੀ ਕਰਨ ਲਈ ਕਿਹਾ ਗਿਆ ਸੀ, ਪਰ ਈ.ਆਰ.ਓ. ਦੀਆਂ 13 ਅਸਾਮੀਆਂ ਖਾਲੀ ਪਈਆਂ ਹਨ। ਇਹ ਤਾਇਨਾਤੀਆਂ 7 ਸਤੰਬਰ ਤੱਕ ਕਰਨ ਦੇ ਹੁਕਮ ਦਿੱਤੇ ਗਏ ਸਨ ਕਿਉਂਕਿ ਉਸ ਦਿਨ ਤੋਂ ਵੋਟਰ ਸੂਚੀਆਂ ਦੀ ਸੁਧਾਈ ਦਾ ਕੰਮ ਸ਼ੁਰੂ ਹੋ ਗਿਆ ਹੈ।

ਕਮਿਸ਼ਨ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਈ.ਆਰ.ਓਜ਼. ਨੇ ਹੀ ਚੋਣ ਪ੍ਰਕਿਰਿਆ ਸ਼ੁਰੂ ਹੋਣ ਤੋਂ ਬਾਅਦ ਰਿਟਰਨਿੰਗ ਅਫਸਰਾਂ (ਆਰ.ਓ.) ਦੀਆਂ ਡਿਊਟੀਆਂ ਸਾਂਭਣੀਆਂ ਹੁੰਦੀਆਂ ਹਨ ਅਤੇ ਇਹ ਨਿਯੁਕਤੀਆਂ ਬਹੁਤ ਅਹਿਮੀਅਤ ਰੱਖਦੀਆਂ ਹਨ। ਕਮਿਸ਼ਨ ਨੇ ਰਾਜ ਸਰਕਾਰ ਨੂੰ ਇਨ੍ਹਾਂ ਹੁਕਮਾਂ ਵਿਚ ਚੋਣ ਤਿਆਰੀਆਂ ਨਾਲ ਜੁੜੇ ਅਫਸਰਾਂ, ਜਿਨ੍ਹਾਂ ਵਿਚ ਖਾਸ ਤੌਰ 'ਤੇ ਐਸ.ਡੀ.ਐਮ., ਵਧੀਕ ਡਿਪਟੀ ਕਮਿਸ਼ਨਰ ਅਤੇ ਡਿਪਟੀ ਕਮਿਸ਼ਨਰ ਹੁੰਦੇ ਹਨ, ਦੇ ਤਬਾਦਲਿਆਂ ਉਪਰ ਵੀ ਰੋਕ ਲਗਾ ਦਿੱਤੀ ਹੈ। ਉਪ ਚੋਣ ਕਮਿਸ਼ਨਰ ਸੰਦੀਪ ਸਿਨਹਾ ਵੱਲੋਂ ਪੰਜਾਬ ਸਰਕਾਰ ਨੂੰ ਸਿੱਧੇ ਤੌਰ 'ਤੇ ਚਿੱਠੀ ਲਿਖੀ ਗਈ ਸੀ। ਇਸ ਚਿੱਠੀ ਰਾਹੀਂ ਸਰਕਾਰ ਨੂੰ ਅਫਸਰਾਂ ਦੀਆਂ ਤਾਇਨਾਤੀਆਂ ਅਤੇ ਬਦਲੀਆਂ 'ਤੇ ਪਾਬੰਦੀ ਸਬੰਧੀ ਕਈ ਤਰ੍ਹਾਂ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਸਨ। ਈ.ਆਰ.ਓਜ਼. ਦੀਆਂ ਅਸਾਮੀਆਂ ਖਾਲੀ ਰਹਿਣ ਕਾਰਨ ਕਮਿਸ਼ਨ ਦੇ ਅਫਸਰਾਂ ਨੂੰ ਵੀ ਕਸੂਤੀ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਨ੍ਹਾਂ ਵਿਧਾਨ ਸਭਾ ਹਲਕਿਆਂ ਵਿਚ ਅਜੇ ਤੱਕ ਈ.ਆਰ.ਓਜ਼. ਦੀਆਂ ਨਿਯੁਕਤੀਆਂ ਨਹੀਂ ਹੋਈਆਂ ਹਨ, ਉਨ੍ਹਾਂ ਵਿਚ ਬਟਾਲਾ, ਫਤਿਹਗੜ੍ਹ ਚੂੜੀਆਂ, ਤਰਨਤਾਰਨ, ਨਕੋਦਰ, ਜਲੰਧਰ ਕੇਂਦਰੀ, ਲੁਧਿਆਣਾ ਸ਼ਹਿਰ ਦੇ ਦੋ ਵਿਧਾਨ ਸਭਾ ਹਲਕੇ, ਫਿਲੌਰ, ਫਰੀਦਕੋਟ, ਦਿੜ੍ਹਬਾ, ਧੂਰੀ, ਮੁਹਾਲੀ, ਬਰਨਾਲਾ ਆਦਿ ਵਿਧਾਨ ਸਭਾ ਹਲਕੇ ਸ਼ਾਮਲ ਹਨ। ਸੂਤਰਾਂ ਦਾ ਦੱਸਣਾ ਹੈ ਕਿ ਪਰਸੋਨਲ ਵਿਭਾਗ ਦੇ ਅਧਿਕਾਰੀਆਂ ਨੇ ਕਮਿਸ਼ਨ ਦੇ ਅਧਿਕਾਰੀਆਂ ਨੂੰ ਸਪੱਸ਼ਟ ਕੀਤਾ ਹੈ ਕਿ ਵਿਧਾਨ ਸਭਾ ਚੋਣਾਂ ਦੀ ਪ੍ਰਕਿਰਿਆ ਸ਼ੁਰੂ ਹੋਣ 'ਚ ਅਜੇ ਕਈ ਮਹੀਨਿਆਂ ਦਾ ਸਮਾਂ ਪਿਆ ਹੈ। ਇਸ ਲਈ ਸਰਕਾਰ ਅਫਸਰਾਂ ਦੀਆਂ ਤਾਇਨਾਤੀਆਂ ਦੇ ਮਾਮਲੇ ਵਿਚ ਕਮਿਸ਼ਨ ਦੇ ਹੁਕਮ ਮੰਨਣ ਦੀ ਪਾਬੰਦ ਨਹੀਂ ਹੈ।

ਕਮਿਸ਼ਨ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਵਾਰ ਦੀਆਂ ਚੋਣਾਂ ਤਕਨੀਕੀ ਪੱਖ ਤੋਂ ਕੁਝ ਜ਼ਿਆਦਾ ਹੀ ਸੰਵੇਦਨਸ਼ੀਲ ਹਨ। ਕਮਿਸ਼ਨ ਵੱਲੋਂ ਰਿਟਰਨਿੰਗ ਅਫਸਰਾਂ ਵਜੋਂ ਉਨ੍ਹਾਂ ਦੀ ਤਾਇਨਾਤੀ ਹੁਣੇ ਤੋਂ ਕਰ ਕੇ ਸਿਖਲਾਈ ਆਦਿ ਦੇਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਈ.ਆਰ.ਓਜ਼. ਨੂੰ ਕਮਿਸ਼ਨ ਨੇ 3 ਅਕਤੂਬਰ ਤੋਂ ਸਰਟੀਫਿਕੇਟ ਸਿਖਲਾਈ ਕੋਰਸ ਦੇਣ ਦਾ ਪ੍ਰੋਗਰਾਮ ਬਣਾਇਆ ਹੈ। ਸਿਖਲਾਈ ਦੇਣ ਤੋਂ ਬਾਅਦ ਅਫਸਰਾਂ ਦੀ ਲਿਖਤੀ ਪ੍ਰੀਖਿਆ ਵੀ ਲਈ ਜਾਣੀ ਹੈ।

**Punjab Times**
**Established in 2000**
**17th Year in Publication**
Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.


Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬ ਦੇ ਪਾੜ੍ਹਿਆਂ ਦੀ ਕਾਰਗੁਜ਼ਾਰੀ ਮਾੜੀ

**ਬਠਿੰਡਾ:** ਪੰਜਾਬ ਦੇ ਸਕੂਲਾਂ ਦੇ ਬੱਚੇ ਪੜ੍ਹਾਈ ਦੇ ਮਾਮਲੇ ਵਿਚ ਕੌਮੀ ਪੱਧਰ 'ਤੇ ਔਸਤਨ ਅੰਕੜੇ ਤੱਕ ਵੀ ਨਹੀਂ ਪਹੁੰਚ ਸਕੇ ਹਨ। ਕੇਂਦਰੀ ਮਨੁੱਖੀ ਸਰੋਤ ਮੰਤਰਾਲੇ ਦੇ 'ਨੈਸ਼ਨਲ ਅਚੀਵਮੈਂਟ ਸਰਵੇ' ਦੇ ਅੰਕੜਿਆਂ ਨੇ ਪੰਜਾਬ ਦੇ ਸਕੂਲਾਂ ਵਿਚ ਪੜ੍ਹਾਈ ਦੇ ਮਿਆਰ 'ਤੇ ਸਵਾਲ ਖੜ੍ਹਾ ਕਰ ਦਿਤਾ ਹੈ।

ਜਾਣਕਾਰੀ ਅਨੁਸਾਰ, ਇਸ ਸਰਵੇ ਵਿਚ ਪੰਜਾਬ ਦੇ 284 ਸਕੂਲਾਂ ਦੇ 12,510 ਵਿਦਿਆਰਥੀਆਂ ਨੂੰ ਸ਼ਾਮਲ ਕੀਤਾ ਗਿਆ। ਰਮਸਾ ਅਧੀਨ ਹੋਏ ਇਸ ਸਰਵੇ ਵਿਚ 400 ਅੰਕਾਂ ਦੀ ਪ੍ਰੀਖਿਆ ਵਿਚੋਂ ਕੌਮੀ ਔਸਤ 250 ਅੰਕਾਂ ਦੀ ਰਹੀ। ਇਹ ਸਰਵੇ ਦਸਵੀਂ ਦੇ ਬੱਚਿਆਂ 'ਤੇ ਅਧਾਰਿਤ ਸੀ। ਨੈਸ਼ਨਲ ਕੌਂਸਲ ਆਫ਼ ਐਜੂਕੇਸ਼ਨ ਰਿਸਰਚ ਐਂਡ ਟਰੇਨਿੰਗ ਵੱਲੋਂ ਜਾਰੀ ਰਿਪੋਰਟ ਅਨੁਸਾਰ, ਪੰਜਾਬ ਦੇ ਸਕੂਲੀ ਬੱਚੇ ਹਰ ਵਿਸ਼ੇ ਵਿਚ ਕੌਮੀ ਔਸਤ ਤੋਂ ਕਮਜ਼ੋਰ ਹਨ। ਕੌਮੀ ਔਸਤ 250 ਦੇ ਅੰਕਾਂ ਦੇ ਮੁਕਾਬਲੇ ਪੰਜਾਬ ਨੂੰ ਅੰਗਰੇਜ਼ੀ ਵਿਸ਼ੇ ਵਿਚ 226, ਗਣਿਤ ਵਿਚ ਵੀ 226, ਸਾਇੰਸ ਵਿਚ 224, ਭਾਸ਼ਾ ਵਿਚ 220 ਤੇ ਸਭ ਤੋਂ ਘੱਟ



211 ਸੋਸ਼ਲ ਸਾਇੰਸ ਵਿਚ ਪ੍ਰਾਪਤ ਹੋਏ ਹਨ। ਪੇਂਡੂ ਖੇਤਰ ਦੇ ਬੱਚਿਆਂ ਦੀ ਕੌਮੀ ਔਸਤ ਅੰਗਰੇਜ਼ੀ ਵਿਸ਼ੇ ਵਿਚ 244 ਅੰਕਾਂ ਦੀ ਰਹੀ ਹੈ ਜਿਸ ਵਿਚ ਪੰਜਾਬ ਦੇ ਪੇਂਡੂ ਖੇਤਰ ਨੂੰ ਇਸ ਵਿਸ਼ੇ ਵਿਚ 227 ਅੰਕ ਮਿਲੇ ਹਨ। ਇਸੇ ਤਰ੍ਹਾਂ ਸ਼ਹਿਰੀ ਸਕੂਲਾਂ ਦੀ ਕਾਰਗੁਜ਼ਾਰੀ ਕੌਮੀ ਔਸਤ 263 ਦੇ ਮੁਕਾਬਲੇ 255 ਅੰਕ ਰਹੀ।

ਇਸ ਸਰਵੇ ਵਿਚ ਸਰਕਾਰੀ, ਏਡਿਡ ਸਕੂਲਾਂ ਤੇ ਪ੍ਰਾਈਵੇਟ ਸਕੂਲਾਂ ਨੂੰ ਸ਼ਾਮਲ ਕੀਤਾ ਗਿਆ ਹੈ। ਪੰਜਾਬ ਨੂੰ ਗਣਿਤ ਵਿਸ਼ੇ ਵਿਚ ਵੱਡੀ ਮਾਰ ਪਈ ਹੈ। ਇਸ ਵਿਸ਼ੇ ਵਿਚ ਲੜਕੇ-ਲੜਕੀਆਂ ਦੇ ਅੰਕਾਂ ਦੀ ਕੌਮੀ ਔਸਤ 250 ਅੰਕਾਂ ਦੀ ਰਹੀ ਹੈ। ਇਸ ਵਿਚੋਂ ਪੰਜਾਬ ਦੇ ਲੜਕਿਆਂ ਨੂੰ 226 ਅਤੇ ਲੜਕੀਆਂ ਨੂੰ 225 ਅੰਕ ਮਿਲੇ ਹਨ। ਸਰਕਾਰੀ ਸਕੂਲਾਂ ਦੀ ਅੰਗਰੇਜ਼ੀ ਵਿਸ਼ੇ ਦੀ ਕੌਮੀ ਔਸਤ 236 ਅੰਕਾਂ ਦੀ ਰਹੀ ਹੈ, ਜਦੋਂਕਿ ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਇਸ ਵਿਸ਼ੇ ਵਿਚ 224 ਅੰਕ ਮਿਲੇ ਹਨ। ਇਵੇਂ ਗਣਿਤ ਵਿਸ਼ੇ ਵਿਚ ਸਰਕਾਰੀ ਸਕੂਲਾਂ ਦੀ ਕੌਮੀ ਔਸਤ 239 ਅੰਕਾਂ ਦੀ ਸੀ ਅਤੇ ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਇਸ ਵਿਸ਼ੇ ਵਿਚ 224 ਅੰਕ ਮਿਲੇ ਹਨ। ਮਾਤ ਭਾਸ਼ਾ ਵਿਚ ਕੌਮੀ ਪੱਧਰ 'ਤੇ ਸਰਕਾਰੀ ਸਕੂਲਾਂ ਦੀ ਔਸਤ 235 ਅੰਕਾਂ ਦੀ ਰਹੀ ਹੈ, ਜਦੋਂਕਿ ਪੰਜਾਬ ਵਿਚ ਮਾਤ ਭਾਸ਼ਾ ਪੰਜਾਬੀ ਦੇ ਮਾਮਲੇ ਵਿਚ ਸਰਕਾਰੀ ਸਕੂਲਾਂ ਨੂੰ 219 ਅੰਕ ਮਿਲੇ ਹਨ। ਮਾਤ ਭਾਸ਼ਾ ਪੜ੍ਹਨ ਦੇ ਅੰਕਾਂ ਦੀ ਕੌਮੀ ਔਸਤ 250 ਦੇ ਮੁਕਾਬਲੇ ਪੰਜਾਬ ਵਿਚ ਪੰਜਾਬੀ ਪੜ੍ਹਨ ਦੇ ਮਾਮਲੇ ਵਿਚ 220 ਅੰਕ ਮਿਲੇ ਹਨ। ਇਤਿਹਾਸ ਦੀ ਕੌਮੀ ਔਸਤ 247 ਅੰਕਾਂ ਦੀ ਹੈ, ਜਦੋਂਕਿ ਪੰਜਾਬ ਦੇ ਪੱਲੇ 205 ਅੰਕ ਹੀ ਪਏ ਹਨ। ਵਿਦਿਅਕ ਮਾਹਿਰ ਅਤੇ ਪ੍ਰਿੰਸੀਪਲ ਡਾ. ਤਰਲੋਕ ਬੰਧੂ (ਰਾਮਪੁਰਾ) ਨੇ ਕਿਹਾ ਹੈ ਕਿ ਸਰਕਾਰ ਦੀ ਅੱਠਵੀਂ ਤੱਕ ਫੇਲ੍ਹ ਨਾ ਕਰਨ ਦੀ ਨੀਤੀ ਹੈ, ਉਸ ਨੇ ਵਿਦਿਅਕ ਮਿਆਰ ਨੂੰ ਢਾਹ ਲਾਈ ਹੈ। ਠੇਕਾ ਪ੍ਰਣਾਲੀ ਕਾਰਨ ਪ੍ਰਤਿਭਾਸ਼ਾਲੀ ਅਧਿਆਪਕ ਵਿਦਿਅਕ ਖੇਤਰ ਤੋਂ ਦੂਰ ਹੋ ਰਹੇ ਹਨ। ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਪ੍ਰੋ. ਰਵਿੰਦਰ ਰਵੀ ਦਾ ਕਹਿਣਾ ਸੀ ਕਿ ਪੰਜਾਬ ਦਾ ਮਾਤ ਭਾਸ਼ਾ ਵਿਚ ਵੀ ਕੌਮੀ ਪੱਧਰ ਦੇ ਔਸਤਨ ਅੰਕੜਿਆਂ ਤੋਂ ਪਛੜ ਜਾਣਾ ਚਿੰਤਾ ਦਾ ਵਿਸ਼ਾ ਹੈ। ਸਰਕਾਰੀ ਨੀਤੀ ਵੀ ਪੰਜਾਬੀ ਭਾਸ਼ਾ ਦੇ ਅਨੁਕੂਲ ਨਹੀਂ ਹੈ।

## ਮੋਦੀ ਦੀ ਵੈੱਬਸਾਈਟ ਹੁਣ ਪੰਜਾਬੀ ਵਿਚ ਵੀ

ਚੰਡੀਗੜ੍ਹ: ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੀ ਸਰਕਾਰੀ ਵੈੱਬਸਾਈਟ ਪੰਜਾਬੀ ਸਮੇਤ 9 ਖੇਤਰੀ ਭਾਸ਼ਾਵਾਂ ਵਿਚ ਜਾਰੀ ਕੀਤੀ ਹੈ। ਪਹਿਲਾਂ ਇਹ ਵੈੱਬਸਾਈਟ ਅੰਗਰੇਜ਼ੀ ਅਤੇ ਹਿੰਦੀ ਭਾਸ਼ਾ ਵਿਚ ਹੀ ਸੀ। ਹੁਣ ਪੰਜਾਬੀ ਤੋਂ ਇਲਾਵਾ ਬੰਗਾਲੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਉੜੀਆ, ਤੇਲਗੂ ਅਤੇ ਤਾਮਿਲ ਭਾਸ਼ਾਵਾਂ ਵਿਚ ਵੀ ਜਾਰੀ ਕੀਤੀ ਗਈ ਹੈ।

## ਬੱਸ ਛੱਪੜ ਵਿਚ ਡਿਗਣ ਨਾਲ 35 ਮੌਤਾਂ

**ਮਧੂਬਨੀ (ਪਟਨਾ):** ਬਿਹਾਰ ਦੇ ਮਧੂਬਨੀ ਜ਼ਿਲ੍ਹੇ ਵਿਚ ਇਕ ਬੱਸ ਦੇ ਸੜਕ ਕੰਢੇ ਸਥਿਤ ਛੱਪੜ ਵਿਚ ਡਿਗਣ ਨਾਲ ਘੱਟ ਤੋਂ ਘੱਟ 35 ਲੋਕਾਂ ਦੀ ਮੌਤ ਹੋ ਗਈ ਜਦਕਿ ਕਈ ਲੋਕ ਗੰਭੀਰ ਜ਼ਖ਼ਮੀ ਹੋ ਗਏ। ਇਹ ਘਟਨਾ ਜ਼ਿਲ੍ਹਾ ਹੈਡਕੁਆਟਰ ਤੋਂ 50 ਕਿਲੋਮੀਟਰ ਦੂਰ ਮਧੂਬਨੀ 'ਚ ਬੇਨੀਪੱਟੀ ਪੁਲਿਸ ਥਾਣੇ ਅਧੀਨ ਬਸਾਈਠਾ ਚੌਕ 'ਤੇ ਵਾਪਰੀ।

## ਸਤਿੰਦਰ ਸੱਤੀ ਪੰਜਾਬ ਕਲਾ ਪ੍ਰੀਸ਼ਦ ਦੀ ਮੁਖੀ ਨਿਯੁਕਤ

**ਚੰਡੀਗੜ੍ਹ:** ਪੰਜਾਬੀ ਲਿਖਾਰੀਆਂ ਅਤੇ ਕਲਾਕਾਰਾਂ ਦੇ ਇਕ ਖੇਮੇ ਵੱਲੋਂ ਕੀਤੇ ਵਿਰੋਧ ਦੇ ਬਾਵਜੂਦ ਟੀ.ਵੀ. ਮੇਜ਼ਬਾਨ, ਗਾਇਕਾ ਤੇ ਅਦਾਕਾਰਾ ਸਤਿੰਦਰ ਸੱਤੀ ਨੂੰ ਤਿੰਨ ਸਾਲਾਂ ਲਈ ਪੰਜਾਬ ਕਲਾ ਪ੍ਰੀਸ਼ਦ ਦੀ ਚੇਅਰਪਰਸਨ ਚੁਣ ਲਿਆ ਗਿਆ। ਪੰਜਾਬ ਕਲਾ ਭਵਨ ਸੈਕਟਰ 16 ਵਿਚ ਹੋਈ ਪ੍ਰੀਸ਼ਦ ਦੀ ਜਨਰਲ ਕੌਂਸਲ ਮੀਟਿੰਗ ਵਿਚ ਪੱਚੀ ਦੇ ਕਰੀਬ ਮੈਂਬਰਾਂ ਨੇ ਹਿੱਸਾ ਲਿਆ। ਮੀਟਿੰਗ ਸਭਿਆਚਾਰਕ ਮਾਮਲੇ ਅਤੇ ਜੇਲ੍ਹ ਵਿਭਾਗ ਬਾਰੇ ਕੈਬਨਿਟ ਮੰਤਰੀ ਸੋਹਨ ਸਿੰਘ ਠੰਡਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦਾ ਮੁੱਖ ਮੰਤਵ ਪੰਜਾਬ ਕਲਾ ਪ੍ਰੀਸ਼ਦ ਅਤੇ ਇਸ ਨਾਲ ਜੁੜੀਆਂ ਤਿੰਨ ਅਕਾਦਮੀਆਂ ਦੇ ਸਕੱਤਰ ਥਾਪਣਾ ਸੀ। ਪੰਜਾਬ ਸੰਗੀਤ ਨਾਟਕ ਅਕਾਦਮੀ ਦਾ ਪ੍ਰਧਾਨ ਡਾ. ਕੇਵਲ ਧਾਲੀਵਾਲ ਨੂੰ ਲਗਾਇਆ ਗਿਆ। ਮੀਤ ਪ੍ਰਧਾਨ ਨਿਰਮਲ ਜੌੜਾ ਅਤੇ ਸਕੱਤਰ ਪ੍ਰੀਤਮ ਰੁਪਾਲ ਹੋਣਗੇ। ਪੰਜਾਬ ਲਲਿਤ ਕਲਾ ਅਕਾਦਮੀ ਦੇ ਅਹੁਦੇਦਾਰਾਂ ਦੀ ਚੋਣ ਵਿਚ ਦੀਵਾਨ ਮੰਨਾ ਨੂੰ ਅਕਾਦਮੀ ਦਾ ਪ੍ਰਧਾਨ ਥਾਪਿਆ ਗਿਆ ਹੈ। ਮੀਤ ਪ੍ਰਧਾਨ ਮਸ਼ਹੂਰ ਆਰਟਿਸਟ ਮਲਕੀਤ ਸਿੰਘ ਹੋਣਗੇ ਅਤੇ ਸਕੱਤਰ ਸਾਧਨਾ ਸੰਗਰ ਨੂੰ ਬਣਾਇਆ ਗਿਆ ਹੈ। ਨਿਯੁਕਤੀ ਮਗਰੋਂ ਸਤਿੰਦਰ ਸੱਤੀ ਨੇ ਕਿਹਾ ਕਿ ਉਹ ਪੰਜਾਬੀ ਸਭਿਆਚਾਰ ਅਤੇ ਵਿਰਾਸਤ ਨਾਲ ਸਬੰਧਿਤ ਵਸਤਾਂ ਤੇ ਹੋਰ ਲੋੜੀਂਦੀਆਂ ਕਲਾਵਾਂ ਨੂੰ ਸੰਭਾਲਣ ਦੇ ਯਤਨਾਂ ਵਜੋਂ ਮਿਊਜ਼ੀਅਮ ਤੇ ਡਿਜੀਟਲ ਲਾਇਬ੍ਰੇਰੀ ਦੀ ਸਥਾਪਨਾ ਵੱਲ ਵਿਸ਼ੇਸ਼ ਧਿਆਨ ਦੇਵੇਗੀ।



## ਅਦਾਲਤ ਨੇ ਸੱਜਣ ਕੁਮਾਰ ਨੂੰ ਝਾੜਿਆ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ 1984 ਦੇ ਸਿੱਖ ਕਤਲੇਆਮ ਨਾਲ ਜੁੜੇ ਇਕ ਮਾਮਲੇ ਦੀ ਸੁਣਵਾਈ ਲਈ ਜੱਜ 'ਤੇ ਦੋਸ਼ ਲਾਉਣ ਬਦਲੇ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਸਖਤ ਫਟਕਾਰ ਲਾਈ ਹੈ। ਇਸ ਮਾਮਲੇ 'ਚ ਸੀ.ਬੀ.ਆਈ. ਨੇ ਹੇਠਲੀ ਅਦਾਲਤ ਵੱਲੋਂ ਸੱਜਣ ਕੁਮਾਰ ਨੂੰ ਬਰੀ ਕੀਤੇ ਜਾਣ ਵਿਰੁੱਧ ਅਪੀਲ ਦਾਇਰ ਕੀਤੀ ਹੈ। ਅਦਾਲਤ ਨੇ ਮਾਮਲੇ ਨੂੰ ਕਿਸੇ ਹੋਰ ਬੈਂਚ ਕੋਲ ਟਰਾਂਸਫਰ ਕਰਨ ਦੀ ਮੰਗ 'ਤੇ ਸੱਜਣ ਕੁਮਾਰ ਨੂੰ ਫਟਕਾਰ ਲਾਈ ਤੇ ਕਿਹਾ ਕਿ ਸਾਨੂੰ ਇਹ ਸਮਝ ਨਹੀਂ ਆਉਂਦੀ ਕਿ ਤੁਸੀਂ ਇਹ ਸੁਣਵਾਈ ਪੂਰੀ ਕਿਉਂ ਨਹੀਂ ਕਰਨਾ ਚਾਹੁੰਦੇ।

## ਸ਼੍ਰੋਮਣੀ ਕਮੇਟੀ ਦੇ ਨਵੇਂ ਸਦਨ ਬਾਰੇ ਭੰਬਲਭੂਸਾ

*(ਸਫਾ ਇਕ ਦੀ ਬਾਕੀ)*

ਆਮ ਚੋਣਾਂ 18 ਸਤੰਬਰ 2011 ਨੂੰ ਹੋਈਆਂ ਸਨ ਜਿਸ ਰਾਹੀਂ 170 ਮੈਂਬਰਾਂ ਦੀ ਚੋਣ ਕੀਤੀ ਗਈ ਸੀ। ਚੋਣਾਂ ਵਿਚ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਅਤੇ ਸੰਤ ਸਮਾਜ ਦੇ ਗੱਠਜੋੜ ਨੂੰ ਕੁੱਲ 170 ਸੀਟਾਂ ਵਿਚੋਂ 157 ਸੀਟਾਂ ਪ੍ਰਾਪਤ ਹੋਈਆਂ ਸਨ। ਚੋਣ ਕਮਿਸ਼ਨ ਵੱਲੋਂ 17 ਦਸੰਬਰ 2011 ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ ਜਿਸ ਤਹਿਤ ਸਿੱਖ ਗੁਰਦੁਆਰਾ ਐਕਟ 1925 ਦੀ ਧਾਰਾ 54 ਤਹਿਤ ਨੋਟੀਫਿਕੇਸ਼ਨ ਦੇ ਇਕ ਮਹੀਨੇ ਬਾਅਦ ਸਦਨ ਸਥਾਪਤ ਕਰਨ ਲਈ ਅਹੁਦੇਦਾਰ ਚੁਣੇ ਜਾਣੇ ਸਨ।

ਇਸ ਸਬੰਧੀ 21 ਦਸੰਬਰ ਨੂੰ 15 ਮੈਂਬਰ ਨਾਮਜ਼ਦ ਕਰਨ ਅਤੇ ਅਹੁਦੇਦਾਰ ਚੁਣਨ ਲਈ ਮੀਟਿੰਗ ਰੱਖੀ ਗਈ ਸੀ, ਪਰ ਇਸ ਤੋਂ ਪਹਿਲਾਂ ਹੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ 8 ਅਕਤੂਬਰ 2003 ਦਾ ਸਹਿਜਧਾਰੀ ਸਿੱਖਾਂ ਨੂੰ ਵੋਟ ਪਾਉਣ ਤੋਂ ਰੋਕਣ ਵਾਲਾ ਨੋਟੀਫਿਕੇਸ਼ਨ ਰੱਦ ਕਰ ਦਿਤਾ ਗਿਆ ਸੀ। ਸ਼੍ਰੋਮਣੀ ਕਮੇਟੀ ਵੱਲੋਂ ਸੁਪਰੀਮ ਕੋਰਟ ਵਿਚ ਇਸ ਫੈਸਲੇ ਨੂੰ ਚੁਣੌਤੀ ਦਿਤੀ ਗਈ ਸੀ ਅਤੇ 2010 ਵਾਲੀ ਐਗਜ਼ੈਕਟਿੰਗ ਕਮੇਟੀ ਨੂੰ ਸ਼੍ਰੋਮਣੀ ਕਮੇਟੀ ਦਾ ਨਿੱਤ ਦਾ ਕੰਮ ਚਲਾਉਣ ਲਈ ਆਰਜ਼ੀ ਤੌਰ 'ਤੇ ਹੁਕਮ ਦਿਤੇ ਸਨ।

## ਭਾਰਤ ਤੇ ਪਾਕਿਸਤਾਨ ਵਿਚਕਾਰ ਤਲਖੀ ਵਧੀ

*(ਸਫਾ ਇਕ ਦੀ ਬਾਕੀ)*

ਸਲਾਹ ਦਿਤੀ ਹੈ। ਉਧਰ, ਮੋਦੀ ਸਰਕਾਰ ਦੇ ਗੁਆਂਢੀ ਦੇਸ਼ ਪਾਕਿਸਤਾਨ ਬਾਰੇ ਰਵੱਈਏ ਸਬੰਧੀ ਵੀ ਸਵਾਲ ਵਾਰ-ਵਾਰ ਉਠ ਰਹੇ ਹਨ। ਸ੍ਰੀ ਮੋਦੀ ਨੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣ ਵਾਲੇ ਸਮਾਗਮ ਵਿਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੂੰ ਬੁਲਾ ਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਸੀ ਕਿ ਉਨ੍ਹਾਂ ਦੀ ਸਰਕਾਰ ਗੁਆਂਢੀਆਂ ਨਾਲ ਚੰਗੇ ਰਿਸ਼ਤੇ ਬਣਾਉਣ ਦੀ ਨੀਤੀ 'ਤੇ ਚੱਲੇਗੀ।

ਇਸ ਤੋਂ ਬਾਅਦ ਨਵਾਜ਼ ਸ਼ਰੀਫ਼ ਦੇ ਜਨਮ ਦਿਨ ਮੌਕੇ ਅਚਾਨਕ ਪਾਕਿਸਤਾਨ ਪੁੱਜੇ ਮੋਦੀ ਨੇ ਇਹੀ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਸੀ, ਪਰ ਮੋਦੀ ਸਰਕਾਰ ਇਸ ਨੀਤੀ ਨੂੰ ਅਮਲੀਜਾਮਾ ਪਾਉਣ ਲਈ ਕੋਈ ਠੋਸ ਕਾਰਵਾਈ ਕਰਨ ਵਿਚ ਨਾਕਾਮ ਰਹੀ ਹੈ। ਦੋਵਾਂ ਦੇਸ਼ਾਂ ਵਿਚ ਸਕੱਤਰ ਪੱਧਰ ਦੀ ਗੱਲਬਾਤ ਵਾਰ-ਵਾਰ ਰੱਦ ਹੁੰਦੀ ਰਹੀ ਹੈ। ਉੜੀ ਵਿਚਲਾ ਹਮਲਾ ਪਿਛਲੇ 9 ਮਹੀਨਿਆਂ ਦੌਰਾਨ ਭਾਰਤੀ ਠਿਕਾਣਿਆਂ ਉਤੇ ਪਾਕਿਸਤਾਨ ਵਾਲੇ ਪਾਸਿਉਂ ਹੋਇਆ ਛੇਵਾਂ ਦਹਿਸ਼ਤੀ ਹਮਲਾ ਹੈ। ਸਰਹੱਦ 'ਤੇ ਸਾਲ 2014 ਵਿਚ 562 ਵਾਰ ਗੋਲੀਬੰਦੀ ਦੀ ਉਲੰਘਣਾ ਹੋਈ। ਇਸ ਵਿਚ ਪੰਜ ਜਵਾਨ ਅਤੇ 14 ਆਮ ਨਾਗਰਿਕ ਮਾਰੇ ਗਏ ਤੇ 150 ਲੋਕ ਜ਼ਖ਼ਮੀ ਹੋਏ। ਇਸ ਤੋਂ ਪਹਿਲਾਂ 2013 ਵਿਚ 347 ਵਾਰ ਗੋਲੀਬੰਦੀ ਦੀ ਉਲੰਘਣਾ ਹੋਈ ਤੇ 12 ਜਵਾਨਾਂ ਦੀ ਜਾਨ ਗਈ ਤੇ 150 ਆਮ ਲੋਕ ਜ਼ਖ਼ਮੀ ਹੋਏ। 2012 ਵਿਚ 114 ਵਾਰ ਉਲੰਘਣਾ ਹੋਈ ਤੇ ਪੰਜ ਜਵਾਨ ਤੇ ਚਾਰ ਆਮ ਨਾਗਰਿਕ ਮਾਰੇ ਗਏ।

ਇਸ ਤੋਂ ਬਿਨਾਂ ਜੰਮੂ ਕਸ਼ਮੀਰ ਵਿਚ ਸੈਨਾ ਅਤੇ ਆਮ ਲੋਕਾਂ ਵਿਚ ਲਗਾਤਾਰ ਟਕਰਾਅ ਬਣਿਆ ਹੋਇਆ ਹੈ ਜਿਸ ਕਾਰਨ ਪਿਛਲੇ ਦੋ ਮਹੀਨੇ ਵਿਚ 80 ਦੇ ਕਰੀਬ ਲੋਕਾਂ ਦੀ ਮੌਤ ਹੋ ਚੁੱਕੀ ਹੈ। ਮੰਨਿਆ ਜਾ ਰਿਹਾ ਹੈ ਕਿ ਮੋਦੀ ਸਰਕਾਰ ਪਾਕਿਸਤਾਨ ਨਾਲ ਸਿੱਧੀ ਟੱਕਰ ਲੈਣ ਦੀ ਥਾਂ ਕੌਮਾਂਤਰੀ ਪੱਧਰ 'ਤੇ ਦਬਾਅ ਪਾਉਣ ਦੀ ਨੀਤੀ 'ਤੇ ਚੱਲ ਰਹੀ ਹੈ। ਉੜੀ ਹਮਲੇ ਪਿੱਛੋਂ ਫਰਾਂਸ, ਅਫਗਾਨਿਸਤਾਨ, ਇੰਗਲੈਂਡ ਅਤੇ ਕੈਨੇਡਾ ਨੇ ਭਾਰਤ ਨਾਲ ਦਿਲ ਖੋਲ੍ਹ ਕੇ ਹਮਦਰਦੀ ਵਿਖਾਈ ਹੈ। ਅਸਲ ਵਿਚ ਭਾਰਤ ਤੇ ਪਾਕਿਸਤਾਨ ਦੇ ਸਬੰਧ ਦੋ ਕਦਮ ਅੱਗੇ ਤੇ ਚਾਰ ਕਦਮ ਪਿੱਛੇ ਵਾਲੇ ਰਹੇ ਹਨ। ਦੋਵੇਂ ਦੇਸ਼ ਅਤਿਵਾਦੀ ਘਟਨਾਵਾਂ ਦਾ ਖਮਿਆਜ਼ਾ ਭੁਗਤ ਰਹੇ ਹਨ। ਭਾਰਤ ਦਾ ਇਲਜ਼ਾਮ ਹੈ ਕਿ ਇਸ ਪਾਸੇ ਹੋ ਰਹੀਆਂ ਵੱਡੀਆਂ ਅਤਿਵਾਦੀ ਘਟਨਾਵਾਂ ਪਿੱਛੇ ਪਾਕਿਸਤਾਨ ਦਾ ਹੱਥ ਹੈ ਜਦਕਿ ਪਾਕਿਸਤਾਨ ਵਿਚ ਖੁਦ ਅਤਿਵਾਦੀ ਘਟਨਾਵਾਂ ਵਿਚ ਵੱਡੇ ਪੱਧਰ ਉਤੇ ਕਤਲੇਆਮ ਹੋ ਰਿਹਾ ਹੈ।

ਉਧਰ, ਅਤਿਵਾਦ ਨੂੰ ਸਮਰਥਨ ਦੀ ਪਾਕਿਸਤਾਨ ਦੀ ਨੀਤੀ ਵਿਰੁੱਧ ਦੇਸ਼ ਵਿਚ ਹੀ ਸਵਾਲ ਉਠ ਰਹੇ ਹਨ। ਇਥੋਂ ਤੱਕ ਕਿ ਪਾਕਿਸਤਾਨ ਦੇ ਚੀਫ ਜਸਟਿਸ ਨੇ ਕਿਹਾ ਕਿ ਪਾਕਿਸਤਾਨ ਦੀਆਂ ਕੁਝ ਰਾਜਨੀਤਕ ਪਾਰਟੀਆਂ ਅਤਿਵਾਦ ਦਾ ਸਮਰਥਨ ਕਰਦੀਆਂ ਹਨ। ਚੀਫ ਜਸਟਿਸ ਅਨਵਰ ਜ਼ਹੀਰ ਜਾਮਲੀ ਨੇ ਕੁਝ ਰਾਜਨੀਤਕ ਪਾਰਟੀਆਂ ਨੂੰ ਅਤਿਵਾਦ ਦਾ ਸਮਰਥਨ ਕਰਨ 'ਤੇ ਕਰੜੀ ਝਾੜ ਲਾਈ ਹੈ। ਜ਼ਿਕਰਯੋਗ ਹੈ ਕਿ ਭਾਰਤ ਕੌਮਾਂਤਰੀ ਭਾਈਚਾਰੇ ਸਾਹਮਣੇ ਸਾਲਾਂ ਤੋਂ ਇਸ ਗੱਲ ਦਾ ਦਾਅਵਾ ਕਰਦਾ ਆ ਰਿਹਾ ਹੈ ਕਿ ਪਾਕਿਸਤਾਨ ਅਤਿਵਾਦ ਦਾ ਸਮਰਥਨ ਕਰਦਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਪੰਜਾਬ ਦਾ ਹਰ ਤੀਜਾ ਬੰਦਾ ਸਰਕਾਰੀ ਰੋਟੀਆਂ ਆਸਰੇ

**ਚੰਡੀਗੜ੍ਹ:** ਪੰਜਾਬ ਦਾ ਹਰ ਤੀਜਾ ਬੰਦਾ ਸਰਕਾਰੀ ਆਟਾ-ਦਾਲ ਨਾਲ ਢਿੱਡ ਭਰ ਰਿਹਾ ਹੈ। ਇਹ ਖੁਲਾਸਾ ਸਰਕਾਰੀ ਅੰਕੜਿਆਂ ਵਿਚ ਹੀ ਹੋਇਆ ਹੈ। ਇਸ ਦੇ ਨਾਲ ਹੀ ਸਵਾਲ ਉਠ ਰਹੇ ਹਨ ਕਿ ਖੁਸ਼ਹਾਲ ਕਹੇ ਜਾਣ ਸੂਬੇ ਦੇ ਵਾਕਿਆ ਹੀ ਇੰਨੇ ਮਾੜੇ ਹਾਲਾਤ ਹਨ ਕਿ ਹਰ ਤੀਜਾ ਬੰਦਾ ਆਟਾ-ਦਾਲ ਸਕੀਮ ਅਧੀਨ ਆ ਗਿਆ ਹੈ। ਹਾਸਲ ਜਾਣਕਾਰੀ ਮੁਤਾਬਕ ਪੰਜਾਬ ਵਿਚ ਆਟਾ ਦਾਲ ਸਕੀਮ ਦੇ ਲਾਭਪਾਤਰੀਆਂ ਦੀ ਗਿਣਤੀ ਤਕਰੀਬਨ 1.27 ਕਰੋੜ ਹੈ।

ਸੂਬੇ ਦੀ ਕੁੱਲ ਆਬਾਦੀ 2.96 ਕਰੋੜ ਹੈ। ਇਸ ਹਿਸਾਬ ਨਾਲ ਪੰਜਾਬ 'ਚ ਹਰ ਤੀਜੇ ਵਿਅਕਤੀ ਕੋਲ ਨੀਲਾ ਕਾਰਡ ਹੈ। ਖੁਰਾਕ ਤੇ ਸਪਲਾਈਜ਼ ਵਿਭਾਗ ਪੰਜਾਬ ਦੇ ਤਾਜ਼ਾ ਵੇਰਵਿਆਂ ਅਨੁਸਾਰ ਪੰਜਾਬ ਵਿਚ ਹੁਣ 33 ਲੱਖ ਨੀਲੇ ਕਾਰਡ ਹੋ ਗਏ ਹਨ, ਜਿਨ੍ਹਾਂ 'ਤੇ 1.27 ਕਰੋੜ ਲਾਭਪਾਤਰੀ ਦਰਜ ਹਨ। ਸਰਕਾਰੀ ਨਿਯਮਾਂ ਅਨੁਸਾਰ ਢਾਈ ਏਕੜ ਤੱਕ ਵਾਹੀਯੋਗ ਤੇ ਪੰਜ ਏਕੜ ਤੱਕ ਬੰਜਰ/ਬਰਾਨੀ ਜ਼ਮੀਨ ਵਾਲਾ ਪਰਿਵਾਰ ਇਸ ਸਕੀਮ ਦਾ ਹੱਕਦਾਰ ਹੈ।

ਸਾਲਾਨਾ ਪਰਿਵਾਰਕ ਆਮਦਨ 60 ਹਜ਼ਾਰ ਹੋਣ ਦੀ ਸ਼ਰਤ ਹੈ। ਆਮਦਨ ਕਰ, ਵੈਟ, ਸੇਵਾ ਕਰ, ਪ੍ਰੋਫੈਸ਼ਨਲ ਕਰਦਾਤਾ, ਏਸੀ ਤੇ ਚਾਰ ਪਹੀਆ ਵਾਹਨ ਵਾਲਾ, ਸਰਕਾਰੀ ਮੁਲਾਜ਼ਮ ਅਤੇ ਸਨਅਤ ਮਾਲਕ ਇਸ ਸਕੀਮ ਲਈ ਯੋਗ ਨਹੀਂ ਹਨ। ਸੂਤਰਾਂ ਮੁਤਾਬਕ ਪਿੰਡਾਂ ਵਿਚ ਤਾਂ ਸਰਕਾਰੀ ਮੁਲਾਜ਼ਮਾਂ ਤੇ ਕੋਠੀਆਂ ਕਾਰਾਂ ਵਾਲੇ ਵੀ ਨੀਲੇ ਕਾਰਡ ਬਣਾਉਣ ਵਿਚ ਸਫਲ ਹੋ ਗਏ ਹਨ।

## ਸਰਕਾਰੀ ਭਾਂਡੇ ਬਣੇ ਬਾਦਲਾਂ ਲਈ ਮੁਸੀਬਤ

**ਬਠਿੰਡਾ:** ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਭਾਂਡਿਆਂ ਦੀ ਖਰੀਦ ਦਾ ਵਿਵਾਦ ਬਰਕਰਾਰ ਹੈ। ਪੰਜਾਬ ਸਰਕਾਰ ਵੱਲੋਂ ਚੋਣਾਂ ਤੋਂ ਪਹਿਲਾਂ ਵੰਡੇ ਜਾਣ ਵਾਲੇ ਐਲੂਮੀਨੀਅਮ ਦੇ ਪਤੀਲੇ ਅਤੇ ਟੱਬ ਦੇ ਨਮੂਨੇ ਫੇਲ੍ਹ ਹੋ ਗਏ ਹਨ। ਪੰਚਾਇਤ ਵਿਭਾਗ ਨੇ ਨਮੂਨਿਆਂ ਦੇ ਫੇਲ੍ਹ ਹੋਣ ਦੇ ਬਾਵਜੂਦ ਚਾਰ ਫਰਮਾਂ ਨੂੰ ਹੁਣ ਮੁੜ ਇਕ ਮੌਕਾ ਦੇ ਦਿੱਤਾ ਹੈ। ਇਸ ਦੌਰਾਨ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਡਿਪਟੀ ਕਮਿਸ਼ਨਰਾਂ ਨੂੰ ਜ਼ਿਲ੍ਹਾ ਪੱਧਰ 'ਤੇ ਕਮੇਟੀਆਂ ਦਾ ਗਠਨ ਕਰਨ ਲਿਖਤੀ ਹਦਾਇਤ ਕੀਤੀ ਹੈ ਤਾਂ ਜੋ ਭਾਂਡਿਆਂ ਦੀ ਫੌਰੀ ਵੰਡ ਕੀਤੇ ਜਾ ਸਕੇ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਸਕੱਤਰ ਦੀਪਿੰਦਰ ਸਿੰਘ ਦਾ ਕਹਿਣਾ ਸੀ ਕਿ ਵਿੱਤੀ ਬੋਲੀ ਖੋਲ੍ਹੀ ਜਾਣੀ ਬਾਕੀ ਹੈ। ਉਨ੍ਹਾਂ ਨੇ ਨਮੂਨੇ ਫੇਲ੍ਹ ਹੋਣ ਬਾਰੇ ਆਖਿਆ ਕਿ ਉਨ੍ਹਾਂ ਨੂੰ ਅਜਿਹੀ ਕੋਈ ਜਾਣਕਾਰੀ ਨਹੀਂ ਹੈ।

ਜਾਣਕਾਰੀ ਅਨੁਸਾਰ ਭਾਂਡਿਆਂ ਦੀ ਖਰੀਦ ਲਈ ਬਣੀ ਕਮੇਟੀ ਦਾ ਇਕ ਮੈਂਬਰ ਛੁੱਟੀ 'ਤੇ ਚਲਾ ਗਿਆ ਹੈ। ਇਸ ਖਰੀਦ ਕਮੇਟੀ ਦੀ ਮੀਟਿੰਗ 14 ਸਤੰਬਰ ਨੂੰ ਹੋਈ ਸੀ, ਜਿਸ ਵਿਚ ਪਤੀਲੇ ਅਤੇ ਟੱਬ ਦੇ ਨਮੂਨੇ ਫੇਲ੍ਹ ਹੋਣ ਦੀ ਰਿਪੋਰਟ ਪੇਸ਼ ਕੀਤੀ ਹੈ। ਜਾਣਕਾਰੀ ਅਨੁਸਾਰ ਪੰਚਾਇਤ ਵਿਭਾਗ ਨੇ ਇਕ ਵਾਰ ਟੈਂਡਰ ਰੱਦ ਕਰ ਦਿੱਤੇ ਸਨ ਅਤੇ ਮਾਮੂਲੀ ਸੋਧ ਮਗਰੋਂ ਟੈਂਡਰ ਮੁੜ ਜਾਰੀ ਕੀਤੇ ਸਨ। ਚਾਰ ਫਰਮਾਂ ਨੇ ਮੁੜ ਟੈਂਡਰ ਪਾਏ ਹਨ। ਇਨ੍ਹਾਂ ਵਿਚ ਉਹ ਫਰਮ ਵੀ ਸ਼ਾਮਲ ਹੈ, ਜਿਸ ਤੋਂ ਭਾਂਡੇ ਲੈਣ ਲਈ ਸਰਕਾਰ ਕਾਹਲੀ ਹੈ। ਖਰੀਦ ਕਮੇਟੀ ਨੇ ਖਰੀਦੇ ਜਾਣ ਵਾਲੇ ਭਾਂਡਿਆਂ ਦੇ ਨਮੂਨੇ ਲੈ ਕੇ ਇਨ੍ਹਾਂ ਦੀ ਰਿਪੋਰਟ ਲੈਣ ਦਾ ਫੈਸਲਾ ਕੀਤਾ ਸੀ। ਨਮੂਨਿਆਂ ਦੀ ਜਾਂਚ ਚੰਡੀਗੜ੍ਹ ਦੀ ਸਿਟਕੋ ਲੈਬ ਤੋਂ ਕਰਾਈ ਗਈ ਹੈ।

ਸੂਤਰਾਂ ਨੇ ਦੱਸਿਆ ਕਿ ਐਲੂਮੀਨੀਅਮ ਦੇ ਬਰਤਨਾਂ ਦੇ ਨਮੂਨੇ ਫੇਲ੍ਹ ਹੋ ਗਏ ਹਨ। ਇਹ ਬਰਤਨ ਆਈ.ਐਸ. ਕੋਡ ਆਈ.ਐਸ:1992 ਦੇ ਸਟੈਂਡਰਡ ਦੇ ਮੰਗੇ ਸਨ ਜੋ ਪੈਮਾਨੇ 'ਤੇ ਖਰੇ ਨਹੀਂ ਉਤਰੇ। ਸੂਤਰਾਂ ਅਨੁਸਾਰ ਅੰਦਾਜ਼ਨ ਟੱਬ ਦੀ ਕੀਮਤ ਇਕ ਹਜ਼ਾਰ ਰੁਪਏ ਅਤੇ ਪਤੀਲੇ ਦੀ ਕੀਮਤ ਕਰੀਬ ਚਾਰ ਹਜ਼ਾਰ ਰੁਪਏ ਰੱਖੀ ਗਈ ਹੈ। ਸਰਕਾਰ ਨੇ ਭਾਂਡਿਆਂ ਦੀ ਇਕ ਕਿੱਟ ਦੀ ਕੀਮਤ ਕਰੀਬ 30 ਹਜ਼ਾਰ ਰੁਪਏ ਰੱਖੀ ਹੈ ਅਤੇ ਕਰੀਬ 100 ਕਰੋੜ ਦੇ ਭਾਂਡੇ ਖਰੀਦੇ ਜਾਣੇ ਹਨ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਡਾਇਰੈਕਟਰ ਜੀ.ਕੇ. ਸਿੰਘ ਨੇ ਦੱਸਿਆ ਕਿ ਪਰਖ ਵਿਚ ਬਹੁਤੇ ਭਾਂਡੇ ਠੀਕ ਪਾਏ ਗਏ ਹਨ ਤੇ ਸਿਰਫ ਐਲੂਮੀਨੀਅਮ ਦੇ ਦੋ ਬਰਤਨ ਤਕਨੀਕੀ ਤੌਰ 'ਤੇ ਠੀਕ ਨਹੀਂ ਆਏ ਹਨ। ਇਸ ਕਰਕੇ ਇਨ੍ਹਾਂ ਦੇ ਨਮੂਨਿਆਂ ਦੀ ਮੁੜ ਜਾਂਚ ਕਰਾਈ ਜਾਵੇਗੀ।

## ਮਾਤਾ ਮੁਖਤਿਆਰ ਕੌਰ ਧਾਲੀਵਾਲ ਨੂੰ ਸੇਜਲ ਅੱਖਾਂ ਨਾਲ ਵਿਦਾਇਗੀ

**ਫਰਿਜ਼ਨੋ (ਬਿਊਰੋ):** ਬੀਤੇ ਦਿਨੀਂ ਫਰਿਜ਼ਨੋ ਨਿਵਾਸੀ ਪੱਤਰਕਾਰ ਨੀਟਾ ਮਾਛੀਕੇ ਤੇ ਡਾ. ਸਿਮਰਜੀਤ ਸਿੰਘ ਧਾਲੀਵਾਲ ਦੇ ਮਾਤਾ ਮੁਖਤਿਆਰ ਕੌਰ (ਸੁਪੱਤਨੀ ਦਲਬਾਰਾ ਸਿੰਘ ਧਾਲੀਵਾਲ) ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ ਇਥੇ ਸ਼ਾਂਤ ਭਵਨ ਫਿਊਨਰਲ ਹੋਮ ਫਾਉਲਰ ਵਿਖੇ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਰਿਸ਼ਤੇਦਾਰਾਂ ਤੋਂ ਇਲਾਵਾ ਸਾਬਕਾ ਵਿਦਿਆਰਥੀ ਪਹੁੰਚੇ। ਇਸ ਮੌਕੇ ਬੁਲਾਰਿਆਂ ਨੇ ਮਾਤਾ ਜੀ ਨੂੰ ਇਕ ਯੋਗ ਅਧਿਆਪਕ, ਆਦਰਸ਼ ਪਤਨੀ, ਸਫਲ ਮਾਤਾ ਅਤੇ ਉਘੀ ਸਮਾਜਸੇਵੀ ਗਰਦਾਨਿਆਂ। ਉਨ੍ਹਾਂ ਕਿਹਾ ਕਿ ਮਾਤਾ ਨੇ ਕੋਈ ਪੈਂਤੀ ਸਾਲ ਸਕੂਲਾਂ ਵਿਚ ਪੜ੍ਹਾਇਆ। ਉਨ੍ਹਾਂ ਦੇ ਜਾਣ ਨਾਲ ਜਿਥੇ ਫਰਿਜ਼ਨੋ ਏਰੀਏ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਇਸ ਮੌਕੇ ਲੇਖਕ ਮੇਜਰ ਕੁਲਾਰ, ਕਾਲਮਨਵੀਸ ਜਗਤਾਰ ਸਿੰਘ ਗਿੱਲ, ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ, ਡਾ. ਮਲਕੀਤ ਸਿੰਘ ਕਿੰਗਰਾ, ਸ਼੍ਰੋਮਣੀ ਕਮੇਟੀ ਮੈਂਬਰ ਜੁਗਰਾਜ ਸਿੰਘ ਦੌਧਰ, ਬਲਵਿੰਦਰ ਕੌਰ ਗਿੱਲ, ਡਾ. ਸਿਮਰਜੀਤ ਸਿੰਘ, ਗਗਨ ਤੇ ਪ੍ਰੀਤ (ਪੋਤੀ-ਪੋਤਾ), ਗਿਆਨੀ ਹਰਭਜਨ ਸਿੰਘ, ਭਾਈ ਅਵਤਾਰ ਸਿੰਘ, ਬੌਬੀ ਬਰਾੜ, ਡਾ. ਗੁਰਦੀਪ ਸਿੰਘ ਖੰਘੂੜਾ, ਪੱਤਰਕਾਰ ਕੁਲਵੰਤ ਉਭੀ ਧਾਲੀਆਂ ਅਤੇ ਰਾਜ ਬਰਾੜ ਨੇ ਮਾਤਾ ਨੂੰ ਸ਼ਰਧਾਂਜਲੀ ਭੇਟ ਕੀਤੀ।

## ਇੰਟਰਨੈਸ਼ਨਲ ਕਬੱਡੀ ਕੱਪ ਦੋ ਅਕਤੂਬਰ ਨੂੰ

**ਫਰਿਜ਼ਨੋ (ਬਿਊਰੋ):** ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ-ਫਰਿਜ਼ਨੋ ਅਤੇ ਸ਼ਹੀਦ ਊਧਮ ਸਿੰਘ ਸਪੋਰਟਸ ਕਲੱਬ-ਸੈਲਮਾ ਵੱਲੋਂ ਇੰਟਰਨੈਸ਼ਨਲ ਕਬੱਡੀ ਕੱਪ ਸਥਾਨਕ ਚੱਕਚੈਂਨਸੀ ਪਾਰਕ ਸਟੇਡੀਅਮ (ਡਾਊਨ ਟਾਊਨ) ਵਿਖੇ 2 ਅਕਤੂਬਰ, ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ।

ਪ੍ਰਬੰਧਕਾਂ ਅਨੁਸਾਰ ਇਹ ਟੂਰਨਾਮੈਂਟ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਯੂ.ਐਸ.ਏ. ਦੇ ਰੂਲ ਰੈਗੂਲੇਸ਼ਨਜ਼ ਹੇਠ ਸਮੂਹ ਜਥੇਬੰਦੀਆਂ ਅਤੇ ਭਾਈਚਾਰੇ ਦੇ ਸਹਿਯੋਗ ਨਾਲ ਹੋਵੇਗਾ। ਟੂਰਨਾਮੈਂਟ ਵਿਚ ਚੋਟੀ ਦੇ ਖਿਡਾਰੀ ਆਪਣੀ ਖੇਡ ਦਾ ਪ੍ਰਦਰਸ਼ਨ ਕਰਨਗੇ। ਸਿਕਿਉਰਿਟੀ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਹਰ ਕਿਸਮ ਦੇ ਨਸ਼ੇ 'ਤੇ ਮੁਕੰਮਲ ਪਾਬੰਦੀ ਹੋਵੇਗੀ।


Indian Restaurant For Sale

OPPORTUNITY KNOCKS!!

Awesome Business Opportunity. Excellent for family operation located in the heart of Santa Clarita Valley Center of Plum & Bouquet Canyon in a large shopping center with excellent parking. A fully functioning Indian Restaurant.

Contact:
661-644-3430 or 661-263-2300

Restaurant For Lease

Restaurant for lease in Florida.
Excellent running business since 25 yrs.
Free standing building on High Way.
Rent $4800 per month. Owner retiring.

ਫਲੋਰਿਡਾ ਵਿਚ 25 ਸਾਲਾਂ ਤੋਂ ਵਧੀਆ ਚਲਦਾ ਭਾਰਤੀ ਰੈਸਟੋਰੈਂਟ ਲੀਜ਼ ਲਈ ਉਪਲਬਧ ਹੈ।
ਹਾਈਵੇਅ ਉਤੇ ਬਿਲਡਿੰਗ, ਕਿਰਾਇਆ $4800 ਪ੍ਰਤੀ ਮਹੀਨਾ
ਮਾਲਕ ਰਿਟਾਇਰ ਹੋ ਰਿਹਾ ਹੈ
ਸੰਪਰਕ ਕਰੋ, ਫੋਨ: 850-510-3466

39-40

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899


Gurdip Singh Sandhu

Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA

7021 Village Park Way, Dublin, CA 94568

Email:
Homeomedicine@yahoo.com

Satwant Singh Insurance Services

We serve all over California

Auto, Home, Life, Business, Workers Comp.

See how much you can save. Get free quote for Auto, Home, Life and Business.

Compare Auto, Home quotes online at our website: www.satwantins.com

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ


Satwant Singh, CLCS, MBA
(CA Lic # 0H11256)

Now we have 3 locations:

San Jose: 2774 Aborn Road
San Jose, CA 95121

Sunnyvale: 830 Stewart Dr Ste #126
Sunnyvale, CA 94085

Fremont: 44790 S Grimmer Blvd,
Fremont, CA 94538

Allied Insurance
a Nationwide Insurance® company

Call today for your FREE, no-obligation quote: 1-408-771-2438

satwant@satwantins.com

# ਭਾਰਤ ਦੇ ਈ-ਟੂਰਿਸਟ ਵੀਜ਼ੇ ਨੂੰ ਮਿਲਿਆ ਭਰਵਾਂ ਹੁੰਗਾਰਾ

**ਨਵੀਂ ਦਿੱਲੀ:** ਅਗਸਤ ਮਹੀਨੇ ਵਿਚ ਈ-ਟੂਰਿਸਟ ਵੀਜ਼ੇ ਰਾਹੀਂ ਭਾਰਤ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਵਿਚ ਪਿਛਲੇ ਸਾਲ ਦੇ ਮੁਕਾਬਲੇ ਭਾਰੀ ਵਾਧਾ ਹੋਇਆ ਹੈ। ਇਸ ਸਾਲ ਅਗਸਤ ਵਿਚ ਤਕਰੀਬਨ 66 ਹਜ਼ਾਰ ਸੈਲਾਨੀ ਈ-ਟੂਰਿਸਟ ਵੀਜ਼ੇ ਰਾਹੀਂ ਭਾਰਤ ਆਏ ਜੋ ਪਿਛਲੇ ਸਾਲ ਨਾਲੋਂ 197 ਫੀਸਦੀ ਵੱਧ ਹੈ।

ਕੇਂਦਰੀ ਸੈਰ-ਸਪਾਟਾ ਮੰਤਰਾਲੇ ਦਾ ਕਹਿਣਾ ਹੈ ਕਿ ਇਸ ਵੀਜ਼ੇ ਦੀ ਸਭ ਤੋਂ ਜ਼ਿਆਦਾ ਸਹੂਲਤ ਯੂ.ਕੇ. ਨੇ ਦਿੱਤੀ ਹੈ। ਇਸ ਤੋਂ ਬਾਅਦ ਅਮਰੀਕਾ ਤੇ ਚੀਨ ਦਾ ਨੰਬਰ ਆਉਂਦਾ ਹੈ। ਅਗਸਤ ਮਹੀਨੇ 'ਚ 66,097 ਸੈਲਾਨੀ ਈ-ਟੂਰਿਸਟ ਵੀਜ਼ੇ ਰਾਹੀਂ ਭਾਰਤ ਆਏ ਹਨ, ਜਦੋਂਕਿ ਅਗਸਤ 2015 ਵਿਚ ਇਹ ਗਿਣਤੀ ਸਿਰਫ 22,286 ਸੀ। ਇਸ ਤਰ੍ਹਾਂ ਅਜਿਹੇ ਸੈਲਾਨੀਆਂ ਦੀ ਗਿਣਤੀ ਵਿਚ 196.6 ਫੀਸਦੀ ਵਾਧਾ ਹੋਇਆ ਹੈ। ਸੈਲਾਨੀਆਂ ਦੀ ਗਿਣਤੀ ਵਧਣ ਦਾ ਵੱਡਾ ਕਾਰਨ ਇਹ ਹੈ ਕਿ ਪਹਿਲਾਂ ਜਿਥੇ ਈ-ਟੂਰਿਸਟ ਵੀਜ਼ੇ ਦੀ ਸਹੂਲਤ 113 ਦੇਸ਼ਾਂ ਲਈ ਸੀ, ਹੁਣ 150 ਦੇਸ਼ਾਂ 'ਚ ਹੈ। ਇਸ ਸਹੂਲਤ ਰਾਹੀਂ ਸਭ ਤੋਂ ਵੱਧ ਸੈਲਾਨੀ ਯੂ.ਕੇ. ਤੋਂ ਆਏ ਹਨ। ਯੂ.ਕੇ. ਦਾ ਯੋਗਦਾਨ 19.4 ਫੀਸਦੀ, ਅਮਰੀਕਾ ਦਾ 13.2 ਫੀਸਦੀ, ਚੀਨ ਦਾ 6.7 ਫੀਸਦੀ, ਫਰਾਂਸ ਦਾ 6.4 ਫੀਸਦੀ, ਸਪੇਨ ਦਾ 6.1 ਫੀਸਦੀ ਤੇ ਸੰਯੁਕਤ ਅਰਬ ਅਮੀਰਾਤ ਦਾ 5.5 ਫੀਸਦੀ ਹੈ। ਇਸ ਤੋਂ ਇਲਾਵਾ ਈ-ਟੂਰਿਸਟ ਵੀਜ਼ਾ ਰਾਹੀਂ ਜਰਮਨੀ ਤੋਂ 4.6 ਫੀਸਦੀ, ਆਸਟਰੇਲੀਆ ਤੋਂ



3.7 ਫੀਸਦੀ, ਕੈਨੇਡਾ ਤੋਂ 3.5 ਫੀਸਦੀ ਤੇ ਕੋਰੀਆ ਤੋਂ 2.4 ਫੀਸਦੀ ਸੈਲਾਨੀ ਆਏ।

## ਭਾਰਤ 'ਚ ਇੰਟਰਨੈਟ ਵਰਤਣ ਵਾਲਿਆਂ ਦੀ ਗਿਣਤੀ ਵਧੀ

**ਭੋਪਾਲ:** ਸਮਾਰਟਫੋਨਾਂ ਦੀਆਂ ਵਾਜਬ ਕੀਮਤਾਂ ਕਾਰਨ ਹੁਣ ਇੰਟਰਨੈਟ ਆਮ ਲੋਕਾਂ ਦੀ ਪਹੁੰਚ ਵਿਚ ਹੋ ਗਿਆ ਹੈ। ਗੂਗਲ ਦੀ ਏਸ਼ੀਆ ਪੈਸੇਫਿਕ ਭਾਸ਼ਾ ਮੁਖੀ ਰਿਚਾ ਸਿੰਘ ਚਿਤਰਾਂਸ਼ੀ ਦਾ ਦਾਅਵਾ ਹੈ ਕਿ ਭਾਰਤ ਦੇ ਆਨਲਾਈਨ ਹੋਣ ਵਾਲੇ ਲੋਕਾਂ ਦੀ ਗਿਣਤੀ ਸਾਲ 2020 ਤੱਕ 50 ਕਰੋੜ ਹੋ ਜਾਵੇਗੀ, ਜਿਨ੍ਹਾਂ ਵਿਚੋਂ ਜ਼ਿਆਦਾਤਰ ਖੇਤਰੀ ਭਾਸ਼ਾ ਦੀ ਵਰਤੋਂ ਕਰਨ ਵਾਲੇ ਹੋਣਗੇ। ਉਨ੍ਹਾਂ ਕਿਹਾ ਕਿ ਇੰਟਰਨੈਟ ਦੇ ਵਰਤੋਂਕਾਰਾਂ ਦੀ ਗਿਣਤੀ ਵਧਣ ਦਾ ਕਾਰਨ ਸਮਾਰਟਫੋਨਾਂ ਦੀਆਂ ਵਾਜਬ ਕੀਮਤਾਂ, ਆਮ ਲੋਕਾਂ ਤੱਕ ਪਹੁੰਚ ਤੇ ਡਾਟਾ ਪੈਕ ਦੀ ਘੱਟ ਕੀਮਤਾਂ ਉਤੇ ਉਪਲਬਧਤਾ ਹੈ। ਉਨ੍ਹਾਂ ਦੱਸਿਆ ਕਿ ਭਾਰਤ ਦੇ 65 ਫੀਸਦੀ ਲੋਕ ਇੰਟਰਨੈਟ ਦੀ ਮੋਬਾਈਲ ਉਤੇ ਹੀ ਵਰਤੋਂ ਕਰਦੇ ਹਨ ਤੇ ਇਨ੍ਹਾਂ ਵਿਚੋਂ ਜ਼ਿਆਦਾਤਰ ਇੰਟਰਨੈਟ ਵਰਤਣਾ ਪਹਿਲੀ ਵਾਰ ਮੋਬਾਈਲ ਤੋਂ ਹੀ ਸ਼ੁਰੂ ਕਰਦੇ ਹਨ। ਦੱਸਣਯੋਗ ਹੈ ਕਿ ਇਨ੍ਹਾਂ ਵਿਚੋਂ ਜ਼ਿਆਦਾਤਰ ਨੂੰ ਅੰਗਰੇਜ਼ੀ ਬੋਲਣੀ ਵੀ ਨਹੀਂ ਆਉਂਦੀ। ਉਨ੍ਹਾਂ ਦੱਸਿਆ ਕਿ ਇਸ ਵੇਲੇ ਇੰਟਰਨੈਟ ਦੀ ਵਰਤੋਂ ਕਰਨ ਵਾਲੇ 43 ਫੀਸਦੀ ਹਨ ਤੇ ਸਾਲ 2020 ਤੱਕ ਇਨ੍ਹਾਂ ਦੀ ਗਿਣਤੀ 62 ਫੀਸਦੀ ਹੋ ਜਾਵੇਗੀ।

## ਏਸ਼ੀਆ ਦੇ ਸਰਵੋਤਮ 25 ਅਜਾਇਬ ਘਰਾਂ 'ਚੋਂ 5 ਭਾਰਤ 'ਚ

**ਨਵੀਂ ਦਿੱਲੀ:** ਇਕ ਸਰਵੇਖਣ ਵਿਚ ਪੰਜ ਭਾਰਤੀ ਅਜਾਇਬ ਘਰਾਂ ਨੇ ਏਸ਼ੀਆ ਦੇ ਸਰਵੋਤਮ 25 ਅਜਾਇਬ ਘਰਾਂ ਵਿਚ ਥਾਂ ਬਣਾਈ ਹੈ ਤੇ ਲੇਹ ਦਾ ਹਾਲ ਆਫ ਫੇਮ ਭਾਰਤ ਦੀ ਸੂਚੀ ਵਿਚ ਸਭ ਤੋਂ ਉਪਰ ਹੈ। ਇਹ ਸੈਲਾਨੀਆਂ ਨੂੰ ਖਾਸਾ ਖਿੱਚਦਾ ਹੈ। ਚਾਰ ਹੋਰ ਅਜਾਇਬ ਘਰਾਂ ਵਿਚ ਉਦੈਪੁਰ ਸਥਿਤ ਬਾਗੋਰ ਕੀ ਹਵੇਲੀ, ਕੋਲਕਾਤਾ ਵਿਚ ਵਿਕਟੋਰੀਆ ਮੈਮੋਰੀਅਲ ਹਾਲ, ਹੈਦਰਾਬਾਦ ਵਿਚ ਸਲਾਰ ਜੰਗ ਅਜਾਇਬ ਘਰ ਤੇ ਜੈਸਲਮੇਰ ਵਿਚ ਜੈਸਲਮੇਰ ਜੰਗੀ ਅਜਾਇਬ ਘਰ ਸ਼ਾਮਲ ਹਨ। ਪੁਣੇ ਸਥਿਤ ਦਰਸ਼ਨ ਅਜਾਇਬ ਘਰ, ਸ਼ਿਲੌਂਗ ਦਾ ਡੌਨ ਬੋਸਕੋ ਸੈਂਟਰ ਫਾਰ ਕਲਚਰ, ਤਰਾਓ ਦਾ ਹੈਰੀਟੇਜ ਟਰਾਂਸਪੋਰਟ ਅਜਾਇਬ ਘਰ, ਕੋਹਲਾਪੁਰ ਦਾ ਸਿੱਧਗਿਰੀ ਅਜਾਇਬ ਘਰ ਤੇ ਨਵੀਂ ਦਿੱਲੀ ਸਥਿਤ ਗਾਂਧੀ ਸਮ੍ਰਿਤੀ ਵੀ ਭਾਰਤ ਦੇ ਦਸ ਸਰਵੋਤਮ ਅਜਾਇਬ ਘਰਾਂ ਵਿਚ ਸ਼ਾਮਲ ਹਨ। ਟ੍ਰਿਪਐਡਵਾਈਜ਼ਰ ਰੈਂਕਿੰਗ ਹਾਸਲ ਕਰਨ ਵਾਲੇ ਇਨ੍ਹਾਂ ਅਜਾਇਬ ਘਰਾਂ ਨੂੰ ਸਨਮਾਨਤ ਕਰੇਗਾ। ਉਸ ਨੇ ਕਿਹਾ ਹੈ ਕਿ ਇਹ ਸੂਚੀ ਅਲਗੋਰਿਥਮ ਦੀ ਮਦਦ ਨਾਲ ਤਿਆਰ ਕੀਤੀ ਗਈ ਹੈ, ਜਿਸ ਵਿਚ 12 ਮਹੀਨਿਆਂ ਤੱਕ ਦੁਨੀਆਂ ਭਰ ਵਿਚ ਇਸ ਦਾ ਅਧਿਐਨ ਕੀਤਾ ਹੈ। ਉਂਜ ਭਾਰਤ ਦਾ ਕੋਈ ਵੀ ਅਜਾਇਬਘਰ ਦੁਨੀਆਂ ਦੇ ਪਹਿਲੇ 25 ਵਿਚ ਨਹੀਂ ਆਇਆ।

ਨਿਊ ਯਾਰਕ ਦਾ ਮੈਟਰੋਪੋਲਿਟਨ ਮਿਊਜ਼ੀਅਮ ਆਫ ਆਰਟ ਇਸ ਸੂਚੀ ਵਿਚ ਪਹਿਲੇ ਨੰਬਰ ਉਤੇ ਹੈ ਤੇ ਇਸ ਤੋਂ ਬਾਅਦ ਕ੍ਰਮਵਾਰ ਆਰਟ ਇੰਸਟੀਚਿਊਟ ਆਫ ਸ਼ਿਕਾਗੋ, ਸਟੇਟ ਹਰਮਿਟੇਜ ਮਿਊਜ਼ੀਅਮ ਐਂਡ ਵਿੰਟਰ ਪੈਲੇਸ, ਮਿਊਜ਼ੀ ਡੀ ਓਰਸੇ ਪੈਰਿਸ ਅਤੇ ਨੈਸ਼ਨਲ ਮਿਊਜ਼ੀਅਮ ਆਫ ਐਂਥ੍ਰੋਪੋਲੋਜੀ ਮੈਕਸੀਕੋ ਆਉਂਦੇ ਹਨ। ਏਸ਼ੀਆ ਦੀ ਸੂਚੀ ਵਿਚ ਚੀਨ ਦਾ ਮਿਊਜ਼ੀਅਮ ਆਫ ਕਿਨ ਟੈਰਾ-ਕੋਟਾ ਵਾਰੀਅਰਜ਼ ਐਂਡ ਹੋਰਸ ਸਭ ਤੋਂ ਉਪਰ ਹੈ।

# ਈਦ ਮੌਕੇ ਆਈ.ਐਸ. ਵੱਲੋਂ ਬੱਕਰੇ ਦੀ ਥਾਂ ਬੰਦਿਆਂ ਦੀ ਬਲੀ

**ਸੀਰੀਆ:** ਖਤਰਨਾਕ ਅਤਿਵਾਦੀ ਜਥੇਬੰਦੀ ਆਈ.ਐਸ. ਨੇ ਬੇਰਹਿਮੀ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਬਕਰੀਦ ਮੌਕੇ ਆਈ.ਐਸ. ਨੇ ਬੱਕਰੇ ਦੀ ਥਾਂ ਇਨਸਾਨੀ ਬਲੀ ਦਿੱਤੀ ਹੈ। ਅਤਿਵਾਦੀਆਂ ਨੇ ਅਮਰੀਕੀ ਜਾਸੂਸਾਂ ਤੇ ਹੋਰ ਕੈਦੀਆਂ ਨੂੰ ਉਲਟਾ ਲਟਕਾ ਕੇ ਧੌਣਾਂ ਵੱਢ ਦਿੱਤੀਆਂ। ਇਸ ਪੂਰੇ ਕਾਰੇ ਦਾ ਦਿਲ ਦਹਿਲਾਉਂਦਾ ਵੀਡੀਓ ਵੀ ਜਾਰੀ ਕੀਤਾ ਗਿਆ ਹੈ। ਆਈ.ਐਸ. ਵੱਲੋਂ ਜਾਰੀ ਵੀਡੀਓ 'ਚ ਨਜ਼ਰ ਆਉਂਦਾ ਹੈ ਕਿ ਕੈਦੀਆਂ ਨੂੰ ਮੀਟ ਟੰਗਣ ਵਾਲੀ ਹੁੱਕ ਨਾਲ ਉਲਟਾ ਲਟਕਾਇਆ ਗਿਆ ਹੈ।



ਇਸ ਤੋਂ ਬਾਅਦ ਇਕ ਇਕ ਕਰ ਇਨ੍ਹਾਂ ਦੀਆਂ ਧੌਣਾਂ ਵੱਢ ਦਿੱਤੀਆਂ ਜਾਂਦੀਆਂ ਹਨ। ਥੋੜੀ ਦੇਰ ਬਾਅਦ ਹੀ ਫਰਸ਼ ਖੂਨ ਨਾਲ ਲਾਲ ਹੋ ਜਾਂਦੀ ਹੈ। ਇਸ ਤੋਂ ਬਾਅਦ ਵੀਡੀਓ 'ਚ ਖੂਨ ਨਾਲ ਲੱਥਪਥ ਲਾਸ਼ਾਂ ਨਜ਼ਰ ਆਉਂਦੀਆਂ ਹਨ। ਜਾਣਕਾਰੀ ਮੁਤਾਬਕ ਆਈ.ਐਸ. ਨੇ ਇਸ ਕਾਰੇ ਨੂੰ ਉਤਰੀ-ਪੂਰਬੀ ਸੀਰੀਆ ਦੇ ਦੀਰ-ਏਜ਼-ਜ਼ੋਰ ਇਲਾਕੇ ਦੇ ਇਕ ਬੁੱਚੜਖਾਨੇ 'ਚ ਅੰਜਾਮ ਦਿੱਤਾ ਹੈ।

ਹਿਊਮਨ ਰਾਈਟਸ ਸੰਸਥਾਵਾਂ ਨੇ ਇਸ ਦਿਲ ਦਹਿਲਾਉਣ ਵਾਲੇ ਕਾਰੇ ਨੂੰ ਹੁਣ ਤੱਕ ਦੀ ਸਭ ਤੋਂ ਭਿਆਨਕ ਕਾਰਵਾਈ ਦੱਸਿਆ ਹੈ। ਜ਼ਿਕਰਯੋਗ ਹੈ ਕਿ ਆਈ.ਐਸ. ਹਰ ਵਾਰ ਨਵੇਂ ਤਰੀਕੇ ਨਾਲ ਨਵ ਅਜਿਹੇ ਕਤਲ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦਾ ਹੈ। ਆਪਣੇ ਇਸ ਕਾਰੇ ਨੂੰ ਅੰਜਾਮ ਦੇਣ ਤੋਂ ਪਹਿਲਾਂ ਪੂਰੀ ਫਿਲਮ ਦੀ ਤਿਆਰੀ ਕੀਤੀ ਜਾਂਦੀ ਹੈ। ਰਿਕਾਰਡ ਕਰ ਕੇ ਉਸ ਦੀ ਖਾਸ ਵੀਡੀਓ ਐਡਿਟ ਕਰਨ ਤੋਂ ਮਗਰੋਂ ਹੀ ਪੋਸਟ ਕੀਤੀ ਜਾਂਦੀ ਹੈ।

# ਨਸ਼ਾ ਸਪਲਾਈ ਦੀ ਸੂਚੀ 'ਚ ਬੋਲਿਆ ਭਾਰਤ ਦਾ ਨਾਮ

**ਵਾਸ਼ਿੰਗਟਨ:** ਦੁਨੀਆਂ ਵਿਚ ਨਸ਼ੀਲੀਆਂ ਦਵਾਈਆਂ ਦੇ ਉਤਪਾਦਕ 21 ਦੇਸ਼ਾਂ ਵਿਚ ਭਾਰਤ ਦਾ ਨਾਂ ਵੀ ਸ਼ਾਮਲ ਹੋ ਗਿਆ ਹੈ। ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਨਸ਼ੀਲੀਆਂ ਦਵਾਈਆਂ ਦੇ ਉਤਪਾਦਕ ਦੇਸ਼ਾਂ ਦੀ ਸੂਚੀ ਜਾਰੀ ਕੀਤੀ ਹੈ। ਇਸ ਸੂਚੀ ਵਿਚ ਸ਼ਾਮਲ ਹੋਰ ਦੇਸ਼ਾਂ ਵਿਚ ਅਫਗਾਨਿਸਤਾਨ, ਬਹਾਮਾਸ, ਬੇਲੀਜ, ਬੋਲੀਵੀਆ, ਮਿਆਂਮਾਰ, ਕੋਲੰਬੀਆ, ਕੋਸਟ, ਰਿਕਾਸ ਡੋਮਿਨਿਕਨ ਰਿਪਬਲਿਕ, ਇਕਵਾਡੋਰ, ਅੱਲ ਸਲਵਾਡੋਰ, ਗਵਾਟੇਮਾਲਾ, ਹੈਤੀ, ਜਮੈਕਾ, ਲਾਓਸ, ਮੈਕਸੀਕੋ, ਪਾਕਿਸਤਾਨ, ਪਨਾਮਾ, ਪੇਰੂ, ਵੈਨਜੇਏਲਾ ਤੇ ਭਾਰਤ ਹਨ।

ਆਪਣੇ ਬਿਆਨ ਵਿਚ ਰਾਸ਼ਟਰਪਤੀ ਓਬਾਮਾ ਨੇ ਆਖਿਆ ਹੈ ਕਿ ਕੌਮਾਂਤਰੀ ਪੱਧਰ ਉਤੇ ਸਹਿਮਤੀ ਬਣ ਰਹੀ ਹੈ ਕਿ ਨਸ਼ੀਲੀਆਂ ਦਵਾਈਆਂ ਦੀ ਰੋਕਥਾਮ ਲਈ ਪ੍ਰੋਗਰਾਮ ਤਿਆਰ ਹੋਣਾ ਚਾਹੀਦਾ ਹੈ। ਓਬਾਮਾ ਅਨੁਸਾਰ ਅਮਰੀਕਾ ਵਿਚ ਹੈਰੋਇਨ ਵਿਚ ਸਸਤੇ ਓਲਪੀਅਡ ਵਿਸ਼ੇਸ਼ ਤੌਰ ਉਤੇ ਫੇਂਟਾਨਿਲ ਜ਼ਿਆਦਾ ਮਿਕਸ ਕੀਤਾ ਜਾ ਰਿਹਾ ਹੈ। ਓਬਾਮਾ ਨੇ ਆਖਿਆ ਹੈ ਕਿ ਸੋਧ ਤੋਂ ਪਤਾ ਲੱਗਦਾ ਹੈ ਕਿ ਫੇਂਟਾਨਿਲ ਤੇ ਇਸ ਤੋਂ ਜੁੜੀਆਂ ਦਵਾਈਆਂ ਵਿਚ 25-30 ਗੁਣਾਂ ਜ਼ਿਆਦਾ ਅਸਰਦਾਰ ਹੋ ਸਕਦਾ ਹੈ। ਯਾਦ ਰਹੇ ਕਿ ਭਾਰਤ ਅਸਲ ਵਿਚ ਕੌਮਾਂਤਰੀ ਡਰੱਗਜ਼ ਸਪਲਾਈ ਦਾ ਇਕ ਰੂਟ ਹੈ। ਅਫਗਾਨਿਸਤਾਨ ਤੋਂ ਡਰੱਗਜ਼ ਸਪਲਾਈ ਹੋ ਕੇ ਪਾਕਿਸਤਾਨ ਆਉਂਦੀ ਹੈ ਤੇ ਫਿਰ ਪਾਕਿਸਤਾਨ ਤੋਂ ਭਾਰਤ। ਭਾਰਤ ਤੋਂ ਡਰੱਗਜ਼ ਯੂਰਪ, ਅਮਰੀਕਾ, ਕੈਨੇਡਾ ਭੇਜੀ ਜਾਂਦੀ ਹੈ।

## ਸੜਕ ਹਾਦਸੇ ਵਿਚ ਗੈਂਗਸਟਰ ਹਲਾਕ

**ਬਠਿੰਡਾ:** ਬਠਿੰਡਾ ਜ਼ਿਲ੍ਹੇ ਦੇ ਗੈਂਗਸਟਰ ਰਣਜੋਧ ਸਿੰਘ ਜੋਧਾ ਅਤੇ ਉਸ ਦਾ ਸਾਥੀ ਗੁਰਜੀਤ ਸਿੰਘ ਰਾਜਸਥਾਨ ਵਿਚ ਸੜਕ ਹਾਦਸੇ ਵਿਚ ਮਾਰੇ ਗਏ ਹਨ। ਜੈਪੁਰ-ਬੀਕਾਨੇਰ ਕੌਮੀ ਸੜਕ ਮਾਰਗ 'ਤੇ ਮੰਗਲਵਾਰੀਂ ਤੜਕਸਾਰ ਕਰੀਬ ਚਾਰ ਵਜੇ ਭਿਆਨਕ ਸੜਕ ਹਾਦਸਾ ਵਾਪਰਿਆ।

ਬਠਿੰਡਾ ਦੇ ਪਿੰਡ ਕੋਠਾ ਗੁਰੂ ਦਾ ਰਣਜੋਧ ਸਿੰਘ ਜੋਧਾ ਆਪਣੇ ਚਾਰ ਸਾਥੀਆਂ ਸਮੇਤ ਰਾਜਸਥਾਨ ਵਿਚ ਪੇਸ਼ੀ ਭੁਗਤਣ ਜਾ ਰਿਹਾ ਸੀ। ਥਾਣਾ ਕੋਤਵਾਲੀ ਸੀਕਰ (ਰਾਜਸਥਾਨ) ਦੀ ਤਫ਼ਤੀਸ਼ੀ ਅਫ਼ਸਰ ਕਮਲਾ ਨੇ ਦੱਸਿਆ ਕਿ ਤੇਜ਼ ਸਵਿਫਟ ਕਾਰ ਦੀ ਟਰੱਕ ਨਾਲ ਪਿਛਲੇ ਪਾਸਿਓਂ ਟੱਕਰ ਹੋਈ ਹੈ। ਤਿੰਨ ਕਾਰ ਸਵਾਰ ਜ਼ਖ਼ਮੀ ਹੋ ਗਏ ਹਨ ਜਿਨ੍ਹਾਂ ਨੂੰ ਜੈਪੁਰ ਦੇ ਹਸਪਤਾਲ ਭੇਜਿਆ ਗਿਆ ਹੈ। ਕਾਰ ਸਵਾਰ ਕਰਮਜੀਤ ਸਿੰਘ ਵਾਸੀ ਮਹਿਰਾਜ, ਜਗਸੀਰ ਸਿੰਘ ਤੇ ਕੁਲਵਿੰਦਰ ਸਿੰਘ ਵਾਸੀ ਸਧਾਣਾ ਜ਼ਖ਼ਮੀ ਹੋ ਗਏ ਹਨ। ਰਣਜੋਧ ਸਿੰਘ ਜੋਧਾ ਕਰੀਬ ਮਹੀਨਾ ਪਹਿਲਾਂ ਹੀ ਨਾਭਾ ਜੇਲ੍ਹ 'ਚੋਂ ਜ਼ਮਾਨਤ 'ਤੇ ਆਇਆ ਸੀ। ਤਿੰਨ-ਚਾਰ ਵਰ੍ਹੇ ਪਹਿਲਾਂ ਬਠਿੰਡਾ ਜ਼ਿਲ੍ਹੇ ਵਿਚ ਵਾਪਰੇ ਆਦਮਪੁਰਾ ਕਾਂਡ ਦੇ ਸਬੰਧ ਵਿਚ ਉਹ ਜੇਲ੍ਹ ਵਿਚ ਬੰਦ ਸੀ। ਜੋਧਾ ਉਪਰ ਕਰੀਬ ਡੇਢ ਦਰਜਨ ਕੇਸ ਦੱਸੇ ਜਾ ਰਹੇ ਹਨ।

## ਸਕੂਲ ਵੈਨ ਨਹਿਰ ਵਿਚ ਡਿੱਗਣ ਨਾਲ 7 ਬੱਚਿਆਂ ਦੀ ਮੌਤ

**ਅਟਾਰੀ:** ਮਹੰਤ ਕੌਸ਼ਲ ਦਾਸ ਡੀ.ਏ.ਵੀ. ਪਬਲਿਕ ਸਕੂਲ, ਨੇਸ਼ਟਾ ਦੇ ਵਿਦਿਆਰਥੀਆਂ ਨੂੰ ਘਰ ਛੱਡਣ ਜਾ ਰਹੀ ਸਕੂਲ ਵੈਨ ਦੇ ਪਿੰਡ ਮੁਹਾਵਾ ਨੇੜਿਓਂ ਲੰਘਦੀ ਡਿਫੈਂਸ ਨਹਿਰ ਵਿਚ ਡਿੱਗਣ ਕਾਰਨ 7 ਬੱਚਿਆਂ ਦੀ ਮੌਤ ਹੋ ਗਈ। ਚਾਰ ਜ਼ਖ਼ਮੀ ਬੱਚੇ ਹਸਪਤਾਲ ਵਿਚ ਦਾਖਲ ਹਨ। ਹਾਦਸੇ ਵਿਚ ਮਾਰੇ ਗਏ ਬੱਚੇ ਪਿੰਡ ਮੁਹਾਵਾ ਦੇ ਹਨ। ਜਦੋਂ ਹਾਦਸਾ ਵਾਪਰਿਆ, ਉਦੋਂ ਸਕੂਲ ਵੈਨ ਵਿਚ 35 ਤੋਂ ਉਪਰ ਬੱਚੇ ਸਵਾਰ ਸਨ।

ਪ੍ਰਾਪਤ ਜਾਣਕਾਰੀ ਮੁਤਾਬਕ, ਵੈਨ ਵਿਚ ਬੱਚੇ ਜ਼ਿਆਦਾ ਹੋਣ ਕਾਰਨ ਇਸ ਦਾ ਸੰਤੁਲਨ ਵਿਗੜ ਗਿਆ ਅਤੇ ਇਹ ਪੁਲ ਦੀ ਗਰਿਲ ਤੋੜਦੀ ਨਹਿਰ ਵਿਚ ਜਾ ਡਿੱਗੀ। ਵੈਨ ਦਾ ਡਰਾਈਵਰ ਹਾਦਸੇ ਤੋਂ ਬਾਅਦ ਫ਼ਰਾਰ ਹੋ ਗਿਆ। ਨੇੜੇ ਡੰਗਰ ਚਾਰ ਰਹੇ ਇਕ ਵਿਅਕਤੀ ਨੇ ਵੈਨ ਨੂੰ ਨਹਿਰ ਵਿਚ ਡਿੱਗਦਿਆਂ ਦੇਖ ਕੇ ਰੌਲਾ ਪਾਇਆ ਤੇ ਪਿੰਡ ਮੁਹਾਵਾ ਅਤੇ ਨੇੜਲੇ ਪਿੰਡਾਂ ਦੇ ਲੋਕਾਂ ਨੇ ਵੈਨ ਦੇ ਸ਼ੀਸ਼ੇ ਤੋੜ ਕੇ ਬੱਚਿਆਂ ਨੂੰ ਬਾਹਰ ਕੱਢਿਆ। ਇਨ੍ਹਾਂ ਵਿਚੋਂ 11 ਬੱਚਿਆਂ ਦੀ ਹਾਲਤ ਗੰਭੀਰ ਸੀ ਤੇ ਉਨ੍ਹਾਂ ਨੂੰ ਵੱਖ-ਵੱਖ ਸਾਧਨਾਂ ਰਾਹੀਂ ਛੇਹਰਟਾ ਸਥਿਤ ਅਰੋੜਾ ਹਸਪਤਾਲ ਦਾਖਲ ਕਰਵਾਇਆ ਗਿਆ ਜਿਥੇ 7 ਦੀ ਮੌਤ ਹੋ ਗਈ। ਇਸੇ ਦੌਰਾਨ ਜ਼ਖ਼ਮੀ ਬੱਚਿਆਂ ਦਾ ਹਾਲਚਾਲ ਪੁੱਛਣ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਛੇਹਰਟਾ ਦੇ ਅਰੋੜਾ ਹਸਪਤਾਲ ਅਤੇ ਨਵਪ੍ਰੀਤ ਹਸਪਤਾਲ ਪੁੱਜੇ।

# ਯੂ.ਐਨ. ਵਿਚ ਬਲੋਚਿਸਤਾਨ ਮੁੱਦੇ 'ਤੇ ਪਾਕਿ ਨੂੰ ਕੀਤਾ ਠਿੱਠ

**ਜਿਨੇਵਾ:** ਭਾਰਤ ਨੇ ਯੂ.ਐਨ.ਓ. ਵਿਚ ਪਹਿਲੀ ਵਾਰ ਬਲੋਚਿਸਤਾਨ ਦਾ ਮੁੱਦਾ ਚੁੱਕਦਿਆਂ ਪਾਕਿਸਤਾਨ 'ਤੇ ਮਨੁੱਖੀ ਅਧਿਕਾਰਾਂ ਦੇ ਹਨਨ ਦਾ ਇਲਜ਼ਾਮ ਲਗਾਇਆ ਹੈ। ਇਸ ਦੇ ਨਾਲ ਹੀ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿਚ ਵੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਦਾ ਇਲਜ਼ਾਮ ਲਗਾਇਆ ਹੈ। ਯੂ.ਐਨ. ਮਨੁੱਖੀ ਅਧਿਕਾਰ ਪ੍ਰੀਸ਼ਦ ਦੇ 33ਵੇਂ ਸੈਸ਼ਨ ਦੌਰਾਨ ਪਾਕਿਸਤਾਨ 'ਤੇ ਹਮਲਾ ਕਰਦਿਆਂ ਭਾਰਤ ਨੇ ਕਿਹਾ ਕਿ ਕਸ਼ਮੀਰ 'ਚ ਵਿਗੜੇ ਹਾਲਾਤ ਦਾ ਕਾਰਨ ਸਰਹੱਦ ਪਾਰ ਤੋਂ ਪਾਕਿਸਤਾਨ ਵੱਲੋਂ ਅਤਿਵਾਦ ਨੂੰ ਸ਼ਹਿ ਦਿੱਤੇ ਜਾਣਾ ਹੈ।

ਯੂ.ਐਨ.ਓ. ਵਿਚ ਭਾਰਤ ਦੇ ਰਾਜਦੂਤ ਤੇ ਪੱਕੇ ਨੁਮਾਇੰਦੇ ਅਜੀਤ ਕੁਮਾਰ ਨੇ ਕਿਹਾ ਕਿ ਪਾਕਿਸਤਾਨ ਦੇ ਪਿਛਲੇ ਵਿਗੜੇ ਅਕਸ ਤੋਂ ਹਰ ਕੋਈ ਜਾਣੂ ਹੈ। ਕਈ ਦੇਸ਼ਾਂ ਨੇ ਪਾਕਿਸਤਾਨ ਨੂੰ ਵਾਰ-ਵਾਰ ਆਖਿਆ ਹੈ ਕਿ ਉਹ ਸਰਹੱਦ ਪਾਰੋਂ ਘੁਸਪੈਠ ਅਤੇ ਅਤਿਵਾਦ ਦੇ ਢਾਂਚੇ ਨੂੰ ਖਤਮ ਕਰੇ ਤੇ ਅਤਿਵਾਦ ਸੈਂਟਰ ਵਜੋਂ ਕੰਮ ਕਰਨਾ ਬੰਦ ਕਰੇ। ਉਨ੍ਹਾਂ ਕਿਹਾ ਕਿ ਭਾਰਤ ਸ਼ਾਂਤੀ, ਜਮਹੂਰੀ, ਬਹੁਲਵਾਦੀ ਸਮਾਜ ਵਾਲਾ ਮੁਲਕ ਹੈ ਅਤੇ ਆਪਣੇ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ, ਪਰ ਦੂਜੇ ਬੰਨ੍ਹੇ ਪਾਕਿਸਤਾਨ ਦਾ ਕਿਰਦਾਰ ਲੋਕਰਾਜੀ ਕਦਰਾਂ ਕੀਮਤਾਂ ਤੋਂ ਵਿਹੂਣਾ ਅਤੇ



ਬਲੋਚਿਸਤਾਨ ਸਮੇਤ ਦੇਸ਼ ਭਰ ਵਿਚ ਮਨੁੱਖੀ ਹੱਕਾਂ ਦਾ ਘਾਣ ਕਰਨ ਵਾਲਾ ਹੈ।

ਪਾਕਿਸਤਾਨ ਵੱਲੋਂ ਭਾਰਤ ਖਿਲਾਫ ਦਿੱਤੇ ਗਏ ਬਿਆਨ ਤੋਂ ਬਾਅਦ ਅਜੀਤ ਕੁਮਾਰ ਨੇ ਇਸ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਹੈ। ਜੰਮੂ ਕਸ਼ਮੀਰ ਨੂੰ ਭਾਰਤ ਦਾ ਅਨਿੱਖੜਵਾਂ ਅੰਗ ਦੱਸਦਿਆਂ ਉਨ੍ਹਾਂ ਕਿਹਾ ਕਿ ਪਾਕਿਸਤਾਨ ਹਮੇਸ਼ਾ ਸੰਯੁਕਤ ਰਾਸ਼ਟਰ ਵੱਲੋਂ ਨਾਮਜ਼ਦ ਕੀਤੇ ਜਾਂਦੇ ਅਤਿਵਾਦੀਆਂ ਨੂੰ ਪਨਾਹ ਦਿੰਦਾ ਰਹਿੰਦਾ ਹੈ। ਇਸੇ ਕਰ ਕੇ ਪਾਕਿਸਤਾਨ ਪਿਛਲੇ ਸਾਲ ਮਨੁੱਖੀ ਹੱਕਾਂ ਬਾਰੇ ਪ੍ਰੀਸ਼ਦ ਦੀ ਮੈਂਬਰੀ ਹਾਸਲ ਕਰਨ ਵਿਚ ਨਾਕਾਮ ਰਿਹਾ ਸੀ।

## ਬਲੋਚ ਬਾਗੀਆਂ ਨੂੰ ਸ਼ਰਨ ਦੇਵੇਗੀ ਮੋਦੀ ਸਰਕਾਰ!

**ਨਵੀਂ ਦਿੱਲੀ:** ਬਲੋਚਿਸਤਾਨ ਦੇ ਮੁੱਦੇ ਉਤੇ ਪਾਕਿਸਤਾਨ ਨੂੰ ਘੇਰਨ ਵਾਲੀ ਭਾਰਤ ਸਰਕਾਰ ਹੁਣ ਪ੍ਰਮੁੱਖ ਬਲੋਚ ਆਗੂ ਬ੍ਰੇਹਾਦਾਗ ਬੁਗਤੀ ਨੂੰ ਭਾਰਤ ਵਿਚ ਸ਼ਰਨ ਦੇਣ ਉਤੇ ਵਿਚਾਰ ਕਰ ਰਹੀ ਹੈ। ਪਾਕਿਸਤਾਨੀ ਜੀਓ ਚੈਨਲ ਨੇ ਦਾਅਵਾ ਕੀਤਾ ਹੈ ਕਿ ਬੁਗਤੀ ਨੂੰ ਭਾਰਤੀ ਨਾਗਰਿਕਤਾ ਮਿਲ ਸਕਦੀ ਹੈ। ਚੈਨਲ ਅਨੁਸਾਰ ਬੁਗਤੀ ਦੇ ਨਾਲ-ਨਾਲ ਮੁਹੰਮਦ ਬੁਗਤੀ ਤੇ ਅਜੀਜ਼ਉਲਾ ਬੁਗਤੀ ਨੂੰ ਭਾਰਤ ਵਿਚ ਸ਼ਰਨ ਮਿਲ ਸਕਦੀ ਹੈ। ਕੁਝ ਮੀਡੀਆ ਰਿਪੋਰਟਾਂ ਅਨੁਸਾਰ 16 ਮੈਂਬਰੀ ਬਲੋਚ ਰਿਪਬਲਿਕਨ ਪਾਰਟੀ ਨੇ ਜੈਨੇਵਾ ਵਿਚ ਮੀਟਿੰਗ ਬੁਲਾਈ ਸੀ।

ਪਾਕਿ ਚੈਨਲ ਨੇ ਦਾਅਵਾ ਕੀਤਾ ਹੈ ਕਿ 15 ਅਗਸਤ ਨੂੰ ਪ੍ਰਧਾਨ ਮੰਤਰੀ ਦੇ ਬਲੋਚਿਸਤਾਨ ਬਾਰੇ ਲਾਲੇ ਕਿਲ੍ਹੇ ਤੋਂ ਦਿੱਤੇ ਗਏ ਭਾਸ਼ਣ ਤੋਂ ਪਹਿਲਾਂ ਹੀ ਬੁਗਤੀ ਤੇ ਭਾਰਤੀ ਅਧਿਕਾਰੀਆਂ ਦੀਆਂ ਇਸ ਸਬੰਧੀ ਕਈ ਮੀਟਿੰਗਾਂ ਹੋ ਚੁੱਕੀਆਂ ਹਨ। ਬੁਗਤੀ ਬਲੋਚ ਰਿਪਬਲਿਕਨ ਪਾਰਟੀ ਦੇ ਫਾਊਂਡਰ ਮੈਂਬਰ ਹਨ। ਇਹ ਪਾਰਟੀ ਬਲੋਚਿਸਤਾਨ ਦੀ ਆਜ਼ਾਦੀ ਦੀ ਮੰਗ ਕਰ ਰਹੀ ਹੈ। ਬੁਗਤੀ ਦੇ ਦਾਦਾ ਅਕਬਰ ਬੁਗਤੀ ਦੀ ਹੱਤਿਆ 2006 ਵਿਚ ਪਾਕਿਸਤਾਨੀ ਸੈਨਾ ਨੇ ਕਰ ਦਿੱਤੀ ਸੀ। ਇਸ ਤੋਂ ਬਾਅਦ ਉਨ੍ਹਾਂ ਅਫਗਾਨਿਸਤਾਨ ਵਿਚ ਸ਼ਰਨ ਲੈ ਲਈ ਸੀ। ਅਫਗਾਨਿਸਤਾਨ ਤੋਂ ਬਾਅਦ 2010 ਵਿਚ ਉਹ ਸਵਿਟਜ਼ਰਲੈਂਡ ਪਹੁੰਚ ਗਏ ਤੇ ਹੁਣ ਉਹ ਉਥੇ ਹੀ ਰਹਿ ਰਹੇ ਹਨ।

# ਗੰਭੀਰ ਅਪਰਾਧਕ ਮਾਮਲਿਆਂ ਦੀ ਜਾਂਚ ਤੋਂ ਪੰਜਾਬ ਪੁਲਿਸ ਦੇ ਹੱਥ ਖੜ੍ਹੇ

**ਮਾਤਾ ਚੰਦ ਕੌਰ ਕਤਲ ਸਮੇਤ ਤਿੰਨ ਕੇਸ ਸੀ.ਬੀ.ਆਈ. ਹਵਾਲੇ**



**ਚੰਡੀਗੜ੍ਹ:** ਪੰਜਾਬ ਪੁਲਿਸ ਵੱਲੋਂ ਤਿੰਨ ਅਹਿਮ ਅਪਰਾਧਕ ਕੇਸਾਂ ਦੀ ਜਾਂਚ ਤੋਂ ਹੱਥ ਖੜ੍ਹੇ ਕਰਨ ਪਿੱਛੋਂ ਇਨ੍ਹਾਂ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪ ਦਿੱਤੀ ਗਈ ਹੈ। ਇਨ੍ਹਾਂ 'ਚ ਨਾਮਧਾਰੀ ਸੰਪਰਦਾ ਦੇ ਮਾਤਾ ਚੰਦ ਕੌਰ ਦਾ ਕਤਲ ਕੇਸ ਵੀ ਸ਼ਾਮਲ ਹੈ। ਸੂਬਾ ਸਰਕਾਰ ਨੇ ਜਿਹੜੇ ਦੋ ਹੋਰ ਕੇਸ ਜਾਂਚ ਲਈ ਸੀ.ਬੀ.ਆਈ. ਦੇ ਸਪੁਰਦ ਕੀਤੇ ਹਨ, ਉਨ੍ਹਾਂ ਵਿਚ ਲੁਧਿਆਣਾ ਦੇ ਹੀ ਕੂੰਮ ਕਲਾਂ ਖੇਤਰ 'ਚ ਨਾਮਧਾਰੀ ਸੰਪਰਦਾ ਨਾਲ ਸਬੰਧਤ ਅਵਤਾਰ ਸਿੰਘ ਤਾਰੀ ਦਾ ਕਤਲ ਕੇਸ ਅਤੇ ਜਲੰਧਰ ਦੇ ਮਕਸੂਦਾਂ ਥਾਣੇ ਦੀ ਹਦੂਦ 'ਚ ਹੋਏ 'ਟਿਫਿਨ ਬੰਬ ਧਮਾਕੇ' ਦਾ ਮਾਮਲਾ ਸ਼ਾਮਲ ਹਨ।

ਮਾਤਾ ਚੰਦ ਕੌਰ ਦੇ ਕਤਲ ਸਬੰਧੀ ਸੰਪਰਦਾ ਦੇ ਇਕ ਵਿਸ਼ੇਸ਼ ਵਿਅਕਤੀ ਦੁਆਲੇ ਸ਼ੱਕ ਦੀ ਸੂਈ ਘੁੰਮ ਰਹੀ ਹੈ ਤੇ ਪੁਲਿਸ ਉਸ ਨੂੰ ਹੱਥ ਪਾਉਣ ਤੋਂ ਕੰਨੀ ਕਤਰਾ ਰਹੀ ਸੀ। ਇਸੇ ਤਰ੍ਹਾਂ ਜਲੰਧਰ 'ਚ ਹੋਏ ਬੰਬ ਧਮਾਕੇ ਅਤੇ ਤਾਰੀ ਕਤਲ ਕੇਸ ਦੀਆਂ ਤਾਰਾਂ ਵੀ ਇਸੇ ਸੰਪਰਦਾ ਦੇ ਕੁਝ ਲੋਕਾਂ ਨਾਲ ਜੁੜਦੀਆਂ ਹਨ। ਪੁਲਿਸ ਨੇ ਕੁਝ ਦਿਨ ਪਹਿਲਾਂ ਹੀ ਇਨ੍ਹਾਂ ਤਿੰਨਾਂ ਕੇਸਾਂ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪਣ ਸਬੰਧੀ ਗ੍ਰਹਿ ਵਿਭਾਗ ਨੂੰ ਲਿਖ ਦਿੱਤਾ ਸੀ। ਗ੍ਰਹਿ ਵਿਭਾਗ ਵੱਲੋਂ 'ਦਿੱਲੀ ਸਪੈਸ਼ਲ ਪੁਲਿਸ ਅਸਟੈਬਲਿਸ਼ਮੈਂਟ ਐਕਟ-1964' ਦੀ ਧਾਰਾ 6 ਤਹਿਤ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ। ਇਸ ਪਿਛੋਂ ਕੇਂਦਰ ਸਰਕਾਰ ਕਾਰਵਾਈ ਕਰੇਗੀ।

ਸੂਤਰਾਂ ਦਾ ਦੱਸਣਾ ਹੈ ਕਿ ਪੁਲਿਸ ਵੱਲੋਂ ਮਾਤਾ ਚੰਦ ਕੌਰ ਕਤਲ ਕੇਸ ਦੀ ਜਾਂਚ ਕੇਂਦਰੀ ਏਜੰਸੀ ਨੂੰ ਸੌਂਪਣ ਸਮੇਂ ਦਲੀਲ ਦਿੱਤੀ ਗਈ ਹੈ ਕਿ ਇਸ ਕਤਲ ਕਾਂਡ ਨਾਲ ਸਬੰਧਤ ਦੋ ਮੁਲਜ਼ਮਾਂ ਦੇ ਪੰਜਾਬ ਤੋਂ ਬਾਹਰ ਹੋਣ ਦਾ ਸ਼ੱਕ ਹੈ। ਇਸ ਲਈ ਪੰਜਾਬ ਪੁਲਿਸ ਸੂਬੇ ਤੋਂ ਬਾਹਰ ਪੜਤਾਲ ਕਰਨ ਤੋਂ ਅਸਮਰੱਥ ਹੈ। ਇਸੇ ਤਰ੍ਹਾਂ ਅਵਤਾਰ ਸਿੰਘ ਤਾਰੀ ਕਤਲ ਕੇਸ ਸਬੰਧੀ ਦਲੀਲ ਦਿੱਤੀ ਗਈ ਹੈ ਕਿ ਮਾਤਾ ਚੰਦ ਕੌਰ ਅਤੇ ਤਾਰੀ ਕਤਲ ਕੇਸ ਦੇ ਮੁਲਜ਼ਮਾਂ ਵੱਲੋਂ ਇਕੋ ਹਥਿਆਰ ਵਰਤੇ ਹੋਣ ਤੇ ਇਕ ਵਿਅਕਤੀ ਵੱਲੋਂ ਸਾਜ਼ਿਸ਼ ਘੜੇ ਹੋਣ ਦਾ ਸ਼ੱਕ ਹੈ। ਪੁਲਿਸ ਨੇ ਜਲੰਧਰ ਦੇ 'ਟਿਫਿਨ ਬੰਬ ਕਾਂਡ' ਦੀਆਂ ਤਾਰਾਂ ਵੀ ਇਨ੍ਹਾਂ ਕੇਸਾਂ ਨਾਲ ਜੋੜਦਿਆਂ ਤਿੰਨੋਂ ਕੇਸ ਸੀ.ਬੀ.ਆਈ. ਨੂੰ ਸੌਂਪਣ ਦਾ ਫੈਸਲਾ ਕਰ ਲਿਆ ਸੀ। ਟਿਫਿਨ ਬੰਬ ਕਾਂਡ 'ਚ ਇਕ ਅਹਿਮ ਵਿਅਕਤੀ ਦਾ ਨਾਮ ਬੋਲਦਾ ਹੈ।

ਮਾਤਾ ਚੰਦ ਕੌਰ ਕਤਲ ਕੇਸ ਦਾ ਕੋਈ ਸੁਰਾਗ ਨਾ ਲੱਗਣ ਕਾਰਨ ਪੁਲਿਸ ਅਤੇ ਸਰਕਾਰ ਨੂੰ ਨਮੋਸ਼ੀ ਹੋ ਰਹੀ ਸੀ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਲਗਾਤਾਰ ਦਾਅਵੇ ਕੀਤੇ ਜਾ ਰਹੇ ਸਨ ਕਿ ਪੁਲਿਸ ਬਜ਼ੁਰਗ ਮਹਿਲਾ ਦੇ ਕਾਤਲਾਂ ਨੂੰ ਫੜਨ ਦੇ ਨਜ਼ਦੀਕ ਪਹੁੰਚ ਗਈ ਹੈ ਤੇ ਹੁਣ ਸੂਬਾ ਸਰਕਾਰ ਵੱਲੋਂ ਮਾਮਲਾ ਸੀ.ਬੀ.ਆਈ. ਨੂੰ ਸੌਂਪਣ ਦੇ ਫੈਸਲੇ ਨੇ ਉਪ ਮੁੱਖ ਮੰਤਰੀ ਦੇ ਦਾਅਵਿਆਂ ਦੀ ਫੂਕ ਕੱਢ ਦਿੱਤੀ ਹੈ।

ਦੱਸਣਯੋਗ ਹੈ ਕਿ ਮਾਤਾ ਚੰਦ ਕੌਰ ਦਾ ਕਤਲ ਇਸੇ ਸਾਲ 4 ਅਪਰੈਲ ਨੂੰ ਹੋਇਆ ਸੀ ਤੇ ਪੁਲਿਸ ਨੇ ਕੂਮ ਕਲਾਂ ਥਾਣੇ 'ਚ ਅਣਪਛਾਤੇ ਲੋਕਾਂ ਵਿਰਧ ਧਾਰਾ 302, 34 ਆਈ.ਪੀ.ਸੀ. ਅਤੇ ਆਰਮਜ਼ ਐਕਟ ਤਹਿਤ ਕੇਸ ਦਰਜ ਕੀਤਾ ਸੀ। ਇਸੇ ਤਰ੍ਹਾਂ ਅਵਤਾਰ ਸਿੰਘ ਤਾਰੀ ਦਾ ਕਤਲ 12 ਅਪਰੈਲ 2011 ਨੂੰ ਹੋਇਆ ਸੀ ਤੇ ਮਕਸੂਦਾਂ ਖੇਤਰ ਵਿਚ ਹੋਏ ਬੰਬ ਧਮਾਕੇ ਸਬੰਧੀ ਪੁਲਿਸ ਨੇ 6 ਦਸੰਬਰ 2015 ਨੂੰ ਕੇਸ ਦਰਜ ਕੀਤਾ ਸੀ।

ਮਾਤਾ ਚੰਦ ਕੌਰ ਕਤਲ ਕੇਸ ਦੀ ਪੜਤਾਲ ਲਈ ਸਰਕਾਰ ਨੇ ਲੁਧਿਆਣਾ ਦੇ ਪੁਲਿਸ ਕਮਿਸ਼ਨਰ ਜਤਿੰਦਰ ਸਿੰਘ ਔਲਖ ਦੀ ਅਗਵਾਈ ਹੇਠ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਹੋਇਆ ਸੀ। ਇਹ ਐਸ.ਆਈ.ਟੀ. 5 ਮਹੀਨਿਆਂ ਦੌਰਾਨ ਖਾਸ ਕਾਰਗੁਜ਼ਾਰੀ ਨਹੀਂ ਦਿਖਾ ਸਕੀ।


## Prince's Barber Shop

37477 Fremont Blvd, suite C, Fremont, CA 94536

**Men & Children's Hair Cut**

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



**Cell: (510)-677-9942**
**Shop: (510)-505-9605**
www.princebarbershop.com



## Matrimonial

### ਕੰਨਿਆ ਦੀ ਲੋੜ ਹੈ

ਇੰਡੀਆ ਰਹਿੰਦੇ ਸੋਹਣੇ ਸੁਨੱਖੇ ਜੱਟ ਸਿੱਖ, ਸ਼ੇਰਗਿੱਲ, 32, 6'-2", ਮਕੈਨਿਕਲ ਡਿਪਲੋਮਾ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਚਾਹੀਦੀ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਲੜਕੀ ਬਾਰੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ, ਫੋਨ: 209-483-0629 39-42

Wanted suitable match for US citizen Jatt Sikh boy 29, 5'-11", turbaned, trims beard. Bachelors in computer info. systems. Family well settled in Bay Area, CA. Contact, Ph: 510-213-8294 or e-mail: bayarea257@gmail.com 36-39

### ਸਾਥੀ ਦੀ ਭਾਲ

ਅਮਰੀਕਾ ਦੇ ਲੀਗਲ ਸਟੇਟਸ ਵਾਲੇ ਅਧਿਆਪਕੀ ਕਿੱਤੇ ਵਿਚ ਕੰਮ ਕਰਦੇ 40 ਸਾਲਾ, 5'-6" ਲੜਕੇ ਲਈ ਜੀਵਨ ਸਾਥਣ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਤਲਾਕਸ਼ੁਦਾ ਅਤੇ ਵਿਧਵਾ ਉਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਰਿਸ਼ਤੇ ਲਈ ਸਿਰਫ ਗੰਭੀਰ ਲੋਕ ਹੀ ਸੰਪਰਕ ਕਰਨ। ਫੋਟੋ ਤੇ ਵੇਰਵੇ ਸਮੇਤ ਸੰਪਰਕ ਕਰੋ: commoncartoon@gmail.com, ਫੋਨ: 323-351-5737 39

### ਵਰ ਦੀ ਲੋੜ ਹੈ

Wanted well educated, well settled businessman Jatt Sikh boy for US Green Card holder Jatt Sikh Gill, 25, 5'-4.5" Registered nurse in India. Send photo & bio data: harpreetsingh9922@yahoo.com 39-41


Suitable match required for US Green Card holder Jatt Sikh Gill girl 25, 5'-5" Registered nurse from India. Send bio-data and photo at Parmindersingh824@yahoo.com 39-42

Wanted suitable Citizen/Green Card holder match for Sikh Kashyap Rajpoot, good looking DDS Girl, 23, 5'-5", from Punjab. Educated and govt. employ family. Please Contact: Ph: 001-91-98769-83430 or manjitsinghmehatpur@gmail.com 39

US citizen boy sought for US citizen Jatt Sikh girl, 27 years, 5'-4", CPA. Tax Manager. Master's degree. Boy should be Jatt Sikh well-educated, with a good job, Preferably from SF Bay Area. Contact: saabks500@gmail.com 39-42


# ਪਾਕਿਸਤਾਨ ਵੱਲੋਂ ਜਪੁਜੀ ਸਾਹਿਬ ਐਮ.ਏ. ਦੇ ਸਿਲੇਬਸ 'ਚ ਸ਼ਾਮਲ

**ਅੰਮ੍ਰਿਤਸਰ:** ਪੰਜਾਬ ਯੂਨੀਵਰਸਿਟੀ ਲਾਹੌਰ ਅਤੇ ਨੈਸ਼ਨਲ ਯੂਨੀਵਰਸਿਟੀ ਆਫ ਮਾਡਰਨ ਲੈਂਗੁਏਜ਼ਿਸ ਇਸਲਾਮਾਬਾਦ ਵੱਲੋਂ ਕਰਾਈ ਜਾ ਰਹੀ ਐਮ.ਏ. ਪੰਜਾਬੀ ਦੇ ਨਵੇਂ ਸਿਲੇਬਸ 'ਚ ਜਪੁਜੀ ਸਾਹਿਬ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਹ ਜਾਣਕਾਰੀ ਜਪੁਜੀ ਸਾਹਿਬ 'ਤੇ ਪੀ.ਐਚ.ਡੀ. ਕਰਨ ਵਾਲੇ ਸ੍ਰੀ ਨਨਕਾਣਾ ਸਾਹਿਬ ਦੇ ਵਾਸੀ ਪ੍ਰੋ. ਕਲਿਆਣ ਸਿੰਘ ਕਲਿਆਣ ਨੇ ਦਿੱਤੀ।



ਲਾਹੌਰ ਦੀ ਆਬਾਦੀ ਗੁਲਬਰਗ ਦੇ ਲੜਕਿਆਂ ਦੇ ਸਰਕਾਰੀ ਕਾਲਜ ਵਿਚ ਪ੍ਰੋਫੈਸਰ ਕਲਿਆਣ ਸਿੰਘ ਨੇ ਦੱਸਿਆ ਕਿ ਸੂਬਾਈ ਅਸੈਂਬਲੀ 'ਚ ਮੈਂਬਰ ਰਮੇਸ਼ ਸਿੰਘ ਅਰੋੜਾ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤਾਰਾ ਸਿੰਘ ਅਤੇ ਉਨ੍ਹਾਂ ਦੇ ਯਤਨਾਂ ਸਦਕਾ ਇਸ ਸਾਲ ਤੋਂ ਪੰਜਾਬ ਸਕੂਲ ਬੋਰਡ ਲਾਹੌਰ ਦੀਆਂ ਸਕੂਲੀ ਸਿਲੇਬਸ ਦੀਆਂ ਪੁਸਤਕਾਂ 'ਚ ਸਿੱਖ ਇਤਿਹਾਸ ਦਾ ਕਾਂਡ ਸ਼ਾਮਲ ਕੀਤਾ ਗਿਆ ਹੈ। ਉਧਰ, ਮੁਲਤਾਨ ਸ਼ਹਿਰ ਤੋਂ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ ਨਾਲ ਜੁੜੇ ਮਹਿੰਦਰਪਾਲ ਸਿੰਘ ਨੇ ਦੱਸਿਆ ਕਿ ਪਿਸ਼ਾਵਰ ਸਿੰਘ ਸੇਵਾ ਸੁਸਾਇਟੀ ਨੇ ਗੁਰਦੁਆਰਾ ਪੰਜਾ ਸਾਹਿਬ, ਹਸਨ ਅਬਦਾਲ ਵਿਚ ਪਾਕਿਸਤਾਨ ਨੂੰ 'ਬੁਰੀ ਨਜ਼ਰ' ਤੋਂ ਬਚਾਉਣ ਅਤੇ ਭਾਰਤ ਨਾਲ ਰਿਸ਼ਤੇ ਚੰਗੇ ਬਣੇ ਰਹਿਣ ਸਬੰਧੀ ਅਰਦਾਸ ਕੀਤੀ।


## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash
Grand Opening

• 8 Drive Tires For $3300
Kelly KDA

• Two Steer Tire Michelin $1150
Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.547.9210**
FAX: 209.547.9211
www.gfbontime.com, raj@gfbontime.com

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

# ਪੰਜਾਬ ਵਿਚ ਉਚ ਸਿੱਖਿਆ ਨੂੰ ਬਣਾਇਆ ਵਪਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਮਿਆਰੀ ਉਚ ਸਿੱਖਿਆ ਪ੍ਰਦਾਨ ਕਰਨ ਦੇ ਦਾਅਵੇ ਅਤੇ ਹਕੀਕਤਾਂ ਵਿਚ ਵੱਡਾ ਫਰਕ ਹੈ। ਕੰਪਟਰੋਲਰ ਅਤੇ ਆਡੀਟਰ ਜਨਰਲ (ਕੈਗ) ਦੀ ਰਿਪੋਰਟ ਅਨੁਸਾਰ ਪੰਜਾਬ ਸਰਕਾਰ ਵੱਲੋਂ ਨਿਯਮਾਂ ਦੀ ਅਣਦੇਖੀ ਕਰ ਕੇ ਪ੍ਰਾਈਵੇਟ ਯੂਨੀਵਰਸਿਟੀਆਂ ਅਤੇ ਸਵੈ ਸੰਚਾਲਿਤ ਪ੍ਰਾਈਵੇਟ ਕਾਲਜਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਸਰਕਾਰ ਨੇ ਇਨ੍ਹਾਂ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਪ੍ਰਬੰਧ ਦੀ ਦੇਖ-ਰੇਖ ਲਈ ਅਜੇ ਤੱਕ ਕੋਈ ਵੀ ਰੈਗੂਲੇਟਰੀ ਸੰਸਥਾ ਨਾ ਬਣਾ ਕੇ ਇਨ੍ਹਾਂ ਨੂੰ ਖੁੱਲ੍ਹ ਖੇਡਣ ਦਾ ਮੌਕਾ ਦਿੱਤਾ ਹੋਇਆ ਹੈ। ਇਸ ਨਾਲ ਵਿਦਿਆਰਥੀਆਂ ਦੀ ਆਰਥਿਕ ਲੁੱਟ ਦੇ ਨਾਲ-ਨਾਲ ਉਨ੍ਹਾਂ ਦੇ ਭਵਿੱਖ ਉਤੇ ਵੀ ਸਵਾਲੀਆ ਨਿਸ਼ਾਨ ਲੱਗਣਾ ਸੁਭਾਵਕ ਹੈ।




ਕੈਗ ਵੱਲੋਂ ਜਾਰੀ ਰਿਪੋਰਟ ਅਨੁਸਾਰ ਯੂ.ਜੀ.ਸੀ. ਦੇ ਪ੍ਰਾਈਵੇਟ ਯੂਨੀਵਰਸਿਟੀਆਂ ਬਾਰੇ ਨਿਯਮ 2003 ਦੀ ਧਾਰਾ ਚਾਰ ਅਨੁਸਾਰ ਯੂਨੀਵਰਸਿਟੀਆਂ ਲਈ ਰੈਗੂਲੇਟਰੀ ਤੰਤਰ ਹੋਣਾ ਲਾਜ਼ਮੀ ਹੈ ਤਾਂ ਜੋ ਵਿਦਿਆਰਥੀਆਂ ਦੇ ਹਿੱਤਾਂ ਦੀ ਸੁਰੱਖਿਆ ਹੋ ਸਕੇ ਅਤੇ ਸਿੱਖਿਆ ਦੀ ਗੁਣਵੱਤਾ 'ਤੇ ਲੋੜੀਂਦਾ ਜ਼ੋਰ ਦਿੰਦਿਆਂ ਉਚੇਰੀ ਸਿੱਖਿਆ ਦਾ ਵਪਾਰੀਕਰਨ ਹੋਣ ਤੋਂ ਬਚਾਇਆ ਜਾ ਸਕੇ। ਪੰਜਾਬ ਸਰਕਾਰ ਨੇ ਅੱਠ ਪ੍ਰਾਈਵੇਟ ਯੂਨੀਵਰਸਿਟੀਆਂ ਸਥਾਪਤ ਕਰਨ ਵੇਲੇ ਸਿਰਫ ਪ੍ਰਮੋਟਰਾਂ ਵੱਲੋਂ ਪੇਸ਼ ਕੀਤੇ ਹਲਫ਼ਨਾਮੇ ਨੂੰ ਮੰਨ ਕੇ ਮਨਜ਼ੂਰੀ ਦੇ ਦਿੱਤੀ, ਜੋ ਪੰਜਾਬ ਪ੍ਰਾਈਵੇਟ ਯੂਨੀਵਰਸਿਟੀ ਨੀਤੀ 2010 ਦੀ ਉਲੰਘਣਾ ਹੈ। ਪੰਜ ਯੂਨੀਵਰਸਿਟੀਆਂ ਅਤੇ 12 ਕਾਲਜਾਂ ਨੇ ਭੌਂ ਵਰਤੋਂ ਤਬਾਦਲੇ ਦੀ ਮਨਜ਼ੂਰੀ ਵੀ ਨਹੀਂ ਲਈ ਸੀ। ਸੱਤ ਪ੍ਰਾਈਵੇਟ ਯੂਨੀਵਰਸਿਟੀਆਂ ਅਤੇ ਛੇ ਕਾਲਜ ਭਵਨ ਯੋਜਨਾ ਦੀ ਮਨਜ਼ੂਰੀ ਤੋਂ ਬਿਨਾਂ ਹੀ ਪ੍ਰਵਾਨ ਕਰ ਲਏ ਸਨ। ਇਸ ਨਾਲ ਪ੍ਰਾਈਵੇਟ ਸੰਸਥਾਵਾਂ ਨੂੰ 7.95 ਕਰੋੜ ਰੁਪਏ ਦਾ ਨਾਜਾਇਜ਼ ਲਾਭ ਪਹੁੰਚਾਇਆ ਗਿਆ।

ਇਮਾਰਤਾਂ ਦੀ ਮਨਜ਼ੂਰੀ ਨਾ ਹੋਣ ਵਾਲੇ ਚਾਰ ਮਾਮਲਿਆਂ ਵਿਚ ਲੇਬਰ ਸੈੱਸ ਦੀ ਵਸੂਲੀ ਨਾ ਹੋਣ ਕਾਰਨ ਉਸਾਰੀ ਮਜ਼ਦੂਰਾਂ ਦੀ ਭਲਾਈ ਲਈ ਫੰਡ ਨੂੰ 1.48 ਕਰੋੜ ਰੁਪਏ ਦਾ ਘਾਟਾ ਪਿਆ। ਪੰਜ ਯੂਨੀਵਰਸਿਟੀਆਂ ਨੇ ਯੂ.ਜੀ.ਸੀ. ਦੀ ਕਲੀਅਰੈਂਸ ਤੋਂ ਬਿਨਾਂ ਹੀ ਵਿਦਿਆਰਥੀ ਦਾਖਲ ਕਰ ਕੇ ਕਲਾਸਾਂ ਸ਼ੁਰੂ ਕਰ ਦਿੱਤੀਆਂ। ਗੌਰਤਲਬ ਹੈ ਕਿ ਪ੍ਰਾਈਵੇਟ ਯੂਨੀਵਰਸਿਟੀਆਂ ਦੀ ਸਥਾਪਨਾ ਨਾਲ ਸਬੰਧਤ ਬਿੱਲਾਂ ਮੌਕੇ ਇਹ ਸ਼ੰਕੇ ਸੱਤਾਧਾਰੀ ਧਿਰ ਦੇ ਵਿਧਾਇਕਾਂ ਵੱਲੋਂ ਵੀ ਉਠਾਏ ਜਾਂਦੇ ਰਹੇ ਹਨ। ਇਸ ਤੋਂ ਇਲਾਵਾ ਛੇ ਯੂਨੀਵਰਸਿਟੀਆਂ ਨੇ 148 ਅਤੇ 16 ਪ੍ਰਾਈਵੇਟ ਕਾਲਜਾਂ ਨੇ 440 ਸਟਾਫ ਮੈਂਬਰ ਅਜਿਹੇ ਭਰਤੀ ਕੀਤੇ, ਜੋ ਯੋਗਤਾਵਾਂ ਪੂਰੀਆਂ ਨਹੀਂ ਕਰਦੇ ਸਨ। ਇਨ੍ਹਾਂ ਸੰਸਥਾਵਾਂ ਨੂੰ ਇਕ ਵਾਰ ਮਨਜ਼ੂਰੀ ਦੇਣ ਤੋਂ ਬਾਅਦ ਮੁੜ ਕੇ ਦੇਖ ਰੇਖ ਜਾਂ ਨਿਰੀਖਣ ਕਰਨ ਦਾ ਕੋਈ ਤੰਤਰ ਹੀ ਵਿਕਸਤ ਨਹੀਂ ਕੀਤਾ ਗਿਆ। ਕੈਗ ਰਿਪੋਰਟ ਅਨੁਸਾਰ ਜਿਨ੍ਹਾਂ ਯੂਨੀਵਰਸਿਟੀਆਂ ਦੇ ਰਿਕਾਰਡ ਵਿਚ ਨਿਯਮਾਂ ਅਨੁਸਾਰ ਕਮੀਆਂ ਪਾਈਆਂ ਗਈਆਂ ਉਨ੍ਹਾਂ ਵਿਚ ਆਦੇਸ਼ ਯੂਨੀਵਰਸਿਟੀ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਡੀ.ਏ.ਵੀ. ਯੂਨੀਵਰਸਿਟੀ ਸਮੇਤ ਵੱਡੀਆਂ ਪ੍ਰਾਈਵੇਟ ਸੰਸਥਾਵਾਂ ਸ਼ਾਮਲ ਹਨ।

ਨੀਤੀ ਅਨੁਸਾਰ ਕਾਲਜਾਂ ਨੂੰ ਸਰਕਾਰੀ ਯੂਨੀਵਰਸਿਟੀਆਂ ਨਾਲ ਸਬੰਧਤ ਹੋਣਾ ਪੈਂਦਾ ਹੈ। ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਵੱਲੋਂ ਮੁਹੱਈਆ ਕਰਵਾਈ ਜਾਣਕਾਰੀ ਅਨੁਸਾਰ 2009 ਤੋਂ 2014 ਤੱਕ ਸਥਾਪਤ ਹੋਏ 12 ਕਾਲਜਾਂ ਵਿਚੋਂ ਚਾਰ ਦੀ ਪੜਤਾਲ ਕਰਨ ਉਤੇ ਪਤਾ ਚੱਲਿਆ ਕਿ ਇਨ੍ਹਾਂ ਨੇ ਆਪਣੀਆਂ 148.47 ਕਰੋੜ ਰੁਪਏ ਦੀਆਂ ਇਮਾਰਤਾਂ ਲਈ ਪੁੱਡਾ ਤੋਂ ਵੀ ਮਨਜ਼ੂਰੀ ਨਹੀਂ ਲਈ। ਰਿਪੋਰਟ ਅਨੁਸਾਰ 23 ਕਾਲਜਾਂ ਦੀਆਂ 2014 ਤੱਕ ਮਿਆਦੀ ਜਮ੍ਹਾਂ ਰਾਸ਼ੀਆਂ ਖਤਮ ਹੋ ਗਈਆਂ ਸਨ ਅਤੇ ਇਨ੍ਹਾਂ ਨੂੰ ਨਵਿਆਇਆ ਨਹੀਂ ਗਿਆ। ਪੀ.ਟੀ.ਯੂ. ਕੋਲ ਇਸ ਦਾ ਕੋਈ ਜਵਾਬ ਨਹੀਂ ਸੀ। ਪੰਜਾਬੀ ਯੂਨੀਵਰਸਿਟੀ ਨੇ ਸਾਰੇ ਬੀਐੱਡ ਕਾਲਜਾਂ ਨੂੰ ਰੈਗੂਲਰ ਪ੍ਰਿੰਸੀਪਲ ਨਾ ਰੱਖਣ ਉਤੇ 50 ਹਜ਼ਾਰ ਰੁਪਏ ਜੁਰਮਾਨੇ ਦਾ ਐਲਾਨ ਕੀਤਾ ਸੀ, ਪਰ 80 ਕਾਲਜਾਂ ਵਿਚੋਂ ਪੰਜ ਵਿਚ ਪ੍ਰਿੰਸੀਪਲ ਨਹੀਂ ਸਨ ਅਤੇ 33 ਵਿਚ ਕੰਮ ਚਲਾਊ ਪ੍ਰਿੰਸੀਪਲ ਸਨ। ਕੈਗ ਰਿਪੋਰਟ ਅਨੁਸਾਰ ਯੂਨੀਵਰਸਿਟੀ ਦੀ ਅਕਾਦਮਿਕ ਕੌਂਸਲ ਨੇ ਪੰਜਾਬ ਟੈਕਨੀਕਲ ਯੂਨੀਵਰਸਿਟੀ ਨੂੰ ਅਪਰੈਲ 2001 ਵਿਚ ਯੂਨੀਵਰਸਿਟੀ ਨਾਲ ਸਬੰਧਤ ਹੋਏ ਗੈਰ ਏ.ਆਈ.ਸੀ.ਟੀ.ਈ. ਕੋਰਸ ਕਾਲਜਾਂ ਵਿਚ 25 ਲੱਖ ਰੁਪਏ ਦਾ ਸਿੱਖਿਆ ਫੰਡ (ਈ.ਐਫ.) ਬਰਕਰਾਰ ਰੱਖਣ ਲਈ ਆਖਿਆ ਗਿਆ ਸੀ। ਯੂਨੀਵਰਸਿਟੀ ਨੇ ਆਪਣੇ ਆਪ ਹੀ 2011 ਵਿਚ ਇਹ ਰਾਸ਼ੀ ਘਟਾ ਕੇ 10 ਲੱਖ ਰੁਪਏ ਕਰ ਦਿੱਤੀ ਪਰ ਜਾਂਚ ਦੇ ਘੇਰੇ ਵਿਚ ਆਏ 154 ਵਿਚੋਂ 104 ਕਾਲਜਾਂ ਨੇ ਈ.ਐਫ. ਦੀ ਸਥਾਪਨਾ ਨਹੀਂ ਕੀਤੀ ਸੀ। ਇਨ੍ਹਾਂ ਵਿਚੋਂ ਚਾਰ ਕਾਲਜਾਂ ਨੂੰ ਪੀ.ਟੀ.ਯੂ. ਨੇ ਪੰਜ ਲੱਖ ਈ.ਐਫ. ਰੱਖਣ ਦੀ ਹੀ ਮਨਜ਼ੂਰੀ ਦੇ ਦਿੱਤੀ।


## *ਹਥਿਆਰਾਂ ਨਾਲ ਖੇਡਦੇ ਨੇ ਅੱਧੇ ਅਮਰੀਕੀ ਬੱਚੇ*

**ਨਵੀਂ ਦਿੱਲੀ:** ਅਮਰੀਕਾ ਵਿਚ ਖੁੱਲ੍ਹੇਆਮ ਮਿਲਦੇ ਹਥਿਆਰਾਂ ਨੂੰ ਲੈ ਕੇ ਦੇਸ਼ 'ਚ ਵੱਡੀ ਬਹਿਸ ਹੋ ਰਹੀ ਹੈ, ਪਰ ਇਸ ਦੇ ਬਾਵਜੂਦ ਜ਼ਿਆਦਾਤਰ ਅਮਰੀਕੀਆਂ ਦਾ ਬੰਦੂਕ ਲਈ ਮੋਹ ਘੱਟ ਨਹੀਂ ਹੋਇਆ। ਤਾਜ਼ਾ ਸਰਵੇਖਣ ਵਿਚ ਇਹ ਗੱਲ ਇਕ ਵਾਰ ਫਿਰ ਉਭਰ ਕੇ ਸਾਹਮਣੇ ਆਈ ਹੈ। ਅਮਰੀਕਾ 'ਚ ਕਰੀਬ 50% ਬੱਚੇ ਆਪਣੇ ਘਰ ਸੁਰੱਖਿਆ ਦੇ ਹਿਸਾਬ ਨਾਲ ਰੱਖੇ ਹਥਿਆਰਾਂ ਨਾਲ ਖੇਡਦੇ ਹਨ। ਸਰਵੇ ਅਨੁਸਾਰ ਬਹੁਤੇ ਮਾਪਿਆਂ ਨੇ ਇਸ ਮੁੱਦੇ ਉਤੇ ਪੂਰੀ ਰਾਇ ਦਿੱਤੀ, ਪਰ ਕੁਝ ਮਾਪਿਆਂ ਨੂੰ ਹਥਿਆਰਾਂ ਸਬੰਧੀ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਉਨ੍ਹਾਂ ਨਾਖੁਸ਼ੀ ਪ੍ਰਗਟਾਈ।

ਵਾਸ਼ਿੰਗਟਨ ਯੂਨੀਵਰਸਿਟੀ ਸਕੂਲ ਆਫ ਮੈਡੀਸਨ ਦੇ ਪ੍ਰੋਫੈਸਰ ਜੇਨ ਐਸ ਗਾਰਬਟ ਦਾ ਕਹਿਣਾ ਹੈ ਕਿ ਬੰਦੂਕ ਬਾਰੇ ਮਾਤਾ-ਪਿਤਾ ਤੇ ਡਾਕਟਰਾਂ ਵਿਚਾਲੇ ਗੱਲਬਾਤ ਹੋਣੀ ਚਾਹੀਦੀ ਹੈ, ਪਰ ਅਜਿਹਾ ਹੋ ਨਹੀਂ ਰਿਹਾ। ਡਾਕਟਰਾਂ ਦਾ ਕਹਿਣਾ ਹੈ ਕਿ ਜੇਕਰ ਉਹ ਮਾਪਿਆਂ ਨਾਲ ਇਸ ਮੁੱਦੇ ਉਤੇ ਗੱਲਬਾਤ ਕਰਨਗੇ ਤਾਂ ਉਨ੍ਹਾਂ ਦੇ ਮਰੀਜ਼ ਇਲਾਜ ਬੰਦ ਕਰ ਦਿੰਦੇ ਹਨ। ਇਸ ਤੋਂ ਇਲਾਵਾ ਕੁਝ ਰਾਜਾਂ ਵਿਚ ਤਾਂ ਡਾਕਟਰਾਂ ਨੂੰ ਕੇਸ ਦਾ ਵੀ ਸਾਹਮਣਾ ਕਰਨ ਪਿਆ। ਖੋਜਕਰਤਾਵਾਂ ਨੇ ਸ਼ਹਿਰੀ, ਅਰਧ ਸ਼ਹਿਰੀ ਤੇ ਪੇਂਡੂ ਖੇਤਰਾਂ ਵਿਚ ਰਹਿਣ ਵਾਲੇ ਤਕਰੀਬਨ 1,246 ਮਾਪਿਆਂ ਨਾਲ ਗੱਲਬਾਤ ਕਰ ਕੇ ਇਹ ਨਤੀਜਾ ਕੱਢਿਆ ਹੈ।

## ਅਸ਼ੋਕ ਭੌਰਾ ਦੀ ਪੁਸਤਕ 'ਵਕਤ ਬੋਲਦਾ ਹੈ' ਇਟਲੀ ਤੇ ਜਰਮਨੀ 'ਚ ਰਿਲੀਜ਼ ਹੋਵੇਗੀ

**ਸੈਨ ਫਰਾਂਸਿਸਕੋ (ਬਿਊਰੋ):** ਆਪਣੀ ਨਿਵੇਕਲੀ ਸ਼ੈਲੀ ਕਰਕੇ ਜਾਣੇ ਜਾਂਦੇ ਨਾਮਵਰ ਲੇਖਕ ਐਸ. ਅਸ਼ੋਕ ਭੌਰਾ ਦੀ 13ਵੀਂ ਪੁਸਤਕ 'ਵਕਤ ਬੋਲਦਾ ਹੈ' ਸਬੰਧੀ ਦੋ ਰਿਲੀਜ਼ ਸਮਾਗਮ ਜਰਮਨੀ ਦੇ ਸ਼ਹਿਰ ਹਮਬਰਗ ਅਤੇ ਇਟਲੀ ਦੇ ਸ਼ਹਿਰ ਸਨਗੋਨੀਪਾਚੋ ਵਿਚ ਕ੍ਰਮਵਾਰ 3 ਤੇ 8 ਅਕਤੂਬਰ ਨੂੰ ਹੋਣਗੇ। ਪੁਸਤਕ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਵਲੋਂ ਪ੍ਰਕਾਸ਼ਿਤ ਕੀਤੀ ਗਈ ਹੈ।




ਪੰਜਾਬੀ ਸੱਭਿਆਚਾਰ ਅਤੇ ਕਲਚਰਲ ਸੁਸਾਇਟੀ, ਹਮਬਰਗ ਦੇ ਰੇਸ਼ਮ ਸਿੰਘ ਭਰੋਲੀ ਅਤੇ ਅਮਰਜੀਤ ਸਿੰਘ ਸਿੱਧੂ ਅਨੁਸਾਰ ਹੈਲਡਸਡੌਰਪਰ ਸਟਰਾਸੇ 106, 22179 ਹਮਬਰਗ ਵਿਖੇ ਇਹ ਸਮਾਗਮ ਦੁਪਹਿਰ 12 ਵਜੇ ਹੋਵੇਗਾ, ਇਸ ਮੌਕੇ 'ਇੱਕੀ' ਮੈਗਜ਼ੀਨ ਵੀ ਸਾਹਿਤ ਪ੍ਰੇਮੀਆਂ ਵਿਚ ਵੰਡਿਆ ਜਾਵੇਗਾ। ਸ. ਭਰੋਲੀ ਅਨੁਸਾਰ ਜਿੱਥੇ ਅਸ਼ੋਕ ਭੌਰਾ ਇਸ ਸਮਾਗਮ ਵਿਚ ਪਹੁੰਚਣਗੇ।

ਸਾਹਿਤ ਸੁਰ ਸੰਗਮ ਸਭਾ ਇਟਲੀ ਵਲੋਂ 8 ਅਕਤੂਬਰ ਨੂੰ ਜ਼ਿਲ੍ਹਾ ਵਿਰੋਨਾ ਦੇ ਸ਼ਹਿਰ ਸਾਨਗੋਨੀਪਾਚੋ ਵਿਖੇ ਹੋਣ ਵਾਲੇ ਸਭਾ ਦੇ ਸਾਲਾਨਾ ਸਮਾਗਮ ਵਿਚ ਐਸ. ਅਸ਼ੋਕ ਭੌਰਾ ਵਿਸ਼ੇਸ਼ ਮਹਿਮਾਨ ਹੋਣਗੇ ਅਤੇ ਇਸ ਮੌਕੇ 'ਤੇ ਉਨ੍ਹਾਂ ਦੀ ਪੁਸਤਕ 'ਵਕਤ ਬੋਲਦਾ ਹੈ' ਉਤੇ ਚਰਚਾ ਵੀ ਹੋਵੇਗੀ।

# ਖੂਬਸੂਰਤ ਪਤਨੀ ਦੀ ਲਾ ਦਿੱਤੀ ਆਨਲਾਈਨ ਬੋਲੀ

**ਲੰਡਨ:** ਬ੍ਰਿਟੇਨ ਵਿਚ 33 ਸਾਲ ਦੇ ਵਿਅਕਤੀ ਨੇ ਆਪਣੀ ਪਤਨੀ ਨੂੰ ਈ-ਨਿਲਾਮੀ ਸਾਈਟ ਈਬੇ ਉਤੇ ਵੇਚਣ ਲਈ ਪਾਇਆ ਹੈ। ਉਸ ਦੀ ਪਤਨੀ ਦੀ 65,880 ਪਾਉਂਡ ਵਿਚ ਬੋਲੀ ਲੱਗੀ। ਇਸ ਵਿਅਕਤੀ ਦਾ ਕਹਿਣਾ ਹੈ ਕਿ ਉਸ ਦੇ ਬਿਮਾਰ ਹੋਣ 'ਤੇ ਪਤਨੀ ਨੇ ਹਮਦਰਦੀ ਨਹੀਂ ਵਿਖਾਈ ਤੇ ਉਸ ਨੇ ਇਹ ਕਦਮ ਚੁੱਕਿਆ।

ਵੈਕਫੀਸਡ, ਯਾਰਕਸ਼ਾਇਰ ਦੇ ਰਹਿਣ ਵਾਲੇ ਸਾਈਮਨ ਓ ਕੇਨ ਨੇ ਪਿਛਲੇ ਹਫਤੇ ਨਿਲਾਮੀ ਸਾਈਟ ਈਬੇ 'ਤੇ ਆਪਣੀ 27 ਸਾਲ ਦੀ ਪਤਨੀ ਲਿਐਂਡਰਾ ਦੀ ਤਸਵੀਰ ਪਾਈ ਤੇ ਯੂਜ਼ਡ ਵਾਈਫ" ਸਿਰਲੇਖ ਹੇਠ ਇਸ਼ਤਿਹਾਰ ਵਿਚ ਪਤਨੀ ਨੂੰ ਵੇਚਣ ਦੇ ਕਾਰਨ ਦੱਸੇ ਤੇ ਨਾਲ ਹੀ ਫਾਈਦੇ ਤੇ ਨੁਕਸਾਨ ਦੱਸੇ। ਉਹ ਦੋ ਦਿਨ ਵਿਚ ਹੀ ਬੋਲੀ ਦੇ 65,880 ਪਾਉਂਡ ਤੱਕ ਪਹੁੰਚਣ ਤੋਂ ਹੈਰਾਨ ਹੋ ਗਿਆ। ਹਾਲਾਂਕਿ ਉਸ ਦੀ ਪਤਨੀ ਨੂੰ ਅਗਲੇ ਦਿਨ ਜਦੋਂ ਉਸ ਦੀ ਵਿਕਰੀ ਹੋਣ ਬਾਰੇ ਪਤਾ ਚੱਲਿਆ ਤਾਂ ਉਹ ਉਸ ਨੂੰ ਮਾਰਨਾ ਚਾਹੁੰਦੀ ਸੀ। ਸਾਈਮਨ ਨੇ ਨਾਲ ਹੀ ਇਸ਼ਤਿਹਾਰ ਵਿਚ ਲਿਖਿਆ ਕਿ ਜੇਕਰ ਕੋਈ ਉਸ ਦੀ ਪਤਨੀ ਦੇ ਬਦਲੇ ਉਸ ਨੂੰ ਨੌਜਵਾਨ ਮਾਡਲ ਦੀ ਪੇਸ਼ਕਸ਼ ਕਰੇ ਤਾਂ ਉਸ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਦੂਜੇ ਪਾਸੇ ਲਿਐਂਡਰਾ ਨੇ ਕਿਹਾ, "ਮੈਂ ਬਹੁਤ ਗੁੱਸੇ ਵਿਚ ਸੀ। ਮੈਂ ਉਸ ਨੂੰ ਮਾਰ ਦੇਣਾ ਚਾਹੁੰਦੀ ਸੀ। ਮੇਰੇ ਕੰਮ ਕਰਨ ਵਾਲੀ ਥਾਂ 'ਤੇ ਸਭ ਨੇ ਉਹ ਇਸ਼ਤਿਹਾਰ ਵੇਖਿਆ ਸੀ। ਉਹ ਮੇਰਾ ਮਜ਼ਾਕ ਬਣਾ ਰਹੇ ਸਨ।" ਈ.ਬੇ. ਦੇ ਇਸ਼ਤਿਹਾਰ ਹਟਾਉਣ ਤੋਂ ਬਾਅਦ ਉਸ ਦੇ ਪਤੀ ਨੇ ਕਿਹਾ ਕਿ ਉਹ ਇਸ ਤੋਂ ਨਿਰਾਸ਼ ਹੈ ਕਿਉਂਕਿ ਉਹ ਖਾਸਕਰ ਵੇਖਣਾ ਚਾਹੁੰਦਾ ਸੀ ਕਿ ਕਿੰਨੀ ਉਚੀ ਬੋਲੀ ਲੱਗਦੀ ਹੈ। ਇਸ ਦੇ ਪਿੱਛੇ ਉਸ ਦਾ ਕੋਈ ਹੋਰ ਮਕਸਦ ਨਹੀਂ ਸੀ।

## *ਕੈਨੇਡਾ ਵਿਚ ਸਿੱਖਾਂ ਖਿਲਾਫ਼ ਨਸਲਵਾਦੀ ਪਰਚੇ*

**ਟੋਰਾਂਟੋ:** ਕੈਨੇਡਾ ਦੀ ਇਕ ਯੂਨੀਵਰਸਿਟੀ ਵਿਚ ਸਿੱਖਾਂ ਨੂੰ ਨਿਸ਼ਾਨਾ ਬਣਾਉਂਦਿਆਂ ਨਸਲਵਾਦੀ ਪਰਚੇ ਸਾਹਮਣੇ ਆਏ ਹਨ। 'ਟੋਰਾਂਟੋ ਸਨ' ਦੀ ਖ਼ਬਰ ਮੁਤਾਬਕ, ਇਨ੍ਹਾਂ ਪਰਚਿਆਂ ਵਿਚ ਪਗੜੀ ਵਾਲੇ ਬੰਦੇ ਦੀ ਤਸਵੀਰ ਹੈ ਜਿਸ ਉਤੇ ਸਿੱਖਾਂ ਨੂੰ ਆਪਣੇ ਵਤਨ ਪਰਤ ਜਾਣ ਲਈ ਕਿਹਾ ਗਿਆ ਹੈ। ਅਲਬਰਟਾ ਯੂਨੀਵਰਸਿਟੀ ਵਿਚ ਇੰਡੀਅਨ ਸਟੂਡੈਂਟਸ ਐਸੋਸੀਏਸ਼ਨ ਦੇ ਪ੍ਰਧਾਨ ਯਾਦਵਿੰਦਰ ਭਾਰਦਵਾਜ ਨੇ ਇਸ ਨੂੰ ਸ਼ਰਮਨਾਕ ਕਾਰਵਾਈ ਆਖਿਆ ਹੈ।

# ਚੁਰਾਸੀ ਦੇ ਸਿੱਖ ਕਤਲੇਆਮ ਦੀ ਪੀੜਤਾ ਭਗੌੜਾ ਕਰਾਰ ਕਿਉਂ?

**ਚੰਡੀਗੜ੍ਹ:** 1984 ਦੇ ਸਿੱਖ ਕਤਲੇਆਮ ਦੀ ਪੀੜਤ ਬੀਬੀ ਨਾਲ ਦਿੱਲੀ ਪੁਲਿਸ ਵੱਲੋਂ ਮਾੜਾ ਵਿਵਹਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਉਸ ਕਾਲੇ ਦੌਰ ਵਿਚ ਪਰਿਵਾਰ ਦੇ 11 ਜੀਅ ਗਵਾ ਚੁੱਕੀ ਤਿਲਕ ਵਿਹਾਰ ਵਿਚ ਰਹਿੰਦੀ ਜਸਬੀਰ ਕੌਰ ਨੂੰ ਦਿੱਲੀ ਪੁਲਿਸ ਦੇ ਹੌਲਦਾਰ ਕ੍ਰਿਸ਼ਨ ਕੁਮਾਰ ਦਾ ਫੋਨ ਆਉਂਦਾ ਹੈ ਤੇ ਸੰਸਦ ਮਾਰਗ ਥਾਣੇ ਆਉਣ ਬਾਰੇ ਕਿਹਾ ਜਾਂਦਾ ਹੈ। ਬੀਬੀ ਵੱਲੋਂ ਥਾਣੇ ਪੁੱਜਣ ਉਤੇ ਉਸ ਨੂੰ ਗ੍ਰਿਫਤਾਰ ਵੀ ਕਰ ਲਿਆ ਜਾਂਦਾ ਹੈ। ਇਸ ਬਾਰੇ ਜਾਣਕਾਰੀ ਮਿਲਣ 'ਤੇ ਵਕੀਲਾਂ ਸਮੇਤ ਥਾਣੇ ਪੁੱਜੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਨੂੰਨੀ ਵਿਭਾਗ ਦੇ ਕੋ-ਚੇਅਰਮੈਨ ਜਸਵਿੰਦਰ ਸਿੰਘ ਜੌਲੀ ਨੇ ਪੁਲਿਸ ਦੀ ਕਾਰਵਾਈ ਨੂੰ ਗਲਤ ਕਰਾਰ ਦਿੱਤਾ ਤੇ ਖੁਦ ਥਾਣੇ ਬੁਲਾ ਕੇ ਗ੍ਰਿਫਤਾਰ ਕਰਨ ਦਾ ਗੈਰਕਾਨੂੰਨੀ ਕਾਰਨ ਪੁੱਛਿਆ।



ਦਰਅਸਲ, ਪਰਿਵਾਰ ਦੇ 11 ਮੈਂਬਰਾਂ ਦੇ ਕਤਲ ਤੋਂ ਬਾਅਦ ਸਰਕਾਰ ਵੱਲੋਂ ਜਸਬੀਰ ਕੌਰ ਨੂੰ ਦਿੱਲੀ ਨਗਰ ਨਿਗਮ ਵਿਚ ਚੌਥੀ ਸ਼੍ਰੇਣੀ ਦੇ ਕਰਮਚਾਰੀ ਦੇ ਤੌਰ 'ਤੇ ਨੌਕਰੀ ਦਿੱਤੀ ਗਈ ਸੀ, ਪਰ 2005 ਵਿਚ ਨਾਨਾਵਤੀ ਕਮਿਸ਼ਨ ਦੇ ਬਾਹਰ ਬਿਨਾਂ ਮਨਜ਼ੂਰੀ ਹੋਏ ਧਰਨਾ ਪ੍ਰਦਰਸ਼ਨ ਨੂੰ ਆਧਾਰ ਬਣਾ ਕੇ ਦਿੱਲੀ ਪੁਲਿਸ ਨੇ ਐਫ.ਆਈ.ਆਰ. ਨੰਬਰ 219/05 ਵਿਚ ਕਈ ਧਾਰਾਵਾਂ ਤਹਿਤ ਬੀਬੀ ਜਸਬੀਰ ਕੌਰ ਨੂੰ ਦੋਸ਼ੀ ਬਣਾ ਦਿੱਤਾ। 15 ਜੁਲਾਈ, 2013 ਨੂੰ ਦਿੱਲੀ ਪੁਲਿਸ ਦੀ ਸਿਫਾਰਸ਼ 'ਤੇ ਪਟਿਆਲਾ ਹਾਊਸ ਕੋਰਟ ਨੇ ਬੀਬੀ ਜਸਬੀਰ ਕੌਰ ਨੂੰ ਐਲਾਨੀਆ ਅਪਰਾਧੀ (ਪੀ.ਓ.) ਦੱਸਦੇ ਹੋਏ ਭਗੌੜਾ ਕਰਾਰ ਵੀ ਦੇ ਦਿੱਤਾ।

ਉਨ੍ਹਾਂ ਸਵਾਲ ਚੁੱਕੇ ਤੇ ਕਿਹਾ 2005 ਤੋਂ ਅੱਜ ਤੱਕ ਮੁਲਜ਼ਮ ਨੂੰ ਕੋਈ ਸੰਮਨ ਪੁਲਿਸ ਵੱਲੋਂ ਨਹੀਂ ਦਿੱਤਾ ਗਿਆ ਤੇ ਪਿਛਲੇ 30 ਸਾਲਾਂ ਤੋਂ ਸਰਕਾਰੀ ਨੌਕਰੀ ਕਰ ਰਹੀ ਬੀਬੀ ਜਸਬੀਰ ਕੌਰ ਭਗੌੜਾ ਕਿਵੇਂ ਹੋ ਸਕਦੀ ਹੈ? 58 ਸਾਲ ਦੀ ਬਜ਼ੁਰਗ ਬੀਬੀ ਨੂੰ ਬਿਨਾਂ ਕਿਸੇ ਦੋਸ਼ 'ਤੇ ਨਿਆਇਕ ਹਿਰਾਸਤ ਵਿਚ ਭੇਜਣਾ ਉਸ ਦੀ ਨੌਕਰੀ ਅਤੇ ਸੇਵਾ ਮੁਕਤੀ ਤੋਂ ਬਾਅਦ ਮਿਲਣ ਵਾਲੇ ਫਾਇਦੇ ਤੋਂ ਵਾਂਝੇ ਕਰਨ ਦੇ ਬਰਾਬਰ ਹੋਵੇਗਾ।

ਜੱਜ ਸੁਮੀਤ ਅਨੰਦ ਨੇ ਬਚਾਅ ਪੱਖ ਦੀਆਂ ਦਲੀਲਾਂ ਨੂੰ ਸੁਣਨ ਉਪਰੰਤ ਅੰਤ੍ਰਿਮ ਜ਼ਮਾਨਤ ਦਿੰਦੇ ਹੋਏ ਦਿੱਲੀ ਪੁਲਿਸ ਦੇ ਅਧਿਕਾਰੀਆਂ ਨੂੰ ਫਟਕਾਰ ਵੀ ਲਗਾਈ। ਜੌਲੀ ਨੇ ਦੋਸ਼ ਲਾਇਆ ਕਿ ਇਕ ਪਾਸੇ 1984 ਦੇ ਕਾਤਲ ਖੁੱਲ੍ਹੇਆਮ ਘੁੰਮ ਰਹੇ ਹਨ ਤੇ ਦੂਜੇ ਪਾਸੇ ਪੀੜਤਾਂ ਨੂੰ ਇਨਸਾਫ ਦੇਣ ਦੀ ਬਜਾਏ ਦੋਸ਼ੀ ਬਣਾ ਕੇ ਜੇਲ੍ਹਾਂ ਵਿਚ ਭੇਜਣ ਦੀ ਸਾਜਿਸ਼ ਕੀਤੀ ਜਾ ਰਹੀ ਹੈ। ਜੌਲੀ ਨੇ ਹੈਰਾਨੀ ਜਤਾਈ ਕਿ ਦਿੱਲੀ ਪੁਲਿਸ ਕਿਸ ਤਰੀਕੇ ਨਾਲ ਘਰ ਬੈਠੇ ਹੀ ਕਿਸੇ ਨੂੰ ਭਗੌੜਾ ਐਲਾਨ ਕਰਨ ਤੋਂ ਬਾਅਦ ਖੁਦ ਥਾਣੇ ਬੁਲਾ ਕੇ ਗ੍ਰਿਫਤਾਰੀ ਦਿਖਾ ਦਿੰਦੀ ਹੈ।

## *ਟਾਈਟਲਰ ਕੇਸ ਵਿਚ ਜਾਂਚ ਰਿਪੋਰਟ ਦਾਖਲ*

**ਨਵੀਂ ਦਿੱਲੀ**: ਕਾਂਗਰਸ ਆਗੂ ਜਗਦੀਸ਼ ਟਾਈਟਲਰ ਨੂੰ ਸਿੱਖ ਕਤਲੇਆਮ ਦੇ ਮਾਮਲੇ 'ਚ ਇਕ ਵਾਰ ਕਲੀਨ ਚਿੱਟ ਦੇਣ ਤੋਂ ਬਾਅਦ ਅੱਗੇ ਕੀਤੀ ਗਈ ਜਾਂਚ ਦੀ ਰਿਪੋਰਟ ਸੀ.ਬੀ.ਆਈ. ਨੇ ਦਿੱਲੀ ਦੀ ਅਦਾਲਤ 'ਚ ਦਾਖਲ ਕਰ ਦਿੱਤੀ ਹੈ। ਰਿਪੋਰਟ ਸੀਲਬੰਦ ਲਿਫਾਫੇ 'ਚ ਮੈਜਿਸਟਰੇਟ ਰਾਕੇਸ਼ ਕੁਮਾਰ ਸਿੰਘ ਕੋਲ ਦਾਖਲ ਕੀਤੀ ਗਈ ਹੈ ਜਿਨ੍ਹਾਂ ਇਸ 'ਤੇ ਸਬੰਧਤ ਅਦਾਲਤ ਵੱਲੋਂ ਵਿਚਾਰ ਲਈ 28 ਸਤੰਬਰ ਦੀ ਤਰੀਕ ਨਿਰਧਾਰਤ ਕਰ ਦਿੱਤੀ ਗਈ ਹੈ। ਕੇਸ ਦੀ ਸੁਣਵਾਈ ਦੌਰਾਨ ਸੀ.ਬੀ.ਆਈ. ਦੇ ਵਕੀਲ ਵੱਲੋਂ ਇਹ ਆਖ ਕੇ ਲੰਬੀ ਤਰੀਕ ਮੰਗੀ ਗਈ ਕਿ ਉਹ ਹੋਰ ਮਾਮਲਿਆਂ 'ਚ ਰੁੱਝੇ ਹੋਏ ਹਨ ਜਿਸ ਨੂੰ ਅਦਾਲਤ ਨੇ ਖਾਰਜ ਕਰ ਦਿੱਤਾ। ਮੈਜਿਸਟਰੇਟ ਨੇ ਕਿਹਾ,' ਇਹ ਗੱਲ ਆਧਾਰ ਮੰਨ ਕੇ ਕਿ ਤੁਹਾਡੇ ਹੋਰ ਕੇਸ ਅਦਾਲਤਾਂ 'ਚ ਸੁਣਵਾਈ ਲਈ ਲੱਗੇ ਹੋਏ ਹਨ, ਤੁਹਾਨੂੰ ਇਸ ਮਾਮਲੇ 'ਚ ਲੰਮੀ ਤਰੀਕ ਨਹੀਂ ਦਿੱਤੀ ਜਾ ਸਕਦੀ।

ਅਦਾਲਤ ਵੱਲੋਂ ਮੰਗੀ ਗਈ ਰਿਪੋਰਟ ਨੂੰ ਤੁਸੀਂ ਪਹਿਲਾਂ ਕਿਉਂ ਨਹੀਂ ਦਾਖਲ ਕਰ ਦਿੰਦੇ।' ਵਕੀਲ ਨੇ ਜਦੋਂ ਕਿਹਾ ਕਿ ਰਿਪੋਰਟ ਤਿਆਰ ਹੈ ਅਤੇ ਉਹ ਅਦਾਲਤ ਮੂਹਰੇ ਪੇਸ਼ ਕਰ ਦੇਣਗੇ ਤਾਂ ਮੈਜਿਸਟਰੇਟ ਨੇ ਕਿਹਾ ਕਿ ਰਿਪੋਰਟ ਹੁਣੇ ਪੇਸ਼ ਕਰੋ ਅਤੇ ਅਗਲੀ ਤਰੀਕ ਲੈ ਲਓ ਜਦੋਂ ਸਬੰਧਤ ਅਦਾਲਤ ਵੱਲੋਂ ਇਸ ਮਾਮਲੇ ਉਤੇ ਸੁਣਵਾਈ ਕੀਤੀ ਜਾਏਗੀ। ਸੀ.ਬੀ.ਆਈ. ਵੱਲੋਂ ਲੰਮੀ ਤਰੀਕ ਪਾਏ ਜਾਣ ਦੀ ਮੰਗ ਦਾ ਕਤਲੇਆਮ ਪੀੜਤਾਂ ਦੇ ਵਕੀਲ ਐਚ.ਐਸ. ਫੂਲਕਾ ਨੇ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਜਾਂਚ ਏਜੰਸੀ ਪਹਿਲਾਂ ਹੀ ਤਿੰਨ ਵਾਰ ਸਮਾਂ ਲੈ ਚੁੱਕੀ ਹੈ ਅਤੇ ਅਦਾਲਤ ਨੇ 11 ਜੁਲਾਈ ਨੂੰ ਪਿਛਲੀ ਸੁਣਵਾਈ ਦੌਰਾਨ ਇਸ ਨੂੰ ਆਖਰੀ ਮੌਕਾ ਦਿੱਤਾ ਸੀ। ਅਦਾਲਤ ਨੇ ਦੋ ਮਹੀਨਿਆਂ 'ਚ ਜਾਂਚ ਰਿਪੋਰਟ ਮੁਕੰਮਲ ਕਰਨ ਲਈ ਕਿਹਾ ਸੀ। ਜ਼ਿਕਰਯੋਗ ਹੈ ਕਿ ਇਹ ਮਾਮਲਾ ਗੁਰਦੁਆਰਾ ਪੁਲਬੰਗਸ਼ ਦਾ ਹੈ ਜਿਥੇ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਪਹਿਲੀ ਨਵੰਬਰ 1984 ਨੂੰ ਭੜਕੀ ਹੋਈ ਭੀੜ ਨੇ ਤਿੰਨ ਵਿਅਕਤੀਆਂ ਨੂੰ ਮਾਰ ਮੁਕਾਇਆ ਸੀ।

# ਮਿਡ-ਡੇਅ-ਮੀਲ ਸਕੀਮ 'ਤੇ ਬੇਨੇਮੀਆਂ ਭਾਰੂ

**ਚੰਡੀਗੜ੍ਹ:** ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਦੁਪਹਿਰ ਦਾ ਖਾਣਾ ਦੇਣ ਦੇ ਨਾਂ ਉਤੇ ਉਨ੍ਹਾਂ ਦੀ ਸਿਹਤ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਖਾਸ ਤੌਰ ਉਤੇ ਨਗਰ ਨਿਗਮਾਂ ਦੇ ਦਾਇਰੇ ਵਿਚ ਆਉਂਦੇ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਬੱਚਿਆਂ ਨੂੰ ਠੇਕੇ ਉਤੇ ਇਕੋ ਰਸੋਈ ਵਿਚੋਂ ਬਣਾ ਕੇ ਪਰੋਸਿਆ ਜਾ ਰਿਹਾ ਖਾਣਾ ਪੌਸ਼ਟਿਕਤਾ ਦੇ ਮਿਆਰਾਂ ਤੋਂ ਬਹੁਤ ਹੇਠਾਂ ਹੈ। ਸਕੂਲਾਂ ਵਿਚ ਖਾਣਾ ਪਹੁੰਚਾਉਣ ਦਾ ਠੇਕਾ ਵੀ ਗੈਰ-ਸਰਕਾਰੀ ਸੰਸਥਾਵਾਂ ਨੂੰ ਮਨਮਾਨੇ ਢੰਗ ਨਾਲ ਦਿੱਤਾ ਗਿਆ। ਇਥੋਂ ਤੱਕ ਕਿ ਟੈਂਡਰ ਦਸਤਾਵੇਜ਼ਾਂ ਦੇ ਮੁਲਾਂਕਣ ਤੋਂ ਬਾਅਦ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਵੀ ਨਜ਼ਰ ਅੰਦਾਜ਼ ਕਰ ਦਿੱਤਾ ਗਿਆ। ਸਿੱਖਿਆ ਵਿਭਾਗ ਨੇ ਵੀ ਇਸ ਦੀ ਪੁਸ਼ਟੀ ਕੀਤੀ ਹੈ।

ਕੰਪਟਰੋਲਰ ਅਤੇ ਆਡਿਟਰ ਜਨਰਲ (ਕੈਗ) ਦੀ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਸਾਲ 2013 ਤੋਂ 2015 ਦੌਰਾਨ ਗੈਰ-ਸਰਕਾਰੀ ਸੰਸਥਾਵਾਂ ਵੱਲੋਂ 1,41,523 ਬੱਚਿਆਂ ਨੂੰ ਨਿਰਧਾਰਤ ਮਾਪਦੰਡਾਂ ਅਨੁਸਾਰ ਪੌਸ਼ਟਿਕ ਭੋਜਨ ਨਹੀਂ ਦਿੱਤਾ ਗਿਆ। ਅੰਮ੍ਰਿਤਸਰ, ਬਠਿੰਡਾ, ਜਲੰਧਰ ਅਤੇ ਪਟਿਆਲਾ ਦੇ ਸਕੂਲਾਂ ਵਿਚ ਬਿਸਲਕਸ਼ਮੀ ਅਤੇ ਨਵਾਂ ਸ਼ਹਿਰ ਦੇ ਸਕੂਲਾਂ ਵਿਚ ਇਸਤਰੀ ਸ਼ਕਤੀ ਸੰਸਥਾ ਵੱਲੋਂ ਦੁਪਹਿਰ ਦਾ ਖਾਣਾ ਸਪਲਾਈ ਕੀਤਾ ਜਾ ਰਿਹਾ ਹੈ। ਰਿਪੋਰਟ ਅਨੁਸਾਰ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਖਾਣੇ ਵਿਚ ਪ੍ਰੋਟੀਨ 12 ਗ੍ਰਾਮ ਅਤੇ 450 ਕੈਲੋਰੀਜ਼ ਹੋਣੀਆਂ ਚਾਹੀਦੀਆਂ ਹਨ। ਅੱਪਰ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਖਾਣੇ ਵਿਚ ਪ੍ਰੋਟੀਨ 20 ਗ੍ਰਾਮ ਅਤੇ ਕੈਲੋਰੀਜ਼ 700 ਹੋਣੀਆਂ ਚਾਹੀਦੀਆਂ ਹਨ। ਭਰੇ ਗਏ ਨਮੂਨਿਆਂ ਦੇ ਨਤੀਜਿਆਂ ਤੋਂ ਪਤਾ ਲੱਗਦਾ ਹੈ ਕਿ ਮਿਆਰਾਂ ਤੋਂ ਲਗਭਗ 50 ਫੀਸਦ ਤੱਕ ਦੀ ਕਮੀ ਹੈ। ਅੰਮ੍ਰਿਤਸਰ ਦੇ ਵਿਦਿਆਰਥੀਆਂ ਨੂੰ ਪਰੋਸੇ ਭੋਜਨ ਵਿਚ ਪ੍ਰੋਟੀਨ 10.78 ਗ੍ਰਾਮ ਅਤੇ ਕੈਲੋਰੀਜ਼ 379, ਬਠਿੰਡਾ ਦੇ ਸਕੂਲਾਂ ਵਿਚ ਪ੍ਰੋਟੀਨ 8.04 ਗ੍ਰਾਮ ਅਤੇ ਕੈਲੋਰੀਜ਼ 361, ਜਲੰਧਰ ਦੇ ਸਕੂਲਾਂ ਵਿਚ ਪ੍ਰੋਟੀਨ 12.45 ਗ੍ਰਾਮ ਅਤੇ ਕੈਲੋਰੀਜ਼ 276, ਪਟਿਆਲਾ ਦੇ ਸਕੂਲਾਂ ਵਿਚ ਪ੍ਰੋਟੀਨ 8.95 ਗ੍ਰਾਮ ਅਤੇ ਕੈਲੋਰੀਜ਼ 377 ਅਤੇ ਨਵਾਂ ਸ਼ਹਿਰ ਦੇ ਸਕੂਲਾਂ ਵਿਚ ਪ੍ਰੋਟੀਨ 8.02 ਗ੍ਰਾਮ ਅਤੇ ਕੈਲੋਰੀਜ਼ 356 ਤੱਕ ਪਾਈਆਂ ਗਈਆਂ। ਇਸ ਸਮੇਂ ਦੌਰਾਨ ਸਕੂਲ, ਬਲਾਕ, ਜ਼ਿਲ੍ਹਾ ਜਾਂ ਸੂਬਾਈ ਦਫਤਰ ਵਿਚ ਪੱਕੇ ਭੋਜਨ ਦੀਆਂ ਕੈਲੋਰੀਜ਼ ਅਤੇ ਪ੍ਰੋਟੀਨ ਦੀ ਮਾਤਰਾ ਯਕੀਨੀ ਬਣਾਉਣ ਲਈ ਕੋਈ ਰਜਿਸਟਰ ਜਾਂ ਰਿਕਾਰਡ ਨਹੀਂ ਰੱਖਿਆ ਗਿਆ। ਸਕੂਲਾਂ ਵਿਚ ਬਣ ਰਹੇ ਖਾਣੇ ਵਿਚ ਵੀ ਪੌਸ਼ਟਿਕਤਾ ਦੇ ਮਾਮਲੇ ਵਿਚ ਕਮੀਆਂ ਪਾਈਆਂ ਗਈਆਂ। ਦੁਪਹਿਰ ਦੇ ਖਾਣੇ ਦੇ ਨਮੂਨੇ ਟੈਸਟ ਨਹੀਂ ਕਰਵਾਏ ਗਏ ਅਤੇ ਗੈਰ-ਸਰਕਾਰੀ ਸੰਸਥਾਵਾਂ ਦੇ ਖਾਣੇ ਦੇ ਨਮੂਨੇ ਵੀ ਨਿਯਮਿਤ ਤੌਰ ਉਤੇ ਟੈਸਟ ਨਹੀਂ ਕਰਵਾਏ ਜਾਂਦੇ।

ਕੈਗ ਰਿਪੋਰਟ ਅਨੁਸਾਰ ਟੈਂਡਰ ਦੇ ਮੁਲਾਂਕਣ ਤੋਂ ਬਾਅਦ ਕਮੇਟੀ ਨੇ ਤਿੰਨ ਗੈਰ-ਸਰਕਾਰੀ ਸੰਸਥਾਵਾਂ ਨੂੰ ਦੁਪਹਿਰ ਦਾ ਖਾਣਾ ਸਪਲਾਈ ਕਰਨ ਦੇ ਠੇਕੇ ਦੀ ਸਿਫਾਰਸ਼ ਕੀਤੀ ਸੀ। ਸਿਫਾਰਸ਼ਾਂ ਅਨੁਸਾਰ ਇਸਤਰੀ ਸ਼ਕਤੀ ਨੂੰ ਮੋਗਾ, ਮੁਹਾਲੀ, ਸੰਗਰੂਰ ਅਤੇ ਜਨ ਚੇਤਨਾ ਨੂੰ ਲੁਧਿਆਣਾ ਜ਼ਿਲ੍ਹੇ ਦਾ ਠੇਕਾ ਦਿੱਤਾ ਜਾਣਾ ਸੀ, ਪਰ ਸਫਲ ਬੋਲੀ ਦੇਣ ਵਾਲਿਆਂ ਦੀ ਬਜਾਏ ਬਠਿੰਡਾ, ਜਲੰਧਰ, ਅਤੇ ਪਟਿਆਲਾ ਜ਼ਿਲ੍ਹਿਆਂ ਦਾ ਠੇਕਾ ਬਗਦੰਗਾ, ਪੱਛਮ ਘੇਰੀ, ਬਿਸਲਾ ਲਕਸ਼ਮੀ ਕਲੱਬ ਨੂੰ ਦਿੱਤਾ ਗਿਆ, ਜਿਨ੍ਹਾਂ ਨੇ ਇਨ੍ਹਾਂ ਜ਼ਿਲ੍ਹਿਆਂ ਵਾਸਤੇ 25 ਅੰਕ ਹਾਸਲ ਕੀਤੇ ਸਨ। ਇਸ ਵਾਸਤੇ 96 ਅੰਕ ਹਾਸਲ ਕਰਨ ਵਾਲੀ ਇਸਤਰੀ ਸ਼ਕਤੀ ਨੂੰ ਕੰਮ ਦਾ ਬੋਝ ਵੰਡਣ ਦੀ ਦਲੀਲ ਹੇਠ ਕੰਮ ਨਹੀਂ ਦਿੱਤਾ ਗਿਆ। ਰਿਪੋਰਟ ਅਨੁਸਾਰ ਪਟਿਆਲਾ ਜ਼ਿਲ੍ਹੇ ਦੇ 93 ਸਕੂਲਾਂ ਨਾਲ ਸਬੰਧਤ 17,136 ਬੱਚਿਆਂ ਨੂੰ ਗਰਮ ਖਾਣਾ ਨਹੀਂ ਦਿੱਤਾ ਹੈ। ਵਿਭਾਗ ਨੇ ਲੇਖਾ ਪ੍ਰੀਖਿਅਕਾਂ ਸਾਹਮਣੇ ਤੱਥਾਂ ਨੂੰ ਸਵੀਕਾਰ ਕੀਤਾ ਅਤੇ ਅਲਾਟਮੈਂਟ ਸਰਕਾਰੀ ਹੁਕਮਾਂ ਅਨੁਸਾਰ ਕੀਤੇ ਜਾਣ ਦੀ ਦਲੀਲ ਦਿੱਤੀ। ਕੈਗ ਨੇ ਸਪੱਸ਼ਟ ਕਿਹਾ ਕਿ ਇਹ ਠੇਕਾ ਦੇਣਾ ਮੁਕਾਬਲਾ ਬੋਲੀ ਦੇ ਸਿਧਾਂਤਾਂ ਅਤੇ ਮੁਲਾਂਕਣ ਕਮੇਟੀ ਦੇ ਫੈਸਲੇ ਦੇ ਖਿਲਾਫ ਹੈ।



### ਫੰਡਾਂ ਦੀ ਵਰਤੋਂ ਉਤੇ ਉਠਾਇਆ ਸਵਾਲ

ਫੰਡਾਂ ਦੀ ਵਰਤੋਂ ਉਤੇ ਸਵਾਲ ਉਠਾਉਂਦਿਆਂ 2010-15 ਤੱਕ ਦੇ ਪੰਜ ਸਾਲਾਂ ਦੌਰਾਨ ਮਨਜ਼ੂਰ ਹੋਏ ਪੈਸੇ ਵਿਚੋਂ ਵੀ 202.56 ਕਰੋੜ ਰੁਪਏ ਘੱਟ ਜਾਰੀ ਕੀਤੇ ਗਏ। ਇਸ ਸਮੇਂ 1332.72 ਕਰੋੜ ਰੁਪਏ ਵਿਚੋਂ 1130.2 ਕਰੋੜ ਹੀ ਜਾਰੀ ਹੋਏ। ਇਨ੍ਹਾਂ ਘੱਟ ਜਾਰੀ ਹੋਏ ਫੰਡਾਂ ਵਿਚੋਂ 7 ਤੋਂ 24 ਫੀਸਦੀ ਤੱਕ ਭਾਰਤ ਸਰਕਾਰ ਅਤੇ 33 ਫੀਸਦੀ ਫੰਡ ਪੰਜਾਬ ਸਰਕਾਰ ਨੇ ਜਾਰੀ ਨਹੀਂ ਕੀਤੇ। ਪੰਜਾਬ ਸਰਕਾਰ ਨੇ ਕੇਂਦਰੀ ਗ੍ਰਾਂਟ ਵਿਚੋਂ ਵੀ ਪੈਸਾ ਸਮੇਂ-ਸਮੇਂ ਉਤੇ ਇਕ ਤੋਂ 15 ਮਹੀਨੇ ਤੱਕ ਦੇਰੀ ਨਾਲ ਜਾਰੀ ਕੀਤਾ। ਇਸ ਨਾਲ ਵਰਤੋਂ ਸਰਟੀਫਿਕੇਟ ਨਾ ਮਿਲਣ ਕਰ ਕੇ ਕੇਂਦਰ ਨੇ ਵੀ ਦੇਰੀ ਨਾਲ ਫੰਡ ਜਾਰੀ ਕੀਤੇ।

# ਖੂਨ ਦੀ ਹੋਲੀ ਖੇਡ ਕੇ ਰਾਸ਼ਟਰਪਤੀ ਦੀ ਕੁਰਸੀ ਤੱਕ ਪੁੱਜਿਆ ਦੁਤੇਤਰੋ

**ਮਨੀਲਾ:** ਦੇਸ਼ ਨੂੰ ਨਸ਼ਾ ਮੁਕਤ ਕਰਨ ਦਾ ਐਲਾਨ ਕਰਨ ਵਾਲੇ ਫਿਲੀਪੀਨਸ ਦੇ ਰਾਸ਼ਟਰਪਤੀ ਰੋਡ੍ਰਿਗੋ ਦੁਤੇਤਰੋ ਬਾਰੇ ਹੈਰਾਨੀਜਨਕ ਖੁਲਾਸਾ ਹੋਇਆ ਹੈ। ਰਾਸ਼ਟਰਪਤੀ ਦੇ ਨਸ਼ਾ ਰੋਕੋ ਦਸਤੇ ਵਿਚ ਸ਼ਾਮਲ ਰਹੇ ਅਡਗਰ ਮਾਟੋਬਾਟੋ ਅਨੁਸਾਰ ਰੋਡ੍ਰਿਗੋ ਨੇ ਮੇਅਰ ਬਣਨ ਲਈ ਚਾਰ ਰਾਜਨੀਤਕ ਵਿਰੋਧੀਆਂ ਦੀ ਹੱਤਿਆ ਕਰਵਾਈ ਸੀ। ਇਨ੍ਹਾਂ ਵਿਚੋਂ ਰੋਡ੍ਰਿਗੋ ਦਾ ਰਾਜਨੀਤਕ ਵਿਰੋਧੀ ਪ੍ਰੋਸਪੇਰੋ ਨਾਗਲਸ ਵੀ ਸ਼ਾਮਲ ਸੀ। ਮਾਟੋਬਾਟੋ ਦਾ ਦਾਅਵਾ ਹੈ ਕਿ 1998 ਤੋਂ 2013 ਵਿਚਕਾਰ ਅਸੀਂ ਕਰੀਬ ਇਕ ਹਜ਼ਾਰ ਲੋਕਾਂ ਨੂੰ ਖਤਮ ਕੀਤਾ। ਮਾਟੋਬਾਟੋ ਦਾ ਦਾਅਵਾ ਹੈ ਕਿ ਰਾਸ਼ਟਰਪਤੀ ਇੰਨਾ ਜ਼ਿਆਦਾ ਜ਼ਾਲਮ ਹੈ ਕਿ ਉਸ ਨੇ ਇਕ ਵਿਅਕਤੀ ਨੂੰ ਮਗਰਮੱਛ ਦੇ ਸਾਹਮਣੇ ਸੁੱਟ ਦਿੱਤਾ ਸੀ। ਮੌਜੂਦਾ ਰਾਸ਼ਟਰਪਤੀ ਡਰੱਗਜ਼ ਨੂੰ ਖਤਮ ਕਰਨ ਦੇ ਨਾਮ ਉਤੇ ਹੁਣ ਤੱਕ ਇਕ ਹਜ਼ਾਰ ਲੋਕਾਂ ਨੂੰ ਮਾਰ ਚੁੱਕਾ ਹੈ। ਮਾਟੋਬਾਟੋ ਨੇ ਦੱਸਿਆ ਕਿ ਰਾਸ਼ਟਰਪਤੀ ਨੇ ਆਪਣੇ ਰਾਜਨੀਤਕ ਵਿਰੋਧੀਆਂ ਨੂੰ ਚੁਣ-ਚੁਣ ਕੇ ਮਾਰਿਆ ਹੈ।

ਉਨ੍ਹਾਂ ਇਹ ਵੀ ਖੁਲਾਸਾ ਕੀਤਾ ਸੀ, ਜਦੋਂ ਸ਼ਹਿਰ ਦੇ ਗਿਰਜਾਘਰ ਵਿਚ ਧਮਾਕੇ ਹੋਏ ਸਨ ਤਾਂ ਮੇਅਰ ਰੋਡ੍ਰਿਗੋ ਨੇ ਮੁਸਲਮਾਨਾਂ ਨੂੰ ਮਸਜਿਦਾਂ ਵਿਚ ਵੜ ਕੇ ਮਾਰਨ ਦਾ ਆਦੇਸ਼ ਦਿੱਤਾ ਸੀ। ਰੋਡ੍ਰਿਗੋ ਦੇ ਦਸਤੇ ਤੋਂ ਮਾਟੋਬਾਟੋ ਉਸ ਸਮੇਂ ਬਾਹਰ ਹੋ ਗਿਆ ਸੀ ਜਦੋਂ ਉਸ ਉਤੇ 2009 ਵਿਚ ਕੁਝ ਲੋਕਾਂ ਦੀ ਹੱਤਿਆ ਦੋਸ਼ ਲੱਗਾ ਸੀ। ਇਸ ਸਮੇਂ ਉਹ ਪੁਲਿਸ ਦੀ ਗ੍ਰਿਫਤ ਵਿੱਚ ਹੈ। ਮਾਟੋਬਾਟੋ ਅਨੁਸਾਰ ਸਾਡੇ ਦਸਤੇ ਦਾ ਕੰਮ ਅਪਰਾਧੀਆਂ, ਚੋਰਾਂ ਤੇ ਲੁਟੇਰਿਆਂ ਨੂੰ ਰੋਜ਼ਾਨਾ ਮੌਤ ਦੇ ਘਾਟ ਉਤਾਰਨਾ ਸੀ।

# ਆਈ.ਐਸ. ਤੇ ਬੋਕੋ ਹਰਮ ਪਿੱਛੋਂ ਨਕਸਲੀ ਸਭ ਤੋਂ ਖਤਰਨਾਕ

**ਨਵੀਂ ਦਿੱਲੀ:** ਭਾਰਤੀ ਅਧਿਕਾਰੀਆਂ ਲਈ ਇਕ ਵੱਡੀ ਚਿੰਤਾ ਦਾ ਖੁਲਾਸਾ ਕਰਦਿਆਂ ਅਮਰੀਕੀ ਫੰਡ ਨਾਲ ਕੀਤੇ ਗਏ ਅਧਿਐਨ ਵਿਚ ਦਾਅਵਾ ਕੀਤਾ ਗਿਆ ਹੈ ਕਿ ਪਾਬੰਦੀਸ਼ੁਦਾ



ਨਕਸਲੀ ਸੰਗਠਨ (ਸੀ.ਪੀ.ਆਈ.-ਮਾਓਵਾਦੀ) ਤਾਲਿਬਾਨ, ਇਸਲਾਮਿਕ ਸਟੇਟ ਅਤੇ ਬੋਕੋ ਹਰਮ ਪਿੱਛੋਂ ਵਿਸ਼ਵ ਵਿਚ ਚੌਥਾ ਸਭ ਤੋਂ ਖਤਰਨਾਕ ਅਤਿਵਾਦੀ ਸੰਗਠਨ ਹੈ।

ਅਮਰੀਕੀ ਵਿਦੇਸ਼ ਵਿਭਾਗ ਨਾਲ ਸਬੰਧਤ ਨੈਸ਼ਨਲ ਕਾਨਸਾਰਟੀਅਮ ਵੱਲੋਂ ਅਤਿਵਾਦ ਅਤੇ ਅਤਿਵਾਦ ਪ੍ਰਤੀਕਿਰਿਆਵਾਂ ਦੇ ਅਧਿਐਨ ਕਰ ਕੇ ਇਕੱਤਰ ਕੀਤੇ ਅੰਕੜਿਆਂ ਮੁਤਾਬਕ 2015 ਵਿਚ 43 ਫੀਸਦੀ ਨਕਸਲੀਆਂ ਵੱਲੋਂ ਕੀਤੇ ਗਏ ਜਿਨ੍ਹਾਂ ਵਿਚ 289 ਵਿਅਕਤੀ ਮਾਰੇ ਗਏ ਹਨ। ਤਾਲਿਬਾਨ ਨੇ ਸਭ ਤੋਂ ਵੱਧ 1093 ਅਤਿਵਾਦੀ ਹਮਲੇ ਕੀਤੇ ਜਿਸ ਵਿਚ 4512 ਲੋਕਾਂ ਦੀਆਂ ਜਾਨਾਂ ਗਈਆਂ। ਅਧਿਐਨ ਵਿਚ ਇਹ ਪਤਾ ਲੱਗਾ ਹੈ ਕਿ 2015 ਵਿਚ ਵਿਸ਼ਵ ਭਰ ਵਿਚ 11774 ਅਤਿਵਾਦੀ ਹਮਲੇ ਹੋਏ ਜਿਸ ਵਿਚ 28328 ਵਿਅਕਤੀ ਮਾਰੇ ਗਏ ਅਤੇ 35320 ਵਿਅਕਤੀ ਜ਼ਖਮੀ ਹੋਏ ਸਨ।

ਭਾਰਤ 'ਚ ਹੋਏ 791 ਅਤਿਵਾਦੀ ਹਮਲਿਆਂ 'ਚੋਂ 43 ਫੀਸਦੀ ਹਮਲੇ ਨਕਸਲੀਆਂ ਵੱਲੋਂ ਕੀਤੇ ਗਏ ਸਨ। ਇਨ੍ਹਾਂ ਅਤਿਵਾਦੀ ਹਮਲਿਆਂ ਤੋਂ ਛੱਤੀਸਗੜ੍ਹ, ਝਾਰਖੰਡ, ਜੰਮੂ-ਕਸ਼ਮੀਰ ਤੇ ਮਨੀਪੁਰ ਸਭ ਤੋਂ ਵੱਧ ਪ੍ਰਭਾਵਿਤ ਹੋਏ ਤੇ ਦੇਸ਼ ਭਰ 'ਚ ਹੋਏ ਕੁੱਲ ਹਮਲਿਆਂ ਵਿਚੋਂ 50 ਫੀਸਦੀ ਤੋਂ ਵੱਧ ਇਨ੍ਹਾਂ ਸੂਬਿਆਂ 'ਚ ਹੀ ਹੋਏ ਸਨ। ਗ੍ਰਹਿ ਮੰਤਰਾਲੇ ਵੱਲੋਂ ਜਾਰੀ ਅੰਕੜਿਆਂ ਮੁਤਾਬਕ 2010 ਤੋਂ 2015 ਤੱਕ 2,162 ਆਮ ਨਾਗਰਿਕ ਤੇ 802 ਸੁਰੱਖਿਆ ਮੁਲਾਜ਼ਮ ਨਕਸਲੀ ਹਮਲਿਆਂ ਵਿਚ ਮਾਰੇ ਗਏ ਹਨ।

### ਅਤਿਵਾਦੀ ਹਮਲਿਆਂ ਤੋਂ ਪ੍ਰਭਾਵਿਤ ਭਾਰਤ ਚੌਥਾ ਮੁਲਕ

**ਨਵੀਂ ਦਿੱਲੀ:** 2015 ਵਿਚ ਭਾਰਤ ਅਤਿਵਾਦ ਹਮਲਿਆਂ ਤੋਂ ਪ੍ਰਭਾਵਿਤ ਇਰਾਕ, ਅਫਗਾਨਿਸਤਾਨ ਤੇ ਪਾਕਿਸਤਾਨ ਤੋਂ ਬਾਅਦ ਚੌਥਾ ਵੱਡਾ ਮੁਲਕ ਸੀ। ਬੀਤੇ ਸਾਲ ਦੁਨੀਆਂ ਭਰ 'ਚ 11,774 ਅਤਿਵਾਦੀ ਹਮਲੇ ਹੋਏ, ਜਿਨ੍ਹਾਂ ਵਿਚ 28,328 ਲੋਕ ਮਾਰੇ ਗਏ ਤੇ 35,320 ਜ਼ਖਮੀ ਹੋਏ ਸਨ। ਦੁਨੀਆ ਭਰ 'ਚ ਸਭ ਤੋਂ ਖਤਰਨਾਕ 3 ਅਤਿਵਾਦੀ ਸੰਗਠਨਾਂ 'ਚੋਂ ਤਾਲਿਬਾਨ ਵੱਲੋਂ ਕੀਤੇ 1,093 ਹਮਲਿਆਂ 'ਚ 4,512 ਲੋਕ, ਆਈ.ਐਸ. ਦੇ 931 ਹਮਲਿਆਂ 'ਚ 6,050 ਲੋਕ ਤੇ ਬੋਕੋ ਹਰਮ ਵੱਲੋਂ ਕੀਤੇ 491 ਹਮਲਿਆਂ ਵਿਚ 5,450 ਲੋਕ ਮਾਰੇ ਗਏ ਸਨ।

# ਕਮਾਈ ਪੱਖੋਂ ਪ੍ਰਿਅੰਕਾ ਚੋਪੜਾ ਅੱਵਲ

**ਨਿਊ ਯਾਰਕ:** ਅਮਰੀਕੀ ਲੜੀਵਾਰ 'ਕਵਾਂਟਿਕੋ' ਵਿਚ ਅਦਾਕਾਰੀ ਤੋਂ ਬਾਅਦ ਪ੍ਰਿਅੰਕਾ ਚੋਪੜਾ ਫੋਰਬਸ ਦੀ ਸੂਚੀ ਵਿਚ ਸਭ ਤੋਂ ਵੱਧ ਕਮਾਈ ਕਰਨ ਵਾਲੀ ਪਹਿਲੀ ਭਾਰਤੀ ਟੀ.ਵੀ. ਅਦਾਕਾਰਾ ਵਜੋਂ ਸ਼ੁਮਾਰ ਹੋ ਗਈ ਹੈ। ਫੋਰਬਸ ਵੱਲੋਂ ਜਾਰੀ ਸੂਚੀ ਵਿਚ ਸਭ ਤੋਂ ਵੱਧ ਕਮਾਈ ਕਰਨ ਵਾਲੀਆਂ ਅਦਾਕਾਰਾਂ ਵਿਚੋਂ ਪ੍ਰਿਅੰਕਾ ਚੋਪੜਾ ਦਾ ਨਾਮ ਅੱਠਵੇਂ ਨੰਬਰ ਉਤੇ ਹੈ, ਜਦੋਂਕਿ ਸੋਫੀਆ ਵਰਗੇਰਾ ਪਿਛਲੇ ਪੰਜ ਸਾਲਾਂ ਤੋਂ ਪਹਿਲੇ ਸਥਾਨ 'ਤੇ ਕਾਬਜ਼ ਹੈ।

ਕੋਲੰਬੀਆਈ-ਅਮਰੀਕੀ ਅਦਾਕਾਰਾ ਵਰਗੇਰਾ ਨੇ ਟੈਕਸ ਅਤੇ ਮੈਨੇਜਮੈਂਟ ਫੀਸ ਭਰਨ ਤੋਂ ਪਹਿਲਾਂ 4.4 ਕਰੋੜ ਡਾਲਰ ਦਾ ਘਰ ਖਰੀਦਿਆ ਸੀ, ਹਲਾਂਕਿ ਉਨ੍ਹਾਂ ਦੀ ਸਾਰੀ ਕਮਾਈ ਟੀ.ਵੀ. ਸ਼ੋਅ 'ਮਾਡਰਨ ਫੈਮਿਲੀ' ਤੋਂ ਨਹੀਂ ਹੋਈ ਹੈ। ਵਰਗੇਰਾ ਵੱਖ-ਵੱਖ ਉਤਪਾਦਾਂ ਦੇ ਇਸ਼ਤਿਹਾਰਾਂ ਰਾਹੀਂ ਵੀ ਮੋਟੀ ਕਮਾਈ ਕਰਦੀ ਹੈ। ਪਿਛਲੇ ਸਾਲ ਏ.ਬੀ.ਸੀ. ਦੇ ਸ਼ੋਅ 'ਕਵਾਂਟਿਕੋ' ਤੋਂ ਕੌਮਾਂਤਰੀ ਪੱਧਰ ਉਤੇ ਸ਼ੁਰੂਆਤ ਕਰਨ ਵਾਲੀ ਪ੍ਰਿਅੰਕਾ ਚੋਪੜਾ ਨੇ ਇਸ ਲੜੀਵਾਰ ਵਿਚ ਕੰਮ ਕਰ ਕੇ 1.1 ਕਰੋੜ ਡਾਲਰ ਦੀ ਕਮਾਈ ਕੀਤੀ ਹੈ। ਹੁਣ ਉਹ ਇਸ ਲੜੀਵਾਰ ਦੇ ਦੂਜੇ ਸੀਜ਼ਨ ਦੀ ਤਿਆਰੀ ਵਿਚ ਲੱਗੀ ਹੋਈ ਹੈ। ਇਸ 34 ਸਾਲਾ ਅਦਾਕਾਰਾ ਨੇ ਪਿਛਲੇ ਇਕ ਸਾਲ ਵਿਚ ਬਾਲੀਵੁਡ ਦੀਆਂ ਦੋ ਫਿਲਮਾਂ 'ਬਾਜੀਰਾਓ ਮਸਤਾਨੀ' ਅਤੇ 'ਜੈ ਗੰਗਾਜਲ' ਵਿਚ ਕੰਮ ਕੀਤਾ ਹੈ।

ਇਸ ਤੋਂ ਇਲਾਵਾ ਪ੍ਰਿਅੰਕਾ ਚੋਪੜਾ ਹਾਲੀਵੁਡ ਫਿਲਮ 'ਬੇਵਾਚ' ਰਾਹੀਂ ਡਵੇਨ ਜਾਨਸਨ ਨਾਲ ਕੰਮ ਕਰੇਗੀ ਜੋ ਦੁਨੀਆਂ ਵਿਚ ਅਦਾਕਾਰੀ ਰਾਹੀਂ ਸਭ ਤੋਂ ਜ਼ਿਆਦਾ ਕਮਾਈ ਕਰਨ ਵਾਲੇ ਅਦਾਕਾਰ ਹਨ। ਪ੍ਰਿਅੰਕਾ ਨੇ ਵੀ ਬਾਕੀ ਅਦਾਕਾਰਾਂ ਦੀ ਤਰ੍ਹਾਂ ਸਿਰਫ ਫਿਲਮਾਂ ਰਾਹੀਂ ਹੀ ਮੋਟੀ ਕਮਾਈ ਨਹੀਂ ਕੀਤੀ ਹੈ।

ਇਹ ਅਦਾਕਾਰ ਭਾਰਤ ਵਿਚ ਵੀ ਇਸ਼ਤਿਹਾਰਾਂ ਰਾਹੀਂ ਕਮਾਈ ਕਰਨ 'ਚੋਂ ਮੋਹਰੀ ਹੈ। ਇਸ ਤੋਂ ਇਲਾਵਾ ਪ੍ਰਿਅੰਕਾ ਦੇ ਚਹੇਤਿਆਂ 'ਚ ਸ਼ੁਮਾਰ ਸਟੈਨਾ ਕਾਟਰਿਕ ਨੇ ਇਸ ਸੂਚੀ ਵਿਚ ਸੱਤਵਾਂ ਸਥਾਨ ਮੱਲਿਆ ਹੈ।

# ਆਖਰ ਕਿਵੇਂ ਆਇਆ ਜਨ-ਧਨ ਖਾਤਿਆਂ 'ਚ ਇਕ ਇਕ ਰੁਪਿਆ?

**ਨਵੀਂ ਦਿੱਲੀ:** ਕੇਂਦਰ ਸਰਕਾਰ ਦੀ ਜਨ ਧਨ ਯੋਜਨਾ ਦੇ ਬੈਂਕ ਖਾਤਿਆਂ 'ਚ ਅਚਾਨਕ ਇਕ-ਇਕ ਰੁਪਿਆ ਜਮ੍ਹਾਂ ਕਰ ਦਿੱਤਾ ਗਿਆ। ਅਸਲ ਵਿਚ ਬੈਂਕਾਂ ਨੇ ਇਸ ਯੋਜਨਾ ਤਹਿਤ ਖੁੱਲ੍ਹੇ ਖਾਤਿਆਂ ਵਿਚ ਜ਼ੀਰੋ ਬੈਲੰਸ ਖਤਮ ਕਰਨ ਲਈ ਆਪਣੇ ਕੋਲੋਂ ਹੀ ਇਕ-ਇਕ ਰੁਪਇਆ ਜਮ੍ਹਾ ਕਰ ਦਿੱਤਾ।

ਇਕ ਟੀ.ਵੀ. ਚੈਨਲ ਦੇ ਪ੍ਰੋਗਰਾਮ ਜਨ ਧਨ ਵਿਚ ਖਬਰ ਵਿਖਾਏ ਜਾਣ ਤੋਂ ਬਾਅਦ ਇਕ ਬੈਂਕ ਕਰਮਚਾਰੀ ਨੇ ਚਿੱਠੀ ਲਿਖ ਕੇ ਆਖਿਆ ਸੀ ਕਿ ਦਬਾਅ ਕਾਰਨ ਸਾਨੂੰ ਅਜਿਹਾ ਕਰਨਾ ਪਿਆ ਹੈ। ਆਰ.ਟੀ.ਆਈ. ਦੇ ਜ਼ਰੀਏ ਖੁਲਾਸਾ ਹੋਇਆ ਹੈ ਕਿ ਬੈਂਕਾਂ ਨੇ ਖੁਦ ਖਾਤੇ 'ਚ 1-1 ਰੁਪਇਆ ਜਮ੍ਹਾਂ ਕਰਾ ਕੇ ਆਪਣਾ ਰਿਕਾਰਡ ਠੀਕ ਕੀਤਾ ਹੈ, ਉਹ ਵੀ ਬਿਨਾਂ ਖਾਤੇ ਧਾਰਕਾਂ ਨੂੰ ਦੱਸੇ। ਆਰ.ਟੀ.ਆਈ. ਤੋਂ ਜਾਣਕਾਰੀ ਅਨੁਸਾਰ 18 ਸਰਕਾਰੀ ਬੈਂਕਾਂ ਤੇ ਉਸ ਦੀਆਂ 16 ਖੇਤਰੀ ਬਰਾਂਚਾਂ ਨੇ 1 ਕਰੋੜ 5 ਲੱਖ ਜਨ ਧੰਨ ਵਾਲੇ ਖਾਤਿਆਂ ਵਿਚ ਇਕ-ਇਕ ਰੁਪਏ ਜਮ੍ਹਾਂ ਕਰਵਾਇਆ ਜਿਸ ਦੀ ਕੁੱਲ ਰਾਸ਼ੀ ਇਕ ਕਰੋੜ ਪੰਜ ਲੱਖ ਰੁਪਏ ਬਣਦੀ ਹੈ।

# ਦਿਆ ਸਿੰਘ ਦੇ ਪਰਿਵਾਰ ਨੂੰ ਸਰਕਾਰ ਨਾਲ ਡਾਢਾ ਗਿਲਾ

**ਸੰਦੌੜ:** ਸਾਲ 1983 ਤੋਂ ਪੰਜਾਬ ਸਮੇਤ ਹੋਰਨਾਂ ਸੂਬਿਆਂ ਵਿਚ 26 ਕੇਸਾਂ ਦਾ ਸਾਹਮਣਾ ਕਰਨ ਵਾਲੇ ਤੇ ਕਈ ਕੇਸਾਂ ਵਿਚ ਸਜ਼ਾਯਾਫਤਾ ਭਾਈ ਦਿਆ ਸਿੰਘ ਲਹੌਰੀਆ ਨੂੰ 21 ਸਾਲ ਬਾਅਦ ਤਿਹਾੜ ਜੇਲ੍ਹ ਵਿਚੋਂ ਇਕ ਦਿਨ ਦੀ ਪੈਰੋਲ 'ਤੇ ਉਨ੍ਹਾਂ ਦੀ ਮਾਂ ਦੀ ਅੰਤਿਮ ਯਾਤਰਾ 'ਚ ਸ਼ਾਮਲ ਹੋਣ ਲਈ ਲਿਆਂਦਾ ਗਿਆ ਸੀ। ਦਿਆ ਸਿੰਘ ਦੇ ਪਰਿਵਾਰ ਨੂੰ ਸਰਕਾਰ ਨਾਲ ਡਾਢਾ ਗਿਲਾ ਹੈ। ਉਨ੍ਹਾਂ ਦੇ ਭਰਾ ਗੁਰਨਾਮ ਸਿੰਘ ਦਾ ਕਹਿਣਾ ਹੈ ਕਿ ਜੁਲਾਈ 1995 ਨੂੰ ਭਾਈ ਸਾਹਿਬ ਨੂੰ ਅਮਰੀਕਾ ਤੋਂ ਲਿਆਂਦਾ ਗਿਆ ਸੀ, ਉਸ ਉਪਰੰਤ ਉਹ ਕਦੇ ਵੀ ਘਰ ਨਹੀਂ ਆਏ।

ਉਨ੍ਹਾਂ ਨੂੰ ਕਾਲਜ ਪੜ੍ਹਦਿਆਂ 1983 ਵਿਚ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਆਗੂਆਂ ਨੇ ਮਲੇਰਕੋਟਲਾ ਦਾ ਪ੍ਰਧਾਨ ਬਣਾ ਦਿੱਤਾ। ਬੱਸ ਇਸ ਉਪਰੰਤ ਦਿਆ ਸਿੰਘ ਲਹੌਰੀਆ ਨੂੰ ਪੁਲਿਸ ਵੱਲੋਂ ਅਤਿਵਾਦੀ ਐਲਾਨਣ ਦੀ ਕਾਰਵਾਈ ਸ਼ੁਰੂ ਹੁੰਦੀ ਹੈ। ਫਿਰ ਤਿੰਨ ਭੈਣਾਂ ਦੇ ਭਰਾ ਲਹੌਰੀਆ ਆਪਣੀ ਪਤਨੀ ਨਾਲ ਅਮਰੀਕਾ ਚਲੇ ਗਏ, ਪਰ ਪਰਿਵਾਰ ਤੇ ਰਿਸ਼ਤੇਦਾਰਾਂ ਨੂੰ ਪੁਲਿਸ ਨੇ ਬੇਹੱਦ ਤਸ਼ੱਦਦਾਂ 'ਚੋਂ ਦੀ ਲੰਘਾਇਆ। ਅਮਰੀਕਾ ਤੋਂ

### 21 ਸਾਲਾਂ ਵਿਚ ਸਿਰਫ ਇਕ ਦਿਨ ਦੀ ਪੈਰੋਲ



ਗ੍ਰਿਫਤਾਰ ਕਰ ਕੇ ਦਿੱਲੀ ਲਿਆਂਦੇ ਪਤੀ-ਪਤਨੀ ਨੂੰ ਵੱਖ-ਵੱਖ ਕੇਸਾਂ 'ਚ ਜੇਲ੍ਹ ਵਿਚ ਰੱਖਿਆ। ਲਹੌਰੀਆ ਦੀ ਪਤਨੀ ਬੀਬੀ ਕਮਲਜੀਤ ਕੌਰ ਨੂੰ ਅਦਾਲਤ ਨੇ ਸਜ਼ਾ ਸੁਣਾਈ, ਜਿਸ ਨੂੰ ਉਹ ਪੂਰੀ ਕਰ ਕੇ ਫਰਵਰੀ 2010 'ਚ ਅਜਮੇਰ ਜੇਲ੍ਹ ਵਿਚੋਂ ਰਿਹਾਅ ਹੋ ਗਏ। 1996 ਵਿਚ ਲਹੌਰੀਆ ਨੂੰ ਜਦੋਂ ਇਕ ਕੇਸ 'ਚ ਸਜ਼ਾ ਹੋਈ ਤਾਂ ਉਨ੍ਹਾਂ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਭੇਜ ਦਿੱਤਾ। ਲਹੌਰੀਆ ਦਾ ਇਕ 28 ਸਾਲ ਦਾ ਪੁੱਤਰ ਵੀ ਹੈ ਜੋ ਵਿਦੇਸ਼ ਵਿਚ ਹੈ।

22-23 ਸਾਲਾਂ ਤੋਂ ਯੂ.ਪੀ. ਦੇ ਬਰੇਲੀ 'ਚ ਰਹਿਣ ਵਾਲੇ ਗੁਰਨਾਮ ਸਿੰਘ ਨੇ ਕਿਹਾ ਕਿ ਜਦ ਦੂਸਰੇ ਕੇਸਾਂ 'ਚ ਆਮ ਕੈਦੀਆਂ ਨੂੰ ਸਜ਼ਾ ਪੂਰੀ ਕਰਨ 'ਤੇ ਰਿਹਾਅ ਕੀਤਾ ਜਾਂਦਾ ਹੈ ਤਾਂ ਫਿਰ ਭਾਈ ਲਹੌਰੀਆ ਤਾਂ 21 ਸਾਲ ਤੋਂ ਬੰਦ ਹਨ। ਬਾਕੀਆਂ ਨੂੰ 14 ਸਾਲਾਂ ਬਾਅਦ ਰਿਹਾਅ ਕੀਤਾ ਜਾਂਦਾ ਹੈ, ਪਰ ਭਾਈ ਲਹੌਰੀਆ ਨਾਲ ਇਹ ਵਿਤਕਰਾ ਕਿਉਂ? ਉਨ੍ਹਾਂ ਕਿਹਾ ਕਿ ਲਹੌਰੀਆ 'ਤੇ ਪਾਏ ਕੇਸਾਂ ਉਤੇ ਉਨ੍ਹਾਂ ਦੀ ਸਾਰੀ ਜ਼ਮੀਨ ਜਾਇਦਾਦ ਲੱਗ ਚੁੱਕੀ ਹੈ ਅਤੇ ਉਨ੍ਹਾਂ ਦੀ ਮਾਤਾ ਵੀ ਆਪਣੇ ਪੁੱਤਰ ਨੂੰ ਉਡੀਕਦੀ ਅਕਾਲ ਚਲਾਣਾ ਕਰ ਗਈ। ਭਾਈ ਲਹੌਰੀਆ ਦੇ ਪਰਿਵਾਰ ਨੇ ਪੰਜਾਬ ਦੀਆਂ ਸਮੇਂ-ਸਮੇਂ ਦੀਆਂ ਸਰਕਾਰਾਂ ਨਾਲ ਗਿਲਾ ਪ੍ਰਗਟ ਕਰਦਿਆਂ ਦਿਆ ਸਿੰਘ ਲਹੌਰੀਆ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ ਹੈ ਅਤੇ ਉਨ੍ਹਾਂ ਨੂੰ ਪੰਜਾਬ ਦੀ ਜੇਲ੍ਹ 'ਚ ਤਬਦੀਲ ਕਰਨ ਬਾਰੇ ਕਿਹਾ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 24 ਸਤੰਬਰ 2016*

## ਭਾਰਤ ਪਾਕਿਸਤਾਨ ਫਿਰ ਟਕਰਾਅ ਦੇ ਰਾਹ

ਉੜੀ ਵਿਚ ਫੌਜੀ ਕੈਂਪ ਉਤੇ ਅਤਿਵਾਦੀ ਹਮਲੇ ਤੋਂ ਬਾਅਦ ਭਾਰਤ-ਪਾਕਿਸਤਾਨ ਸਬੰਧ ਇਕ ਵਾਰ ਫਿਰ ਟਕਰਾਅ ਦੇ ਰਾਹ ਪੈ ਗਏ ਹਨ। ਅਜਿਹਾ ਪਹਿਲੀ ਵਾਰ ਨਹੀਂ ਹੋ ਰਿਹਾ ਅਤੇ ਨਾ ਹੀ ਇਸ ਨੂੰ ਆਖਰੀ ਮੰਨਿਆ ਜਾ ਸਕਦਾ ਹੈ। ਪਿਛਲੇ ਸੱਤ ਦਹਾਕਿਆਂ ਦੌਰਾਨ ਦੋਹਾਂ ਮੁਲਕਾਂ ਦੇ ਰਿਸ਼ਤਿਆਂ ਵਿਚਾਲੇ ਉਤਰਾਅ-ਚੜ੍ਹਾਅ ਆਉਂਦੇ ਰਹੇ ਹਨ ਅਤੇ 1948 ਵਾਲੇ ਕਬਾਇਲੀ ਹੱਲੇ ਤੋਂ ਇਲਾਵਾ 1965, 1971 ਅਤੇ 1999 ਵਿਚ ਤਿੰਨ ਵਾਰੀ ਦੋਹਾਂ ਮੁਲਕਾਂ ਦੀਆਂ ਫੌਜਾਂ ਆਹਮੋ-ਸਾਹਮਣੇ ਭਿੜ ਚੁੱਕੀਆਂ ਹਨ। ਉਂਜ ਐਤਕੀਂ ਹਾਲਾਤ ਪਹਿਲਾਂ ਵਾਲੇ ਵਕਤਾਂ ਤੋਂ ਐਨ ਵੱਖਰੇ ਹਨ। ਇਕ ਤਾਂ ਪਿਛਲੇ ਦੋ ਮਹੀਨਿਆਂ ਤੋਂ ਕਸ਼ਮੀਰ ਵਾਦੀ ਭਾਰਤ-ਵਿਰੋਧੀ ਰੋਸ ਤੇ ਰੋਹ ਨਾਲ ਤਪ ਰਹੀ ਹੈ ਅਤੇ ਇਸ ਦਾ ਸੇਕ ਵੀ ਬਾਕਾਇਦਾ ਮਹਿਸੂਸ ਕੀਤਾ ਜਾ ਰਿਹਾ ਹੈ; ਦੂਜੇ, ਕੇਂਦਰ ਵਿਚ ਅੱਜ ਕੱਲ੍ਹ ਉਹ ਧਿਰਾਂ ਸੱਤਾ ਵਿਚ ਹਨ ਜੋ ਪਾਕਿਸਤਾਨ ਨੂੰ ਸਖਤ ਸਬਕ ਸਿਖਾਉਣ ਬਾਰੇ ਅਕਸਰ ਕਹਿੰਦੀਆਂ-ਸੁਣਦੀਆਂ ਰਹੀਆਂ ਹਨ। ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਪ੍ਰਚਾਰ ਵੇਲੇ ਭਾਰਤੀ ਜਨਤਾ ਪਾਰਟੀ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਨਰੇਂਦਰ ਮੋਦੀ ਨੇ ਤਾਂ ਮੁੰਬਈ ਵਾਲੇ 26/11 ਹਮਲੇ ਦਾ ਜ਼ਿਕਰ ਕਰਦਿਆਂ ਭਾਸ਼ਣ ਦਿਤਾ ਸੀ ਕਿ 'ਭਾਰਤੀ ਲੋਕ ਮਰਦੇ ਰਹੇ... ਤੇ ਉਨ੍ਹਾਂ (ਮਨਮੋਹਨ ਸਿੰਘ ਸਰਕਾਰ) ਨੇ ਕੁਝ ਵੀ ਨਹੀਂ ਕੀਤਾ'। ਇਸ ਦਾ ਸਿੱਧਾ ਜਿਹਾ ਸੁਨੇਹਾ ਇਹੀ ਸੀ ਕਿ ਉਨ੍ਹਾਂ ਦੀ ਸਰਕਾਰ ਆਉਣ 'ਤੇ ਪਾਕਿਸਤਾਨ ਜਿਹੜਾ ਭਾਰਤ ਵਿਚ ਦਹਿਸ਼ਤਵਾਦੀ ਕਾਰਵਾਈਆਂ ਤੋਂ ਬਾਜ ਨਹੀਂ ਆ ਰਿਹਾ, ਨਾਲ ਕਰੜੇ ਹੱਥੀਂ ਨਜਿੱਠਿਆ ਜਾਵੇਗਾ। ਹੁਣ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਉਨ੍ਹਾਂ ਦੇ ਸਾਥੀ ਕਸੂਤੀ ਸਥਿਤੀ ਵਿਚ ਫਸੇ ਹੋਏ ਹਨ। ਹੁਣ ਉਹ ਵੀ ਉਹੀ ਪਹੁੰਚ ਅਪਨਾ ਰਹੇ ਹਨ ਜੋ ਮਨਮੋਹਨ ਸਿੰਘ ਸਰਕਾਰ ਵੇਲੇ ਅਪਨਾਈ ਗਈ ਸੀ। ਇਸੇ ਲਈ ਹੁਣ ਸਭ ਤੋਂ ਵੱਡਾ ਪ੍ਰਸ਼ਨ ਚਿੰਨ੍ਹ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਉਤੇ ਲੱਗ ਰਿਹਾ ਹੈ। ਮਨੀਪੁਰ ਵਿਚ ਫੌਜੀ ਟੁਕੜੀ ਉਤੇ ਹਮਲੇ ਤੋਂ ਤੁਰੰਤ ਬਾਅਦ, ਮਿਆਂਮਾਰ ਅੰਦਰ ਵੜ ਕੇ ਸਬੰਧਤ ਹਮਲਾਵਰਾਂ ਨੂੰ ਮਾਰ ਮੁਕਾਇਆ ਗਿਆ ਸੀ। ਅਜੀਤ ਡੋਵਾਲ ਦੇ ਇਸ ਹਮਲਾਵਰ ਰੁਖ ਬਾਰੇ ਉਦੋਂ ਮੀਡੀਆ ਵਿਚ ਕਈ ਦਿਨ ਚਰਚਾ ਚੱਲਦੀ ਰਹੀ ਸੀ ਅਤੇ ਕੁਝ ਜੰਗਬਾਜ਼ ਟੈਲੀਵਿਜ਼ਨ ਚੈਨਲਾਂ ਨੇ ਤਾਂ ਇਸੇ ਤਰ੍ਹਾਂ ਦੀ ਕਾਰਵਾਈ ਪਾਕਿਸਤਾਨ ਖਿਲਾਫ ਕਰਨ ਦੀਆਂ ਸਲਾਹਾਂ ਵੀ ਦੇਣੀਆਂ ਸ਼ੁਰੂ ਕਰ ਦਿਤੀਆਂ ਸਨ। ਉਸ ਵਕਤ ਮੋਦੀ ਅਤੇ ਡੋਵਾਲ-ਦੋਹਾਂ ਨੇ ਇਹੀ ਸੰਕੇਤ ਦਿਤਾ ਸੀ ਕਿ ਮਿਆਂਮਾਰ ਵਾਲੀ ਕਾਰਵਾਈ ਭਵਿੱਖ ਵਿਚ ਪਾਕਿਸਤਾਨ ਖਿਲਾਫ ਕੀਤੀ ਜਾਣ ਵਾਲੀ ਕਾਰਵਾਈ ਦੀ ਹੁਣ ਮਸ਼ਕ ਹੀ ਸਮਝੋ। ਹੁਣ ਜਾਪਦਾ ਹੈ, ਸੱਤਾਧਾਰੀਆਂ ਨੂੰ ਇਹ ਭਲੀਭਾਂਤ ਖਬਰ ਹੋ ਚੁੱਕੀ ਹੈ ਕਿ ਇਹ ਸੰਵੇਦਨਸ਼ੀਲ ਮਸਲਾ ਇੰਨਾ ਸਰਲ ਅਤੇ ਸੁਖਾਲਾ ਨਹੀਂ। ਇਸੇ ਕਰ ਕੇ ਉੜੀ ਵਾਲੇ ਖੇਤਰ ਵਿਚ ਹੀ ਫੌਜ ਵੱਲੋਂ 10 ਘੁਸਪੈਠੀਆਂ ਨੂੰ ਮਾਰ ਕੇ 'ਲੋਕਾਂ ਦੀਆਂ ਭੜਕੀਆਂ ਭਾਵਨਾਵਾਂ' ਨੂੰ ਸ਼ਾਂਤ ਕਰਨ ਦਾ ਯਤਨ ਕੀਤਾ ਗਿਆ ਹੈ, ਕਿਉਂਕਿ ਅੰਦਰਖਾਤੇ ਸੱਤਾਧਿਰ ਨੂੰ ਇਹੀ ਸੁਨੇਹਾ ਮਿਲਿਆ ਹੈ ਕਿ ਕੋਈ ਵੀ ਸਿੱਧੀ ਕਾਰਵਾਈ ਬਹੁਤ ਮਹਿੰਗੀ ਪੈਣੀ ਹੈ।

ਉੜੀ ਵਾਲੇ ਅਤਿਵਾਦੀ ਹਮਲੇ ਦੀ ਨਿੰਦਾ ਹਰ ਇਕ ਧਿਰ ਨੇ ਕੀਤੀ ਹੈ, ਪਰ ਇਸ ਦੇ ਨਾਲ ਹੀ ਨਾਕਾਮੀਆਂ ਬਾਰੇ ਚਰਚਾ ਵੀ ਮੀਡੀਆ ਵਿਚ ਨਸ਼ਰ ਹੋਈ ਹੈ। ਅਜਿਹੇ ਹਮਲਿਆਂ ਤੋਂ ਬਾਅਦ ਅਜਿਹੀ ਚਰਚਾ ਭਾਵੇਂ ਆਮ ਹੀ ਚੱਲਦੀ ਹੈ, ਪਰ ਧਿਆਨ ਦੇਣ ਵਾਲਾ ਤੱਥ ਇਹ ਹੈ ਕਿ ਕੇਂਦਰ ਸਰਕਾਰ, ਪਾਕਿਸਤਾਨ ਦੇ ਮਾਮਲੇ ਵਿਚ ਸਾਰੀਆਂ ਮੋਰੀਆਂ ਮੁੰਦਣ ਵਿਚ ਅਸਫਲ ਰਹੀ ਹੈ। ਇਸੇ ਕਰ ਕੇ ਇਸ ਨੂੰ ਹੁਣ ਅਜਿਹੇ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਾਕਿਸਤਾਨ ਬਾਰੇ ਮੋਦੀ ਸਰਕਾਰ ਦੀ ਵਿਦੇਸ਼ ਨੀਤੀ ਤਾਂ ਹੁਣ ਜੱਗ-ਜ਼ਾਹਿਰ ਹੀ ਹੈ। 2014 ਵਿਚ ਹਲਫ ਸਮਾਗਮ ਵਿਚ ਪਾਕਿਸਤਾਨੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਸੱਦਾ ਦੇਣ ਤੋਂ ਲੈ ਕੇ ਅਚਾਨਕ ਉਨ੍ਹਾਂ ਨੂੰ ਮਿਲਣ ਲਈ ਆਪਣਾ ਜਹਾਜ਼ ਲਾਹੌਰ ਉਤਾਰਨ ਤਕ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੋਹਾਂ ਮੁਲਕਾਂ ਦੇ ਰਿਸ਼ਤਿਆਂ ਬਾਰੇ ਬਹੁਤ ਸਾਰੇ ਚੱਕਵੇਂ ਗੇੜ ਪਾ ਚੁੱਕੇ ਹਨ। ਇਕ ਵਾਰ ਤਾਂ ਦੋਹਾਂ ਮੁਲਕਾਂ ਵਿਚਾਲੇ ਗੱਲਬਾਤ ਇਸ ਕਰ ਕੇ ਰੋਕ ਦਿਤੀ ਗਈ ਸੀ, ਕਿਉਂਕਿ ਜੰਮੂ ਕਸ਼ਮੀਰ ਦੇ ਹੁਰੀਅਤ ਆਗੂ ਨਵੀਂ ਦਿੱਲੀ ਵਿਚ ਪਾਕਿਸਤਾਨ ਦੇ ਸਫੀਰ ਨੂੰ ਜਾ ਮਿਲੇ ਸਨ; ਹਾਲਾਂਕਿ ਇਹ ਹੁਣ ਤਕ ਦੀ ਰਵਾਇਤ ਰਹੀ ਹੈ ਕਿ ਜਦੋਂ ਵੀ ਪਾਕਿਸਤਾਨ ਤੋਂ ਕੋਈ ਵਫਦ ਭਾਰਤ ਪੁੱਜਦਾ ਹੈ ਤਾਂ ਇਸ ਤੋਂ ਪਹਿਲਾਂ ਕਸ਼ਮੀਰੀ ਲੀਡਰ, ਪਾਕਿਸਤਾਨੀ ਸਫੀਰ ਨੂੰ ਮਿਲਦੇ ਰਹੇ ਹਨ। ਇਸ ਦੇ ਨਾਲ ਹੀ, ਕਸ਼ਮੀਰ ਬਾਰੇ ਜੋ ਪਹੁੰਚ ਕੇਂਦਰ ਸਰਕਾਰ ਨੇ ਅਪਨਾਈ ਹੋਈ ਹੈ, ਉਹ ਵੀ ਸਵਾਲਾਂ ਦੇ ਘੇਰੇ ਵਿਚ ਹੈ। ਪਿਛਲੇ ਦੋ ਮਹੀਨਿਆਂ ਤੋਂ ਕਸ਼ਮੀਰ ਵਿਚ ਹੋ ਰਹੀ ਉਥਲ-ਪੁਥਲ ਦਾ ਕੋਈ ਸਾਰਥਕ ਹੱਲ ਕੱਢਣ ਵਿਚ ਸਰਕਾਰ ਉਕ ਗਈ ਗਈ ਹੈ। ਹੋਰ ਤਾਂ ਹੋਰ, ਸੂਬੇ ਵਿਚ ਭਾਰਤੀ ਜਨਤਾ ਪਾਰਟੀ ਦੀ ਭਾਈਵਾਲ ਪੀਪਲਜ਼ ਡੈਮੋਕਰੇਟਿਕ ਪਾਰਟੀ ਨੂੰ ਵੀ ਕਸੂਤਾ ਫਸਾ ਦਿਤਾ ਗਿਆ ਹੈ। ਸਾਂਝੀ ਸਰਕਾਰ ਦੇ ਮੁੱਦੇ ਨੂੰ ਲੈ ਕੇ ਪੀਪਲਜ਼ ਡੈਮੋਕਰੇਟਿਕ ਪਾਰਟੀ ਵਿਚਾਲੇ ਰੱਫੜ ਮੁੱਢ ਤੋਂ ਹੀ ਪਿਆ ਹੋਇਆ ਸੀ। ਪਹਿਲਾਂ ਮਰਹੂਮ ਮੁੱਖ ਮੰਤਰੀ ਮੁਫਤੀ ਮੁਹੰਮਦ ਸਈਦ ਦੀ ਲੀਡਰਸ਼ਿਪ ਤਹਿਤ ਬਗਾਵਤ ਇਕ ਤਰ੍ਹਾਂ ਨਾਲ ਠੱਲ੍ਹੀ ਹੋਈ ਸੀ ਜੋ ਹੁਣ ਅਸਤੀਫਿਆਂ ਤਕ ਜਾ ਪੁੱਜੀ ਹੈ। ਜ਼ਾਹਰ ਹੈ ਕਿ ਆਉਣ ਵਾਲੇ ਦਿਨਾਂ ਵਿਚ ਸੂਬਾ ਸਰਕਾਰ ਦਾ ਸਿਆਸੀ ਸੰਕਟ ਹੋਰ ਵਧਣ ਵਾਲਾ ਹੈ। ਹਾਲਾਤ ਇਹ ਹਨ ਕਿ ਵਾਦੀ ਦੇ ਕੁਝ ਹਿਸਿਆਂ ਵਿਚ ਦੋ ਮਹੀਨੇ ਬਾਅਦ ਵੀ ਕਰਫਿਊ ਲਾਉਣਾ ਪੈ ਰਿਹਾ ਹੈ ਅਤੇ ਕੇਂਦਰ ਸਰਕਾਰ ਅਜੇ ਵੀ ਆਪਣੀ ਸਿਆਸਤ ਮੁਤਾਬਕ ਗੋਟੀਆਂ ਸੁੱਟਣ ਲਈ ਤੀਂਘੜ ਰਹੀ ਹੈ। ਜਿੰਨਾ ਚਿਰ ਪਾਕਿਸਤਾਨ ਅਤੇ ਕਸ਼ਮੀਰ ਵਰਗੇ ਅਤਿ-ਸੰਵੇਦਨਸ਼ੀਲ ਮੁੱਦਿਆਂ 'ਤੇ ਕਾਰਗਰ ਅਤੇ ਸਹੀ ਨੀਤੀ ਨਹੀਂ ਅਪਨਾਈ ਜਾਂਦੀ, ਮਸਲਾ ਕਿਸੇ ਤਣ-ਪੱਤਣ ਲੱਗਣ ਵਾਲਾ ਨਹੀਂ ਜਾਪਦਾ। ਇਸ ਮਾਮਲੇ ਵਿਚ ਜਲਦਬਾਜ਼ੀ ਅਤੇ ਭੜਕਾਹਟ ਵਾਲਾ ਰੁਖ ਅਪਨਾਉਣ ਦੀ ਥਾਂ, ਸਿਰ ਜੋੜ ਕੇ ਵਿਚਾਰਾਂ ਹੋਣੀਆਂ ਚਾਹੀਦੀਆਂ ਹਨ। ਇਸ ਵਿਚ ਹੀ ਆਵਾਮ ਦਾ ਭਲਾ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਪ੍ਰਧਾਨ ਦੀ ਬੇਨਤੀ!*

ਧਰਮੀ ਦਿਸਣ ਲਈ ਲੋਕਾਂ ਦੀ ਨਜ਼ਰ ਅੰਦਰ, ਗੱਲੀਂ-ਬਾਤੀਂ ਭਗਵਾਨ ਤੋਂ ਡਰੀ ਜਾਵੋ।
ਆਲੀਸ਼ਾਨ ਇਮਾਰਤਾਂ ਸੋਂਹਦੀਆਂ ਨੇ, ਮਾਇਆ 'ਭੇਟ' ਕਰ ਭਵਜਲ ਨੂੰ ਤਰੀ ਜਾਵੋ।
ਭਾਂਤ ਭਾਂਤ ਦਾ ਲੰਗਰ ਹੈ ਤਿਆਰ ਹੁੰਦਾ, ਸਿਫਤਾਂ 'ਛਕਦਿਆਂ' ਸਾਡੀਆਂ ਕਰੀ ਜਾਵੋ।
'ਮੱਤਾਂ ਦੇਣ' ਦਾ ਕਰਿਓ ਨਾ ਕਸ਼ਟ ਕੋਈ, ਬਣੀ ਹੋਈ 'ਕਮੇਟੀ' ਨੂੰ ਜਰੀ ਜਾਵੋ।
ਭਾਵੇ ਜੋ ਦਿਲ ਨੂੰ, ਕਰੋ ਬੇਖੌਫ ਹੋ ਕੇ, ਐਵੇਂ ਫਲਸਫੇ ਖਾਤਰ ਨਾ ਮਰੀ ਜਾਵੋ।
ਕਰੀ 'ਬਿਨੈ' ਪ੍ਰਧਾਨ ਸਾਬ੍ਹ ਨੇ ਸੰਗਤਾਂ ਨੂੰ, ਮੱਥਾ ਟੇਕੋ ਤੇ ਗੋਲਕਾਂ ਭਰੀ ਜਾਵੋ!

# ਕਸ਼ਮੀਰ ਦੇ ਹਕੀਕੀ ਹਾਲਾਤ ਅਤੇ ਕੇਂਦਰ ਦੀ ਪਹੁੰਚ

*ਪੀ.ਡੀ.ਪੀ. ਨੇ ਲੋਕ ਸਭਾ ਚੋਣਾਂ ਨੈਸ਼ਨਲ ਕਾਨਫ਼ਰੰਸ ਦੇ ਖਿਲਾਫ਼ ਲੜੀਆਂ ਸਨ, ਪਰ ਵਿਧਾਨ ਸਭਾ ਚੋਣਾਂ ਵਿਚ ਉਸ ਦੇ ਹਮਲੇ ਦਾ ਨਿਸ਼ਾਨਾ ਭਾਜਪਾ ਸੀ। ਤਾਰਿਕ ਹਮੀਦ ਕਾਰਾ ਅਤੇ ਜ਼ਫ਼ਰ ਮਿਨਾਜ਼ ਵਰਗੇ ਪੀ.ਡੀ.ਪੀ. ਆਗੂਆਂ ਨੇ ਪੂਰੇ ਕਸ਼ਮੀਰ ਵਿਚ ਘੁੰਮ-ਘੁੰਮ ਕੇ ਵੋਟਰਾਂ ਨੂੰ ਕਿਹਾ ਸੀ ਕਿ ਜੇ ਭਾਜਪਾ ਸੱਤਾ ਵਿਚ ਆ ਗਈ ਤਾਂ ਕਸ਼ਮੀਰੀ ਪਛਾਣ ਨੂੰ ਵੱਡੀ ਸੱਟ ਵੱਜ ਸਕਦੀ ਹੈ। ਇਹ ਪ੍ਰਚਾਰ ਕਾਮਯਾਬ ਰਿਹਾ ਅਤੇ ਪੀ.ਡੀ.ਪੀ. ਅੱਗੇ ਨਿਕਲ ਗਈ; ਪਰ ਉਸ ਸਮੇਂ ਕਾਰਾ ਅਤੇ ਮਿਨਾਜ਼ ਵਰਗੇ ਆਗੂਆਂ ਨੂੰ ਵੱਡੀ ਹੈਰਾਨੀ ਹੋਈ ਜਦੋਂ ਉਨ੍ਹਾਂ ਨੇ ਮੁਫ਼ਤੀ ਮੁਹੰਮਦ ਸਈਦ ਨੂੰ ਭਾਜਪਾ ਨਾਲ ਗਠਜੋੜ ਬਣਾਉਣ ਦੀ ਗੱਲਬਾਤ ਕਰਦਿਆਂ ਦੇਖਿਆ। ਮੁਫ਼ਤੀ ਦੀਆਂ ਇਨ੍ਹਾਂ ਕੋਸ਼ਿਸ਼ਾਂ ਦਾ ਪਹਿਲਾਂ ਤਾਂ ਜ਼ਬਰਦਸਤ ਵਿਰੋਧ ਹੋਇਆ, ਪਰ ਬਾਅਦ ਵਿਚ ਪਾਰਟੀ ਪ੍ਰਧਾਨ ਦੇ ਸਾਹਮਣੇ ਇਨ੍ਹਾਂ ਆਗੂਆਂ ਨੇ ਹਥਿਆਰ ਸੁੱਟ ਦਿਤੇ।*


ਅਜੇ 15 ਸਤੰਬਰ ਦੀ ਹੀ ਗੱਲ ਹੈ, ਮੈਂ ਜਦੋਂ ਗ੍ਰਹਿ ਮੰਤਰਾਲੇ ਦੀ ਵੈੱਬਸਾਈਟ ਤੋਂ ਕਸ਼ਮੀਰ ਸਬੰਧੀ ਵਾਰਤਾਕਾਰਾਂ ਦੀ ਕਮੇਟੀ (ਭਾਵ ਉਘੇ ਪੱਤਰਕਾਰ ਦਲੀਪ ਪੜਗਾਉਂਕਰ, ਸਮਾਜ ਵਿਗਿਆਨੀ ਰਾਧਾ ਕੁਮਾਰ ਅਤੇ ਸਾਬਕਾ ਸੂਚਨਾ ਕਮਿਸ਼ਨਰ ਐਮ.ਐਮ. ਅੰਸਾਰੀ ਦੀ ਟੀਮ ਜਿਸ ਨੂੰ ਕਸ਼ਮੀਰ ਸਮੱਸਿਆ ਦਾ ਅਧਿਐਨ ਕਰਨ ਤੇ ਹੱਲ ਸੁਝਾਉਣ ਲਈ ਮਨਮੋਹਨ ਸਿੰਘ ਸਰਕਾਰ ਨੇ 2010 ਦੇ ਕਸ਼ਮੀਰ ਸੰਕਟ ਤੋਂ ਬਾਅਦ ਨਿਯੁਕਤ ਕੀਤਾ ਸੀ) ਦੀ ਰਿਪੋਰਟ ਡਾਊਨਲੋਡ ਕਰਨ ਦੀ ਕੋਸ਼ਿਸ਼ ਕਰ ਰਿਹਾ ਸਾਂ, ਤਾਂ ਉਦੋਂ ਹੀ ਮੇਰੇ ਮੋਬਾਈਲ ਉਤੇ 'ਚੌਥੀ ਦੁਨੀਆ' ਦੇ ਸੰਪਾਦਕ

**ਅਭੈ ਕੁਮਾਰ ਦੂਬੇ**

ਤੇ ਉਘੇ ਪੱਤਰਕਾਰ ਸੰਤੋਸ਼ ਭਾਰਤੀ ਦਾ ਐਸ.ਐਮ.ਐਸ. ਆਇਆ। ਲਿਖਿਆ ਸੀ- 'ਕਾਰਾ ਨੇ ਅਸਤੀਫ਼ਾ ਦੇ ਦਿਤਾ।' ਕਾਰਾ ਭਾਵ ਤਾਰਿਕ ਹਮੀਦ ਕਾਰਾ ਜਿਨ੍ਹਾਂ ਨੇ ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀ.ਡੀ.ਪੀ.) ਦੇ ਉਮੀਦਵਾਰ ਵਜੋਂ ਸ੍ਰੀਨਗਰ ਲੋਕ ਸਭਾ ਹਲਕੇ ਤੋਂ 2014 ਦੀਆਂ ਚੋਣਾਂ ਵਿਚ ਨੈਸ਼ਨਲ ਕਾਨਫ਼ਰੰਸ ਦੇ ਆਗੂ ਫਾਰੂਕ ਅਬਦੁੱਲਾ ਨੂੰ ਹਰਾਇਆ ਸੀ ਅਤੇ ਜੋ 1999 ਵਿਚ ਬਣੀ ਪੀ.ਡੀ.ਪੀ. ਦੇ ਬਾਨੀ ਮਹਾਂਮੰਤਰੀ ਸਨ। ਮੈਂ ਇਸ ਖ਼ਬਰ ਨਾਲ ਥੋੜ੍ਹਾ ਚੌਂਕ ਗਿਆ। ਇਸ ਲਈ ਨਹੀਂ ਕਿ ਮੈਨੂੰ ਇਸ ਦੀ ਉਮੀਦ ਨਹੀਂ ਸੀ, ਸਗੋਂ ਇਸ ਲਈ ਕਿ ਕਾਰਾ ਸਾਹਿਬ ਨੇ ਲੋਕ ਸਭਾ ਦੀ ਮੈਂਬਰੀ ਅਤੇ ਪਾਰਟੀ ਤੋਂ ਅਸਤੀਫ਼ਾ ਦੇਣ ਵਿਚ ਮੇਰੀ ਉਮੀਦ ਨਾਲੋਂ ਕੁਝ ਵਧੇਰੇ ਹੀ ਕਾਹਲੀ ਦਿਖਾਈ ਸੀ। ਦਰਅਸਲ ਦੋ ਦਿਨ ਪਹਿਲਾਂ, ਭਾਵ 13 ਸਤੰਬਰ ਨੂੰ ਈਦ ਵਾਲੇ ਦਿਨ ਦੀ ਸ਼ਾਮ ਨੂੰ ਜਦੋਂ ਸ੍ਰੀਨਗਰ ਵਿਚ ਜ਼ਬਰਦਸਤ ਕਰਫਿਊ ਲੱਗਾ ਹੋਇਆ ਸੀ ਤਾਂ ਮੈਂ, ਸੰਤੋਸ਼ ਭਾਰਤੀ ਅਤੇ ਕਈ ਟੀ.ਵੀ. ਬਹਿਸਾਂ ਵਿਚ ਮੇਰੇ ਸਾਥੀ ਰਹੇ ਅਸ਼ੋਕ ਵਾਨਖੇੜੇ, ਕਾਰਾ ਦੇ ਬੈਠਕਖਾਨੇ ਵਿਚ ਬੈਠ ਕੇ ਉਨ੍ਹਾਂ ਨਾਲ ਮੇਵੇ ਖਾਂਦਿਆਂ ਤੇ ਕਾਹਵਾ ਪੀਂਦਿਆਂ 'ਮਸਲਾ-ਏ-ਕਸ਼ਮੀਰ' ਬਾਰੇ ਲੰਮੀ ਚਰਚਾ ਕਰ ਰਹੇ ਸਾਂ। ਕਾਰਾ ਨੇ ਉਸ ਚਰਚਾ ਨੂੰ ਸਮੇਟਦਿਆਂ ਸਾਨੂੰ ਵਾਹਵਾ ਸੰਕੇਤ ਦੇ ਦਿਤੇ ਸਨ ਕਿ ਉਹ ਹੁਣ ਬਹੁਤੇ ਦਿਨ ਮਹਿਬੂਬਾ ਮੁਫ਼ਤੀ ਦੇ ਨਾਲ ਨਹੀਂ ਰਹਿ ਸਕਣਗੇ। ਉਂਜ ਵੀ ਮਹਿਬੂਬਾ ਨਾਲ ਉਨ੍ਹਾਂ ਦੀ ਕਈ ਦਿਨਾਂ ਤੋਂ ਮੁਲਾਕਾਤ ਨਹੀਂ ਹੋਈ ਸੀ।

ਕਾਰਾ ਦਾ ਇਹ ਅਸਤੀਫ਼ਾ ਉਸ ਅਮਲ ਦੀ ਸ਼ੁਰੂਆਤ ਹੋ ਸਕਦੀ ਹੈ, ਜਾਂ ਇੰਜ ਕਹਿ ਲਓ ਕਿ ਇਹ ਅਸਤੀਫ਼ਾ ਕੁਝ ਪਹਿਲਾਂ ਤੋਂ ਚੱਲ ਰਹੇ ਅਮਲ ਦਾ ਪ੍ਰਗਟਾਵਾ ਹੀ ਹੈ ਜਿਸ ਨੂੰ ਮੈਂ ਪੀ.ਡੀ.ਪੀ. ਦੀ ਰਾਜਨੀਤਕ ਸਾਖ਼ ਲਗਾਤਾਰ ਡਿਗਦੇ ਜਾਣ ਦੇ ਰੂਪ ਵਿਚ ਦੇਖਦਾ ਹਾਂ। ਕਸ਼ਮੀਰ ਵਿਚ ਅਸੀਂ ਤਿੰਨਾਂ ਪੱਤਰਕਾਰ ਸਾਥੀਆਂ ਨੇ ਚਾਰ ਦਿਨਾਂ ਤੱਕ ਨਾਗਰਿਕ ਸਮਾਜ ਦੀਆਂ ਅਹਿਮ ਹਸਤੀਆਂ, ਪੀ.ਡੀ.ਪੀ. ਅਤੇ ਨੈਸ਼ਨਲ ਕਾਨਫ਼ਰੰਸ ਦੇ ਆਗੂਆਂ, ਉਥੋਂ ਦੇ ਉਘੇ ਪੱਤਰਕਾਰਾਂ, ਵਪਾਰੀ ਸੰਗਠਨ ਦੇ ਆਗੂਆਂ, ਹੁਰੀਅਤ ਦੇ ਆਗੂਆਂ (ਜਿਨ੍ਹਾਂ ਵਿਚ ਸਈਦ ਅਲੀ ਸ਼ਾਹ ਗਿਲਾਨੀ ਅਤੇ ਪ੍ਰੋ. ਅਬਦੁਲ ਗਨੀ ਬੱਟ ਵਰਗੀਆਂ ਸ਼ਖ਼ਸੀਅਤਾਂ ਸ਼ਾਮਿਲ ਸਨ) ਅਤੇ ਆਮ ਲੋਕਾਂ (ਜਿਵੇਂ ਟੈਕਸੀ ਡਰਾਈਵਰ, ਪੁਲਿਸ ਵਾਲੇ, ਦੁਕਾਨਦਾਰ ਅਤੇ ਖਰੀਦਦਾਰ ਆਦਿ) ਨਾਲ ਗੱਲ ਕੀਤੀ। ਉਨ੍ਹਾਂ ਸਾਰਿਆਂ ਦੀਆਂ ਗੱਲਾਂ ਤੋਂ ਸਾਫ਼ ਸੀ ਕਿ ਪੀ.ਡੀ.ਪੀ. ਦਾ ਭਾਰਤੀ ਜਨਤਾ ਪਾਰਟੀ ਨਾਲ ਗਠਜੋੜ ਜ਼ਮੀਨੀ ਪੱਧਰ 'ਤੇ ਪੂਰੀ ਤਰ੍ਹਾਂ ਨਾਕਾਮ ਹੋ ਚੁੱਕਾ ਹੈ ਅਤੇ ਇਹ ਮੌਜੂਦਾ ਸੰਕਟ ਦੇ ਮੁੱਖ ਕਾਰਨਾਂ ਵਿਚੋਂ ਇਕ ਹੈ।

ਕਸ਼ਮੀਰ ਦੇ ਅਧਿਐਨ ਲਈ ਕੀਤੇ ਗਏ ਇਸ ਦੌਰੇ ਤੋਂ ਬਾਅਦ ਮੇਰੇ ਅਤੇ ਮੇਰੇ ਸਾਥੀਆਂ ਦੇ ਸਾਹਮਣੇ ਪੂਰੀ ਤਰ੍ਹਾਂ ਸਾਫ਼ ਹੋ ਚੁੱਕਾ ਹੈ ਕਿ ਛੇਤੀ ਹੀ ਕਸ਼ਮੀਰ ਦੀ ਰਾਜਨੀਤੀ ਵਿਚ ਅਜਿਹੀਆਂ ਰਾਜਨੀਤਕ ਤਾਕਤਾਂ ਦੀ ਤੋਟ ਆਉਣ ਵਾਲੀ ਹੈ ਜੋ ਕਸ਼ਮੀਰ ਦੇ ਤਿੰਨ ਪੱਟੀਆਂ ਵਾਲੇ ਝੰਡੇ ਨਾਲ ਤਿਰੰਗਾ ਉਠਾਉਣ ਦੀ ਜੁਰਅਤ ਕਰਨ ਅਤੇ ਜਨਤਾ ਉਨ੍ਹਾਂ ਨੂੰ ਮੁਹੱਬਤ ਅਤੇ ਯਕੀਨ ਨਾਲ ਦੇਖੇ। ਇਕ ਜ਼ਮਾਨੇ ਵਿਚ ਇਹ ਹੈਸੀਅਤ ਨੈਸ਼ਨਲ ਕਾਨਫ਼ਰੰਸ ਦੀ ਸੀ। ਸ਼ੇਰ-ਏ-ਕਸ਼ਮੀਰ ਸ਼ੇਖ ਅਬਦੁੱਲਾ ਦੀ ਸ਼ਾਨਦਾਰ ਵਿਰਾਸਤ ਨਾਲ ਲੈਸ ਨੈਸ਼ਨਲ ਕਾਨਫ਼ਰੰਸ ਦੀ ਰਾਜਨੀਤਕ ਸਾਖ ਇਸ ਸਮੇਂ ਲੋਕਾਂ ਦੀਆਂ ਨਜ਼ਰਾਂ ਵਿਚ ਡਿਗ ਚੁੱਕੀ ਹੈ। ਪਹਿਲਾਂ ਲੋਕ ਸਭਾ ਚੋਣਾਂ ਵਿਚ ਘਾਟੀ 'ਚ ਉਸ ਦਾ ਸਫ਼ਾਇਆ ਹੋਇਆ। ਫਿਰ ਵਿਧਾਨ ਸਭਾ ਚੋਣਾਂ ਵਿਚ ਪੀ.ਡੀ.ਪੀ. ਹੱਥੋਂ ਕਰਾਰੀ ਹਾਰ ਹੋਈ। ਦੂਜੇ ਪਾਸੇ ਪੀ.ਡੀ.ਪੀ. ਹੈ ਜਿਸ ਨੇ ਭਾਜਪਾ ਨਾਲ ਇਕ ਘੱਟੋ-ਘੱਟ ਸਾਂਝਾ ਪ੍ਰੋਗਰਾਮ ਬਣਾ ਕੇ ਸੱਤਾ ਸੰਭਾਲੀ ਸੀ। ਇਸ ਪ੍ਰੋਗਰਾਮ ਵਿਚ ਲਿਖਿਆ ਹੋਇਆ ਹੈ



***ਅੱਜ ਕਸ਼ਮੀਰ ਆਪਣੇ ਇਤਿਹਾਸ ਦੇ ਸਭ ਤੋਂ ਸੰਕਟਮਈ ਮੁਕਾਮ 'ਤੇ ਖੜ੍ਹਾ ਹੈ। 6 ਸਾਲ ਦੇ ਬੱਚੇ ਤੋਂ 80 ਸਾਲ ਦੇ ਬਜ਼ੁਰਗ ਤੱਕ ਆਜ਼ਾਦੀ ਦੀ ਮੰਗ ਕਰ ਰਹੇ ਹਨ। ਨੈਸ਼ਨਲ ਕਾਨਫ਼ਰੰਸ ਅਤੇ ਪੀ.ਡੀ.ਪੀ. ਦੀ ਰਾਜਨੀਤਕ ਸਾਖ਼ ਡਿਗ ਰਹੀ ਹੈ। ਮੌਜੂਦਾ ਅੰਦੋਲਨ ਹੁਰੀਅਤ ਦੇ ਹੱਥਾਂ ਵਿਚੋਂ ਵੀ ਨਿਕਲ ਗਿਆ ਹੈ। ਲੋਕ ਅੰਤਿਮ ਕੁਰਬਾਨੀ ਦੇਣ ਦੀਆਂ ਗੱਲਾਂ ਕਰ ਰਹੇ ਹਨ। ਕੇਂਦਰ ਸਰਕਾਰ ਸੋਚਦੀ ਹੈ ਕਿ ਸੀ.ਆਰ.ਪੀ.ਐਫ. ਅਤੇ ਫ਼ੌਜ ਦੇ ਦਮ 'ਤੇ ਉਹ ਕਸ਼ਮੀਰ ਨੂੰ ਆਪਣੇ ਨਾਲ ਰੱਖ ਸਕਦੀ ਹੈ।***

ਕਿ ਪੀ.ਡੀ.ਪੀ.-ਭਾਜਪਾ ਗਠਜੋੜ ਸੁਸ਼ਾਸਨ ਦੇਣ ਦੇ ਨਾਲ-ਨਾਲ ਕਸ਼ਮੀਰ ਵਿਚ ਸ਼ਾਂਤੀ ਬਹਾਲ ਕਰੇਗਾ ਅਤੇ ਆਮ ਵਰਗੀ ਸਥਿਤੀ ਕਾਇਮ ਕੀਤੀ ਜਾਵੇਗੀ। ਇਸ ਲਈ ਕੇਂਦਰ ਸਰਕਾਰ ਪਾਕਿਸਤਾਨ ਨਾਲ ਚੰਗੇ ਸਬੰਧ ਬਣਾਏਗੀ ਅਤੇ ਕਸ਼ਮੀਰ ਵਿਚਲੀਆਂ ਸਾਰੀਆਂ ਧਿਰਾਂ ਨਾਲ ਉਨ੍ਹਾਂ ਦੀ ਵਿਚਾਰਧਾਰਾ ਅਤੇ ਸਿਆਸੀ ਰੁਝਾਨਾਂ ਦੇ ਬਾਵਜੂਦ ਕਸ਼ਮੀਰ ਦਾ ਹੱਲ ਕੱਢਣ ਲਈ ਗੱਲਬਾਤ ਕੀਤੀ ਜਾਵੇਗੀ।

ਇਹ ਵੇਖਣਾ ਮੁਸ਼ਕਿਲ ਨਹੀਂ ਹੈ ਕਿ ਚੰਗੇ ਸ਼ਾਸਨ, ਵਿਕਾਸ, ਸ਼ਾਂਤੀ ਅਤੇ ਆਮ ਵਰਗੀ ਸਥਿਤੀ ਦੇ ਵਾਅਦੇ ਦਾ ਕੀ ਹੋਇਆ? ਦੱਖਣੀ ਕਸ਼ਮੀਰ ਪੀ.ਡੀ.ਪੀ. ਦਾ ਗੜ੍ਹ ਹੈ। ਉਸ ਨੇ ਇਥੋਂ ਹੀ ਸਭ ਤੋਂ ਵਧੇਰੇ ਸੀਟਾਂ ਜਿੱਤੀਆਂ ਹਨ। ਖ਼ੁਦ ਮਹਿਬੂਬਾ ਮੁਫ਼ਤੀ ਵੀ ਇਥੋਂ ਦੇ ਅਨੰਤਨਾਗ ਖੇਤਰ ਤੋਂ ਵਿਧਾਇਕ ਹਨ। ਇਸ ਦੇ ਬਾਵਜੂਦ ਦੱਖਣੀ ਕਸ਼ਮੀਰ ਹੀ ਮੌਜੂਦਾ ਸਿਆਸੀ ਅਸੰਤੁਸ਼ਟੀ ਦਾ ਗੜ੍ਹ ਬਣਿਆ ਹੋਇਆ ਹੈ। ਇਸ ਨੂੰ ਫ਼ੌਜ ਦੇ ਹਵਾਲੇ ਕਰਨ ਬਾਰੇ ਸੋਚਿਆ ਜਾ ਰਿਹਾ ਹੈ। ਜ਼ਾਹਰ ਹੈ ਕਿ ਅੱਜ ਮਹਿਬੂਬਾ ਜੇ ਦੱਖਣੀ ਕਸ਼ਮੀਰ ਜਾਣ ਤਾਂ ਉਨ੍ਹਾਂ ਦਾ ਸਵਾਗਤ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਨਹੀਂ, ਸਗੋਂ 'ਆਜ਼ਾਦੀ' ਦੇ ਨਾਅਰਿਆਂ ਨਾਲ ਹੋਵੇਗਾ। ਅਜਿਹੇ ਹਾਲਾਤ ਬਣਨ ਪਿੱਛੇ ਕਸ਼ਮੀਰ ਦਾ ਹਾਲ ਹੀ ਦਾ ਸਿਆਸੀ ਇਤਿਹਾਸ ਹੀ ਜ਼ਿੰਮੇਵਾਰ ਹੈ। ਪੀ.ਡੀ.ਪੀ. ਨੇ ਲੋਕ ਸਭਾ ਚੋਣਾਂ ਨੈਸ਼ਨਲ ਕਾਨਫ਼ਰੰਸ ਦੇ ਖਿਲਾਫ਼ ਲੜੀਆਂ ਸਨ, ਪਰ ਵਿਧਾਨ ਸਭਾ ਚੋਣਾਂ ਵਿਚ ਉਸ ਦੇ ਹਮਲੇ ਦਾ ਨਿਸ਼ਾਨਾ ਭਾਜਪਾ ਸੀ। ਕਾਰਾ ਅਤੇ ਜ਼ਫ਼ਰ ਮਿਨਾਜ਼ ਵਰਗੇ ਪੀ.ਡੀ.ਪੀ. ਆਗੂਆਂ ਨੇ ਪੂਰੇ ਕਸ਼ਮੀਰ ਵਿਚ ਘੁੰਮ-ਘੁੰਮ ਕੇ ਵੋਟਰਾਂ ਨੂੰ ਕਿਹਾ ਸੀ ਕਿ ਜੇ ਭਾਜਪਾ ਸੱਤਾ ਵਿਚ ਆ ਗਈ ਤਾਂ ਕਸ਼ਮੀਰੀ ਪਛਾਣ ਨੂੰ ਵੱਡੀ ਸੱਟ ਵੱਜ ਸਕਦੀ ਹੈ। ਇਹ ਪ੍ਰਚਾਰ ਕਾਮਯਾਬ ਰਿਹਾ ਅਤੇ ਪੀ.ਡੀ.ਪੀ. ਅੱਗੇ ਨਿਕਲ ਗਈ; ਪਰ ਉਸ ਸਮੇਂ ਕਾਰਾ ਅਤੇ ਮਿਨਾਜ਼ ਵਰਗੇ ਆਗੂਆਂ ਨੂੰ ਵੱਡੀ ਹੈਰਾਨੀ ਹੋਈ ਜਦੋਂ ਉਨ੍ਹਾਂ ਨੇ ਮੁਫ਼ਤੀ ਮੁਹੰਮਦ ਸਈਦ ਨੂੰ ਭਾਜਪਾ ਨਾਲ ਗਠਜੋੜ ਬਣਾਉਣ ਦੀ ਗੱਲਬਾਤ ਕਰਦਿਆਂ ਦੇਖਿਆ। ਮੁਫ਼ਤੀ ਦੀਆਂ ਇਨ੍ਹਾਂ ਕੋਸ਼ਿਸ਼ਾਂ ਦਾ ਪਹਿਲਾਂ ਤਾਂ ਜ਼ਬਰਦਸਤ ਵਿਰੋਧ ਹੋਇਆ, ਪਰ ਬਾਅਦ ਵਿਚ ਪਾਰਟੀ ਪ੍ਰਧਾਨ ਦੇ ਸਾਹਮਣੇ ਇਨ੍ਹਾਂ ਆਗੂਆਂ ਨੇ ਹਥਿਆਰ ਸੁੱਟ ਦਿਤੇ। ਮੁਫ਼ਤੀ ਨੇ ਇਨ੍ਹਾਂ ਸਾਹਮਣੇ ਤਿੰਨ ਦਲੀਲਾਂ ਰੱਖੀਆਂ- ਸਿਰਫ ਮੁਕੰਮਲ ਬਹੁਮਤ ਦੀ ਭਾਜਪਾ ਸਰਕਾਰ ਹੀ ਪਾਕਿਸਤਾਨ ਨਾਲ ਚੰਗੇ ਸਬੰਧ ਕਾਇਮ ਕਰ ਸਕਦੀ ਹੈ, ਸਿਰਫ ਮੋਦੀ ਵਰਗਾ ਮਜ਼ਬੂਤ ਆਗੂ ਹੀ ਕਸ਼ਮੀਰ ਸਮੱਸਿਆ ਹੱਲ ਕਰਨ ਦੀ ਜੁਰਅਤ ਕਰ ਸਕਦਾ ਹੈ ਅਤੇ ਤੀਜੀ ਇਹ ਕਿ ਭਾਜਪਾ ਨਾਲ ਗਠਜੋੜ ਦਾ ਮਤਲਬ ਹੋਵੇਗਾ ਕਸ਼ਮੀਰ ਲਈ ਕੇਂਦਰੀ ਖਜ਼ਾਨੇ ਦਾ ਮੂੰਹ ਖੁੱਲ੍ਹ ਜਾਣਾ। ਕੋਈ ਵੀ ਦੇਖ ਸਕਦਾ ਹੈ ਕਿ ਕਸ਼ਮੀਰ ਦੇ ਪ੍ਰਸੰਗ ਵਿਚ ਇਹ ਤਿੰਨੇ ਵਾਅਦੇ ਹੀ ਅਮਲ ਨੂੰ ਤਰਸ ਰਹੇ ਹਨ। ਇਹੀ ਕਾਰਨ ਹੈ ਕਿ ਜਦੋਂ ਮੁਫ਼ਤੀ ਦਾ ਅਚਾਨਕ ਦੇਹਾਂਤ ਹੋਇਆ ਤਾਂ ਮਹਿਬੂਬਾ ਉਤੇ ਗਠਜੋੜ ਤੋੜਨ ਦਾ ਦਬਾਅ ਪਿਆ। ਦੋ ਮਹੀਨੇ ਤੱਕ ਝਿਜਕਦੇ ਰਹਿਣ ਤੋਂ ਬਾਅਦ ਉਨ੍ਹਾਂ ਨੂੰ ਜਾਪਿਆ ਕਿ ਮੁੱਖ ਮੰਤਰੀ ਬਣਨ ਦਾ ਮੌਕਾ ਨਹੀਂ ਛੱਡਣਾ ਚਾਹੀਦਾ। ਇਸ ਦੇ ਨਤੀਜੇ ਵਜੋਂ ਉਨ੍ਹਾਂ ਅਤੇ ਉਘੇ ਆਗੂਆਂ ਵਿਚਕਾਰ ਪਾੜਾ ਡੂੰਘਾ ਹੁੰਦਾ ਗਿਆ।

ਅੱਜ ਕਸ਼ਮੀਰ ਆਪਣੇ ਇਤਿਹਾਸ ਦੇ ਸਭ ਤੋਂ ਸੰਕਟਮਈ ਮੁਕਾਮ 'ਤੇ ਖੜ੍ਹਾ ਹੈ। 6 ਸਾਲ ਦੇ ਬੱਚੇ ਤੋਂ 80 ਸਾਲ ਦੇ ਬਜ਼ੁਰਗ ਤੱਕ ਆਜ਼ਾਦੀ ਦੀ ਮੰਗ ਕਰ ਰਹੇ ਹਨ। ਨੈਸ਼ਨਲ ਕਾਨਫ਼ਰੰਸ ਅਤੇ ਪੀ.ਡੀ.ਪੀ. ਦੀ ਰਾਜਨੀਤਕ ਸਾਖ਼ ਡਿਗ ਰਹੀ ਹੈ। ਮੌਜੂਦਾ ਅੰਦੋਲਨ ਹੁਰੀਅਤ ਦੇ ਹੱਥਾਂ ਵਿਚੋਂ ਵੀ ਨਿਕਲ ਗਿਆ ਹੈ। ਲੋਕ ਅੰਤਿਮ ਕੁਰਬਾਨੀ ਦੇਣ ਦੀਆਂ ਗੱਲਾਂ ਕਰ ਰਹੇ ਹਨ। ਕੇਂਦਰ ਸਰਕਾਰ ਸੋਚਦੀ ਹੈ ਕਿ ਸੀ.ਆਰ.ਪੀ.ਐਫ. ਅਤੇ ਫ਼ੌਜ ਦੇ ਦਮ 'ਤੇ ਉਹ ਕਸ਼ਮੀਰ ਨੂੰ ਆਪਣੇ ਨਾਲ ਰੱਖ ਸਕਦੀ ਹੈ, ਪਰ ਇਹ ਖ਼ਤਰਨਾਕ ਖੇਡ ਹੈ। ਕਸ਼ਮੀਰ ਸਮੱਸਿਆ ਦੇ ਕਈ ਹੱਲ ਸੁਝਾਏ ਜਾ ਚੁੱਕੇ ਹਨ। ਉਨ੍ਹਾਂ ਵਿਚੋਂ ਕਿਸੇ ਇਕ ਜਾਂ ਦੋ ਨੂੰ ਚੁਣ ਕੇ ਉਨ੍ਹਾਂ ਦੁਆਲੇ ਗੱਲਬਾਤ ਸ਼ੁਰੂ ਕੀਤੀ ਜਾ ਸਕਦੀ ਹੈ। ਜੇ ਅਜਿਹਾ ਛੇਤੀ ਨਾ ਕੀਤਾ ਗਿਆ ਤਾਂ ਦਿੱਲੀ ਦੀ ਸਰਕਾਰ ਦਰਅਸਲ ਪਾਕਿਸਤਾਨ ਨੂੰ ਕਸ਼ਮੀਰ ਵਿਚ ਹੋਰ ਵਧੇਰੇ ਗੜਬੜੀ ਦਾ ਮੌਕਾ ਦੇ ਦੇਵੇਗੀ। ਦਿੱਲੀ ਵਿਚ ਕੁਝ ਟੀ.ਵੀ. ਚੈਨਲਾਂ ਵੱਲੋਂ ਕਸ਼ਮੀਰ ਦੇ ਮੁੱਦੇ 'ਤੇ ਕੀਤਾ ਜਾਣ ਵਾਲਾ ਕੱਟੜ ਰਾਸ਼ਟਰਵਾਦੀ ਪ੍ਰਚਾਰ ਵੀ ਅੱਗ ਵਿਚ ਘਿਓ ਪਾ ਰਿਹਾ ਹੈ। ਕਸ਼ਮੀਰੀ ਸਮਾਜ ਅੱਜ ਵੀ ਮੁੱਖ ਤੌਰ 'ਤੇ ਉਦਾਰ, ਸਮੂਹਿਕ ਸ਼ਮੂਲੀਅਤ ਵਾਲਾ ਅਤੇ ਸਰਲ ਸੁਭਾਅ ਦਾ ਹੈ। ਉਸ ਉਤੇ ਵਹਾਬੀਕਰਨ ਦੇ ਦੋਸ਼ ਲਾਉਣਾ ਘਟੀਆ ਰਣਨੀਤੀ ਹੈ ਜੋ ਅੰਤ ਨੂੰ ਭਾਰਤ ਦੇ ਖਿਲਾਫ਼ ਹੀ ਜਾਵੇਗੀ। -0-

# 'ਅੱਛੇ ਦਿਨ' ਵਾਲਾ ਹੋਕਾ ਬਣਿਆ ਗਲੇ ਦੀ ਹੱਡੀ

ਨਿਤਿਨ ਗਡਕਰੀ ਨੇ ਨਰੇਂਦਰ ਮੋਦੀ ਸਰਕਾਰ ਵਿਚ 'ਕੰਮ ਕਰਨ ਵਾਲੇ' ਇਕੋ ਇਕ ਮੰਤਰੀ ਵਜੋਂ ਭੱਲ ਖੱਟੀ ਹੈ ਅਤੇ ਵਾਜਬ ਤੌਰ 'ਤੇ ਖੱਟੀ ਹੈ। ਹੋ ਸਕਦਾ ਹੈ ਕਿ ਉਸ ਦੇ ਕਈ ਸਾਥੀ ਇਸ ਮਾਮਲੇ ਵਿਚ ਉਸ ਨੂੰ ਚੁਣੌਤੀ ਦੇਣ ਦੀ ਰੁਚੀ ਰੱਖਦੇ ਹੋਣ, ਪਰ ਗਡਕਰੀ ਖੁਦ ਅਜਿਹੇ ਕਿਸੇ ਵੀ ਅਸਹਿਮਤ ਸਾਥੀ ਨਾਲ ਤਕਰਾਰ ਵਿਚ ਪੈਣਾ ਪਸੰਦ ਨਹੀਂ ਕਰੇਗਾ। ਇਹ ਸ਼ਾਇਦ ਇਸ ਲਈ ਵੀ ਸੰਭਵ ਹੈ, ਕਿਉਂਕਿ ਉਹ ਮੋਦੀ ਦੀ ਬਿਸਾਤ ਦਾ ਅਜਿਹਾ ਮੋਹਰਾ ਹੈ ਜੋ ਕਈ ਸਿਆਸੀ ਅਹੁਦਿਆਂ ਉਤੇ ਰਹਿਣ ਦਾ ਤਜਰਬਾ ਰੱਖਦਾ ਹੈ ਅਤੇ ਹਕੂਮਤੀ ਨਸ਼ਾ ਜਿਸ ਦੇ ਦਿਮਾਗ ਨੂੰ ਨਹੀਂ ਚੜ੍ਹਦਾ।



ਹਰੀਸ਼ ਖਰੇ

ਭਾਰਤੀ ਜਨਤਾ ਪਾਰਟੀ ਦੇ ਕੌਮੀ ਪ੍ਰਧਾਨ ਵਜੋਂ ਉਹ ਸਰਬ ਭਾਰਤੀ ਸਿਆਸਤ ਦੀ ਗਤੀਸ਼ੀਲਤਾ ਅਤੇ ਸਾਡੀ ਮਹਾਂਦੀਪੀ ਸਿਆਸਤ ਵਿਚ ਸਰਗਰਮ ਆਰਥਿਕ ਤਾਕਤਾਂ ਦੀ ਪਕੜ ਤੋਂ ਵਾਕਫ਼ ਹੈ ਅਤੇ ਇਹ ਜਾਣਦਾ ਹੈ ਕਿ ਸਿਆਸਤ ਦੇ ਰੰਗ ਸੀਮਤ ਨਹੀਂ, ਬੇਅੰਤ ਹਨ।

ਇਸੇ ਕਾਰਨ ਨਿਤਿਨ ਗਡਕਰੀ ਕੋਲ 2014 ਦੀਆਂ ਲੋਕ ਸਭਾ ਚੋਣਾਂ ਦੀ ਪ੍ਰਚਾਰ ਮੁਹਿੰਮ ਦੇ 'ਅੱਛੇ ਦਿਨ' ਵਾਲੇ ਜੁਮਲੇ ਉਤੇ ਨਜ਼ਰਸਾਨੀ ਦਾ ਜੇਰਾ ਹੈ। ਉਸ ਨੇ 'ਅੱਛੇ ਦਿਨ' ਵਾਲੇ ਨਾਅਰੇ ਜਿਸ ਨੂੰ ਉਸ ਦੀ ਪਾਰਟੀ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਵਾਲੇ ਉਮੀਦਵਾਰ ਨੇ ਉਘੜਵੇਂ ਤੇ ਸ਼ੋਰੀਲੇ ਢੰਗ ਨਾਲ ਚੁੱਕਿਆ, ਤੋਂ ਆਪਣੀ ਸਰਕਾਰ ਨੂੰ ਅਲਹਿਦਾ ਕਰਨ ਅਤੇ ਇਸ ਦੇ ਅਸਰ ਨੂੰ ਪੇਤਲਾ ਕਰਨ ਦੀ ਜੁਰਅਤ ਕੀਤੀ ਹੈ। ਦਿਆਨਤਦਾਰੀ ਨਾਲ ਆਖੀਏ ਤਾਂ ਗਡਕਰੀ ਅਜਿਹਾ ਪਹਿਲਾ ਸ਼ਖ਼ਸ ਨਹੀਂ ਜੋ 2014 ਵਿਚ ਕੀਤੇ ਵਾਅਦਿਆਂ ਤੋਂ ਮੁੱਕਰਿਆ ਹੈ। ਭਾਜਪਾ ਦਾ ਮੌਜੂਦਾ ਪ੍ਰਧਾਨ ਅਮਿਤ ਸ਼ਾਹ ਵੀ 'ਪੰਦਰਾਂ ਲੱਖ ਰੁਪਏ ਹਰ ਭਾਰਤੀ ਦੀ ਜੇਬ ਵਿਚ ਹੋਣਗੇ' ਵਾਲੇ ਚੁਣਾਵੀ ਨਾਅਰੇ ਦੀ ਥੂਹ-ਥੂਹ ਕਰ ਚੁੱਕਿਆ ਹੈ। 2014 ਦੀ ਪ੍ਰਚਾਰ ਮੁਹਿੰਮ ਜਿਸ ਨੂੰ ਚੇਤੇ ਰੱਖਣ ਦੀ ਲੋੜ ਹੈ, ਦੌਰਾਨ ਭਾਜਪਾ ਅਤੇ ਇਸ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਵਾਲੇ ਸੁਭਾਗੇ ਚਿਹਰੇ (ਮੋਦੀ) ਨੇ ਜਨਤਾ ਤੇ ਵੋਟਰਾਂ ਨੂੰ ਕੀਲਣ ਲਈ ਯੂ.ਪੀ.ਏ. ਸਰਕਾਰ ਦੀ ਪ੍ਰਵਾਨਗੀ ਨਾਲ ਸਵਿਟਜ਼ਰਲੈਂਡ ਦੇ ਬੈਂਕਾਂ ਵਿਚ ਗਏ ਕਾਲੇ ਧਨ ਦੇ ਅੰਬਾਰ ਵਾਪਸ ਲਿਆਉਣ ਦਾ ਵਾਅਦਾ ਕੀਤਾ ਸੀ। ਭਾਜਪਾ ਪ੍ਰਧਾਨ ਨੇ ਸਪਸ਼ਟਤਾ ਨਾਲ ਇਸ ਨੂੰ ਲੋਕਾਂ ਨੂੰ ਲਲਚਾਉਣ ਲਈ ਚੋਣ ਸਮੇਂ ਦੇ 'ਜੁਮਲੇ' ਤੋਂ ਵੱਧ ਕੁਝ ਨਹੀਂ ਦੱਸਿਆ। ਉਸ ਦੇ ਕਹਿਣ ਤੋਂ ਭਾਵ ਸੀ- "ਮੁਆਫ਼ ਕਰਨਾ ਮਿੱਤਰੋ, ਸਾਡਾ ਇਹ ਮਤਲਬ ਨਹੀਂ ਸੀ।"

ਗਡਕਰੀ ਜਿਸ ਤਰ੍ਹਾਂ ਪਿੱਛੇ ਹਟਿਆ ਹੈ, ਉਸ ਵਿਚ ਕੁਝ ਵੀ ਦੱਬੀ ਨਹੀਂ। ਮੀਡੀਆ ਰਿਪੋਰਟਾਂ ਵਿਚ ਆਈ ਉਸ ਦੀ ਦਲੀਲ ਸਾਡੇ ਵਿਆਪਕ ਵਸੋਂ ਵਾਲਾ ਮੁਲਕ ਜੋ ਸਦੀਆਂ ਤੋਂ ਅਸਮਾਨਤਾ ਤੇ ਗਰੀਬੀ ਦੀ ਜਿੱਲ੍ਹਣ ਵਿਚ ਫਸਿਆ ਰਿਹਾ ਹੈ, ਵਿਚ ਨਾ ਪੂਰੇ ਹੋਣ ਵਾਲੇ ਸੁਪਨਿਆਂ ਤੇ ਇੱਛਾਵਾਂ ਦੇ ਠਾਠਾਂ ਮਾਰਦੇ ਸਦੀਵੀ ਸਮੁੰਦਰ ਦੀ ਤਰਜਮਾਨੀ ਕਰਦੀ ਹੈ। ਸਮਾਜ ਦਾ ਚੋਖਾ ਵੱਡਾ ਹਿੱਸਾ ਭੁੱਖਮਰੀ ਦਾ ਲਗਾਤਾਰ ਸ਼ਿਕਾਰ ਰਹਿਣ ਕਾਰਨ ਬਿਹਤਰ ਦਿਨਾਂ ਦਾ ਤਾਂਘੀ ਰਿਹਾ ਹੈ। ਜਦੋਂ ਗਡਕਰੀ ਤੋਂ "ਅੱਛੇ ਦਿਨ" ਦੇ ਵਾਅਦੇ ਬਾਰੇ ਸਵਾਲ ਪੁੱਛਿਆ ਗਿਆ ਤਾਂ ਉਸ ਨੇ ਕਾਟਵੇਂ ਢੰਗ ਨਾਲ ਇਸ ਹੱਦ ਤੱਕ ਕਹਿ ਦਿਤਾ ਕਿ ਇਹ ਨਾਅਰਾ ਤਾਂ ਉਨ੍ਹਾਂ 'ਗਲੇ ਦੀ ਹੱਡੀ' ਬਣ ਗਿਆ ਹੈ। ਇਹ ਸ਼ੋਖ ਅਖਾਣ ਮੋਦੀ ਸਰਕਾਰ ਦੀ ਦੁਚਿੱਤੀ ਨੂੰ ਦਰਸਾਉਣ ਵਾਲਾ ਵਧੀਆ ਕਾਵਿਕ ਬਿੰਬ ਹੈ। ਇਹ ਅਜਿਹਾ ਵਾਅਦਾ ਹੈ ਜੋ ਸਰਕਾਰ ਨਾ ਤਾਂ ਕਦੇ ਪੂਰਾ ਕਰ ਸਕਦੀ ਹੈ ਅਤੇ ਨਾ ਹੀ ਇਸ ਤੋਂ ਖਹਿੜਾ ਛੁਡਾ ਸਕਦੀ ਹੈ। ਗਡਕਰੀ ਦੇ ਕਥਨ ਸ਼ਾਇਦ ਉਘੇ ਅਮਰੀਕੀ ਸਿਆਸੀ ਆਗੂ ਮਾਰੀਓ ਕੁਓਮੋ ਦੇ ਉਸ ਜੁਮਲੇ ਨੂੰ ਪ੍ਰਤੀਬਿੰਬਤ ਕਰਦੇ ਹਨ ਜੋ ਕੁਓਮੋ ਨੇ ਆਧੁਨਿਕ ਜਮਹੂਰੀ ਮੁਕਾਬਲਿਆਂ ਦੇ ਪ੍ਰਸੰਗ ਵਿਚ ਵਰਤਿਆ ਸੀ। ਉਸ ਨੇ ਕਿਹਾ ਸੀ: "ਤੁਹਾਡੀ ਪ੍ਰਚਾਰ ਮੁਹਿੰਮ ਕਾਵਿਕ ਹੁੰਦੀ ਹੈ, ਪਰ ਸ਼ਾਸਨ ਵਾਲਾ ਨਜ਼ਰੀਆ ਤਾਂ ਵਾਰਤਕ ਵਾਲਾ ਹੀ ਹੁੰਦਾ ਹੈ।"

ਜਮਹੂਰੀ ਤੌਰ 'ਤੇ ਸਾਰੇ ਚੁਣੇ ਹੋਏ ਆਗੂਆਂ ਨੂੰ ਬੁਨਿਆਦੀ ਲਫਾਜ਼ੀ ਆਡੰਬਰ ਦਾ ਸਾਹਮਣਾ ਕਰਨਾ ਪੈਂਦਾ ਹੈ। ਸੱਤਾ ਤੋਂ ਬਾਹਰੀ ਹੋਣ ਕਰਨ ਚੁਣੌਤੀਕਾਰ, ਸੱਤਾਧਾਰੀ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਉਪਰ ਬੁਨਿਆਦੀ ਤੌਰ 'ਤੇ ਭਾਰੂ ਹੁੰਦਾ ਹੈ। ਸੱਤਾਧਾਰੀ ਨੂੰ ਪੁਰਾਣੇ ਰਿਕਾਰਡ ਦਾ ਬੋਝ ਢੋਣਾ ਪੈਂਦਾ ਹੈ। ਪੁਰਾਣੇ ਰਿਕਾਰਡ ਦੀ ਥਾਂ ਬਾਹਰੀ ਬੰਦਾ ਅਕਸਰ ਵੋਟਰਾਂ ਦੀ ਥੋੜ੍ਹ ਚਿਰੀ ਭਾਵਨਾ ਨੂੰ ਸਮਝਦਿਆਂ ਉਨ੍ਹਾਂ ਨੂੰ ਅਕਸਰ ਨਾ ਪੂਰੇ ਹੋਣ ਵਾਲੇ ਸੁਪਨੇ ਵੇਚ ਦਿੰਦੇ ਹਨ। ਬਾਹਰੀ ਬੰਦਾ ਅਕਸਰ ਵਧਾ ਚੜ੍ਹਾ ਕੇ ਇਹ ਵਾਅਦਾ ਕਰਦਾ ਹੈ ਕਿ ਉਹ ਸਮਾਜ ਵਿਚ ਨਾਟਕੀ ਤਬਦੀਲੀ ਲਿਆਉਣ ਦੇ ਸਮਰੱਥ ਹੋਵੇਗਾ। ਉਹ ਅਰਥਚਾਰੇ ਤੇ ਸਰਕਾਰ ਨੂੰ ਜਥੇਬੰਦ ਢੰਗ ਨਾਲ ਕੰਮ ਕਰਨ ਦੇ ਰਾਹ ਪਾਵੇਗਾ ਅਤੇ ਉਸ ਵਲੋਂ ਕੀਤੀ ਗਈ ਕਤਾਰਬੰਦੀ ਨਾਗਰਿਕਾਂ ਤੇ ਵੋਟਰਾਂ ਵਿਚ ਮੁਕੰਮਲ ਸੰਤੁਸ਼ਟੀ ਦੀ ਭਾਵਨਾ ਭਰੇਗੀ।




ਸੱਤਾ ਵਿਚ ਆਉਣ ਬਾਅਦ ਬਾਹਰੀ ਬੰਦੇ ਨੂੰ ਤਲਖ ਸੱਚਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਨਿਤ ਦਾ ਸ਼ਾਸਨ ਮਨ ਤੇ ਸਰੀਰ ਉਤੇ ਭਾਰ ਪਾਉਣ ਵਾਲਾ, ਤੜਕ-ਭੜਕ ਤੋਂ ਵਿਹੂਣਾ ਅਤੇ ਅਕਾਊ ਕਾਰਜ ਹੈ। ਆਮ ਪ੍ਰਸ਼ਾਸਨਿਕ ਗਤੀਵਿਧੀਆਂ ਜਿਵੇਂ ਚਿਕਨਗੁਨੀਆ ਜਾਂ ਕੂੜੇ ਦੇ ਢੇਰਾਂ ਨਾਲ ਸਿੱਝਣ ਨਾਲੋਂ ਹਿੱਕ ਥਾਪੜ ਕੇ ਭ੍ਰਿਸ਼ਟਾਚਾਰ ਨੂੰ ਹੂੰਝ ਕੇ ਬਾਹਰ ਸੁੱਟਣ ਦੇ ਵਾਅਦੇ ਕਰਨ ਵਾਲੇ ਅਰਵਿੰਦ ਕੇਜਰੀਵਾਲ ਲਈ ਤਾਂ ਇਹ ਹੋਰ ਵੀ ਜੀਅ ਦਾ ਜੰਜਾਲ ਹੈ। ਉਂਜ ਵੀ, ਟਰਾਂਸਪੋਰਟ ਮੰਤਰੀ ਜਾਂ ਪੇਂਡੂ ਵਿਕਾਸ ਮੰਤਰੀ ਬਣ ਕੇ ਪਾਣੀ, ਸੜਕਾਂ, ਬਿਜਲੀ ਸਪਲਾਈ ਆਦਿ ਅਹਿਮ ਮਸਲੇ ਹੱਲ ਕਰਨ ਨਾਲੋਂ ਗ੍ਰਹਿ ਮੰਤਰੀ ਹੋਣਾ ਵੱਧ ਆਕਰਸ਼ਕ ਕਾਰਜ ਜਾਪਦਾ ਹੈ। ਗ੍ਰਹਿ ਮੰਤਰੀ ਹੋਣਾ, ਭਾਵ ਜਦੋਂ ਚਾਹੋ ਜਹਾਜ਼ ਚੜ੍ਹ ਕੇ ਸ੍ਰੀਨਗਰ ਜਾ ਵੜਨਾ, ਤੇ ਫਿਰ ਉਥੋਂ ਫਿਰ ਜਹਾਜ਼ ਰਾਹੀਂ ਦਿੱਲੀ ਪਰਤਣਾ ਅਤੇ ਫਿਰ ਹਿੱਕ ਕੱਢ ਕੇ ਦੇਸ਼ ਦੇ ਦਰੋਗੇ ਵਾਂਗ ਵਿਚਰਨਾ!

ਦਰਅਸਲ, ਗਲੇ ਦੀ ਹੱਡੀ ਆਲਮੀ ਵਰਤਾਰਾ ਹੈ। ਤਿੰਨ ਦਹਾਕੇ ਪਹਿਲਾਂ ਯੂਰਪੀ ਰਾਜਨੀਤਿਕ ਸ਼ਾਸਤਰੀਆਂ ਅਤੇ ਨੀਤੀਕਾਰਾਂ ਨੇ 'ਅਸੰਤੁਸ਼ਟ ਜਮਹੂਰੀਅਤਾਂ' ਬਾਰੇ ਸੈਮੀਨਾਰ ਕਰਾਉਣੇ ਸ਼ੁਰੂ ਕੀਤੇ ਸਨ। ਉਨ੍ਹਾਂ ਅਖੀਰ ਇਹੋ ਸਿੱਟਾ ਕੱਢਿਆ ਸੀ- ਸ਼ਾਸਨਿਕ ਕਮੀ ਸੁਭਾਵਿਕ ਅਤੇ ਵਿਹਾਰਕ ਹੈ। ਅਮਰੀਕਾ ਦੀ ਮੌਜੂਦਾ ਹਲਚਲ ਨੂੰ ਉਦਾਹਰਣ ਵਜੋਂ ਲਿਆ ਜਾ ਸਕਦਾ ਹੈ: ਪਿਛਲੇ ਹਫ਼ਤੇ ਅਮਰੀਕਾ ਦੇ ਜਨਗਣਨਾ ਬਿਊਰੋ ਨੇ ਅੰਕੜੇ ਰਿਲੀਜ਼ ਕੀਤੇ ਹਨ ਜਿਨ੍ਹਾਂ ਵਿਚ 2015 ਦੌਰਾਨ ਉਸ ਮੁਲਕ ਵਿਚ ਪ੍ਰਤੀ ਘਰ ਆਮਦਨ ਵਿਚ 5.2 ਫ਼ੀਸਦ ਉਛਾਲ ਦਿਖਾਇਆ ਗਿਆ ਹੈ ਜੋ 1967 ਤੋਂ ਹੁਣ ਤਕ ਦਾ ਸਭ ਤੋਂ ਵੱਧ ਵਿਕਾਸ ਬਣਦਾ ਹੈ; ਪਰ ਇਸ ਦੇ ਬਾਵਜੂਦ ਅਮਰੀਕੀ ਰਾਸ਼ਟਰਪਤੀ ਦੀ ਚੋਣ ਮੁਹਿੰਮ ਨਿਰਾਸ਼ਾ ਤੇ ਲੋਕ ਰੋਹ ਵਾਲੀ ਭਾਵਨਾ ਨਾਲ ਚਲਾਈ ਜਾ ਰਹੀ ਹੈ ਅਤੇ ਰਾਸ਼ਟਰਪਤੀ ਬਰਾਕ ਓਬਾਮਾ ਦੇ ਸ਼ਾਸਨ ਨੂੰ ਵੱਡੀ ਅਸਫ਼ਲਤਾ ਵਜੋਂ ਪੇਸ਼ ਕੀਤਾ ਜਾ ਰਿਹਾ ਹੈ।

ਭਾਰਤ ਵਿਚ ਸਾਡੇ ਕੋਲ ਜ਼ਰਾ ਕੁ ਵੱਖਰਾ ਮੈਦਾਨ ਹੈ। 2014 ਦੀ ਅੱਛੇ ਦਿਨਾਂ ਵਾਲੀ ਮੁਹਿੰਮ ਦਾ ਮਕਸਦ ਕਾਂਗਰਸ ਰਾਜ, ਵੰਸ਼ਵਾਦ ਅਤੇ ਹਰ ਉਸ ਚੀਜ਼ ਨੂੰ ਮਾਤ ਦੇਣਾ ਸੀ ਜਿਸ ਦੀ ਨਹਿਰੂ ਕਾਲ ਜਾਂ ਇਤਿਹਾਸ ਨਾਲ ਕੁਝ ਸਾਂਝ ਸੀ। ਸਾਨੂੰ ਵਾਰ-ਵਾਰ ਅਤੇ ਜ਼ੋਰਦਾਰ ਢੰਗ ਨਾਲ ਦੱਸਿਆ ਗਿਆ ਸੀ ਕਿ ਅੱਛੇ ਦਿਨ ਆਉਣ ਨਾਲ ਹੀ ਪਿਛਲੇ ਸ਼ਾਸਨ ਦੀਆਂ ਖ਼ਰਾਬ ਨੀਤੀਆਂ, ਸ਼ਖ਼ਸੀਅਤਾਂ, ਰਵਾਇਤਾਂ ਅਤੇ ਤਰਜੀਹਾਂ ਵਾਲਾ ਇਤਿਹਾਸਕ ਫਾਹਾ ਦੇਸ਼ ਦੇ ਗਲੋਂ ਗਾਇਬ ਹੋ ਜਾਵੇਗਾ। 'ਅੱਛੇ ਦਿਨਾਂ' ਨਾਲ ਗਠੀਲਾ ਤੇ ਰਾਸ਼ਟਰੀ ਗੌਰਵ ਵਧਾਉਣ ਵਾਲਾ ਸ਼ਾਸਨ ਦੇਣ ਦਾ ਵਾਅਦਾ ਵੀ ਕੀਤਾ ਗਿਆ ਸੀ; ਇਹ ਸਾਡੇ ਸਾਰਿਆਂ ਲਈ ਚੰਗਾ ਵੇਲਾ ਸੀ; ਅਸੀਂ ਹਲੀਮੀ ਨਾਲ ਬੋਲਣ ਵਾਲੇ ਮਨਮੋਹਨ ਸਿੰਘ ਦਾ ਮਜ਼ਾਕ ਉਡਾਇਆ, ਅਸੀਂ ਖੁਸ਼ੀ-ਖੁਸ਼ੀ ਉਸ ਨੂੰ ਸੋਨੀਆ ਗਾਂਧੀ ਦੇ ਹੁਕਮ ਵਜਾਉਣ ਲਈ ਕੋਸਿਆ ਸੀ, ਸਾਨੂੰ ਲੱਗਦਾ ਸੀ ਕਿ ਪ੍ਰਧਾਨ ਮੰਤਰੀ ਦਫ਼ਤਰ ਦੀ ਸਰਦਾਰੀ ਸਥਾਪਤ ਹੋਣ ਨਾਲ ਝਟਪਟ ਅੱਛੇ ਦਿਨ ਆ ਜਾਣਗੇ। ਅੱਛੇ ਦਿਨ ਮਹਿਜ਼ ਬਿਹਤਰ ਆਰਥਿਕ ਸਮਝੌਤੇ ਦਾ ਵਾਅਦਾ ਨਹੀਂ ਸੀ, ਬਲਕਿ ਇਹ ਦੇਸ਼ ਅਤੇ ਵਿਦੇਸ਼ ਵਿਚ ਨਵੀਂ ਤਾਕਤ ਦਰਸਾਉਣ ਦਾ ਵੀ ਸੱਦਾ ਸੀ। ਇਹ ਇੰਦਰਾ ਗਾਂਧੀ ਦੇ 1971 ਦੇ 'ਗ਼ਰੀਬੀ ਹਟਾਓ' ਵਾਲੇ ਨਾਅਰੇ ਵਾਂਗ ਹੂੰਝਾ ਫੇਰ ਬਦਲਾਅ ਵਾਲਾ ਵਾਅਦਾ ਸੀ। ਸ਼ੁਰੂਆਤੀ ਦਿਨਾਂ ਵਿਚ ਪ੍ਰਧਾਨ ਮੰਤਰੀ ਵਲੋਂ ਖੁਦ ਆਪਣੀਆਂ ਤਕਰੀਰਾਂ ਵਿਚ ਅੱਛੇ ਦਿਨ ਦਿਖਾਏ ਗਏ ਸਨ ਅਤੇ ਉਨ੍ਹਾਂ ਵਲੋਂ ਲੋਕਾਂ ਨੂੰ ਵਧਾ-ਚੜ੍ਹਾ ਕੇ ਦੱਸਿਆ ਸੀ ਕਿ ਦੇਸ਼ ਤੇ ਵਿਦੇਸ਼ ਵਿਚ ਭਾਰਤ ਦੇ ਬੁਰੇ ਸੁਪਨੇ ਅਖੀਰ ਸਮਾਪਤ ਹੋ ਗਏ ਹਨ। ਅਸਲੀਅਤ ਇਹ ਹੈ ਕਿ ਚੀਜ਼ਾਂ ਹੁਣ ਵੀ ਨਹੀਂ ਬਦਲੀਆਂ ਅਤੇ ਨਾ ਕਦੇ ਬਦਲਣਗੀਆਂ, ਬਲਕਿ ਇਹ ਸਥਿਤੀ ਤਾਂ ਹੋਰ ਵੀ ਵੱਧ ਉਭਰ ਕੇ ਸਾਹਮਣੇ ਆਈ ਹੈ। ਇੰਦਰਾ ਗਾਂਧੀ ਨੂੰ ਇਹ ਅਹਿਸਾਸ ਖੁਦ ਬਖ਼ੁਦ ਹੋ ਗਿਆ ਸੀ। ਬਿਲਕੁਲ ਉਵੇਂ ਹੀ ਮੋਦੀ ਤੇ ਉਸ ਦੇ ਡਫ਼ਲੀਬਾਜ਼ਾਂ ਨੂੰ ਅਹਿਸਾਸ ਹੋ ਰਿਹਾ ਹੈ ਕਿ ਅੱਛੇ ਦਿਨ ਲਿਆਉਣਾ ਗ਼ਰੀਬੀ ਹਟਾਉਣ ਜਿੰਨਾ ਹੀ ਅਸੰਭਵ ਕਾਰਜ ਹੈ। ਇਸ ਜਾਦੂਗਰ ਕੋਲ ਕੋਈ ਜਾਦੂਈ ਛੜੀ ਨਹੀਂ, ਕਿਉਂਕਿ ਜਾਦੂ ਤਾਂ ਸਿਰਫ਼ ਹੱਥ ਦੀ ਸਫ਼ਾਈ ਤਕ ਹੀ ਸੀਮਤ ਹੁੰਦਾ ਹੈ, ਉਸ ਤੋਂ ਅੱਗੇ ਕੁਝ ਨਹੀਂ ਹੋ ਸਕਦਾ।

ਇਸ ਬਾਰੇ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ ਕਿ ਗਲੇ ਦੀ ਹੱਡੀ ਅੱਗੇ ਵੀ ਰੜਕਣੀ ਜਾਰੀ ਰਹੇਗੀ। ਇਹ 21ਵੀਂ ਸਦੀ ਦਾ ਤਰਾਨਾ ਹੈ। ਸਮੀਕਰਨ ਵਿਚ ਨਵਾਂ ਬੇਮੇਲ ਅਧਿਆਇ ਜੋੜ ਦਿਤਾ ਗਿਆ ਹੈ। ਸਾਡੇ ਨਾਗਰਿਕਾਂ ਦੀ ਵੀ ਨਿੰਦਾ ਵਾਲੇ ਤਕਨੀਕੀ ਯੰਤਰਾਂ ਤਕ ਪਹੁੰਚ ਹੈ ਅਤੇ ਉਹ ਵੀ ਕਿਸੇ ਨੂੰ ਰਾਖਸ਼ ਬਣਾ ਕੇ ਪੇਸ਼ ਕਰਨ ਵਾਲੀ ਉਸੇ ਬਿਰਤੀ ਦੀ ਜ਼ੱਦ ਵਿਚ ਹਨ ਜਿਸ ਨੇ ਅਮਰੀਕੀ ਰਾਜਸੀ ਵਿਆਖਿਆਨ ਤੇ ਸੰਵਾਦ ਨੂੰ ਕਰੂਪ ਬਣਾਇਆ ਹੈ। ਇਹ ਵੱਖਰੀ ਗੱਲ ਹੈ ਕਿ ਕੇਂਦਰ ਤੇ ਸੂਬਿਆਂ ਵਿਚ ਸ਼ਾਸਕਾਂ ਨੇ ਸਮਾਂ ਵਿਹਾਅ ਚੁੱਕੀ ਅਸਮਰਥਾਵਾਂ ਤੇ ਰਵਾਇਤੀ ਪਿਰਤ ਮੁਤਾਬਕ ਸ਼ਾਸਨ ਕਰਨ ਦੀ ਕਲਾ ਤੋਂ ਅਗਾਂਹ ਕੁਝ ਨਹੀਂ ਸਿੱਖਿਆ। ਲਿਹਾਜ਼ਾ, ਚੋਣ ਵਾਅਦਿਆਂ ਅਤੇ ਸੱਤਾ ਵਿਚ ਆਉਣ ਬਾਅਦ ਇਨ੍ਹਾਂ ਨੂੰ ਵਫ਼ਾ ਕਰਨ ਵਿਚਲਾ ਪਾੜਾ ਐਨੀ ਸੌਖ ਨਾਲ ਭਰਨ ਵਾਲਾ ਨਹੀਂ ਹੈ।

ਮਾਯੂਸੀ, ਜਮਹੂਰੀ ਸ਼ਾਸਨ ਦੀ ਪੈਦਾਇਸ਼ ਹੈ। ਵੋਟਰਾਂ ਦਾ ਧਿਆਨ ਭਟਕਾਉਣ ਲਈ ਅਮਰੀਕੀ ਤੇ ਯੂਰਪੀ ਆਗੂ ਬੇਗਾਨਿਆਂ ਦੇ ਭੈਅ, ਅੰਧ ਰਾਸ਼ਟਰਵਾਦ ਅਤੇ ਘੱਟਗਿਣਤੀਆਂ ਉਤੇ ਹੱਲਿਆਂ ਵਰਗੀਆਂ ਜੁਗਤਾਂ ਦਾ ਸਹਾਰਾ ਲੈ ਰਹੇ ਹਨ। ਆਉਣ ਵਾਲੇ ਦਿਨਾਂ ਵਿਚ ਸਾਡੇ ਆਗੂਆਂ ਨੂੰ ਵੀ ਆਵਾਮ ਦਾ ਧਿਆਨ ਭਟਕਾਉਣ ਲਈ ਅਜਿਹੇ ਰਾਹ ਲੱਭਣੇ ਪੈਣਗੇ। ਇਹ ਬੇਹੱਦ ਭਿਆਨਕ ਪਲ ਹੋ ਸਕਦੇ ਹਨ। ਇਹ ਉਹ ਸਮਾਂ ਹੋਵੇਗਾ ਜਦੋਂ ਸਾਨੂੰ ਸਾਂਝੀ ਜਮਹੂਰੀ ਊਰਜਾ ਨਾਲ ਯਕੀਨੀ ਬਣਾਉਣਾ ਪਵੇਗਾ ਕਿ ਅਸੀਂ ਅਜਿਹੀ ਪਿਰਤ ਨੂੰ ਜੜ੍ਹ ਨਾ ਮਾਰਨ ਦਈਏ, ਪਿਛਾਂਹ ਖਿੱਚੂ ਸੋਚ ਨੂੰ ਹਾਵੀ ਨਾ ਹੋਣ ਦੇਈਏ ਅਤੇ ਆਪਣੇ ਆਗੂਆਂ ਨੂੰ ਵੀ ਅਜਿਹੇ ਰਾਹ ਨਾ ਤੁਰਨ ਦੇਈਏ। -0-

# ਅੰਧਵਿਸ਼ਵਾਸ ਦੀ ਦਲਦਲ

ਗੁਰਚਰਨ ਸਿੰਘ ਨੂਰਪੁਰ
ਫੋਨ: +91-98550-51099

ਅੰਧਵਿਸ਼ਵਾਸ ਕਿਸੇ ਵੀ ਸਮਾਜ ਲਈ ਸੰਘਣੇ ਹਨੇਰੇ ਵਰਗੀ ਸਥਿਤੀ ਹੁੰਦੀ ਹੈ। ਅੰਧਵਿਸ਼ਵਾਸਾਂ ਦੇ ਗਲਬੇ ਵਿਚ ਲੋਕਾਂ ਦੀ ਸੋਚਣ ਦੀ ਸ਼ਕਤੀ ਬੌਣੀ ਹੋ ਜਾਂਦੀ ਹੈ। ਜਿਹੜੇ ਸਮਾਜਾਂ ਵਿਚ ਅੰਧਵਿਸ਼ਵਾਸ ਵਧੇਰੇ ਹੁੰਦੇ ਹਨ, ਉਥੇ ਜੀਵਨ ਪਛੜ ਜਾਂਦਾ ਹੈ। ਲੋਕ ਆਪਣੇ ਘਰਾਂ ਦੇ ਦੁੱਖਾਂ, ਕਲੇਸ਼ਾਂ, ਗਰੀਬੀ ਮੰਦਹਾਲੀ ਲਈ ਕਿਸੇ ਗੈਬੀ ਤਾਕਤ ਨੂੰ ਜ਼ਿੰਮੇਵਾਰ ਮੰਨਦੇ ਹਨ। ਲੋਕਾਂ ਦਾ ਜੀਵਨ ਮਨੋਰਥ ਗਵਾਚ ਜਾਂਦਾ ਹੈ। ਸੋਚ-ਵਿਚਾਰ ਪੱਖੋਂ ਕੰਗਾਲ ਹੋਏ ਲੋਕ ਆਪਣੇ ਹਾਲਾਤ ਠੀਕ ਕਰਨ ਲਈ ਅਖੌਤੀ ਕਰਮ ਕਾਂਡਾਂ ਵਿਚ ਫਸ ਜਾਂਦੇ ਹਨ।

ਭਾਰਤ ਵਿਚ ਹਰ ਪਿੰਡ, ਗਲੀ, ਮੁਹੱਲੇ ਵਿਚ ਪੁੱਛਾਂ ਦੇਣ ਵਾਲੇ, ਚੌਂਕੀਆਂ ਲਾਉਣ ਵਾਲੇ, ਰੂਹਾਂ ਬਦਰੂਹਾਂ ਤੇ ਕੀਤੇ ਕਰਾਏ ਦਾ ਹੱਲ ਕਰਨ ਵਾਲੇ ਅਖੌਤੀ ਸਿਆਣੇ ਆਮ ਮਿਲ ਜਾਂਦੇ ਹਨ। ਇਨ੍ਹਾਂ 'ਚੋਂ ਬਹੁਤੇ ਆਪ ਮਨੋਵਿਕਾਰਾਂ ਦੇ ਸ਼ਿਕਾਰ ਹੁੰਦੇ ਹਨ। ਜੰਤਰ, ਮੰਤਰ ਅਤੇ ਤੰਤਰ ਦੇ ਅਖੌਤੀ ਮਾਹਿਰ ਅੰਧਵਿਸ਼ਵਾਸ ਦੇ ਹਨੇਰੇ ਵਿਚ ਅਜਿਹੇ ਕਾਰਿਆਂ ਨੂੰ ਸਰ-ਅੰਜਾਮ ਦਿੰਦੇ ਹਨ ਜਿਨ੍ਹਾਂ ਨਾਲ ਗਿਆਨ ਵਿਗਿਆਨ ਦੇ ਇਸ ਯੁੱਗ ਵਿਚ ਮਨੁੱਖਤਾ ਸ਼ਰਮਸਾਰ ਹੋ ਜਾਂਦੀ ਹੈ। ਪਿਛਲੇ ਦਿਨੀਂ ਖਡੂਰ ਸਹਿਬ ਨੇੜਲੇ ਪਿੰਡ ਕੱਲਾ ਦੇ ਤਾਂਤਰਿਕ ਨੇ ਆਪਣੇ ਹੀ ਰਿਸ਼ਤੇਦਾਰ ਦੇ ਢਾਈ ਸਾਲ ਦੇ ਮਾਸੂਮ ਬੱਚੇ ਦੀ ਬਲੀ ਲੈ ਲਈ। ਇਸ ਘਟਨਾ ਤੋਂ ਕੁਝ ਦਿਨ ਬਾਅਦ ਇਕ ਤਾਂਤਰਿਕ ਦੇ ਚੱਕਰ ਵਿਚ ਲਾਂਬੜਾ ਥਾਣੇ ਅਧੀਨ ਪੈਂਦੇ ਪਿੰਡ ਮਲਕੋ ਵਿਚ 7 ਸਾਲ ਦੇ ਬੱਚੇ ਦਾ ਕਤਲ ਕਰ ਦਿਤਾ ਗਿਆ। ਇਹ ਦਰਸਾਉਂਦਾ ਹੈ ਕਿ ਭਾਰਤੀ ਸਮਾਜ ਦਾ ਵੱਡਾ ਹਿੱਸਾ ਅਜੇ ਵੀ ਮੱਧਯੁੱਗ ਵਿਚ ਵਿਚਰ ਰਿਹਾ ਹੈ।

ਇਕ ਤਾਂ ਅਜਿਹੇ ਅੰਧਵਿਸ਼ਵਾਸੀ ਕਰਮ ਕਾਂਡ ਕਰਨ ਵਾਲੇ ਤਾਂਤਰਿਕ ਹਨ ਜੋ ਕਿਸੇ ਮਾਸੂਮ ਦੀ ਹੱਤਿਆ ਕਰਨ ਤੱਕ ਚਲੇ ਜਾਂਦੇ ਹਨ; ਦੂਜੇ ਉਹ ਹਨ ਜੋ ਵੱਡੀ ਪੱਧਰ 'ਤੇ ਅੰਧਵਿਸ਼ਵਾਸ ਦਾ ਕਾਰੋਬਾਰ ਕਰਦੇ ਹਨ। ਇਹ ਲੋਕ ਕਿਸੇ ਦੀ ਸਰੀਰਕ ਹੱਤਿਆ ਭਾਵੇਂ ਨਹੀਂ ਕਰਦੇ, ਪਰ ਇਨ੍ਹਾਂ ਵੱਲੋਂ ਕੀਤੀਆਂ ਜਾ ਰਹੀਆਂ ਅੰਧਵਿਸ਼ਵਾਸੀ ਕਾਰਵਾਈਆਂ ਨਾਲ ਲੱਖਾਂ ਲੋਕਾਂ ਦੇ ਵਿਵੇਕ ਦੀ ਹੱਤਿਆ ਜ਼ਰੂਰ ਹੁੰਦੀ ਹੈ। ਅੱਜ ਵੀ ਕਰੋੜਾਂ ਲੋਕ ਗੈਬੀ ਤਾਕਤਾਂ ਵਿਚ ਅੰਨ੍ਹੀ ਸ਼ਰਧਾ ਰੱਖਦੇ ਹਨ ਅਤੇ ਸਮਝਦੇ ਹਨ ਘਰ ਵਿਚ ਚੰਗੇ ਮਾੜੇ ਕਾਰਜਾਂ ਲਈ ਕੋਈ ਓਪਰੀ ਗੈਬੀ ਤਾਕਤ ਜ਼ਿੰਮੇਵਾਰ ਹੈ। ਲੋਕ ਸਮਝਦੇ ਹਨ ਕਿ ਕਿਸੇ ਅਖੌਤੀ ਸਾਧ-ਸੰਤ ਜਾਂ ਸਿਆਣੇ ਦੇ ਲੜ ਲੱਗ ਕੇ ਮਾੜੀਆਂ ਹਾਲਤਾਂ ਨੂੰ ਠੀਕ ਕੀਤਾ ਜਾ ਸਕਦਾ ਹੈ। ਘਰ ਬਾਰ ਅਤੇ ਕਾਰੋਬਾਰ ਦੀ ਭਲਾਈ, ਬਿਮਾਰੀਆਂ-ਦੁਸ਼ਵਾਰੀਆਂ ਤੋਂ ਨਿਜਾਤ ਪਾਉਣ ਲਈ ਲੱਖਾਂ ਲੋਕ ਮੱਠਾਂ, ਡੇਰਿਆਂ ਆਦਿ ਵਿਚ ਜਾ ਕੇ ਸੇਵਾ ਕਰਦੇ ਹਨ। ਸਾਡੇ ਮੁਲਕ ਵਿਚ ਰੋਜ਼ਾਨਾ ਲੱਖਾਂ ਲੀਟਰ ਪੈਟਰੋਲ, ਡੀਜ਼ਲ ਅਜਿਹੀਆਂ ਯਾਤਰਾਵਾਂ ਲਈ ਫੂਕਿਆ ਜਾਂਦਾ ਹੈ। ਲੱਖਾਂ ਮਨੁੱਖਾਂ ਦੀ ਊਰਜਾ ਫਜ਼ੂਲ ਕੰਮਾਂ 'ਤੇ ਵਿਅਰਥ ਖਰਚ ਹੁੰਦੀ ਹੈ। ਅੰਧਵਿਸ਼ਵਾਸ ਦਾ ਕਾਰੋਬਾਰ ਕਰਨ ਵਾਲੇ ਅਖੌਤੀ ਸਾਧ, ਸੰਤ, ਸੁਆਮੀ ਲੋਕਾਂ ਦੀ ਅੰਧਵਿਸ਼ਵਾਸੀ ਮਨੋਬਿਰਤੀ ਸਦਕਾ ਐਸ਼ ਵਾਲੀ ਜ਼ਿੰਦਗੀ ਜਿਉਂਦੇ ਹਨ। ਆਲੀਸ਼ਾਨ ਇਮਾਰਤਾਂ ਅਤੇ ਮਹਿੰਗੀਆਂ ਗੱਡੀਆਂ ਵਿਚ ਰਹਿਣ ਵਾਲੇ ਅਖੌਤੀ ਸਾਧ ਸੰਤ ਹੁਣ ਆਪਣੀ ਸੰਗਤ ਦੀ ਗਿਣਤੀ ਮੁਤਾਬਿਕ ਲੁਕਵੇਂ ਰੂਪ ਵਿਚ ਸੱਤਾ ਦੇ ਹਿੱਸੇਦਾਰ ਵੀ ਬਣਨ ਲੱਗ ਪਏ ਹਨ। ਗ਼ਰੀਬੀ ਮੰਦਹਾਲੀ ਦੇ ਸਤਾਏ ਗ਼ਰੀਬ ਗੁਰਬੇ ਲੋਕ ਆਪਣੇ ਘਰਾਂ ਦੇ ਧੋਣੇ ਧੋਣ ਲਈ ਇਨ੍ਹਾਂ ਸ਼ਹਿਨਸ਼ਾਹਾਂ ਵਰਗੇ ਅਖੌਤੀ ਸਾਧਾਂ, ਬਾਬਿਆਂ ਦੇ ਦਰਾਂ 'ਤੇ ਬੱਚਿਆਂ ਸਮੇਤ ਮੱਥੇ ਰਗੜਦੇ ਹਨ, ਡੰਡੌਤ ਕਰਦੇ ਹਨ; ਜਿਵੇਂ ਇਸ ਧਰਤੀ 'ਤੇ ਪੈਦਾ ਹੋ ਕੇ ਉਨ੍ਹਾਂ ਨੇ ਕੋਈ ਵੱਡਾ ਗੁਨਾਹ ਕਰ ਲਿਆ ਹੋਵੇ। ਇਹ ਭੋਲੇ ਭਾਲੇ ਲੋਕ ਇਹ ਨਹੀਂ ਜਾਣਦੇ ਕਿ ਮੰਦਹਾਲੀ ਲਈ ਉਨ੍ਹਾਂ ਦੀ ਕਿਸਮਤ ਨਹੀਂ ਬਲਕਿ ਦੇਸ਼ ਦਾ ਭ੍ਰਿਸ਼ਟ ਪ੍ਰਸ਼ਾਸਨਿਕ ਤੰਤਰ ਜ਼ਿੰਮੇਵਾਰ ਹੈ। ਅੰਧਵਿਸ਼ਵਾਸਾਂ ਦੇ ਸ਼ਿਕਾਰ ਸਮਾਜ ਕਈ ਦਹਾਕੇ ਪਛੜ ਜਾਂਦੇ ਹਨ। ਅੰਧਵਿਸ਼ਵਾਸਾਂ ਵਿਚ ਗ੍ਰਸਤ ਸਮਾਜਾਂ ਵਿਚ ਨਵੀਆਂ ਸੋਚਾਂ ਅਤੇ ਨਵੇਂ ਵਿਚਾਰਾਂ ਵਾਲੇ ਲੋਕ ਪੈਦਾ ਨਹੀਂ ਹੁੰਦੇ। ਅਸੀਂ ਦੁਨੀਆ ਭਰ ਦਾ ਨਕਸ਼ਾ ਦੇਖੀਏ ਤਾਂ ਪਤਾ ਲਗਦਾ ਹੈ ਕਿ ਦੁਨੀਆ ਵਿਚ ਜਿਥੇ-ਜਿਥੇ ਕਰਮ ਕਾਂਡ, ਪਾਠ ਪੂਜਾ, ਵਹਿਮ ਭਰਮ ਦੇ ਜਾਲੇ ਵਧੇਰੇ ਸੰਘਣੇ ਹੁੰਦੇ ਹਨ, ਉਥੇ ਲੋਕਾਂ ਵਿਚ ਸੋਚ ਵਿਚਾਰ ਕਰਨ ਦੀ ਤਾਕਤ ਵੀ ਨਿਗੂਣੀ ਹੋ ਜਾਂਦੀ ਹੈ। ਇਸ ਦੇ ਉਲਟ ਜਿਹੜੇ ਦੇਸ਼ਾਂ ਵਿਚ ਅੰਧਵਿਸ਼ਵਾਸਾਂ ਦਾ ਗਲਬਾ ਘੱਟ ਹੈ, ਉਥੇ ਨਵੀਆਂ ਲੱਭਤਾਂ ਲੱਭੀਆਂ ਗਈਆਂ। ਉਥੇ ਉਚੀ ਸਮਝ ਵਾਲੇ ਵਿਚਾਰਕ, ਦਾਰਸ਼ਨਿਕ, ਵਿਦਵਾਨ ਅਤੇ ਮਹਾਨ ਖੋਜਾਂ ਕਰਨ ਵਾਲੇ ਮਹਾਨ ਵਿਗਿਆਨੀ ਪੈਦਾ ਹੋਏ। ਕਿਸੇ ਵੀ ਮੁਲਕ ਦੀ ਤਰੱਕੀ ਲਈ ਇਹ ਬੜਾ ਜ਼ਰੂਰੀ ਹੈ ਕਿ ਅੰਧਵਿਸ਼ਵਾਸਾਂ ਖਿਲਾਫ਼ ਵੱਡੀ ਮੁਹਿੰਮ ਵਿੱਢੀ ਜਾਵੇ।

> *ਗਿਆਨ-ਵਿਗਿਆਨ ਅਤੇ ਵਿੱਦਿਆ ਦੇ ਪ੍ਰਸਾਰ ਦੇ ਬਾਵਜੂਦ ਵੀ ਅੰਧਵਿਸ਼ਵਾਸ ਹੋਰ ਤੇਜ਼ੀ ਨਾਲ ਵਧਣ ਲੱਗਾ ਹੈ... ਜੇ ਅਸੀਂ ਚਾਹੁੰਦੇ ਹਾਂ ਕਿ ਸਮਾਜ ਬਿਹਤਰ ਬਣੇ, ਇਹ ਸਹੀ ਅਰਥਾਂ ਵਿਚ ਵਿਕਾਸ ਕਰੇ ਤਾਂ ਜ਼ਰੂਰੀ ਹੈ ਕਿ ਅੰਧਵਿਸ਼ਵਾਸਾਂ ਦਾ ਖ਼ਾਤਮਾ ਹੋਵੇ। ਜੇ ਅਸੀਂ ਚਾਹੁੰਦੇ ਹਾਂ ਕਿ ਆਉਣ ਵਾਲੀਆਂ ਨਸਲਾਂ 'ਚੋਂ ਚੰਗੇ ਵਿਚਾਰਕ, ਵਿਦਵਾਨ ਅਤੇ ਵਿਗਿਆਨੀ ਪੈਦਾ ਹੋਣ ਤਾਂ ਜ਼ਰੂਰੀ ਹੈ ਕਿ ਬੱਚਿਆਂ ਨੂੰ ਅੰਧਵਿਸ਼ਵਾਸਾਂ ਦੇ ਗਲਬੇ ਵਿਚੋਂ ਕੱਢਿਆ ਜਾਵੇ।*

ਗਿਆਨ-ਵਿਗਿਆਨ ਅਤੇ ਵਿੱਦਿਆ ਦੇ ਪ੍ਰਸਾਰ ਦੇ ਬਾਵਜੂਦ ਵੀ ਅੰਧਵਿਸ਼ਵਾਸ ਹੋਰ ਤੇਜ਼ੀ ਨਾਲ ਵਧਣ ਲੱਗਾ ਹੈ। ਇਸ ਦੇ ਪਿੱਛੇ ਬਰੀਕ ਕਾਰਨ ਹਨ। ਵਿਗਿਆਨ ਦੀ ਹਰ ਖੋਜ ਉਥੋਂ ਸ਼ੁਰੂ ਹੁੰਦੀ ਹੈ ਜਿਥੇ ਹਰ ਤਰ੍ਹਾਂ ਦੀਆਂ ਪੁਰਾਤਨ ਰੂੜੀਵਾਦੀ ਧਾਰਨਾਵਾਂ ਨੂੰ ਤਿਆਗ ਦਿਤਾ ਜਾਂਦਾ ਹੈ। ਬਲਕਿ ਹਰ ਪੁਰਾਤਨ ਧਾਰਨਾ ਨੂੰ ਤਿਆਗਣ ਤੋਂ ਬਾਅਦ ਵਿਗਿਆਨ ਦਾ ਜਨਮ ਹੁੰਦਾ ਹੈ, ਪਰ ਅਫਸੋਸ ਕਿ ਵਿਗਿਆਨ ਵੱਲੋਂ ਪੈਦਾ ਕੀਤੀਆਂ ਵਸਤਾਂ ਨੂੰ ਲਾਲਚੀ ਮਨੋਬਿਰਤੀ ਤਹਿਤ ਅੰਧਵਿਸ਼ਵਾਸ ਫੈਲਾਉਣ ਲਈ ਵਰਤਿਆ ਜਾ ਰਿਹਾ ਹੈ। ਕੰਪਿਊਟਰ ਲੈਪਟੌਪ 'ਤੇ ਅਪਲੋਡ ਕੀਤੇ ਪ੍ਰੋਗਰਾਮਾਂ ਰਾਹੀਂ ਹੁਣ ਮਨੁੱਖ ਦਾ ਭਵਿੱਖ ਦੱਸਿਆ ਜਾਣ ਲੱਗਾ ਹੈ। ਕੁੰਡਲੀਆਂ ਤਿਆਰ ਕੀਤੀਆਂ ਜਾਣ ਲੱਗੀਆਂ ਹਨ। ਇੰਟਰਨੈੱਟ ਅਤੇ ਮੋਬਾਈਲ ਫੋਨ ਦੀ ਮਦਦ ਨਾਲ ਵੀ ਹਰ ਰੋਜ਼ ਅੰਧਵਿਸ਼ਵਾਸਾਂ ਦਾ ਕਰੋੜਾਂ ਦਾ ਕਰੋਬਾਰ ਹੁੰਦਾ ਹੈ। ਕਰਮਕਾਂਡ ਕਰਨ ਲਈ ਵਿਗਿਆਨਕ ਤਕਨੀਕ ਦੀ ਮਦਦ ਲਈ ਜਾ ਰਹੀ ਹੈ।

ਮੁਲਕ ਵਿਚ ਬੇਰੁਜ਼ਗਾਰੀ ਹੈ, ਗ਼ਰੀਬੀ ਹੈ, ਬਹੁਗਿਣਤੀ ਲੋਕਾਂ ਦੀ ਹਾਲਤ ਬਦਤਰ ਹੈ, ਇਸ ਦਾ ਲਾਹਾ ਅਖੌਤੀ ਅਧਿਆਤਮਵਾਦੀ ਲੋਕ ਵੀ ਲੈਂਦੇ ਹਨ ਅਤੇ ਇਹ ਵਿਵਸਥਾ ਸਾਡੇ ਬਹੁਗਿਣਤੀ ਸਿਆਸਤਦਾਨਾਂ ਦੇ ਵੀ ਬੜੀ ਫਿੱਟ ਬੈਠਦੀ ਹੈ। ਲੋਕਾਂ ਨੂੰ ਭਵਸਾਗਰ ਤੋਂ ਪਾਰ ਕਰਵਾਉਣ ਦਾ ਦਾਅਵਾ ਕਰਨ ਵਾਲੇ ਅਖੌਤੀ ਸਿਆਣੇ ਆਮ ਮਨੁੱਖ ਨੂੰ ਸਮਝਾਈ ਰੱਖਦੇ ਹਨ ਕਿ ਤੁਹਾਡੀ ਇਹ ਹਾਲਤ ਮਾੜੇ ਸਿਸਟਮ ਦੀ ਨਹੀਂ, ਬਲਕਿ ਤੁਹਾਡੇ ਪਿਛਲੇ ਕਰਮਾਂ ਦਾ ਫਲ ਹੈ, ਜੇ ਅਗਲਾ ਜਨਮ ਸੁਆਰਨਾ ਹੈ ਤਾਂ ਸਾਡੇ ਲੜ ਲੱਗੋ। ਕਿਸਮਤਵਾਦ ਦੇ ਗਲਬੇ ਅਧੀਨ ਹੋਏ ਲੋਕ ਆਪਣੇ ਆਲੇ ਦੁਆਲੇ ਫੈਲੇ ਭ੍ਰਿਸ਼ਟਾਚਾਰ ਪ੍ਰਤੀ ਸੰਵੇਦਨਹੀਣ ਹੋਏ ਰਹਿੰਦੇ ਹਨ ਅਤੇ ਲੀਡਰਾਂ ਦੇ ਕਾਰੋਬਾਰਾਂ ਦਾ ਵਿਸਥਾਰ ਹੁੰਦਾ ਰਹਿੰਦਾ ਹੈ।

ਜੇ ਅਸੀਂ ਚਾਹੁੰਦੇ ਹਾਂ ਕਿ ਸਮਾਜ ਬਿਹਤਰ ਬਣੇ, ਇਹ ਸਹੀ ਅਰਥਾਂ ਵਿਚ ਵਿਕਾਸ ਕਰੇ ਤਾਂ ਜ਼ਰੂਰੀ ਹੈ ਕਿ ਅੰਧਵਿਸ਼ਵਾਸਾਂ ਦਾ ਖ਼ਾਤਮਾ ਹੋਵੇ। ਜੇ ਅਸੀਂ ਚਾਹੁੰਦੇ ਹਾਂ ਕਿ ਆਉਣ ਵਾਲੀਆਂ ਨਸਲਾਂ 'ਚੋਂ ਚੰਗੇ ਵਿਚਾਰਕ, ਵਿਦਵਾਨ ਅਤੇ ਵਿਗਿਆਨੀ ਪੈਦਾ ਹੋਣ ਤਾਂ ਜ਼ਰੂਰੀ ਹੈ ਕਿ ਬੱਚਿਆਂ ਨੂੰ ਅੰਧਵਿਸ਼ਵਾਸਾਂ ਦੇ ਗਲਬੇ ਵਿਚੋਂ ਕੱਢਿਆ ਜਾਵੇ।

# ਡਾ. ਜੌਹਲ ਦੀ ਜੀਵਨੀ ਦਾ ਕਾਂਡ 'ਮੱਝਾਂ ਦਾ ਦੁੱਧ'

ਇੱਕ ਦਿਨ ਅਮਰਦੀਪ ਕਾਲਜ ਮੁਕੰਦਪੁਰ ਦੀਆਂ ਕੁੜੀਆਂ ਅਮਰਦੀਪ ਮੇਲੇ ਲਈ ਗਿੱਧੇ ਦੀ ਤਿਆਰੀ ਕਰ ਰਹੀਆਂ ਸਨ। ਦਫਤਰ ਦੇ ਪਿਛਲੇ ਪਾਸੇ ਰਿਹਰਸਲ ਹੋ ਰਹੀ ਸੀ। ਮੈਂ ਰਿਹਰਸਲ ਵੇਖ ਰਿਹਾ ਸਾਂ। ਮੈਨੂੰ ਦੱਸਿਆ ਗਿਆ ਕਿ ਡਾ. ਸਰਦਾਰਾ ਸਿੰਘ ਜੌਹਲ ਆਏ ਨੇ। ਮੈਂ ਦਫਤਰ ਆਇਆ ਤੇ ਚਾਹ ਪਾਣੀ ਮੰਗਾਇਆ। ਗਿੱਧੇ 'ਚੋਂ ਵਾਰ-ਵਾਰ ਆਵਾਜ਼ ਆਵੇ-ਉਹਨੇ ਕੀ ਨੱਚਣਾ, ਜੀਹਨੇ ਦੁੱਧ ਬੱਕਰੀ ਦਾ ਪੀਤਾ, ਉਹਨੇ ਕੀ ਨੱਚਣਾ...। ਡਾ. ਜੌਹਲ ਮੁਸਕਰਾਉਂਦਿਆਂ ਕਹਿਣ ਲੱਗੇ, "ਇਨ੍ਹਾਂ ਕੁੜੀਆਂ ਨੂੰ ਕੀ ਪਤਾ, ਬੱਕਰੀ ਦੇ ਦੁੱਧ 'ਚ ਕਿੰਨੀਆਂ ਨਿਆਮਤਾਂ ਹੁੰਦੀਆਂ ਨੇ? ਮਹਾਤਮਾ ਗਾਂਧੀ ਐਵੇਂ ਨਹੀਂ ਸੀ ਬੱਕਰੀ ਲਈ ਫਿਰਦਾ। ਸਾਡੀ ਪੰਜਾਬੀਆਂ ਦੀ ਮੱਤ ਮਾਰੀ ਏ ਮੱਝ ਦੇ ਦੁੱਧ ਨੇ ਐਵੇਂ। ਜਿਹੋ ਜਿਹੀ



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਮੱਝ, ਉਹੋ ਜਿਹੀ ਅਕਲ। ਕਦੇ ਸੋਚਿਆ, ਪੰਡਤ ਪੁੰਨ ਦਾਨ ਵਿਚ ਗਾਂ ਹੀ ਕਿਉਂ ਲੈਂਦੇ ਨੇ?"

ਗੱਲਾਂ ਮੱਝ, ਗਊ, ਊਠਣੀ ਤੇ ਬੱਕਰੀ ਦੇ ਦੁੱਧ ਬਾਰੇ ਚੱਲ ਪਈਆਂ। ਕੁੜੀਆਂ ਵੱਲੋਂ ਮੁੜ ਮੁੜ ਆਵਾਜ਼ ਆਈ ਜਾਣ-ਉਹਨੇ ਕੀ ਨੱਚਣਾ, ਜੀਹਨੇ ਦੁੱਧ ਬੱਕਰੀ ਦਾ ਪੀਤਾ...। ਡਾ. ਜੌਹਲ ਕਹਿਣ ਲੱਗੇ, ਮਾਂ ਦੇ ਦੁੱਧ ਤੋਂ ਬਾਅਦ ਬੱਕਰੀ ਦਾ ਦੁੱਧ ਇਨਸਾਨੀ ਦੁੱਧ ਦੇ ਸਭ ਤੋਂ ਨੇੜੇ ਹੁੰਦੈ। ਵਿਗਿਆਨਕ ਤੌਰ 'ਤੇ ਬੱਕਰੀ ਦੇ ਦੁੱਧ ਵਿਚ ਬੜੀਆਂ ਬਰਕਤਾਂ ਨੇ ਪਰ ਅਸੀਂ ਹਾਸੇ ਭਾਣੇ ਉਡਾ ਛੱਡਦੇ ਹਾਂ। ਜੇ ਕੋਈ ਬੱਚਾ ਬਿਮਾਰ ਹੋ ਜਾਵੇ ਤਾਂ ਹਕੀਮ ਬੱਕਰੀ ਦੇ ਦੁੱਧ ਦੀ ਸਿਫਾਰਸ਼ ਕਰਦੇ ਸਨ।




ਪੱਛਮੀ ਮੁਲਕਾਂ ਵਿਚ ਬੱਕਰੀ ਦਾ ਦੁੱਧ ਗੋਕੇ ਦੁੱਧ ਤੋਂ ਤਿੰਨ ਗੁਣਾ ਮਹਿੰਗਾ ਵਿਕਦੈ।

ਉਹ ਅਰਥ ਸ਼ਾਸਤਰੀ ਵਜੋਂ ਬੋਲਦੇ ਗਏ, ਮੈਂ ਅਸੂਲੀ ਤੌਰ 'ਤੇ ਮੱਝਾਂ ਨੂੰ ਦੁਧਾਰੂ ਜਾਨਵਰ ਹੀ ਨਹੀਂ ਮੰਨਦਾ। ਮੱਝ ਜ਼ਿਆਦਾ ਖਾਂਦੀ ਹੈ, ਦੁੱਧ ਘੱਟ ਦਿੰਦੀ ਤੇ ਗੋਹਾ ਵੱਧ ਕਰਦੀ ਹੈ। ਮੈਂ ਤਾਂ ਮੱਝ ਨੂੰ ਹਰੇ ਚਾਰੇ ਤੋਂ ਗੋਬਰ ਬਣਾਉਣ ਵਾਲੀ ਮਸ਼ੀਨ ਸਮਝਦਾਂ। ਚਾਰੇ ਦੇ ਹਿਸਾਬ ਨਾਲ ਦਿੱਤੇ ਮੱਝ ਦੇ ਥੋੜ੍ਹੇ ਦੁੱਧ ਵਿਚ ਚਰਬੀ ਬਹੁਤ ਹੁੰਦੀ ਹੈ ਜਿਸ ਨੂੰ ਆਮ ਬੋਲ ਚਾਲ ਵਿਚ ਫੈਟ ਕਹਿੰਦੇ ਹਨ। ਮੱਝ ਦੇ ਮੁਕਾਬਲੇ ਗਊ ਦੀ ਘੱਟ ਚਾਰਾ ਖਾ ਕੇ ਵੱਧ ਦੁੱਧ ਦੇਣ ਦੀ ਸਮਰੱਥਾ ਹੈ। ਕਿਉਂਕਿ ਗਊ ਵੱਧ ਦੁੱਧ ਦਿੰਦੀ ਹੈ, ਇਸ ਲਈ ਉਸ ਦੇ ਦੁੱਧ ਵਿਚ ਚਰਬੀ ਘੱਟ ਹੁੰਦੀ ਹੈ। ਚੰਗੀ ਨਸਲ ਦੀਆਂ ਗਊਆਂ ਇੱਕ ਸੂਏ ਵਿਚ ਪੰਜ ਹਜ਼ਾਰ ਲਿਟਰ ਦੇ ਕਰੀਬ ਦੁੱਧ ਦੇ ਦਿੰਦੀਆਂ ਹਨ ਜਦ ਕਿ ਚੰਗੀ ਮੱਝ ਮਸੀਂ ਦੋ ਢਾਈ ਹਜ਼ਾਰ ਲਿਟਰ ਦੁੱਧ ਦਿੰਦੀ ਹੈ।

ਡਾ. ਜੌਹਲ ਨੇ ਅਫਸੋਸ ਜ਼ਾਹਰ ਕੀਤਾ ਕਿ ਸਾਡੀ ਪੰਜਾਬੀਆਂ ਦੀ ਸੋਚ ਹੀ ਅਜਿਹੀ ਬਣ ਗਈ ਹੈ ਕਿ ਵੱਧ ਚਰਬੀ ਵਾਲਾ ਦੁੱਧ ਹੀ ਅਸੀਂ ਅਸਲੀ ਦੁੱਧ ਸਮਝਦੇ ਹਾਂ। ਤਿੰਨ ਚਾਰ ਫੀਸਦੀ ਚਰਬੀ ਵਾਲੇ ਦੁੱਧ ਨੂੰ ਤਾਂ ਅਸੀਂ ਦੁੱਧ ਹੀ ਨਹੀਂ ਸਮਝਦੇ। ਪੱਛਮੀ ਦੇਸ਼ਾਂ ਵਿਚ ਵਧੇਰੇ ਕਰ ਇੱਕ ਦੋ ਜਾਂ ਵੱਧ ਤੋਂ ਵੱਧ ਤਿੰਨ ਫੀਸਦੀ ਚਰਬੀ ਵਾਲਾ ਦੁੱਧ ਹੀ ਵਰਤਿਆ ਜਾਂਦੈ। ਸਾਨੂੰ ਦੁੱਧ ਬਾਰੇ ਆਪਣੀ ਸੋਚ ਬਦਲਣ ਦੀ ਲੋੜ ਹੈ। ਚਰਬੀ ਦੁੱਧ ਨਹੀਂ ਹੁੰਦੀ ਸਗੋਂ ਇਹ ਸਿਹਤ ਲਈ ਨੁਕਸਾਨਦੇਹ ਹੁੰਦੀ ਹੈ। ਵੈਸੇ ਵੀ ਮੱਝ ਦੇ ਦੁੱਧ ਵਿਚ ਜੋ ਚਰਬੀ ਹੁੰਦੀ ਹੈ, ਉਸ ਦੇ ਦਾਣੇ (ਗਲੋਬੀਊਲ) ਵੱਡੇ ਹੁੰਦੇ ਹਨ ਜੋ ਇਨਸਾਨੀ ਖੁਰਾਕ ਲਈ ਚੰਗੇ ਨਹੀਂ ਹਨ। ਗਊ ਦੇ ਦੁੱਧ ਦੀ ਚਰਬੀ ਦੇ ਦਾਣੇ ਛੋਟੇ ਅਤੇ ਇਨਸਾਨੀ ਦੁੱਧ ਦੇ ਨੇੜੇ ਹੁੰਦੇ ਹਨ। ਚੱਲਦੀਆਂ ਗੱਲਾਂ ਨੇ ਦਿਲਚਸਪ ਮੋੜ ਲੈ ਲਿਆ ਸੀ।

ਡਾ. ਜੌਹਲ ਕਹਿਣ ਲੱਗੇ, ਤਿੰਨ ਕੁ ਦਹਾਕੇ ਪਹਿਲਾਂ ਮੈਂ ਫਿਲੌਰ ਤੋਂ ਨੂਰ ਮਹਿਲ ਨੂੰ ਗੱਡੀ 'ਚ ਸਫਰ ਕਰ ਰਿਹਾ ਸਾਂ। ਦੋ ਹੱਟੀਆਂ-ਕੱਟੀਆਂ ਅੱਧਖੜ ਜੱਟੀਆਂ ਆਪਸ ਵਿਚ ਝਗੜ ਪਈਆਂ। ਇੱਕ ਕਹਿਣ ਲੱਗੀ, "ਚੱਲ ਪਿੰਡ, ਅੱਜ ਕੱਢੀਂ ਆਪਣੇ ਜਣਿਆਂ ਨੂੰ, ਦੇਖੂੰਗੀ ਤੇਰਾ ਦੁੱਧ ਚੁੰਘਾਇਆ ਆਪਣੇ ਪੁੱਤਾਂ ਮੋਹਰੇ।" ਉਹ ਮਾਤਾ ਠੀਕ ਕਹਿੰਦੀ ਸੀ। ਚੁੰਘਾਏ ਦੁੱਧ ਦਾ ਸਰੀਰ ਤੇ ਬੁੱਧ 'ਤੇ ਬਹੁਤ ਅਸਰ ਹੁੰਦੈ। ਜਿਹੋ ਜਿਹੇ ਜਾਨਵਰ ਦਾ ਦੁੱਧ ਅਸੀਂ ਪੀਂਦੇ ਹਾਂ ਉਹੋ ਜਿਹੀ ਸਾਡੀ ਬੁੱਧ ਬਣਦੀ ਹੈ। ਕ੍ਰਿਸ਼ਣ ਜਾਂ ਸੂਖਮ ਬੁੱਧੀ ਮਾਂ ਦੇ ਦੁੱਧ ਤੋਂ ਕਾਫੀ ਪ੍ਰਭਾਵਿਤ ਹੁੰਦੀ ਹੈ। ਮੈਂ ਸੋਚਦਾਂ ਕਿ ਪੰਜਾਬੀਆਂ ਨੂੰ ਦੁੱਧ ਚੁੰਘਾਉਣ ਵਾਲੀ ਮਾਂ ਤਾਂ ਦਰਅਸਲ ਮੱਝ ਹੀ ਹੈ। ਇਸ ਜਾਨਵਰ ਜਿੰਨਾ ਮੂਰਖ ਜਾਨਵਰ ਰੱਬ ਨੇ ਸ਼ਾਇਦ ਹੀ ਹੋਰ ਕੋਈ ਪੈਦਾ ਕੀਤਾ ਹੋਵੇ। ਇਸ ਬੁੱਧੀਹੀਣ, ਮੋਟੀ ਚਮੜੀ ਵਾਲੇ ਅਤੇ ਮੋਟੇ ਹੱਡਾਂ ਤੇ ਮੋਟੇ ਮਾਸ ਵਾਲੇ ਜਾਨਵਰ ਦਾ ਦੁੱਧ ਪੀ ਪੀ ਅਸੀਂ ਬਹਾਦਰ ਤੇ ਧੱਕੜ ਤਾਂ ਬਣ ਗਏ। ਮੱਝਾਂ ਦੀਆਂ ਪੂਛਾਂ ਵਰਗੀਆਂ ਗਾਲ੍ਹਾਂ ਵੀ ਕੱਢਣ ਦੇ ਕਾਬਲ ਹੋ ਗਏ ਪਰ ਨੀਤੀ, ਸੂਖਮਤਾ ਅਤੇ ਬੁੱਧ-ਵਿਹਾਰ ਵਿਚ ਮਾਰ ਖਾ ਗਏ। ਬ੍ਰਾਹਮਣ ਕਪਲਾ ਗਊ ਜੱਟਾਂ ਕੋਲੋਂ ਇਸੇ ਲਈ ਦਾਨ ਕਰਵਾ ਲੈਂਦੇ ਸਨ ਕਿ ਜੱਟਾਂ ਕੋਲ ਰਹੀ ਤਾਂ ਇਹਦਾ ਦੁੱਧ ਪੀਣਗੇ ਤੇ ਸਾਡੇ ਵਾਂਗ ਅਕਲਮੰਦ ਹੋ ਜਾਣਗੇ! ਮੂਰਖ ਜਾਨਵਰ ਦਾ ਦੁੱਧ ਪਿਆ ਕੇ ਹੀ ਉਨ੍ਹਾਂ ਨੂੰ ਮੂਰਖ ਰੱਖਿਆ ਜਾ ਸਕਦਾ ਸੀ। ਕਦੇ ਕਿਸੇ ਪੰਡਤ ਨੂੰ ਮੱਝ ਦਾ ਦਾਨ ਲੈਂਦੇ ਸੁਣਿਐ?

ਡਾ. ਜੌਹਲ ਨੇ ਪੁਸਤਕ 'ਰੰਗਾਂ ਦੀ ਗਾਗਰ' ਵਿਚ ਲਿਖਿਆ, "ਮੈਂ ਤਾਂ ਸਮਝਦਾ ਹਾਂ ਕਿ ਪੰਜਾਬ ਦਾ ਸਾਰਾ ਸਿਆਸੀ ਜਾਂ ਸਮਾਜਿਕ ਮਸਲਾ ਹੀ ਮੱਝ ਕਰਕੇ ਪੈਦਾ ਹੋਇਆ ਹੈ। ਸਾਡੇ ਸਿਆਸੀ ਲੀਡਰ ਅਤੇ ਧਾਰਮਕ ਤੇ ਸਮਾਜਕ ਆਗੂ ਮੱਝ ਦਾ ਸੰਘਣਾ ਦੁੱਧ ਪੀਂਦੇ ਤੇ ਘਿਉ ਖਾਂਦੇ ਹਨ ਜੀਹਦੇ ਖੁੱਲ੍ਹੇ ਗੱਫੇ ਲੱਗਦੇ ਹਨ। ਇਸ ਪਾਸੇ ਕਿਸੇ ਹੋਰ ਨੂੰ ਤਾਂ ਕਮੀ ਹੋਵੇਗੀ, ਪਰ ਇਨ੍ਹਾਂ ਲੀਡਰਾਂ, ਆਗੂਆਂ ਨੂੰ ਤਾਂ ਕੋਈ ਕਮੀ ਹੈ ਹੀ ਨਹੀਂ। ਇਸ ਖੁਰਾਕ ਨਾਲ ਬੁਧੀ 'ਤੇ ਚਰਬੀ ਦੀਆਂ ਤੈਹਾਂ ਜੰਮ ਗਈਆਂ ਹਨ ਅਤੇ ਚਰਬੀ ਵੀ ਮੂਰਖ, ਬੁਧੀਹੀਣ ਮੋਟੀ ਚਮੜੀ ਵਾਲੇ ਪਸ਼ੂ ਦੀ। ਆਪਣੇ ਸਮਾਜਕ, ਆਰਥਕ ਤੇ ਸਿਆਸੀ ਹਿੱਤਾਂ ਵਾਸਤੇ ਵੀ ਮੱਝ ਵਾਲੀ ਢੀਠਤਾ ਨਾਲ ਇਹ ਆਗੂ ਡਟੇ ਹੋਏ ਹਨ। ਸਮਾਜਕ ਹਿੱਤਾਂ ਬਾਰੇ ਸੋਚਣ ਦੇ ਇਹ ਸਮਰੱਥ ਹੀ ਨਹੀਂ ਰਹੇ। ਬ੍ਰਾਹਮਣੀ ਕੇਂਦਰੀ ਰਾਜ ਦੇ ਲੀਡਰ ਮੱਝ ਦੀ ਚਰਬੀ ਤੋਂ ਬਚੇ ਹੋਏ ਹਨ। ਇਸੇ ਕਰਕੇ ਸਾਡੇ ਲੀਡਰਾਂ ਨੂੰ ਦੁੜਕੀ ਲਾਈ ਫਿਰਦੇ ਨੇ! ਇਸ ਕਰਕੇ ਵੀ ਮੇਰਾ ਯਕੀਨ ਹੈ ਕਿ ਸਮਾਜਕ ਅਤੇ ਮਾਨਸਿਕ ਪੱਖ ਤੋਂ ਸਾਡੇ ਵਿਗਿਆਨੀਆਂ ਨੂੰ ਮੱਝ ਦੀ ਥਾਂ ਗਊ ਦੀਆਂ ਉੱਨਤ ਕਿਸਮਾਂ ਪੈਦਾ ਕਰਨ ਅਤੇ ਗੋਕੇ ਦੁੱਧ ਦੇ ਉਤਪਾਦਨ ਵਿਚ ਵਾਧਾ ਕਰਨ ਵੱਲ ਧਿਆਨ ਦੇਣ ਦੀ ਲੋੜ ਹੈ। ਆਰਥਕ ਪੱਖ ਤੋਂ ਤਾਂ ਗਊ ਮੱਝ ਨਾਲੋਂ ਕਿਤੇ ਵੱਧ ਲਾਹੇਵੰਦ ਹੈ ਹੀ; ਖੁਰਾਕੀ ਪੱਖੋਂ ਵੀ ਗੋਕਾ ਦੁੱਧ ਕਿਤੇ ਵਧੀਆ ਹੈ।"





ਡਾ. ਜੌਹਲ ਦੀਆਂ ਗੱਲਾਂ ਤੋਂ ਪ੍ਰਭਾਵਿਤ ਹੋ ਕੇ ਉਨ੍ਹੀਂ ਦਿਨੀਂ ਵਿਚ ਮੈਂ ਵੀ ਇੱਕ ਲੇਖ "ਮੱਝਾਂ ਦਾ ਦੁੱਧ ਪੀਣ ਵਾਲੇ" ਅਖਬਾਰਾਂ ਵਿਚ ਛਪਵਾਇਆ ਸੀ। ਲਿਖਿਆ ਸੀ, "ਮੱਝਾਂ ਸਿੰਗ ਫਸਾ ਬਹਿੰਦੀਆਂ ਹਨ ਤੇ ਝੋਟੇ ਖੌਰੂ ਪਾਏ ਬਿਨਾ ਨਹੀਂ ਰਹਿੰਦੇ। ਉਹ ਭਿੜਨ ਦਾ ਬਹਾਨਾ ਈ ਭਾਲਦੇ ਹਨ। ਇੱਕ ਝੋਟਾ ਦੂਜੇ ਨੂੰ ਵੇਖ ਨਹੀਂ ਸੁਖਾਉਂਦਾ। ਇਹੋ ਹਾਲ ਮਾਝਾ ਦੁੱਧ ਪੀਣ ਵਾਲਿਆਂ ਦਾ ਹੈ।...ਗੁਰੂ ਅੰਗਦ ਦੇਵ ਪਸ਼ੂ ਪਾਲਣ ਯੂਨੀਵਰਸਿਟੀ ਨੂੰ ਖੋਜ ਕਰਵਾਉਣੀ ਚਾਹੀਦੀ ਹੈ ਕਿ ਸਾਰੀ ਦੁਨੀਆਂ 'ਚੋਂ ਪੰਜਾਬੀ ਲੋਕ ਹੀ ਮੱਝਾਂ ਦਾ ਦੁੱਧ ਕਿਉਂ ਵੱਧ ਪੀਂਦੇ ਹਨ? ਪੰਜਾਬ ਵਿਚ ਗਊਆਂ ਤੇ ਬੱਕਰੀਆਂ ਦਾ ਦੁੱਧ ਕਿਉਂ ਨਹੀਂ ਵਧੇਰੇ ਵਰਤਿਆ ਜਾਂਦਾ? ਪੰਜਾਬ ਦੇ ਲਵੇਰਿਆਂ ਵਿਚ ਮੱਝਾਂ ਦੀ ਸਰਦਾਰੀ ਕਿਉਂ ਹੈ? ਕਿਤੇ ਮੱਝਾਂ ਦਾ ਦੁੱਧ ਪੀਣ ਵਾਲੇ ਹੀ ਪੰਜਾਬ ਦੇ ਲੀਡਰ ਤਾਂ ਨਹੀਂ ਬਣ ਰਹੇ? ਜੇ ਉਹੀ ਬਣ ਰਹੇ ਹਨ ਤਾਂ ਉਨ੍ਹਾਂ ਨੂੰ ਸਿੰਗ ਫਸਾਉਣ, ਖੌਰੂ ਪਾਉਣ ਤੇ ਭਿੜਨ ਤੋਂ ਹਟਾਉਣ ਦਾ ਟੀਕਾ ਤਿਆਰ ਕਰਵਾਉਣਾ ਚਾਹੀਦੈ। ਯੂਨੀਵਰਸਿਟੀ ਖੁਦ ਟੀਕਾ ਤਿਆਰ ਕਰਵਾਵੇ। ਕਿਹਾ ਜਾਂਦੈ ਕਿ ਮੈਂਹਾਂ ਮੈਂਹੇਂ ਦਾ ਵੈਰੀ ਹੁੰਦੈ। ਖੋਜ ਹੋਵੇ ਕਿ ਇਹ ਕਿਉਂ ਹੁੰਦੈ?"

ਡਾ. ਜੌਹਲ ਨੇ ਆਪਣੇ ਇੱਕ ਅਖਬਾਰੀ ਲੇਖ 'ਜਿਥੇ ਦੁੱਧ ਜ਼ਹਿਰੀਲਾ ਹੈ' ਵਿਚ ਲਿਖਿਆ: ਕੋਈ ਜ਼ਮਾਨਾ ਸੀ ਦੁੱਧ ਅਤੇ ਪੁੱਤ ਦੀ ਸਹੁੰ ਨਹੀਂ ਸੀ ਖਾਧੀ ਜਾਂਦੀ। ਕੋਈ ਲੱਖ ਸਹੁੰਆਂ ਖਾਵੇ ਪਰ ਦੁੱਧ-ਪੁੱਤ ਦੀ ਸਹੁੰ ਨਹੀਂ ਸੀ ਖਾਂਦਾ। ਪਰ ਪਿਛਲੇ ਪੰਜ-ਛੇ ਦਹਾਕਿਆਂ 'ਚ ਬੜਾ ਬਦਲਾਓ ਆ ਗਿਆ ਹੈ। ਦੁੱਧ ਪਹਿਲੋਂ ਵੇਚਣ ਵਾਲੀ ਵਸਤੂ ਦੇ ਤੌਰ 'ਤੇ ਨਹੀਂ ਸੀ ਸਮਝਿਆ ਜਾਂਦਾ। ਫਿਰ ਦੁੱਧ ਵੀ ਹੋਰ ਚੀਜ਼ਾਂ ਵਾਂਗ ਵੇਚਿਆ ਜਾਣ ਲੱਗ ਪਿਆ। ਇਸ ਪਰਿਵਰਤਨ ਨਾਲ ਪਵਿੱਤਰ ਦੁੱਧ ਵਿਚ ਵੀ ਵਿਉਪਾਰ ਵਾਲੀਆਂ ਸਾਰੀਆਂ ਅਲਾਮਤਾਂ ਆ ਗਈਆਂ। ਉਤਪਾਦਕਾਂ ਨੇ ਦੁੱਧ ਵਿਚ ਪਾਣੀ ਤੇ ਹੋਰ ਵਸਤਾਂ ਦੀ ਮਿਲਾਵਟ ਸ਼ੁਰੂ ਕਰ ਦਿੱਤੀ। ਬਹੁਤ ਘੱਟ ਲੋਕ ਜਾਣਦੇ ਤੇ ਸਮਝਦੇ ਹਨ ਕਿ ਜੇ ਦੁੱਧ ਇਨਸਾਨ ਵਾਸਤੇ ਵਧੀਆ ਖੁਰਾਕ ਹੈ ਤਾਂ ਬਿਮਾਰੀ ਦੇ ਕਿਟਾਣੂੰਆਂ ਵਾਸਤੇ ਵੀ ਇਹ ਉਨੀ ਹੀ ਖਿੱਚਪਾਊ ਖੁਰਾਕ ਹੈ। ਦੁੱਧ ਤਾਂ ਏਨੀ ਨਾਜ਼ਕ ਵਸਤੂ ਹੈ ਕਿ ਕੋਲ ਪਈ ਕਿਸੇ ਵੀ ਮੁਸ਼ਕ ਵਾਲੀ ਵਸਤੂ ਦੀ ਖੁਸ਼ਬੂ ਜਾਂ ਬਦਬੂ ਉਸੇ ਵਕਤ ਉਸ ਵਿਚ ਸਮਾ ਜਾਂਦੀ ਹੈ। ਜੇ ਪਸ਼ੂ ਦੇ ਪਿੰਡੇ ਉਤੇ ਕੋਈ ਮੁਸ਼ਕ ਵਾਲੀ ਚੀਜ਼ ਮਲ ਦੇਈਏ ਤਾਂ ਉਹਦਾ ਅਸਰ ਅਤੇ ਮੁਸ਼ਕ ਵੀ ਦੁੱਧ ਵਿਚ ਆ ਜਾਂਦਾ ਹੈ। ਬੱਕਰੀ ਦੇ ਦੁੱਧ ਤੋਂ ਤਾਂ ਹੀ ਇੱਕ ਖਾਸ ਕਿਸਮ ਦੀ ਬੋ ਆਉਂਦੀ ਹੈ ਕਿਉਂਕਿ ਇਹ ਜਾਨਵਰ ਅਬਲ-ਸਬਲ ਚਾਰਾ ਖਾਂਦਾ ਰਹਿੰਦਾ ਹੈ। ਜੇ ਚਾਰੇ ਵਿਚ ਜਾਂ ਪਸ਼ੂ ਦੇ ਪਿੰਡੇ 'ਤੇ ਕੋਈ ਦਵਾਈ ਆਦਿ ਲੱਗੀ ਹੋਵੇ ਤਾਂ ਉਸ ਦੇ ਅੰਸ਼ ਵੀ ਦੁੱਧ ਵਿਚ ਆ ਜਾਂਦੇ ਹਨ। ਇੰਨੇ ਸੋਹਲ ਖਾਧ ਪਦਾਰਥ ਵਿਚ ਜੇ ਮਿਲਾਵਟ ਦੀ ਅਣਗਹਿਲੀ ਹੋ ਜਾਵੇ ਤਾਂ ਦੁੱਧ ਜ਼ਹਿਰੀਲਾ ਬਣ ਜਾਂਦਾ ਹੈ। ਜੇ ਦੁੱਧ ਚੋਣ ਵਾਲੇ ਨੂੰ ਕੋਈ ਤਪਦਿਕ ਆਦਿ ਦੀ ਬਿਮਾਰੀ ਹੋਵੇ ਤਾਂ ਉਸ ਦੇ ਕਿਟਾਣੂੰ ਦੁੱਧ ਨੂੰ ਵੀ ਦੂਸ਼ਤ ਕਰ ਦਿੰਦੇ ਹਨ। ਗੰਦੇ ਹੱਥਾਂ ਜਾਂ ਗੰਦੇ ਕਪੜਿਆਂ ਨਾਲ ਦੁੱਧ ਚੋਣਾ ਵੀ ਦੁੱਧ ਨੂੰ ਦੂਸ਼ਿਤ ਕਰਦਾ ਹੈ। ਦੁੱਧ 'ਤੇ ਮੱਖੀਆਂ ਬੈਠਣ ਨਾਲ ਅਨੇਕ ਕਿਸਮ ਦੀਆਂ ਬਿਮਾਰੀਆਂ ਦੁੱਧ ਵਿਚ ਦਾਖਲ ਹੋ ਜਾਂਦੀਆਂ ਹਨ।

ਕੱਚਾ ਦੁੱਧ ਤਾਂ ਪੂਰਾ ਬਿਮਾਰੀਆਂ ਦਾ ਘਰ ਹੈ ਜਿਸ ਕਰਕੇ ਇਸ ਦੀ ਵਰਤੋਂ ਖਤਰਨਾਕ ਹੈ। ਉਤੋਂ ਦੁੱਧ ਉਤਪਾਦਕ ਦੁੱਧ ਵਧਾਉਣ ਲਈ ਹਰ ਹਰਬਾ ਵਰਤਦੇ ਹਨ। ਪਹਿਲਾਂ ਤਾਂ ਦੁੱਧ ਵਧਾਉਣ ਲਈ ਲਵੇਰੇ ਦੇ ਟੀਕੇ ਲਾਉਂਦੇ ਹਨ, ਫਿਰ ਦੁੱਧ ਉਤਾਰਨ ਲਈ ਟੀਕੇ ਤੇ ਤਸੀਹੇ। ਇਸ ਸਭ ਦਾ ਹਾਨੀਕਾਰਕ ਅਸਰ ਦੁੱਧ 'ਤੇ ਪੈਂਦਾ ਹੈ। ਹੁਣ ਤਾਂ ਕੀਮੀਆਈ ਦੁੱਧ ਵੀ ਯੂਰੀਆ ਆਦਿ ਪਾ ਕੇ ਬਣਾਇਆ ਫੜਿਆ ਜਾਣ ਲੱਗਾ ਹੈ। ਦੁੱਧ ਨੂੰ ਬੇਹਾ ਹੋ ਕੇ ਫਟਣ ਤੋਂ ਬਚਾਉਣ ਲਈ ਡੇਅਰੀਆਂ ਵਾਲੇ ਦੁੱਧ ਵਿਚ ਦੁਆਈਆਂ ਪਾਉਂਦੇ ਹਨ। ਸਾਡੇ ਲਈ ਮਾੜੇ ਮੋਟੇ ਬਚਾਓ ਵਾਲੀ ਇੱਕੋ ਗੱਲ ਹੈ ਕਿ ਅਸੀਂ ਦੁੱਧ ਉਬਾਲ ਕੇ ਵਰਤਦੇ ਹਾਂ।

ਫਿਰ ਵਾਰੀ ਆਉਂਦੀ ਹੈ ਦੋਧੀਆਂ ਦੀ। ਖਪਤਕਾਰ ਤਾਈਂ ਪ੍ਰਚਾਉਂਦਿਆਂ ਇਹ ਦੁੱਧ ਦਾ ਹੁਲੀਆ ਹੀ ਵਿਗਾੜ ਦਿੰਦੇ ਹਨ। ਇਨ੍ਹਾਂ ਦਾ ਪਾਣੀ ਧਾਣੀ ਪਾਉਣ ਤੋਂ ਬਾਅਦ ਪਹਿਲਾ ਪੜਾਓ ਕਰੀਮ ਕੱਢਣ ਵਾਲੀਆਂ ਡੇਅਰੀਆਂ 'ਤੇ ਹੁੰਦਾ ਹੈ। ਜਿਹੜਾ ਦੁੱਧ ਉਥੋਂ ਦੇਣਾ ਹੁੰਦਾ ਹੈ, ਦੇ ਕੇ ਹੋਰ ਮਿਲਾਵਟ ਕੀਤੀ ਜਾਂਦੀ ਹੈ। ਬਗੈਰ ਕਿਸੇ ਸ਼ਰਮ-ਹਯਾ ਦੇ ਇਹ ਸਪਰੇਟਾ ਦੁੱਧ ਖਰੀਦ ਕੇ ਆਪਣੇ ਪਿੰਡਾਂ ਤੋਂ ਲਿਆਂਦੇ ਦੁੱਧ ਵਿਚ ਸਾਰਿਆਂ ਦੇ ਸਾਹਮਣੇ ਮਿਲਾਵਟ ਕਰਦੇ ਹਨ। ਨਿਰਾ ਸਪਰੇਟਾ ਹੀ ਮਿਲਾਉਣਾ ਸ਼ਾਇਦ ਇਨ੍ਹਾਂ ਨੂੰ ਪੁੱਗਦਾ ਨਹੀਂ। ਕੋਲੋਂ ਨਲਕੇ ਦਾ ਪਾਣੀ ਪਾ ਲੈਂਦੇ ਹਨ। ਨਲਕੇ ਦਾ ਨਾ ਹੋਇਆ ਤਾਂ ਛੱਪੜ ਦਾ ਹੀ ਸਹੀ! ਇਨ੍ਹਾਂ ਦੀ ਗੰਦਗੀ ਦਾ ਇਹ ਹਾਲ ਹੈ ਕਿ ਇੱਕ ਵੇਰ ਮੈਂ ਵੇਖਿਆ, ਸੜਕ 'ਤੇ ਜਾਂਦੇ ਦੋਧੀ ਦਾ ਸਾਈਕਲ ਉਲਟ ਗਿਆ ਜਿਸ ਨਾਲ ਦੁੱਧ ਦਾ ਡਰੰਮ ਡੁੱਲ੍ਹ ਗਿਆ। ਉਸ ਨੇ ਸਾਈਕਲ ਸਿੱਧਾ ਕਰ ਕੇ, ਫਟਾ-ਫਟ ਆਪਣਾ ਤੰਬਾ ਲਾਹਿਆ ਅਤੇ ਪੱਕੀ ਸੜਕ 'ਤੇ ਡੁੱਲ੍ਹੇ ਦੁੱਧ ਵਿਚ ਭਿਉਂ ਕੇ ਡਰੰਮ ਵਿਚ ਨਚੋੜ ਲਿਆ। ਇਸ ਤਰ੍ਹਾਂ ਚਾਰ-ਪੰਜ ਵਾਰ ਉਸ ਨੇ ਡੁੱਲ੍ਹੇ ਦੁੱਧ ਵਿਚ ਚਾਦਰ ਭਿਉਂ ਕੇ ਡਰੰਮ ਵਿਚ ਨਿਚੋੜੀ ਅਤੇ ਸਾਰੇ ਦਾ ਸਾਰਾ ਦੁੱਧ ਡਰੰਮ ਵਿਚ ਸਮੇਟ ਲਿਆ। ਜੌਹਲ ਲਿਖਦਾ ਹੈ: ਇਹ ਨਜ਼ਾਰਾ ਵੇਖ ਕੇ ਮੈਂ ਮੁੜ ਕੇ ਕਿਸੇ ਦੋਧੀ ਤੋਂ ਦੁੱਧ ਨਹੀਂ ਖਰੀਦਿਆ।

ਦੁੱਧ ਦੀਆਂ ਡੇਅਰੀਆਂ 'ਤੇ ਮੱਖੀਆਂ ਏਨੀਆਂ ਹੋ ਗਈਆਂ ਹਨ ਕਿ ਕਿਸੇ ਨੂੰ ਮੱਖੀਆਂ ਦੀ ਕੋਈ ਪਰਵਾਹ ਹੀ ਨਹੀਂ ਰਹੀ। ਮੱਖੀਆਂ ਦੇ ਢੇਰ ਵਿਖਾਈ ਦਿੰਦੇ ਹਨ ਦੁੱਧ ਦੀਆਂ ਦੁਕਾਨਾਂ 'ਤੇ। ਮੱਖੀਆਂ ਦੁੱਧ ਵਿਚ ਡਿੱਗੀ ਜਾਂਦੀਆਂ ਹਨ ਅਤੇ ਦੁਕਾਨਦਾਰ ਪੋਣੀ ਨਾਲ ਕੱਢੀ ਜਾਂਦੇ ਹਨ। ਉਹ ਵੀ ਤਾਂ ਜੇ ਕੋਈ ਕਹਿ ਦੇਵੇ। ਨਹੀਂ ਘਰ ਜਾ ਕੇ ਆਪ ਕੱਢ ਲਵੇ! ਜਿਹੜੇ ਇੰਸਪੈਕਟਰ ਲਾਏ ਜਾਂਦੇ ਹਨ, ਉਨ੍ਹਾਂ ਦੇ ਡੇਅਰੀ ਮਾਲਕਾਂ ਤੇ ਦੁਕਾਨਦਾਰਾਂ ਨਾਲ 'ਮਹੀਨੇ' ਬੱਝ ਜਾਂਦੇ ਹਨ। ਇਸ ਹਾਲਤ ਵਿਚ ਜਿਥੇ ਕੁੱਤੀ ਚੋਰਾਂ ਨਾਲ ਰਲੀ ਹੋਵੇ ਤੇ ਚੋਰਾਂ ਦੀ ਜੁੰਡਲੀ ਆਪਸ ਵਿਚ ਜੁੜੀ ਹੋਵੇ, ਉਥੇ ਦੁੱਧ ਜ਼ਹਿਰ ਨਾ ਹੋਵੇ ਤਾਂ ਹੋਰ ਕੀ ਹੋਵੇ? ਲੋਕ ਫਿਰ ਵੀ



ਪੀਵੀ ਜਾਂਦੇ ਹਨ ਦੁੱਧ ਸਮਝ ਕੇ ਅਤੇ ਲੋਟੂ ਲੁੱਟੀ ਜਾਂਦੇ ਹਨ ਲੋਕਾਂ ਨੂੰ ਦੁੱਧ ਵਿਚ ਜ਼ਹਿਰ ਮਿਲਾ ਕੇ। ਪਰ ਕੌਣ ਸੁਣਦੈ ਇਹ ਗੱਲਾਂ ਇਸ ਰਿਸ਼ੀਆਂ-ਮੁਨੀਆਂ ਦੀ ਧਰਤੀ 'ਭਾਰਤ ਮਹਾਨ' ਵਿਚ?

(ਪੁਸਤਕ ਲੈਣ ਲਈ ਸੰਗਮ ਪਬਲਿਸ਼ਰਜ਼ ਨਾਲ ਫੋਨ 011-91-17645-01934 ਜਾਂ 011-91-92090-00001 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।)

## ਕੁਝ ਕੰਮ ਦੀਆਂ ਗੱਲਾਂ

*ਸੰਸਾਰ ਵਿਚ ਕਿਸੇ ਵਿਅਕਤੀ ਦਾ ਅਸਲ ਸਨਮਾਨ ਉਸ ਦੇ ਵਿਹਾਰ, ਗੁਫਤਾਰ ਅਤੇ ਆਚਾਰ ਕਰਕੇ ਹੁੰਦਾ ਹੈ। ਅਹੁਦੇ, ਪੈਸੇ ਜਾਂ ਕੁਰਸੀ ਕਾਰਨ ਮਿਲ ਰਿਹਾ ਸਨਮਾਨ ਝੂਠਾ, ਬਨਾਉਟੀ ਅਤੇ ਥੋੜ੍ਹ ਚਿਰਾ ਹੁੰਦਾ ਹੈ। ਇਸ ਲਈ ਸਹੀ ਅਰਥਾਂ ਵਿਚ ਸਫਲ ਇਨਸਾਨ ਉਹ ਹੁੰਦਾ ਹੈ ਜਿਸ ਨੂੰ ਦੁਨਿਆਵੀ ਮਾਣ ਤੇ ਸਤਿਕਾਰ ਕੇਵਲ ਕਿਸੇ ਸ਼ਕਤੀਸ਼ਾਲੀ ਪਦਵੀ ਉਤੇ ਬੈਠੇ ਹੋਣ ਕਰਕੇ ਨਾ ਮਿਲੇ, ਬਲਕਿ ਉਹ ਮਾਣ-ਸਨਮਾਨ ਉਸ ਦੇ ਉਚ ਅਹੁਦੇ ਤੋਂ ਸੇਵਾ-ਮੁਕਤ ਹੋਣ ਮਗਰੋਂ ਵੀ ਪਹਿਲਾਂ ਵਾਂਗ ਹੀ ਕਾਇਮ ਰਹੇ। ਅਫਸੋਸ, ਅਜੋਕੇ ਸਮੇਂ ਦੌਰਾਨ ਅਜਿਹੇ ਸਫਲ ਇਨਸਾਨ ਬਹੁਤ ਘੱਟ ਹਨ।

*ਭਾਵੇਂ ਹਰ ਇਨਸਾਨ ਆਪਣੇ ਅਹੁਦੇ, ਸੁਭਾਅ ਅਤੇ ਸ਼ਕਤੀ ਅਨੁਸਾਰ ਵਿਹਾਰ ਕਰਦਾ ਹੈ, ਪਰੰਤੂ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਕਿਸੇ ਨਾਲ ਇੰਨੀ ਨਰਮੀ ਵੀ ਨਾ ਵਰਤੀ ਜਾਵੇ ਕਿ ਅਗਲਾ ਤੁਹਾਨੂੰ ਕੁਝ ਸਮਝੇ ਹੀ ਨਾ ਤੇ ਤੁਹਾਡੇ ਸਿਰ ਉਤੇ ਚੜ੍ਹ ਜਾਵੇ। ਕਿਸੇ ਨਾਲ ਇੰਨੀ ਸਖਤੀ ਵੀ ਨਹੀਂ ਵਰਤਣੀ ਚਾਹੀਦੀ ਕਿ ਅਗਲਾ ਡਰਦੇ ਮਾਰੇ ਤੁਹਾਡੇ ਨਾਲ ਗੱਲ ਕਰਨ ਤੋਂ ਵੀ ਪ੍ਰਹੇਜ਼ ਕਰਨ ਲੱਗ ਪਵੇ ਅਤੇ ਤੁਹਾਡੇ ਨਾਲ ਨਾ ਦਿਸਣ ਤੇ ਖਤਮ ਹੋਣ ਵਾਲੀਆਂ ਦੂਰੀਆਂ ਬਣਾ ਲਵੇ।


*ਸੰਸਾਰ ਦੇ ਹਰ ਜੀਵ ਨੂੰ ਕਾਦਰ ਨੇ ਇਕ-ਦੂਸਰੇ ਤੋਂ ਵੱਖਰਾ ਤੇ ਵਿਸ਼ੇਸ਼ ਬਣਾਇਆ ਹੈ। ਸਾਡੀ ਸੋਚ, ਸੁਭਾਅ, ਸਾਡਾ ਵਿਹਾਰ, ਸਾਡੀਆਂ ਆਦਤਾਂ, ਸਾਡੀਆਂ ਖੂਬੀਆਂ ਅਤੇ ਸਾਡੀਆਂ ਕਮਜ਼ੋਰੀਆਂ ਵੀ ਇਕ-ਦੂਜੇ ਨਾਲੋਂ ਵੱਖਰੀਆਂ ਹੁੰਦੀਆਂ ਹਨ। ਸਾਡੀ ਸਫਲਤਾ ਜਾਂ ਅਸਫਲਤਾ ਵੀ ਸਾਡੇ ਵੱਖੋ-ਵੱਖਰੇ ਪਿਛੋਕੜ, ਪਰਿਵਾਰ, ਧਰਮ, ਸਮਾਜ, ਸਿੱਖਿਆ ਸੰਸਥਾਵਾਂ, ਸਮੱਸਿਆਵਾਂ, ਨਿਜੀ ਤਜਰਬੇ, ਹਾਲਾਤ, ਮਿਹਨਤ ਅਤੇ ਕਿਸਮਤ ਆਦਿ ਉਤੇ ਨਿਰਭਰ ਕਰਦੀ ਹੈ। ਅਸੀਂ ਆਪਣੇ ਆਪ ਵਿਚ ਹੀ ਇਕ ਖਾਸ, ਨਿਵੇਕਲੀ ਤੇ ਵਿਲੱਖਣ ਸ਼ਖਸੀਅਤ ਦੇ ਮਾਲਕ ਹਾਂ। ਇਸ ਲਈ ਅਸੀਂ ਕਿਸੇ ਵਰਗੇ ਨਹੀਂ ਬਣ ਸਕਦੇ ਅਤੇ ਨਾ ਹੀ ਸਾਨੂੰ ਕਿਸੇ ਵਰਗਾ ਬਣਨ ਦਾ ਯਤਨ ਕਰਨਾ ਚਾਹੀਦਾ ਹੈ। ਹਾਂ! ਕਿਸੇ ਦੀ ਮਹਾਨਤਾ ਤੇ ਚੰਗਿਆਈ ਤੋਂ ਜ਼ਰੂਰ ਪ੍ਰੇਰਨਾ ਲੈ ਕੇ ਆਪਣੇ ਆਪ ਵਿਚ ਨਿਰੰਤਰ ਸੁਧਾਰ ਕਰਦੇ ਅਤੇ ਹਮੇਸ਼ਾ ਈਰਖਾ, ਨਿੰਦਿਆ ਤੇ ਚੁਗਲੀ ਤੋਂ ਬਚ ਕੇ ਰਹਿਣਾ ਚਾਹੀਦਾ ਹੈ।

*ਸਾਡੇ ਸੱਭਿਆਚਾਰ ਵਿਚ 'ਦਾਦਕਿਆਂ' ਅਤੇ 'ਨਾਨਕਿਆਂ' ਦੀ ਬਹੁਤ ਮਹੱਤਤਾ ਹੈ। ਮਨੁੱਖ ਦੇ ਜੀਵਨ ਦੇ ਮੁਢਲੇ ਸਾਲਾਂ ਦੌਰਾਨ ਉਸ ਦੇ ਸਰੀਰਕ, ਮਾਨਸਿਕ, ਸਮਾਜਿਕ ਅਤੇ ਸੱਭਿਆਚਾਰਕ ਵਿਕਾਸ ਵਿਚ ਦਾਦਕੇ ਅਤੇ ਨਾਨਕੇ ਪਰਿਵਾਰਾਂ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਆਮ ਤੌਰ 'ਤੇ ਇਨ੍ਹਾਂ ਸੰਸਥਾਵਾਂ ਦੀ ਹੋਂਦ ਉਦੋਂ ਤੱਕ ਹੀ ਕਾਇਮ ਰਹਿੰਦੀ ਹੈ ਜਦੋਂ ਤੱਕ ਦਾਦਾ-ਦਾਦੀ ਅਤੇ ਨਾਨਾ-ਨਾਨੀ (ਖਾਸ ਕਰਕੇ ਦਾਦੀ ਅਤੇ ਨਾਨੀ) ਦਾ ਵਜੂਦ ਕਾਇਮ ਰਹਿੰਦਾ ਹੈ। ਜਦੋਂ ਤੱਕ ਵੱਡੇ ਬਜ਼ੁਰਗ ਸਿਰ ਉਤੇ ਰਹਿੰਦੇ ਹਨ ਅਤੇ ਜਦੋਂ ਤੱਕ ਉਨ੍ਹਾਂ ਦੀ ਗੱਲ ਸੁਣ-ਮੰਨੀ ਜਾਂਦੀ ਹੈ, ਉਦੋਂ ਤੱਕ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਦਰਮਿਆਨ ਆਪਸੀ ਪਿਆਰ, ਵਿਸ਼ਵਾਸ ਅਤੇ ਏਕਤਾ ਕਾਇਮ ਰਹਿੰਦੀ ਹੈ।

-ਪ੍ਰੋ. ਹਰਗੁਣਪ੍ਰੀਤ ਸਿੰਘ
ਫੋਨ: 91-94636-19353

# ਕਿਹੜੇ ਰਾਹਾਂ 'ਤੇ ਤੁਰ ਪਈ ਹੈ ਭਾਰਤ ਦੀ ਰਾਜਨੀਤੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਚਾਰ ਪਤਨੀਆਂ ਤੋਂ ਪੰਜ ਪੁੱਤਰਾਂ ਤੇ ਦੋ ਧੀਆਂ ਦਾ ਬਾਪ ਮਰਹੂਮ ਮੁੱਖ ਮੰਤਰੀ ਡੋਰਜੀ ਖਾਂਡੂ ਦਾ ਪੁੱਤਰ ਤੇ ਹੁਣ ਦਾ ਅਰੁਣਾਂਚਲ ਪ੍ਰਦੇਸ਼ ਦਾ ਮੁੱਖ ਮੰਤਰੀ ਪੇਮਾ ਖਾਂਡੂ ਪਿਛਲੇ ਦਿਨੀਂ ਦਲ-ਬਦਲੀ ਕਰ ਕੇ ਕਾਂਗਰਸ ਪਾਰਟੀ ਛੱਡਣ ਦੇ ਬਾਅਦ ਪੀਪਲਜ਼ ਪਾਰਟੀ ਆਫ ਅਰੁਣਾਂਚਲ ਪ੍ਰਦੇਸ਼ ਵਿਚ ਸ਼ਾਮਲ ਹੋ ਗਿਆ ਹੈ। ਇਸ ਹਰਕਤ ਕਾਰਨ ਪੇਮਾ ਖਾਂਡੂ ਭਾਰਤ ਦੇ ਉਤਰ-ਪੂਰਬੀ ਰਾਜਾਂ ਦਾ ਚੌਧਰੀ ਭਜਨ ਲਾਲ ਕਿਹਾ ਜਾ ਸਕਦਾ ਹੈ। ਮੋਰਾਰਜੀ ਡਿਸਾਈ ਤੇ ਚੌਧਰੀ ਚਰਨ ਸਿੰਘ ਦੇ ਝਗੜੇ ਕਾਰਨ ਜਦੋਂ ਜਨਤਾ ਪਾਰਟੀ ਟੁੱਟੀ ਤੇ ਅਗਲੀਆਂ ਚੋਣਾਂ ਵਿਚ ਇੰਦਰਾ ਗਾਂਧੀ ਦੋਬਾਰਾ ਜਿੱਤੀ ਤਾਂ ਹਰਿਆਣੇ ਦਾ ਮੁੱਖ ਮੰਤਰੀ ਚੌਧਰੀ ਭਜਨ ਲਾਲ ਆਪਣੀ ਸਾਰੀ ਸਰਕਾਰ ਸਣੇ ਜਨਤਾ ਪਾਰਟੀ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋਣ ਵਾਲਾ ਪਹਿਲਾ ਮੁੱਖ ਮੰਤਰੀ ਸੀ। ਹੋਰ ਕਿਸੇ ਵੱਲੋਂ ਏਦਾਂ ਕੀਤੇ ਜਾਣ ਬਾਰੇ ਸਾਨੂੰ ਯਾਦ ਨਹੀਂ ਤੇ ਹੁਣ ਪੇਮਾ ਖਾਂਡੂ ਉਸੇ ਤਰ੍ਹਾਂ ਸਰਕਾਰ ਸਣੇ ਕਾਂਗਰਸ ਛੱਡ ਕੇ ਪੀਪਲਜ਼ ਪਾਰਟੀ ਆਫ ਅਰੁਣਾਂਚਲ ਵਿਚ ਚਲਾ ਗਿਆ ਹੈ।

ਪੇਮਾ ਖਾਂਡੂ ਕਹਿੰਦਾ ਹੈ ਕਿ ਆਪਣੇ ਰਾਜ ਦੇ ਹਿੱਤ ਲਈ ਕੇਂਦਰ ਦੀ ਮਜ਼ਬੂਤ ਧਿਰ ਵੱਲ ਜਾਣਾ ਪਿਆ ਹੈ। ਕਹਿਣ ਤੋਂ ਭਾਵ ਪੀਪਲਜ਼ ਪਾਰਟੀ ਆਫ ਅਰੁਣਾਂਚਲ ਵਿਚ ਉਹ ਇਸ ਲਈ ਗਿਆ ਹੈ ਕਿ ਇਹ ਪਾਰਟੀ ਕੇਂਦਰ ਦਾ ਰਾਜ ਚਲਾਉਂਦੀ ਭਾਜਪਾ ਦੇ ਨੇੜੇ ਹੈ। ਸਿਆਸੀ ਛੜੱਪੇ ਲਈ ਕੋਈ ਹੋਰ ਮਾੜਾ-ਚੰਗਾ ਬਹਾਨਾ ਲਾਉਣ ਦੀ ਥਾਂ ਉਸ ਨੇ ਸਿੱਧੀ ਗੱਲ ਕਹਿ ਦਿੱਤੀ ਹੈ। ਇਸ ਤੋਂ ਇਹ ਵੀ



ਚੌਧਰੀ ਭਜਨ ਲਾਲ

ਸਾਫ ਹੋ ਗਿਆ ਹੈ ਕਿ ਭਾਜਪਾ ਨੇ ਕਿਹਾ ਹੋਵੇਗਾ ਕਿ ਮਦਦ ਲੈਣੀ ਹੈ ਤਾਂ ਪਹਿਲੇ ਸਿਆਸੀ ਫੱਟੇ ਉਤਾਰ ਕੇ ਸਾਡੀ ਮਰਜ਼ੀ ਦਾ ਫੱਟਾ ਟੰਗ ਲੈ, ਵਰਨਾ ਤੇਰੀ ਸਰਕਾਰ ਨੂੰ ਨਾ ਫੰਡ ਮਿਲਣਗੇ ਤੇ ਨਾ ਕੋਈ ਹੋਰ ਸਹੂਲਤ ਮਿਲੇਗੀ। ਸਿਆਸੀ ਬਲੈਕਮੇਲ ਦੀ ਇਹ ਵੀ ਇੱਕ ਬੇਹੂਦਾ ਵੰਨਗੀ ਹੈ।

ਉਂਜ ਇਸੇ ਪੇਮਾ ਖਾਂਡੂ ਦਾ ਬਾਪ ਡੋਰਜੀ ਖਾਂਡੂ ਜਦੋਂ ਅਰੁਣਾਂਚਲ ਦਾ ਪਹਿਲੀ ਵਾਰੀ ਮੰਤਰੀ ਬਣਿਆ ਸੀ, ਉਦੋਂ ਦੇ ਮੁੱਖ ਮੰਤਰੀ ਗੇਗਾਂਗ ਅਪਾਂਗ ਨੇ ਵੀ ਆਪਣੇ ਧੜੇ ਸਮੇਤ ਕਾਂਗਰਸ ਛੱਡ ਕੇ ਅਰੁਣਾਂਚਲ ਕਾਂਗਰਸ ਬਣਾ ਲਈ ਸੀ। ਜਦੋਂ ਅਗਲੀਆਂ ਚੋਣਾਂ ਆਈਆਂ ਤਾਂ ਅਪਾਂਗ ਫਿਰ ਕਾਂਗਰਸ ਨਾਲ ਸਾਂਝੀ ਸਰਕਾਰ ਬਣਾ ਕੇ ਮੁੱਖ ਮੰਤਰੀ ਬਣ ਗਿਆ। ਪੇਮਾ ਖਾਂਡੂ ਦਾ ਬਾਪ ਡੋਰਜੀ ਖਾਂਡੂ ਉਸ ਸਮੇਂ ਉਸ ਦਾ ਸਾਥੀ ਹੁੰਦਾ ਸੀ। ਅਗਲੀ ਚੋਣ ਪਿੱਛੋਂ ਗੇਗਾਂਗ ਅਪਾਂਗ ਫਿਰ ਕਾਂਗਰਸ ਨਾਲ ਸਾਂਝੇ ਮੋਰਚੇ ਦਾ ਮੁੱਖ ਮੰਤਰੀ ਬਣਿਆ, ਪਰ ਕੁਝ




ਪੇਮਾ ਖਾਂਡੂ

ਚਿਰ ਪਿੱਛੋਂ ਛੱਡ ਕੇ ਭਾਜਪਾ ਵਿਚ ਜਾ ਵੜਿਆ ਸੀ। ਕੇਂਦਰ ਵਿਚ ਭਾਜਪਾ ਦੀ ਵਾਜਪਾਈ ਸਰਕਾਰ ਟੁੱਟਦੇ ਸਾਰ ਕਾਂਗਰਸ ਵਿਚ ਪਰਤ ਕੇ ਫਿਰ ਮੁੱਖ ਮੰਤਰੀ ਬਣਿਆ, ਪਰ ਜਦੋਂ ਪਾਰਟੀ ਵਿਚ ਉਸ ਦੀ ਛੜੱਪੇਬਾਜ਼ੀ ਦੇ ਖਿਲਾਫ ਰੋਸ ਵਧਿਆ ਤੇ ਮੁੱਖ ਮੰਤਰੀ ਦੀ ਕੁਰਸੀ ਛੱਡਣੀ ਪਈ ਤਾਂ ਫਿਰ ਭਾਜਪਾ ਵਿਚ ਪਹੁੰਚ ਗਿਆ ਸੀ। ਇਸ ਦੌਰਾਨ ਥੋੜ੍ਹਾ ਚਿਰ ਮੁਕਟ ਮਿੱਠੀ ਨੂੰ ਮੁੱਖ ਮੰਤਰੀ ਬਣਾ ਕੇ ਵੇਖਿਆ, ਪਰ ਉਹ ਵੀ ਇਸੇ ਤਰ੍ਹਾਂ ਦਾ ਸੀ। ਜਦੋਂ ਤੀਸਰੀ ਵਾਰੀ ਗੇਗਾਂਗ ਅਪਾਂਗ ਨੇ ਕਾਂਗਰਸ ਛੱਡੀ ਤਾਂ ਮੌਜੂਦਾ ਮੁੱਖ ਮੰਤਰੀ ਪੇਮਾ ਖਾਂਡੂ ਦਾ ਬਾਪ ਡੋਰਜੀ ਖਾਂਡੂ ਕਾਂਗਰਸ ਨੇ ਉਦੋਂ ਮੁੱਖ ਮੰਤਰੀ ਬਣਾਇਆ ਸੀ। ਡੋਰਜੀ ਆਪਣੇ ਆਖਰੀ ਸਾਹ ਤੱਕ ਕਾਂਗਰਸ ਦੇ ਨਾਲ ਰਿਹਾ, ਪਰ ਹੁਣ ਪੇਮਾ ਖਾਂਡੂ ਦਲ-ਬਦਲੀ ਦੀ ਖੇਹ ਉਡਾਉਣ ਪਿੱਛੋਂ ਆਪਣੇ ਛੜੱਪੇ ਵਿਚ ਅਰੁਣਾਂਚਲ ਪ੍ਰਦੇਸ਼ ਦੇ ਲੋਕਾਂ ਦਾ ਹਿੱਤ ਦੱਸਦਾ ਫਿਰਦਾ ਹੈ। ਮੌਕਾ-ਪ੍ਰਸਤੀ ਕੋਈ ਵੀ ਕਰੇ, ਬਹਾਨਾ ਏਦਾਂ ਦਾ ਹੀ ਲਾਉਣਾ ਪੈਂਦਾ ਹੈ।

ਅਰੁਣਾਂਚਲ ਪ੍ਰਦੇਸ਼ ਵਿਚ ਇਹ ਗੰਦੀ ਖੇਡ ਜਦੋਂ ਇਸ ਹਫਤੇ ਖੇਡੀ ਜਾ ਰਹੀ ਸੀ, ਉਦੋਂ ਦੇਸ਼ ਦੇ ਸਭ ਤੋਂ ਵੱਡੇ ਰਾਜ ਉਤਰ ਪ੍ਰਦੇਸ਼ ਵਿਚ ਰਾਜ ਕਰਦੀ ਪਾਰਟੀ ਦੇ ਮੋਹਰੀ ਟੱਬਰ ਵਿਚ ਧਮੱਚੜ ਪਿਆ ਫਿਰਦਾ ਸੀ। ਮੁਲਾਇਮ ਸਿੰਘ ਯਾਦਵ ਦੇ ਮੁੱਖ ਮੰਤਰੀ ਪੁੱਤਰ ਅਖਿਲੇਸ਼ ਯਾਦਵ ਦੀ ਆਪਣੇ ਚਾਚੇ ਸ਼ਿਵਪਾਲ ਯਾਦਵ ਨਾਲ ਨਹੀਂ ਬਣਦੀ। ਸ਼ਿਵਪਾਲ ਨੇ ਜਦੋਂ ਅਸਤੀਫਾ ਦੇ ਦਿੱਤਾ ਤਾਂ ਮੁਲਾਇਮ ਸਿੰਘ ਨੇ ਚਾਚੇ-ਭਤੀਜੇ ਦੀ ਮੀਟਿੰਗ ਕਰਵਾ ਕੇ ਵਕਤੀ ਜੰਗਬੰਦੀ ਕਰਵਾ ਲਈ ਹੈ। ਵਕਤੀ ਜੰਗਬੰਦੀ ਇਸ ਲਈ ਕਹੀ ਜਾ ਸਕਦੀ ਹੈ ਕਿ ਗੱਦੀ ਦੀ ਭੁੱਖ ਨੇ ਇਹ ਸਮਝੌਤਾ ਬਹੁਤਾ ਚਿਰ ਨਹੀਂ ਰਹਿਣ ਦੇਣਾ। ਜਿਸ ਵੀ ਰਾਜ ਵਿਚ ਤੇ ਜਿਸ ਵੀ ਰਾਜ ਕਰਦੇ ਕੁਨਬੇ 'ਚ ਏਦਾਂ ਦਾ ਰੱਫੜ ਇੱਕ ਵਾਰ ਪੈ ਜਾਵੇ, ਉਸ ਪਿੱਛੋਂ ਮਨ ਪੱਕੇ ਤੌਰ ਉਤੇ ਮਿਲਦੇ ਨਹੀਂ ਹੁੰਦੇ। ਸਿਆਸੀ ਰੁਤਬੇ ਲਈ ਫਾਵੇ ਹੋਏ ਏਦਾਂ ਦੇ ਟੱਬਰਾਂ ਦਾ ਤਜਰਬਾ ਭਾਰਤ, ਅਤੇ ਸਾਡੇ ਪੰਜਾਬ ਵਿਚ ਵੀ, ਇਤਿਹਾਸ ਦੇ ਸਫੇ ਭਰਨ ਲਈ ਬਹੁਤ ਸਾਰਾ ਮਸਾਲਾ ਪੇਸ਼ ਕਰ ਸਕਦਾ ਹੈ।

ਅਸੀਂ ਪਿਛਲੇ ਦਿਨੀਂ ਇੰਦਰਾ ਗਾਂਧੀ ਦੇ ਇੱਕ ਪੋਤਰੇ ਵਰੁਣ ਗਾਂਧੀ ਨੂੰ ਭਾਜਪਾ ਮੀਟਿੰਗ ਵਿਚ ਭਾਜਪਾ ਲੀਡਰਾਂ ਨੂੰ ਇਸ ਗੱਲ ਲਈ ਝਾੜ ਪਾਉਂਦੇ ਵੇਖਿਆ ਕਿ ਉਹ ਜਦੋਂ ਵੀ ਉਠਦੇ ਹਨ, ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਨਹਿਰੂ ਦੇ ਖਿਲਾਫ ਬੋਲਦੇ ਹਨ। ਉਸ ਨੇ ਪੰਡਿਤ ਨਹਿਰੂ ਦੀ ਸ਼ਖਸੀਅਤ ਬਾਰੇ ਹਵਾਲੇ ਦੇ ਕੇ ਦੱਸਿਆ ਕਿ ਉਹ ਕਿੰਨਾ ਵਿਦਵਾਨ ਤੇ ਮਹਾਨ ਨੇਤਾ ਸੀ ਤੇ ਨਾਲ ਇਸ ਗੱਲ ਉਤੇ ਮਾਣ ਕੀਤਾ ਕਿ ਉਹ ਨਹਿਰੂ ਦੇ ਖਾਨਦਾਨ ਵਿਚੋਂ ਹੈ। ਵਰੁਣ ਗਾਂਧੀ ਨੂੰ ਨਹਿਰੂ ਦਾ ਚੇਤਾ ਬੜੀ ਦੇਰ ਨਾਲ ਆਇਆ। ਸੱਤਾ ਦੀ ਭੁੱਖ ਵਿਚ ਜਦੋਂ ਉਸ ਦੀ ਮਾਂ ਪਹਿਲਾਂ ਜਨਤਾ ਦਲ ਤੇ ਫਿਰ ਭਾਜਪਾ ਵਿਚ ਗਈ ਸੀ ਤੇ ਫਿਰ ਉਸ ਨੇ ਇਸੇ ਪੁੱਤਰ ਨੂੰ ਭਾਜਪਾ ਵੱਲੋਂ ਸੰਸਦ ਮੈਂਬਰ ਬਣਵਾਇਆ ਸੀ, ਇਹ ਚੇਤਾ ਉਸੇ ਵੇਲੇ ਕਰ ਲੈਣਾ ਚਾਹੀਦਾ ਸੀ।

ਭਾਜਪਾ ਤਾਂ ਮੁੱਢ ਤੋਂ ਪੰਡਿਤ ਨਹਿਰੂ ਦੇ ਖਿਲਾਫ ਸੀ। ਇੰਦਰਾ ਗਾਂਧੀ ਦਾ ਵਿਆਹ ਫਿਰੋਜ਼ ਗਾਂਧੀ ਨਾਲ ਕਰਨ ਵੇਲੇ ਤੋਂ ਪਹਿਲਾਂ ਜਨ ਸੰਘ ਅਤੇ ਫਿਰ ਭਾਜਪਾ ਨਹਿਰੂ ਨੂੰ ਨਿੰਦਦੀ ਆਈ ਸੀ। ਮੇਨਕਾ ਗਾਂਧੀ ਆਪਣੇ ਪਤੀ ਦੇ ਖਿਲਾਫ ਭਾਜਪਾ ਦੇ ਆਗੂਆਂ ਨੂੰ ਬੋਲਦੇ ਵੇਖ ਕੇ ਵੀ ਰਾਜਸੀ ਇੱਛਾ ਖਾਤਰ ਚੁੱਪ ਰਹੀ ਸੀ ਤੇ ਐਮਰਜੈਂਸੀ ਬਾਰੇ ਲਾਲ ਕ੍ਰਿਸ਼ਨ ਅਡਵਾਨੀ ਦੀ ਕਿਤਾਬ ਜਾਰੀ ਕਰਨ ਸਮੇਂ ਵੀ ਜਾ ਪਹੁੰਚੀ ਸੀ, ਹਾਲਾਂਕਿ ਉਸ ਕਿਤਾਬ ਵਿਚ ਮੇਨਕਾ ਦੇ ਪਤੀ ਸੰਜੇ ਗਾਂਧੀ ਬਾਰੇ ਕਈ ਕੁਝ



ਸ਼ਿਵਪਾਲ ਯਾਦਵ

ਇਤਰਾਜ਼ਯੋਗ ਲਿਖਿਆ ਹੋਇਆ ਸੀ। ਰਾਜਨੀਤੀ ਦੀਆਂ ਲੋੜਾਂ ਨੇ ਉਸ ਨੂੰ ਇਹ ਕੌੜਾ ਘੁੱਟ ਪੀਣ ਲਈ ਵੀ ਬਹੁਤ ਸਾਰਾ ਹਾਜ਼ਮਾ ਬਖਸ਼ ਦਿੱਤਾ ਸੀ।

ਏਦਾਂ ਹੀ ਜੰਮੂ-ਕਸ਼ਮੀਰ ਵਿਚ ਵੀ ਵਾਪਰਿਆ ਸੀ। ਫਾਰੂਖ ਅਬਦੁੱਲਾ ਦੇ ਸਕੇ ਭਣਵਈਏ ਗੁਲ ਮੁਹੰਮਦ ਨੇ ਰਾਜੀਵ ਗਾਂਧੀ ਨਾਲ ਅੱਖ ਮਿਲਾ ਕੇ ਫਾਰੂਖ ਦੀ ਸਰਕਾਰ ਪਲਟਾ ਦਿੱਤੀ ਸੀ। ਆਂਧਰਾ ਪ੍ਰਦੇਸ਼ ਵਿਚ ਕਾਂਗਰਸ ਦੇ ਨਾਲ ਆਢਾ ਲਾ ਕੇ ਆਗੂ ਬਣੇ ਫਿਲਮ ਸਟਾਰ ਨੰਦਮੂਰੀ ਤਾਰਿਕ ਰਾਮਾਰਾਓ ਦੇ ਖਿਲਾਫ ਦੋ ਜਵਾਈਆਂ ਤੇ ਇੱਕ ਪੁੱਤਰ ਨੇ ਬਗਾਵਤ ਕਰ ਦਿੱਤੀ ਸੀ ਅਤੇ ਐਨ ਟੀ ਰਾਮਾਰਾਓ ਗੁੰਮਨਾਮੀ ਦੀ ਜ਼ਿੰਦਗੀ ਵਿਚ ਮਰਿਆ ਸੀ। ਅੱਜ-ਕੱਲ੍ਹ ਤਾਮਿਲਨਾਡੂ ਵਿਚ ਡੀ.ਐਮ.ਕੇ. ਪਾਰਟੀ ਦੇ ਮੁਖੀ ਕਰੁਣਾਨਿਧੀ ਦੇ ਘਰ ਇਹੋ ਪੁਆੜਾ ਪਿਆ ਹੋਇਆ ਹੈ। ਤਿੰਨ ਬੀਵੀਆਂ ਦੇ ਪਤੀ ਕਰੁਣਾਨਿਧੀ ਦਾ ਇੱਕ ਪੁੱਤਰ ਪਹਿਲੀ ਬੀਵੀ ਪਦਮਾਵਤੀ ਤੋਂ ਪੈਦਾ ਹੋਇਆ ਸੀ, ਪਰ ਉਹ ਬਹੁਤਾ ਚਰਚਾ ਵਿਚ ਨਹੀਂ ਸੁਣੀਂਦਾ। ਦੂਸਰੀ ਪਤਨੀ ਦਿਆਲੂ ਅਮਾਲ ਤੋਂ ਜਨਮੇ ਦੋ ਪੁੱਤਰ ਅਜ਼ਾਗਿਰੀ ਅਤੇ ਸਟਾਲਿਨ ਆਪੋ ਵਿਚ ਝਗੜਾ ਪਾਈ ਫਿਰਦੇ ਹਨ ਅਤੇ ਕਰੁਣਾਨਿਧੀ ਦੋਵਾਂ ਪੁੱਤਰਾਂ ਵਿਚਾਲੇ ਕਸੂਤਾ ਫਸਿਆ ਹੈ। ਲੜਾਈ ਇਸ ਪਾਰਟੀ ਦੇ ਮੁਖੀ ਦੀ ਕੁਰਸੀ ਲਈ ਹੈ, ਤਾਂ ਕਿ ਭਵਿੱਖ ਵਿਚ ਕਿਸੇ ਮੌਕੇ ਉਸ ਰਾਜ ਦਾ ਮੁੱਖ ਮੰਤਰੀ ਬਣ ਸਕਣ। ਕਰੁਣਾਨਿਧੀ ਦੀ ਤੀਸਰੀ ਪਤਨੀ ਰਜਤੀ ਅਮਾਲ ਤੋਂ ਪੈਦਾ ਹੋਈ ਧੀ ਕਨੀਮੋਈ ਵੀ ਇਸ ਕੁਰਸੀ ਉਤੇ ਦਾਅਵਾ ਜਤਾਈ ਜਾਂਦੀ ਹੈ।

ਸਾਡੇ ਪੰਜਾਬ ਵਿਚ ਰਾਜਸੀ ਖਹਿਬਾਜ਼ੀ ਦੇ ਤਾਜ਼ਾ ਕਿੱਸਿਆਂ ਵਿਚ ਇੱਕ ਤਾਂ ਬਾਦਲ ਪਰਿਵਾਰ ਦਾ ਹੈ, ਜਿਸ ਦੇ ਕਾਰਨ ਪਿਛਲੀਆਂ ਵਿਧਾਨ ਸਭਾ ਚੋਣਾਂ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਆਪਣਾ ਸਕਾ ਭਰਾ ਗੁਰਦਾਸ ਸਿੰਘ ਬਾਦਲ ਆਪਣੇ ਸਾਹਮਣੇ ਖੜਾ ਵੇਖਣਾ ਪਿਆ ਸੀ। ਫਿਰ ਪਾਰਲੀਮੈਂਟ ਚੋਣ ਵਿਚ ਉਨ੍ਹਾਂ ਦੀ ਨੂੰਹ ਦੇ ਮੁਕਾਬਲੇ ਉਨ੍ਹਾਂ ਦਾ ਸਕਾ ਭਤੀਜਾ ਮਨਪ੍ਰੀਤ ਸਿੰਘ ਬਠਿੰਡੇ ਤੋਂ ਜਾ ਖੜੋਤਾ। ਇਹੋ ਜਿਹੀਆਂ ਕਈ ਮਿਸਾਲਾਂ ਮਿਲ ਸਕਦੀਆਂ ਹਨ। ਫਿਰ ਵੀ ਪੰਜਾਬ ਵਿਚ ਇਸ ਦਾ ਮੁੱਢ ਬਹੁਤ ਪਹਿਲਾਂ ਉਦੋਂ ਬੱਝਾ ਸੀ, ਜਦੋਂ ਬਹੁਤ ਧੜੱਲੇਦਾਰ ਕਾਂਗਰਸੀ ਆਗੂ ਅਤੇ ਦਿੱਲੀ ਤੱਕ ਫੈਲੇ ਪੰਜਾਬ ਦਾ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੁਨੀਆਂ ਤੋਂ ਰੁਖਸਤ ਹੋਇਆ ਸੀ। ਪ੍ਰਤਾਪ ਸਿੰਘ ਕੈਰੋਂ ਦੇ ਬਾਅਦ ਇੱਕ ਚੋਣ ਮੌਕੇ ਕੈਰੋਂ ਦੀ ਕਾਂਗਰਸ ਪਾਰਟੀ ਨੇ ਉਸ ਦੀ ਪਤਨੀ ਤੇ ਪੁੱਤਰ ਦੋਵਾਂ ਨੂੰ ਛੱਡ ਕੇ ਪ੍ਰਤਾਪ ਸਿੰਘ ਦੇ ਭਰਾ ਤੇ ਸਾਰੀ ਉਮਰ ਦੇ ਕਮਿਊਨਿਸਟ ਜਸਵੰਤ ਸਿੰਘ ਕੈਰੋਂ ਨੂੰ ਟਿਕਟ ਦੇ ਦਿੱਤੀ। ਅਕਾਲੀ ਦਲ ਕੋਲ ਕੋਈ ਚੱਜ ਦਾ ਉਮੀਦਵਾਰ ਨਹੀਂ ਸੀ। ਜਿਹੜੇ ਪ੍ਰਤਾਪ ਸਿੰਘ ਕੈਰੋਂ ਦੇ ਖਿਲਾਫ ਅਕਾਲੀ ਹਮੇਸ਼ਾ ਮੋਰਚੇ ਲਾਈ ਰੱਖਦੇ ਸਨ, ਉਨ੍ਹਾਂ ਨੇ ਉਸੇ ਪ੍ਰਤਾਪ ਸਿੰਘ ਦੀ ਪਤਨੀ ਰਾਮ ਕੌਰ ਨੂੰ ਪਾਰਲੀਮੈਂਟ ਦੀ ਅਤੇ ਪੁੱਤਰ ਸੁਰਿੰਦਰ ਸਿੰਘ ਕੈਰੋਂ ਨੂੰ ਵਿਧਾਨ ਸਭਾ ਦੀ ਟਿਕਟ ਦੇ ਦਿੱਤੀ। ਵਿਧਾਨ ਸਭਾ ਲਈ ਮੁਕਾਬਲਾ ਸਕੇ ਚਾਚੇ-ਭਤੀਜੇ ਵਿਚਾਲੇ ਹੋ ਗਿਆ। ਚੋਣ ਦੇ ਨਤੀਜੇ ਮੁਤਾਬਕ ਭਤੀਜਾ ਸੁਰਿੰਦਰ ਸਿੰਘ ਕੈਰੋਂ 24337 ਵੋਟਾਂ ਲੈ ਕੇ ਅਕਾਲੀ ਦਲ ਵੱਲੋਂ ਜਿੱਤ ਗਿਆ, ਕਾਂਗਰਸ ਵੱਲੋਂ ਖੜਾ ਸਕਾ ਚਾਚਾ ਜਸਵੰਤ ਸਿੰਘ ਕੈਰੋਂ ਸਿਰਫ 14139 ਵੋਟਾਂ ਲੈ ਸਕਿਆ ਅਤੇ ਕੈਰੋਂ ਪਰਿਵਾਰ ਦਾ ਰਿਸ਼ਤੇਦਾਰ ਹਰਦੀਪ ਸਿੰਘ ਕਾਮਰੇਡਾਂ ਦੀ ਮਦਦ ਨਾਲ ਆਜ਼ਾਦ ਖੜਾ 14021 ਵੋਟਾਂ ਲੈ ਕੇ ਉਸ ਦੇ ਪੈਰ ਮਿੱਧਦਾ ਆ ਰਿਹਾ ਸੀ।

ਸੱਤਾ ਦੀ ਇਸੇ ਬੇਅਸੂਲੀ ਖੇਡ ਵਿਚ ਕੁਝ ਸਾਰੀ ਉਮਰ ਦੇ ਕਾਂਗਰਸ-ਵਿਰੋਧੀ ਤੇ ਨਹਿਰੂ-ਗਾਂਧੀ ਖਾਨਦਾਨ ਦੇ ਵਿਰੋਧੀ ਅੱਜ-ਕੱਲ੍ਹ ਕਾਂਗਰਸ ਪਾਰਟੀ ਦੀ ਹਾਈ ਕਮਾਂਡ ਨਾਲ ਫਿਰਦੇ ਹਨ ਤੇ ਸਾਰੀ ਉਮਰ ਦੇ ਸੈਕੂਲਰ ਕਹਾਉਂਦੇ ਕੁਝ ਲੀਡਰ ਹੁਣ ਭਾਜਪਾ ਨੇ ਮੰਤਰੀ ਬਣਾਏ ਹੋਏ ਹਨ। ਅਰੁਣਾਂਚਲ ਪ੍ਰਦੇਸ਼ ਹੋਵੇ ਜਾਂ ਉਤਰ ਪ੍ਰਦੇਸ਼, ਜਿਹੋ ਜਿਹੀ ਬੇਅਸੂਲੀ ਖੇਡ ਹੁਣ ਚੱਲੀ ਜਾਂਦੀ ਹੈ, ਜਿੱਦਾਂ ਦੀ ਪ੍ਰਤਾਪ ਸਿੰਘ ਕੈਰੋਂ ਦੇ ਬਾਅਦ ਉਸ ਟੱਬਰ ਵਿਚ ਚੱਲੀ ਸੀ ਤੇ ਜਿੱਦਾਂ ਚੌਧਰੀ ਦੇਵੀ ਲਾਲ ਦਾ



ਗੁਰਦਾਸ ਸਿੰਘ ਬਾਦਲ

ਪਰਿਵਾਰ ਪਾਟਿਆ ਸੀ, ਉਹੋ ਨਜ਼ਾਰਾ ਹੁਣ ਪੰਜਾਬ ਵਿਚ ਪੇਸ਼ ਹੁੰਦਾ ਜਾਪ ਰਿਹਾ ਹੈ। ਪੰਜਾਬ ਦੇ ਮੌਜੂਦਾ ਰਾਜ ਪਰਿਵਾਰ ਦਾ ਇੱਕ ਜੀਅ ਏਧਰ-ਓਧਰ ਤਾਰਾਂ ਜੋੜਦਾ ਸੁਣੀਂਦਾ ਹੈ। ਮੌਕੇ ਦੀ ਤਾੜ ਵਿਚ ਬੈਠੇ ਕਈ ਲੋਕ ਇਸ ਵੇਲੇ ਵਿਧਾਨ ਸਭਾ ਚੋਣਾਂ ਦੀ ਤਾਰੀਖ ਤੇ ਚੋਣ ਜ਼ਾਬਤਾ ਲੱਗਣ ਦੀਆਂ ਔਂਸੀਆਂ ਪਾਉਂਦੇ ਸੁਣੇ ਜਾ ਰਹੇ ਹਨ। ਉਦੋਂ ਉਹ ਕਿਹੋ ਜਿਹੀ ਛੜੱਪੇਬਾਜ਼ੀ ਕਰਨਗੇ, ਇਹ ਤਾਂ ਕਹਿਣਾ ਔਖਾ ਹੈ, ਪਰ ਪੰਜਾਬ ਦੇ ਰਾਜ ਪਰਿਵਾਰ ਵਿਚੋਂ ਕੋਈ ਵੱਡਾ ਤਾਰਾ ਟੁੱਟ ਕੇ ਕਿਸੇ ਹੋਰ ਆਕਾਸ਼-ਗੰਗਾ ਵਿਚ ਜਾ ਮਿਲੇ ਤਾਂ ਕਿਸੇ ਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ। ਪਿਆਰ ਤੇ ਜੰਗ ਵਿਚ ਹੀ ਨਹੀਂ, ਰਾਜਨੀਤੀ ਵਿਚ ਵੀ ਸਭ ਕੁਝ ਜਾਇਜ਼ ਹੁੰਦਾ ਹੈ।

ਵੇਟਰ, ਹੈਲਪਰ ਤੇ ਤੰਦੂਰੀ ਸ਼ੈਫ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਵੇਟਰ, ਹੈਲਪਰ ਤੇ ਤੰਦੂਰੀ ਸ਼ੈਫ ਦੀ ਲੋੜ ਹੈ। ਰਿਹਾਇਸ਼ ਫਰੀ, ਚੰਗੀ ਤਨਖਾਹ

ਸੰਪਰਕ ਕਰੋ:

ਸੰਨੀ, ਫੋਨ: 608-630-0287

38-39

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 40 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

ਕੰਪਨੀ ਦੇ ਟਰੱਕ ਅਤੇ ਟਰੇਲਰ ਲੀਜ਼ ਜਾਂ ਕਿਰਾਏ 'ਤੇ ਲੈ ਸਕਦੇ ਹੋ

# 'ਪੰਜਾਬ ਨੂੰ ਕੰਗਲਾ ਬਣਾਉਣ ਲਈ ਅਕਾਲੀ ਤੇ ਕਾਂਗਰਸੀ ਦੋਵੇਂ ਜ਼ਿੰਮੇਵਾਰ'

**ਫਰਿਜ਼ਨੋ (ਬਿਊਰੋ):** "ਪੰਜਾਬ ਨੂੰ ਰੰਗਲੇ ਤੋਂ ਕੰਗਲਾ ਬਣਾਉਣ ਲਈ ਅਕਾਲੀ ਅਤੇ ਕਾਂਗਰਸੀ-ਦੋਵੇਂ ਹੀ ਬਰਾਬਰ ਦੇ ਜ਼ਿੰਮੇਵਾਰ ਹਨ। ਕਾਂਗਰਸ ਨੇ ਚਾਂਦੀ ਦੀ ਕਹੀ ਨਾਲ ਪੰਜਾਬ ਦਾ ਪਾਣੀ ਲੁਟਾਉਣ ਲਈ ਟੱਕ ਲਾਏ ਅਤੇ ਅਕਾਲੀਆਂ ਨੇ ਦੋਹਰੇ ਕਿਰਦਾਰ ਨਿਭਾਉਂਦਿਆਂ ਇਕ ਪਾਸੇ 'ਪਾਣੀ ਬਚਾਉਣ' ਲਈ ਕਥਿਤ ਮੋਰਚੇ ਲਾਏ ਅਤੇ ਨਾਲ ਹੀ ਐਸ ਵਾਈ ਐਲ ਬਣਾਉਣ ਦੇ ਇਵਜ਼ ਵਜੋਂ ਕਰੋੜਾਂ ਰੁਪਏ ਵਸੂਲ ਕਰ ਲਏ। ਇਸੇ ਕਾਰਨ ਹੁਣ ਇਹ ਦੋਵੇਂ ਇਕ-ਸੁਰ ਹੋ ਕੇ 'ਕੇਜਰੀਵਾਲ ਸੋਚ' ਦਾ ਵਿਰੋਧ ਕਰ ਰਹੇ ਹਨ ਜੋ ਪੰਜਾਬ ਨੂੰ ਮੁੜ ਨੰਬਰ ਇਕ ਪ੍ਰਾਂਤ ਬਣਾਉਣ ਲਈ ਪੰਜਾਬੀਆਂ ਨੂੰ ਲਾਮਬੰਦ ਕਰ ਰਹੀ ਹੈ।" ਇਨ੍ਹਾਂ ਵਿਚਾਰਾਂ ਰਾਹੀਂ ਆਮ ਆਦਮੀ ਪਾਰਟੀ (ਪੰਜਾਬ) ਦੇ ਕਨਵੀਨਰ ਗੁਰਪ੍ਰੀਤ ਸਿੰਘ ਘੁੱਗੀ ਨੇ ਸਥਾਨਕ ਪਰਵਾਸੀ ਪੰਜਾਬੀਆਂ ਦੇ ਇਕ ਭਰਵੇਂ ਇਕੱਠ ਨੂੰ ਜਜ਼ਬਾਤੀ ਅਪੀਲ ਕਰਦਿਆਂ ਆਖਿਆ ਕਿ ਬੇਸ਼ੱਕ 2017 ਦੀਆਂ ਚੋਣਾਂ ਨੂੰ 'ਆਮ ਚੋਣਾਂ' ਹੀ ਕਿਹਾ ਜਾਂਦਾ ਹੈ ਪਰ ਇਹ ਪੰਜਾਬ ਅਤੇ ਦੇਸ਼-ਵਿਦੇਸ਼ ਵੱਸਦੇ ਪੰਜਾਬੀਆਂ ਲਈ ਬਹੁਤ 'ਖਾਸ' ਚੋਣਾਂ ਹਨ।

ਇਸ ਮੌਕੇ ਬੋਲਦਿਆਂ ਪੱਤਰਕਾਰ ਤੇ ਕਾਲਮਨਵੀਸ ਸ. ਤਰਲੋਚਨ ਸਿੰਘ ਦੁਪਾਲਪੁਰ ਨੇ ਕਿਹਾ ਕਿ ਲੋਕਾਂ ਨੂੰ ਆਪਣੇ ਹੱਕਾਂ ਲਈ ਜਾਗ੍ਰਿਤ ਕਰਨ ਦਾ ਸਿਹਰਾ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਜਾਂਦਾ ਹੈ, ਅਤੇ ਇਸੇ ਕਰਕੇ ਪੰਜਾਬ ਦਾ ਯੂਥ ਇੱਕ ਤੀਸਰੇ ਬਦਲ ਵਜੋਂ ਆਮ ਆਦਮੀ ਪਾਰਟੀ ਦੇ ਹੱਕ ਵਿਚ ਹੋ ਤੁਰਿਆ ਹੈ ਤੇ ਇਸ ਸੈਲਾਬ ਨੂੰ ਰੋਕਣਾ ਹੁਣ ਨਾਮੁਮਕਿਨ ਹੈ।



ਗੁਰਪ੍ਰੀਤ ਸਿੰਘ ਘੁੱਗੀ

ਇਨ੍ਹੀਂ ਦਿਨੀਂ ਅਮਰੀਕਾ ਦੌਰੇ 'ਤੇ ਆਏ ਗੁਰਪ੍ਰੀਤ ਸਿੰਘ ਘੁੱਗੀ ਦੇ ਸਨਮਾਨ ਵਿਚ ਕੈਲੀਫੋਰਨੀਆ ਸਟੇਟ ਵਿਚ ਇਹ ਦੂਸਰਾ ਸਮਾਗਮ ਸੀ ਜੋ ਇਥੇ ਰੀਜੈਂਸੀ ਪੈਲੇਸ ਵਿਚ ਕਰਵਾਇਆ ਗਿਆ। ਪਲੇਠਾ ਸਮਾਗਮ ਟਰੇਸੀ ਸਿਟੀ ਵਿਚ ਕੀਤਾ ਗਿਆ ਸੀ। ਦੂਰ ਦਰਾਜ ਦੇ ਸ਼ਹਿਰਾਂ ਤੋਂ ਚੱਲ ਕੇ ਆਏ ਪਰਵਾਸੀ ਭਾਰਤੀਆਂ ਨਾਲ ਖਚਾ ਖਚ ਭਰੇ ਹਾਲ ਵਿਚ ਸਭ ਤੋਂ ਪਹਿਲਾਂ ਲੇਖਕ ਤੇ ਪੱਤਰਕਾਰ ਨੀਟਾ ਮਾਛੀਕੇ ਨੇ ਭਾਵਪੂਰਤ ਸ਼ਬਦਾਂ ਰਾਹੀਂ ਗੁਰਪ੍ਰੀਤ ਘੁੱਗੀ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਤੁਸੀਂ ਬਤੌਰ ਕਲਾਕਾਰ ਪੰਜਾਬੀਆਂ ਦੇ ਦਿਲਾਂ ਵਿਚ ਪਹਿਲੋਂ ਹੀ ਵੱਸਦੇ ਹੋ, ਉਮੀਦ ਕਰਦੇ ਹਾਂ ਕਿ ਹੁਣ ਤੁਸੀਂ ਸਿਆਸੀ ਜ਼ਿੰਮੇਵਾਰੀਆਂ ਵੀ ਬਾਖੂਬੀ ਨਿਭਾਓਗੇ।

ਕਣਕ-ਝੋਨੇ ਦੇ ਫਸਲੀ ਚੱਕਰ ਵਾਂਗ ਅਕਾਲੀ ਤੇ ਕਾਂਗਰਸ ਪਾਰਟੀਆਂ ਤੋਂ ਨਿਜਾਤ ਪਾਉਣ ਲਈ ਬਿਹਬਲ ਦਿਖਾਈ ਦੇ ਰਹੇ 'ਆਪ' ਸਮਰਥਕਾਂ ਨੇ ਇਸ ਮੌਕੇ ਸ੍ਰੀ ਘੁੱਗੀ ਸਾਹਮਣੇ ਦਿਲੀ ਵਲਵਲੇ ਸਾਂਝੇ ਕਰਦਿਆਂ ਕਿਹਾ ਕਿ ਅਸੀਂ ਤਨ, ਮਨ, ਧਨ ਨਾਲ ਤੁਹਾਡੀ ਪਾਰਟੀ ਦਾ ਸਮਰਥਨ ਕਰ ਰਹੇ ਹਾਂ, ਤੁਸੀਂ ਆਪਣੇ ਪੰਜਾਬ ਨੂੰ ਮੁੜ ਮਾਣਮੱਤਾ ਪ੍ਰਾਂਤ ਬਣਾ ਦਿਓ।




















ਸਮਾਗਮ ਦੌਰਾਨ ਕੈਲੀਫੋਰਨੀਆ ਸਟੇਟ ਵਿਚ 'ਆਪ' ਦੇ ਮੁਢਲੇ ਮੈਂਬਰ ਤੇ ਪ੍ਰਚਾਰਕ ਸਵਰਗੀ ਸ੍ਰੀ ਪ੍ਰਾਣ ਕਰੂਪਾ ਬਾਰੇ ਡਾਕੂਮੈਂਟਰੀ ਫਿਲਮ ਵੀ ਦਿਖਾਈ ਗਈ ਅਤੇ ਨੀਟਾ ਮਾਛੀਕੇ ਦੇ ਮਾਤਾ ਜੀ ਬੀਬੀ ਮੁਖਤਿਆਰ ਕੌਰ, ਜੋ ਕੁਝ ਦਿਨ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ, ਨੂੰ ਦੋ ਮਿੰਟ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

ਇਕੱਠ ਨੂੰ ਹੋਰਨਾਂ ਤੋਂ ਇਲਾਵਾ ਗੁਰਦੀਪ ਸਿੰਘ ਸ਼ੇਰਗਿੱਲ, ਸੁਖਬੀਰ ਸਿੰਘ ਭੰਡਾਲ, ਸੁਖਦੇਵ ਸਿੰਘ ਸਿੱਧੂ, ਹਰਮਨ ਗਿੱਲ, ਸਮਰਵੀਰ ਸਿੰਘ, ਗੁਰਨੇਕ ਸਿੰਘ ਬਾਗੜੀ, ਮਿੱਕੀ ਸਰਾਂ, ਅਜੀਤ ਸਿੰਘ ਭੱਠਲ, ਪਸ਼ੌਰਾ ਸਿੰਘ ਢਿੱਲੋਂ, ਰਣਜੀਤ ਗਿੱਲ, ਡਾ. ਮਲਕੀਅਤ ਸਿੰਘ, 'ਆਪ' ਦੇ ਸਕੱਤਰ ਸ੍ਰੀ ਕਾਂਤ ਅਤੇ ਸਿੱਖ ਰਾਈਡਰਜ਼ ਆਫ ਅਮੈਰਿਕਾ ਦੇ ਆਗੂਆਂ ਨੇ ਸੰਬੋਧਨ ਕੀਤਾ। ਮੀਟਿੰਗ ਦੇ ਸਪਾਂਸਰਾਂ ਅਤੇ ਸਥਾਨਕ ਆਗੂਆਂ ਨੇ ਸ੍ਰੀ ਘੁੱਗੀ ਨੂੰ ਸਨਮਾਨ ਚਿੰਨ੍ਹ ਭੇਟ ਕੀਤਾ। ਇਸ ਸਾਰੇ ਪ੍ਰੋਗਰਾਮ ਦੀ ਵੀਡੀਓਗ੍ਰਾਫੀ ਸ਼ਿਆਰਾ ਸਿੰਘ ਢੀਂਡਸਾ ਨੇ ਕੀਤੀ।


ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



Rates as low as 2.0%

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc.

Minneapolis , MN 55426

Anu Attorney
Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC


Anu Peshawaria
Attorney at Law
Licensed to practice Immigration in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW (Only In WA)
*Divorce *Annulment
*International Custody

INCORPORATIONS (Only In WA)
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥ ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥

# ਬਾਬਾ ਫਰੀਦ ਜੀ ਦੇ ਆਗਮਨ ਪੁਰਬ ਦੀਆਂ ਸਭ ਸੰਗਤਾਂ ਨੂੰ

# ਕੋਟਾਨਿ ਕੋਟਿ ਵਧਾਈਆਂ



ਬਾਬਾ ਸ਼ੇਖ ਫਰੀਦ ਜੀ



**Harminder Singh Gill**

*D.H.M.S;B.C.I.H*

(Ex Homeopathic Medical officer Pb Govt.)

**Homeopathicvibes**

**Now we have two locations:**

940 E. El Camino Real, Sunnyvale, CA 94087
www.homeopathicvibes.com
Office: (408)737-7100; Fax: (408)737-7102

ਦੂਜੀ ਲੋਕੇਸ਼ਨ ਅਗਲੇ ਮਹੀਨੇ ਤੋਂ
39210 State Street, Suite 206
Fremont, CA 94538

ਸਾਡੇ ਸਰਪ੍ਰਸਤਾਂ ਦਾ ਸਹਿਯੋਗ ਲਈ ਬਹੁਤ ਬਹੁਤ ਧੰਨਵਾਦ



ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥
ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ॥

# ਬਾਬਾ ਸ਼ੇਖ ਫਰੀਦ ਜੀ ਦੇ ਆਗਮਨ ਪੁਰਬ ਦੀ ਸਮੂਹ ਸੰਗਤਾਂ ਨੂੰ

# ਬਹੁਤ ਬਹੁਤ ਵਧਾਈ

## ਆਓ ਸਭ ਸੰਗਤਾਂ ਬਾਬਾ ਫਰੀਦ ਜੀ ਦੇ ਦੱਸੇ ਮਾਰਗ ਉਤੇ ਚੱਲਣ ਦਾ ਤਹੱਈਆ ਕਰੀਏ

invisalign

Dr. Amandeep B. Virk, D.D.S.
*Visit us for a free consultation*

Find out why more and more
Moms are choosing Invisalign teen.



INVISALIGN 2016 ELITE PROVIDER

www.drvirkdds.com
510-489-5000

2 Union Square, Suite 230
Union City, CA 94587

# ਯੂਨਾਈਟਡ ਸਪੋਰਟਸ ਕਲੱਬ ਦਾ ਮੇਲੇ: ਬੇ-ਏਰੀਆ ਸਪੋਰਟਸ ਕਲੱਬ ਜੇਤੂ

**ਯੂਨੀਅਨ ਸਿਟੀ (ਬਿਊਰੋ):** ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਵਲੋਂ ਕਬੱਡੀ ਫੈਡਰੇਸ਼ਨ ਆਫ ਕੈਲੀਫੋਰਨੀਆ ਦੇ ਸਹਿਯੋਗ ਨਾਲ ਕਰਵਾਏ ਗਏ ਵਿਸ਼ਵ ਕਬੱਡੀ ਕੱਪ ਦੇ ਫਾਈਨਲ ਭੇੜ ਵਿਚ ਬੇ-ਏਰੀਆ ਸਪੋਰਟਸ ਕਲੱਬ ਨੇ ਸੈਂਟਰਲ ਵੈਲੀ ਸਪੋਰਟਸ ਕਲੱਬ ਨੂੰ ਕੁਝ ਹੀ ਅੰਕਾਂ ਨਾਲ ਸ਼ਿਕਸਤ ਦੇ ਕੇ



14000 ਡਾਲਰ ਦਾ ਪਹਿਲਾ ਇਨਾਮ ਜਿੱਤ ਲਿਆ। ਪਹਿਲੇ ਇਨਾਮ ਦੇ ਸਪਾਂਸਰ ਡਾਇਮੰਡ ਟਰਾਂਸਪੋਰਟ ਦੇ ਗੁਲਵਿੰਦਰ ਸਿੰਘ ਗਾਖਲ, ਨੇਕੀ ਅਟਵਾਲ ਅਤੇ ਪਿੰਕੀ ਸਨ। ਦੂਜਾ 13000 ਡਾਲਰ ਦਾ ਇਨਾਮ ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ ਨੇ ਆਪਣੇ ਸਵਰਗੀ ਪਿਤਾ ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦਿੱਤਾ।

ਲੰਘੇ ਐਤਵਾਰ ਇਥੇ ਲੋਗਨ ਹਾਈ ਸਕੂਲ ਦੀਆਂ ਗਰਾਊਂਡਾਂ ਵਿਚ ਹੋਏ ਕਬੱਡੀ ਦੇ ਇਨ੍ਹਾਂ ਫਸਵੇਂ ਮੁਕਾਬਲਿਆਂ ਨੇ ਲੋਕਾਂ ਨੂੰ ਕਬੱਡੀ ਖੇਡ ਪ੍ਰਤੀ ਸਰੂਰ ਕਰਕੇ ਤਪਸ਼ ਮਹਿਸੂਸ ਹੀ ਨਹੀਂ ਹੋਣ ਦਿੱਤੀ। ਕਲੱਬ ਦੇ ਮੁੱਖ ਪ੍ਰਬੰਧਕ ਸ. ਅਮੋਲਕ ਸਿੰਘ ਗਾਖਲ ਨੇ ਪ੍ਰਸੰਨ ਮੁਦਰਾ ਵਿਚ ਬਾਗੋ ਬਾਗ ਹੁੰਦਿਆਂ ਜਿੱਥੇ ਫੈਡਰੇਸ਼ਨ, ਕਬੱਡੀ ਖਿਡਾਰੀਆਂ, ਕਲੱਬਾਂ ਦਾ ਧੰਨਵਾਦ ਕੀਤਾ, ਉਥੇ ਵੱਡੀ ਗਿਣਤੀ ਵਿਚ ਆਏ ਖੇਡ ਪ੍ਰੇਮੀਆਂ ਨੂੰ ਵੀ ਇਸ ਖੇਡ ਪ੍ਰਤੀ ਦਿਖਾਏ ਉਤਸ਼ਾਹ ਲਈ ਇਕ ਤਰ੍ਹਾਂ ਨਾਲ ਝੁਕ ਕੇ ਸਲਾਮ ਹੀ ਕਰ ਦਿੱਤੀ।

ਖੇਡ ਮੇਲੇ ਵਿਚ ਚਾਰ ਪ੍ਰਮੁੱਖ ਕਲੱਬਾਂ ਬੇ-ਏਰੀਆ ਸਪੋਰਟਸ ਕਲੱਬ, ਸੈਂਟਰਲ ਵੈਲੀ ਸਪੋਰਟਸ ਕਲੱਬ, ਸ਼ਹੀਦ ਊਧਮ ਸਿੰਘ ਤੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਅਤੇ ਫਤਿਹ ਸਪੋਰਟਸ ਕਲੱਬ ਦੀਆਂ ਟੀਮਾਂ ਭਿੜੀਆਂ। ਅੰਡਰ-21 ਮੁਕਾਬਲਿਆਂ ਵਿਚ ਨੌਰਥ ਵੈਸਟ ਕਲੱਬ-ਯੂਬਾ ਸਿਟੀ ਦੀ ਟੀਮ ਨੇ ਫਤਿਹ ਸਪੋਰਟਸ ਕਲੱਬ ਨੂੰ ਮਾਤ ਦੇ ਕੇ ਜਿੱਤ ਦਰਜ ਕਰਵਾਈ।

ਖੇਡ ਮੇਲੇ ਵਿਚ ਇੰਗਲੈਂਡ ਅਤੇ ਕੈਨੇਡਾ ਤੋਂ ਵੀ ਵੱਡੀ ਗਿਣਤੀ ਵਿਚ ਖੇਡ ਪ੍ਰੇਮੀ ਪਹੁੰਚੇ। ਇਸ ਮੌਕੇ ਕਬੱਡੀ ਦੇ ਸਾਬਕਾ ਅਤੇ ਧੜੱਲੇਦਾਰ ਜਾਫੀ ਰਾਣਾ ਵੰਝ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ। ਜਦੋਂ ਰਾਣਾ ਵੰਝ ਨੇ ਕਬੱਡੀ ਦੇ ਅਖਾੜੇ ਵਿਚ ਫੇਰੀ ਲਾਈ ਤਾਂ ਪੰਜਾਬੀਆਂ ਨੇ ਡਾਲਰਾਂ ਨਾਲ ਉਸ ਦੀਆਂ ਜੇਬਾਂ ਭਰ ਦਿੱਤੀਆਂ। ਜਿਨ੍ਹਾਂ ਹੋਰ ਸ਼ਖਸੀਅਤਾਂ ਦਾ ਮੇਲੇ ਦੌਰਾਨ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ, ਉਨ੍ਹਾਂ ਵਿਚ ਮੇਜਰ ਸਿੰਘ ਗਾਖਲ, ਬੇ-ਏਰੀਆ ਸਪੋਰਟਸ ਕਲੱਬ ਦੇ ਮੁਖੀ ਬਲਜੀਤ ਸਿੰਘ ਸੰਧੂ, ਸਾਬਕਾ ਕਬੱਡੀ ਖਿਡਾਰੀ ਦੀਪਾ ਮੁਠੱਡਾ ਅਤੇ ਸੰਦੀਪ ਲੁੱਧੜ ਦੇ ਨਾਲ ਨਾਲ ਗਾਖਲ ਪਰਿਵਾਰ ਦੇ ਮੈਂਬਰ ਨੱਥਾ ਸਿੰਘ ਗਾਖਲ ਦਾ ਵੀ ਯੂਨਾਈਟਿਡ ਸਪੋਰਟਸ ਕਲੱਬ ਦੇ ਗਾਖਲ ਭਰਾਵਾਂ-ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਨੇ ਗੋਲਡ ਮੈਡਲ ਨਾਲ ਸਨਮਾਨ ਕੀਤਾ।

ਇੱਥੇ ਇਹ ਜ਼ਿਕਰ ਵੀ ਕਰਨਾ ਬਣਦਾ ਹੈ ਕਿ ਰੂਬੀ ਹਰਖੋਵਾਲ, ਸੰਦੀਪ ਲੁੱਧੜ, ਸੰਦੀਪ ਸੁਰਖਪੁਰ, ਸੋਹਣ ਸਿੰਘ ਰੁੜਕੀ, ਸੰਦੀਪ ਨੰਗਲ ਅੰਬੀਆਂ, ਗੁਰਲਾਲ ਘਨੌਰ, ਹੈਰੋ ਅਤੇ ਦੁੱਲਾ ਬੱਗਾ ਪਿੰਡ ਦੀ ਕਬੱਡੀ ਖੇਡ ਨੇ ਨਾ ਸਿਰਫ ਪੰਜਾਬੀਆਂ ਹੀ ਸਗੋਂ ਵੱਡੀ ਗਿਣਤੀ ਵਿਚ ਆਏ ਗੋਰਿਆਂ ਨੂੰ ਵੀ ਪੂਰਾ ਪ੍ਰਭਾਵਿਤ ਕੀਤਾ।

ਆਸ਼ਾ ਸ਼ਰਮਾ ਨੇ ਸਟੇਜ ਚਲਾਈ। ਰਾਜਵਿੰਦਰ ਰੰਡਿਆਲਾ, ਇਕਬਾਲ ਗਾਲਿਬ, ਕਾਲਾ ਰਛੀਨ ਅਤੇ ਲੱਖਾ ਸਿੱਧਵਾਂ ਦੀ ਕਬੱਡੀ ਕੁਮੈਂਟਰੀ ਦੇ ਨਾਲ ਨਾਲ ਵਰਤੀ ਗਈ ਲੋਕ ਸ਼ਾਇਰੀ ਅਤੇ ਲੱਛੇਦਾਰ ਭਾਸ਼ਾ ਦਰਸ਼ਕਾਂ ਦੇ ਚੇਤਿਆਂ ਵਿਚ ਚਿਰਾਂ ਤੱਕ ਵਸੀ ਰਹੇਗੀ।

ਇੱਥੇ ਕੁਝ ਝਲਕੀਆਂ ਪੇਸ਼ ਕਰ ਰਹੇ ਹਾਂ। ਪੰਜ ਸੈਕੰਡ ਵਿਚ ਜੱਫਾ, ਬੱਲੇ ਬੱਲ ਬਣ ਗਿਆ 12ਵੇਂ ਵਿਸ਼ਵ ਕਬੱਡੀ ਕੱਪ ਦਾ ਰਿਕਾਰਡ; ਅਮੋਲਕ ਸਿੰਘ ਗਾਖਲ ਨੇ ਬਣਾ'ਤੇ ਰਿਕਾਰਡ, ਪਾ'ਤੀਆਂ ਪੈੜਾਂ, ਪੱਟ ਤੀਆਂ ਧੂੜਾਂ; ਤਾਂ ਹੀ ਮੰਨਦੀ ਆ ਦੁਨੀਆਂ ਗਾਖਲ ਭਰਾਵਾਂ ਨੂੰ; ਜੱਗਾ ਜੰਮਿਆਂ ਤੇ ਮਿਲਣ ਵਧਾਈਆਂ ਕਬੱਡੀ ਨੂੰ ਭਾਗ ਲੱਗ ਗਏ; ਬਈ ਆ ਲੈ ਗਿਆ ਸੰਦੀਪ ਲੁੱਧੜ ਧੂਹ ਕੇ; ਆਏਂ ਲੱਗਦਾ ਜਿਵੇਂ ਭਗਵੰਤ ਮਾਨ ਸੁਖਬੀਰ ਬਾਦਲ ਤੋਂ ਪੰਜਾਹ ਹਜ਼ਾਰ ਵੋਟਾਂ ਨਾਲ ਲੀਡ ਲੈ ਰਿਹਾ ਹੋਵੇ;





ਅਰਸ਼ੀ ਪ੍ਰੀਤਮ ਕਬੱਡੀ ਪਾ ਰਿਹਾ ਜਿਵੇਂ ਮੋਰ ਪੈਲਾਂ ਪਾ ਰਿਹਾ ਹੋਵੇ; ਗੁਰਲਾਲ ਘਨੌਰੀਆ ਯਾਦ ਕਰਵਾ ਰਿਹੈ ਹਰਜੀਤ ਬਾਜਾਖਾਨਾ ਵਾਲੀ ਕਬੱਡੀ; ਆ ਹੈਰੋ ਤੇ ਹਸੂਸ ਦੋ ਮੈਕਸੀਕੋ ਇਨ੍ਹਾਂ ਨੇ ਫੌਰਕ ਲਿਫਟਾਂ ਖਿੱਚਦੇ ਹੋਣਾ ਸੀ, ਕਬੱਡੀ ਸਿਰੋਂ ਵੱਡੇ ਘਰ ਲਈ ਫਿਰਦੇ ਆ। ਇਹ ਗਾਉਂਦੇ ਆ ਸਵੇਰੇ ਸ਼ਾਮ ਪੰਜਾਬੀਆਂ ਦੇ ਗੁਣ; ਸੰਦੀਪ ਨੰਗਲ ਅੰਬੀਆਂ ਬਣਾਈ ਜਾਂਦਾ ਮਾਲਵਾ ਐਕਸਪ੍ਰੈਸ, ਪਾ ਲਿਆ ਟੋਚਨ ਸੋਹਣ ਰੁੜਕੀ ਵਾਲੇ ਨੇ, ਜੁੜ ਗਈਆਂ ਲੋਹੇ ਨਾਲ ਬਿਜਲੀ ਨਾਲ ਤਾਰਾਂ, ਪੈ ਗਿਆ 440 ਵੋਲਟ ਦਾ ਕਰੰਟ। ਬੋਲ ਨਹੀਂ ਹੁੰਦਾ ਅਮੋਲਕ ਸਿੰਘ ਤੋਂ ਬਹਿ ਗਈਆਂ ਰਗਾਂ, ਇਹਨੂੰ ਕਹਿੰਦੇ ਆ ਮਹੀਨੇ ਦੀ ਮਿਹਨਤ, ਤਾਂ ਹੀ ਫਿਰ ਗਾਖਲ, ਗਾਖਲ ਹੋਈ ਫਿਰਦੀ ਆ।

ਹਰਭਜਨ ਸਿੰਘ ਥਿਆੜਾ ਨੂੰ ਵੀ ਜੀ ਆਇਆਂ ਨੂੰ, ਸੇਵਾ ਸਿੰਘ ਰੰਧਾਵੇ ਨੂੰ ਵੀ, ਕੁਲਵੰਤ ਸਿੰਘ ਨਿੱਝਰ ਹੁਰੀਂ ਵੀ ਚਿੱਟੇ ਕੁਰਤੇ ਪਜਾਮਿਆਂ 'ਚ ਖੂਬ ਜਚਦੇ ਆ, ਬਈ ਚੇਅਰਮੈਨ ਮੱਖਣ ਬੈਂਸ ਦੀਆਂ ਨਹੀਂ ਰੀਸਾਂ, ਚੱਕ ਲਓ, ਰੱਖ ਲਓ, ਖਿੱਚ ਲਓ, ਪਾ ਦਿਓ, ਫੜ ਲਓ, ਲੈ ਗਿਆ ਬਈ ਗਿਆ...ਹੁਣ ਹੰਦੇ ਦੂਰ ਨਹੀਂ ...ਬੋਲ ਗਈ ਕੂਕੜੂੰ ਘੜੂੰ; ਕਿੱਥੇ ਹਟਦੇ ਆ ਪੰਜਾਬੀ ਆ ਗਏ ਲਾ ਕੇ ਪੈਗ; ਬਚ ਕੇ ਬਈ ਪੁਲਸ ਆਲੇ ਵੀ ਬਹੁਤ ਆ, ਮਾਰੇ ਨਾ ਜਾਇਓ।

ਖਾਸ ਗੱਲ ਇਹ ਵੀ ਸੀ ਕਿ ਯੂਨਾਈਟਿਡ ਸਪੋਰਟਸ ਕਲੱਬ ਅਤੇ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਨੇ ਅਨੁਸਾਸ਼ਨ ਦਾ ਨਵਾਂ ਇਤਿਹਾਸ ਸਿਰਜਿਆ। ਲੱਗਦਾ ਹੀ ਨਹੀਂ ਕਿ ਕੋਈ ਕਬੱਡੀ ਖਿਡਾਰੀ ਨਾਰਾਜ਼ ਗਿਆ ਹੋਵੇ, ਕੋਈ ਦਰਸ਼ਕ ਕੋਈ ਪ੍ਰਬੰਧਕ ਨਾਰਾਜ਼ ਹੋਇਆ ਹੋਵੇ।

ਅਮੋਲਕ ਸਿੰਘ ਗਾਖਲ ਨੇ ਦਰਸ਼ਕਾਂ ਅਤੇ ਸਪਾਂਸਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਤੁਹਾਡਾ ਸਾਰਿਆਂ ਦਾ ਰਿਣੀ ਹਾਂ, ਜੇ ਤੁਹਾਡਾ ਸਹਿਯੋਗ ਏਦਾਂ ਹੀ ਰਿਹਾ ਤਾਂ ਇਹੋ ਜਿਹਾ ਕਬੱਡੀ ਕੱਪ ਅਸੀਂ ਆਏ ਵਰ੍ਹੇ ਕਰਵਾਉਣ ਦਾ ਯਤਨ ਕਰਾਂਗੇ। ਯੂਨਾਈਟਿਡ ਸਪੋਰਟਸ ਕਲੱਬ ਦੇ ਚੇਅਰਮੈਨ ਮੱਖਣ ਸਿੰਘ ਬੈਂਸ, ਉਪ ਚੇਅਰਮੈਨ ਇਕਬਾਲ ਸਿੰਘ ਗਾਖਲ, ਪ੍ਰਧਾਨ ਬਲਵੀਰ ਸਿੰਘ ਭਾਟੀਆ, ਡਾਇਰੈਕਟਰ ਪਲਵਿੰਦਰ ਸਿੰਘ ਗਾਖਲ, ਸਾਧੂ ਸਿੰਘ ਖਲੌਰ, ਦੇਬੀ ਸੋਹਲ, ਬਖਤਾਵਰ ਸਿੰਘ, ਜਸਵੀਰ ਸਿੰਘ ਗਾਖਲ,



ਕਬੱਡੀ ਮੇਲੇ ਦੇ ਝੰਡਾਬਰਦਾਰ ਅਮਲੋਕ ਸਿੰਘ ਗਾਖਲ

ਗੁਰਪ੍ਰੀਤ ਸਿੰਘ ਗਾਖਲ, ਪਿੰਕੀ ਅਟਵਾਲ ਦੀ ਟੀਮ ਨੇ ਪੂਰੇ ਅਨੁਸ਼ਾਸਨ ਨਾਲ ਇਹ ਕਬੱਡੀ ਕੱਪ ਕਰਵਾਇਆ ਉਸ ਨਾਲ ਨਿੱਕੇ ਮੋਟੇ ਉਲਾਂਭੇ ਹੁਣ ਮੁੱਕ ਹੀ ਜਾਣਗੇ। ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ ਬੱਤੀਆਂ ਜਗਣ ਤੋਂ ਬਾਅਦ ਘਰਾਂ ਨੂੰ ਗਏ ਅਤੇ ਨਿਊ ਯਾਰਕ ਤੋਂ ਖੇਡ ਲੇਖਕ ਇਕਬਾਲ ਜੱਬੋਵਾਲੀਆ ਵੀ ਪਹੁੰਚੇ। ਕਬੱਡੀ ਖੇਡ ਨਾਲ ਜੁੜੀਆਂ ਕਲੱਬਾਂ, ਸ਼ਖਸੀਅਤਾਂ, ਪ੍ਰਬੰਧਕ, ਕਬੱਡੀ ਦੇ ਸ਼ੌਕੀਨ, ਪੈਗ ਲਾਉਣ ਵਾਲੇ ਅਤੇ ਖਿਡਾਰੀਆਂ ਤੋਂ ਸੌ ਸੌ ਡਾਲਰ ਵਾਰਨ ਵਾਲੇ ਇਸ ਖੇਡ ਮੇਲੇ ਦੀ ਰੌਣਕ ਬਣੇ ਰਹੇ।







# ਯੂਨਾਈਟਡ ਸਪੋਰਟਸ ਕਲੱਬ ਦਾ ਖੇਡ ਮੇਲਾ

## ਤਸਵੀਰਾਂ ਦੀ ਜ਼ੁਬਾਨੀ



























# ਹਿੰਸਾ ਦਾ ਹੱਲਾ



## ਔਰਤਾਂ ਖਿਲਾਫ ਅਪਰਾਧ ਅਤੇ ਆਮ ਵਿਹਾਰ ਦੀਆਂ ਪਰਤਾਂ ਫਰੋਲਦੀ ਫਿਲਮ 'ਅਨੈਟਮੀ ਆਫ ਵਾਇਲੈਂਸ'

ਕਲਾ ਪਰਿਕਰਮਾ

**ਸਿਮਰਨ ਕੌਰ**

ਸਾਲ 2012 ਵਿਚ 16 ਦਸੰਬਰ ਦੀ ਠਰੀ ਰਾਤ ਨੂੰ ਦਿੱਲੀ ਵਿਚ ਵਾਪਰੀ ਜਬਰ ਜਨਾਹ ਵਾਲੀ ਘਟਨਾ ਨੇ ਪੂਰੇ ਮੁਲਕ ਨੂੰ ਝੰਜੋੜ ਕੇ ਰੱਖ ਦਿਤਾ ਸੀ। ਉਸ ਰਾਤ 23 ਵਰ੍ਹਿਆਂ ਦੀ ਮੈਡੀਕਲ ਵਿਦਿਆਰਥਣ ਜੋਤੀ ਸਿੰਘ ਨੂੰ ਬੱਸ ਵਿਚ ਕੁੱਟਿਆ-ਮਾਰਿਆ ਗਿਆ, ਫਿਰ ਬਲਤਕਾਰ ਕੀਤਾ ਅਤੇ ਇਸ ਤੋਂ ਬਾਅਦ ਚੱਲਦੀ ਬੱਸ ਵਿਚੋਂ ਧੱਕਾ ਦੇ ਦਿਤਾ ਗਿਆ। ਜ਼ਿੰਦਗੀ ਅਤੇ ਮੌਤ ਵਿਚਕਾਰ ਲੜਦਿਆਂ ਮਗਰੋਂ, 29 ਦਸੰਬਰ ਨੂੰ ਸਿੰਗਾਪੁਰ ਦੇ ਇਕ ਪ੍ਰਾਈਵੇਟ ਹਸਪਤਾਲ ਵਿਚ ਉਸ ਦੀ ਮੌਤ ਹੋ ਗਈ। ਉਘੀ ਫਿਲਮਸਾਜ਼ ਦੀਪਾ ਮਹਿਤਾ ਨੇ ਪ੍ਰਸਿੱਧ ਰੰਗਕਰਮੀ ਨੀਲਮ ਮਾਨ ਸਿੰਘ ਚੌਧਰੀ ਨਾਲ ਰਲ ਕੇ ਦਸਤਾਵੇਜ਼ੀ ਫਿਲਮ 'ਅਨੈਟਮੀ ਆਫ਼ ਵਾਇਲੈਂਸ' (ਹਿੰਸਾ ਦੀਆਂ ਪਰਤਾਂ) ਬਣਾਈ ਹੈ ਜਿਹੜੀ ਹਾਲ ਹੀ ਵਿਚ ਦਿੱਲੀ ਵਿਚ ਨਸ਼ਰ ਕੀਤੀ ਗਈ ਸੀ ਅਤੇ ਇਸੇ ਹਫ਼ਤੇ ਇਹ ਫਿਲਮ ਕੈਨੇਡਾ ਦੇ ਚਰਚਿਤ 'ਟੋਰਾਂਟੋ ਇੰਟਰਨੈਸ਼ਨਲ ਫਿਲਮ ਫੈਸਟੀਵਲ' ਵਿਚ ਵੀ ਦਿਖਾਈ ਗਈ।

ਦੀਪਾ ਮਹਿਤਾ ਨੇ ਆਪਣੀ ਇਸ ਫਿਲਮ ਵਿਚ ਤਕਰੀਬਨ ਸਾਰੇ ਅਦਾਕਾਰ ਦਿੱਲੀ ਦੇ ਲਏ ਹਨ ਜੋ ਥੀਏਟਰ ਨਾਲ ਜੁੜੇ ਹੋਏ ਹਨ। ਇਨ੍ਹਾਂ ਅਦਾਕਾਰਾਂ ਵਿਚੋਂ ਸਿਰਫ਼ ਇਕ ਅਦਾਕਾਰਾ ਸੀਮਾ ਬਿਸਵਾਸ ਹੀ ਵਧੇਰੇ ਪਾਪੂਲਰ ਹੈ। ਵੰਸ਼ ਭਾਰਦਵਾਜ ਨੇ ਫਿਲਮ ਵਿਚ ਨਾਂਹਮੁਖੀ ਕਿਰਦਾਰ ਨਿਭਾਇਆ ਹੈ ਅਤੇ ਜੋਤੀ ਸਿੰਘ ਵਾਲਾ ਕਿਰਦਾਰ ਦਿੱਲੀ ਦੇ ਇਕ ਕਲਾ ਸੈਂਟਰ ਵਿਚ ਕੰਮ ਕਰਦੀ ਕੁੜੀ ਜਾਨਕੀ ਬਿਸ਼ਟ ਨੇ ਅਦਾ ਕੀਤਾ ਹੈ। ਯਾਦ ਰਹੇ ਕਿ ਇਸ ਘਟਨਾ ਵਿਚ ਸ਼ਾਮਲ 6 ਜਣਿਆਂ ਨੂੰ ਸਜ਼ਾ ਸੁਣਾਈ ਗਈ ਸੀ ਅਤੇ ਦੀਪਾ ਮਹਿਤਾ ਨੇ ਆਪਣਾ ਸਾਰਾ ਧਿਆਨ ਇਨ੍ਹਾਂ ਦੋਸ਼ੀਆਂ ਦੀ ਮਾਨਸਿਕਤਾ ਉਤੇ ਕੇਂਦਰਤ ਕੀਤਾ ਹੈ। ਇਹ ਫਿਲਮ ਬਣਾਉਣ ਬਾਰੇ ਉਹਨੇ ਪਿਛਲੇ ਸਾਲ ਸੋਚਿਆ ਸੀ। ਫਿਲਮ ਸ਼ੁਰੂ ਕਰਨ ਤੋਂ ਪਹਿਲਾਂ ਉਸ ਨੇ ਨਵੰਬਰ 2015 ਵਿਚ ਬਾਕਾਇਦਾ ਵਰਕਸ਼ਾਪ ਲਗਾਈ ਅਤੇ ਇਸ ਵਰਕਸ਼ਾਪ ਦਾ ਮੁੱਖ ਮੁੱਦਾ ਇਹ ਸੋਚਣਾ-ਵਿਚਾਰਨਾ ਸੀ ਕਿ ਬੰਦਾ ਹੈਵਾਨ ਕਿਉਂ ਤੇ ਕਿਸ ਤਰ੍ਹਾਂ ਬਣ ਜਾਂਦਾ ਹੈ? ਨੀਲਮ ਮਾਨ ਸਿੰਘ ਚੌਧਰੀ ਆਖਦੀ ਹੈ ਕਿ ਉਨ੍ਹਾਂ ਨੇ ਇਹ ਪ੍ਰੋਜੈਕਟ ਸਿਰੇ ਚਾੜ੍ਹਦਿਆਂ ਅਪਰਾਧ ਅਤੇ ਵਿਹਾਰ ਵੱਲ ਧਿਆਨ ਵਧੇਰੇ ਦਿਤਾ ਹੈ। ਫਿਲਮ ਵਿਚ ਤੀਆ ਭਾਟੀਆ, ਮੁਕਤੀ ਦਾਸ, ਸੁਮਨ ਝਾਅ, ਰਮਨਜੀਤ ਕੌਰ, ਦੇਬੀਨਾ ਰਕਸ਼ਿਤ, ਮਹੇਸ਼ ਸੈਣੀ, ਜਗਜੀਤ ਸੰਧੂ, ਜ਼ੋਰਾਵਰ ਸ਼ੁਕਲਾ ਅਤੇ ਦੇਵਿੰਦਰ ਸਿੰਘ ਨੇ ਵੀ ਅਦਾਕਾਰੀ ਕੀਤੀ ਹੈ। ਇਹ ਫਿਲਮ ਗਲੀਆਂ ਅਤੇ ਅਸਲ ਲੋਕੇਸ਼ਨਾਂ 'ਤੇ ਫਿਲਮਾਈ ਗਈ ਹੈ। ਫਿਲਮ ਦੀ ਸ਼ੂਟਿੰਗ ਦੌਰਾਨ ਬੈਕਗਰਾਊਂਡ ਦਾ ਉਚੇਚਾ ਧਿਆਨ ਰੱਖਿਆ ਗਿਆ ਹੈ। ਫਿਲਮ ਵਿਚ ਭਾਵੇਂ ਕੋਈ ਨਤੀਜੇ ਨਹੀਂ ਕੱਢੇ ਗਏ ਅਤੇ ਪੁਰਸ਼ਾਂ ਵਾਲੇ ਸਾਰੇ ਪੱਖ ਖੁੱਲ੍ਹੇ ਰੱਖੇ ਗਏ ਹਨ, ਪਰ ਔਰਤਾਂ ਖਿਲਾਫ਼ ਜਿਸ ਤਰ੍ਹਾਂ ਦੀ ਹਿੰਸਾ ਅਕਸਰ ਵਾਪਰਦੀ ਰਹਿੰਦੀ ਹੈ, ਉਸ ਦੀ ਸਪਸ਼ਟ ਨਿਸ਼ਾਨਦੇਹੀ ਕੀਤੀ ਗਈ ਹੈ। ਇਹੀ ਇਸ ਫਿਲਮ ਦੀ ਤਾਕਤ ਹੈ। ਇਹ ਫਿਲਮ ਔਰਤਾਂ ਉਤੇ ਵਾਪਰਦੀ ਸੂਖਮ ਹਿੰਸਾ ਦੀਆਂ ਤੰਦਾਂ ਫੜਦੀ ਹੈ ਅਤੇ ਦਰਸ਼ਕ ਨੂੰ ਸੋਚਣ ਲਈ ਮਜਬੂਰ ਕਰਦੀ ਹੈ। ਦੀਪਾ ਮਹਿਤ ਅਤੇ ਨੀਲਮ ਮਾਨ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਮਕਸਦ ਆਮ ਬੰਦੇ ਨੂੰ ਝੰਜੋੜਨਾ ਹੀ ਹੈ। ਉਨ੍ਹਾਂ ਮੁਤਾਬਕ, ਦਿੱਲੀ ਵਿਚ ਵਾਪਰੀ ਇਸ ਘਟਨਾ ਨੇ ਸਮੁੱਚੇ ਮੁਲਕ ਨੂੰ ਇਕ ਕਰ ਦਿਤਾ ਸੀ। ਅਜਿਹੀਆਂ ਘਟਨਾਵਾਂ ਮੁਲਕ ਵਿਚ ਹੁਣ ਵੀ ਹੋ ਰਹੀਆਂ ਹਨ ਜਿਨ੍ਹਾਂ ਕਾਰਨ ਔਰਤਾਂ ਨੂੰ ਪਤਾ ਨਹੀਂ ਕਿਹੜੇ-ਕਿਹੜੇ ਸੰਤਾਪਾਂ ਵਿਚੋਂ ਲੰਘਣਾ ਪੈਂਦਾ ਹੈ। ਅਸੀਂ ਚਾਹੁੰਦੀਆਂ ਸਾਂ ਕਿ ਇਸ ਵਿਸ਼ੇ 'ਤੇ ਹੋਰ ਗਹਿਰਾਈ ਨਾਲ ਚਰਚਾ ਹੋਵੇ। ਫਿਲਮ ਵਿਚ ਦਰਸ਼ਕਾਂ ਨੂੰ ਵਾਰ-ਵਾਰ ਵੱਖ-ਵੱਖ ਸਵਾਲਾਂ ਦੇ ਰੂ-ਬਰੂ ਕੀਤਾ ਗਿਆ ਹੈ।


ਯਾਦ ਰਹੇ ਕਿ ਫਿਲਮਸਾਜ਼ ਦੀਪਾ ਮਹਿਤਾ 1973 ਵਿਚ ਕੈਨੇਡਾ ਵਸ ਗਈ ਸੀ। ਉਹਨੇ ਬੱਚਿਆਂ ਬਾਰੇ ਦਸਤਾਵੇਜ਼ੀ ਫਿਲਮਾਂ ਬਣਾਉਣੀਆਂ ਸ਼ੁਰੂ ਕੀਤੀਆਂ। 1991 ਵਿਚ ਉਹਨੇ ਫੀਚਰ ਫਿਲਮ 'ਸੈਮ ਐਂਡ ਮੀ' ਬਣਾਈ। ਇਸ ਪਿਛੋਂ ਉਹਨੇ ਚਰਚਿਤ ਤ੍ਰੈਲੜੀ 'ਫਾਇਰ', 'ਅਰਥ' ਤੇ 'ਵਾਟਰ' ਕਈ ਯਾਦਗਾਰੀ ਫਿਲਮਾਂ ਬਣਾਈਆਂ। ਪਿਛਲੇ ਸਾਲ ਉਸ ਦੀ ਫਿਲਮ 'ਬੀਬਾ ਬੁਆਇਜ਼' ਆਈ ਸੀ ਜੋ ਕੈਨੇਡਾ ਦੇ ਅਪਰਾਧ ਜਗਤ ਬਾਰੇ ਸੀ। ਅੰਮ੍ਰਿਤਸਰ ਵਿਚ 14 ਅਪਰੈਲ 1954 ਨੂੰ ਜਨਮੀ ਰੰਗਕਰਮੀ ਨੀਲਮ ਮਾਨ ਸਿੰਘ ਚੌਧਰੀ ਅੱਜ ਕੱਲ੍ਹ ਚੰਡੀਗੜ੍ਹ ਵਸਦੀ ਹੈ ਅਤੇ ਰੰਗਮੰਚ ਵਿਚ ਉਸ ਨੇ ਭਰਪੂਰ ਯੋਗਦਾਨ ਪਾਇਆ ਹੈ।



*ਫਿਲਮਸਾਜ਼ ਦੀਪਾ ਮਹਿਤਾ*




*ਰੰਗਕਰਮੀ ਨੀਲਮ ਮਾਨਸਿੰਘ ਚੌਧਰੀ*




*ਫਿਲਮ 'ਅਨੈਟਮੀ ਆਫ ਵਾਇਲੈਂਸ' ਦਾ ਪੋਸਟਰ।*

## ਇੰਡੀਆ'ਜ਼ ਡੌਟਰ...

*ਸਾਲ 2015 ਵਿਚ ਬੀ.ਬੀ.ਸੀ. ਨੇ 16 ਦਸੰਬਰ ਵਾਲੀ ਘਟਨਾ ਬਾਰੇ ਫਿਲਮ 'ਇੰਡੀਆ'ਜ਼ ਡੌਟਰ' ਬਣਾਈ ਸੀ। ਇਸ ਫਿਲਮ ਨੂੰ ਨਿਰਦੇਸ਼ਨ ਉਘੀ ਬ੍ਰਿਟਿਸ਼ ਫਿਲਮਸਾਜ਼ ਲੈਸਲੀ ਓਡਵਿਨ ਨੇ ਦਿਤਾ ਸੀ। ਦੁਨੀਆ ਭਰ ਵਿਚ ਇਸ ਫਿਲਮ ਦੀ ਚਰਚਾ ਹੋਈ, ਪਰ ਭਾਰਤ ਸਰਕਾਰ ਨੇ ਇਹ ਕਹਿ ਕੇ ਫਿਲਮ ਉਤੇ ਰੋਕ ਲਾ ਦਿਤੀ ਸੀ ਕਿ ਇਹ ਫਿਲਮ ਭਾਰਤ ਨੂੰ ਬਦਨਾਮ ਕਰਨ ਲਈ ਬਣਾਈ ਗਈ ਹੈ।*




*'ਇੰਡੀਆ'ਜ਼ ਡੌਟਰ' ਦਾ ਪੋਸਟਰ।*



*ਫਿਲਮਸਾਜ਼ ਲੈਸਲੀ ਓਡਵਿਨ*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ ਪਹਿਲੀ ਅਕਤੂਬਰ 2016 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-240



*ਉਂਜ ਤਾਂ ਮਘਦਾ ਰਹਿੰਦਾ ਸੂਰਜ ਸਾਡੇ ਵਿਹੜਿਆਂ ਅੰਦਰ।*
*ਪਰ ਸਾਡੇ ਹੱਡਾਂ 'ਚੋਂ ਗੁਰਬਤ ਕੱਢਦਾ ਨਹੀਂ ਪਤੰਦਰ।*

## ਕੈਪਸ਼ਨ ਮੁਕਾਬਲਾ-238



ਦਾਤੇ ਦੀ ਲੀਲ੍ਹਾ ਦਾ ਅਜਬ ਨਜ਼ਾਰਾ
ਦੇਖੋ ਭਿੰਨ ਭਿੰਨ ਜੀਵ ਬਣਾਏ।
ਇਕ ਨੂੰ ਕਹਿੰਦੇ ਸ਼ੇਰ ਦੀ ਮਾਸੀ
ਦੂਜਾ ਬੰਦੇ ਦਾ ਦਾਦਾ ਅਖਵਾਏ।
ਬੰਦਾ ਬੰਦੇ ਦਾ ਮੁੱਢ ਤੋਂ ਵੈਰੀ
ਕਰਦੈ ਲੁੱਟ-ਖੋਹ ਤੇ ਧੌਂਸ ਜਮਾਏ।
'ਜੀਓ ਅਤੇ ਜਿਉਣ ਦਿਓ' ਦਾ
ਪਰ ਤਸਵੀਰ ਹੈ ਸਬਕ ਸਿਖਾਏ।
ਜੇ ਬੰਦਾ ਛੱਡ ਦੇਵੇ ਚਤੁਰਾਈਆਂ
ਜੱਗ 'ਤੇ ਨਾ ਫਿਰ ਹੋਣ ਲੜਾਈਆਂ।
ਅਮਰੀਕਾ, ਅਰਬ, ਅਫਰੀਕਾ, ਏਸ਼ੀਆ 'ਚ
ਸ਼ਾਂਤੀ ਫਿਰ ਲਵੇ ਅੰਗੜਾਈਆਂ।

***-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ***

---

ਨਾ ਜਾਤ-ਪਾਤ, ਨਾ ਧਰਮ ਦਾ ਰੌਲਾ
ਰਲ-ਮਿਲ ਬੈਠਣ ਖੁਸ਼ੀ ਮਨਾਵਣ।
ਰੰਗ, ਸ਼ਕਲ ਦਾ ਭੇਦ ਨਾ ਕੋਈ
ਨਾ ਹੀ ਰਾਹ ਵਿਚ ਹੱਦਾਂ ਆਵਣ।
ਇਨ੍ਹਾਂ ਤੋਂ ਹੀ ਸਿੱਖ ਲੈ ਬੰਦਿਆ
ਜੀਵਨ ਦੀ ਇਹ ਜਾਚ ਸਿਖਾਵਣ।

***-ਜਗਮੀਤ ਸਿੰਘ ਪੰਧੇਰ***

---

ਪਿਆਰ ਖੂਬਸੂਰਤ ਜਜ਼ਬਾ
ਮਨੁੱਖ ਅਤੇ ਹੋਰ ਪ੍ਰਾਣੀਆਂ 'ਚ।
ਹਰ ਜਾਨਵਰ ਦੀ ਆਪਣੀ ਪਛਾਣ
ਹਰ ਜਾਨਵਰ ਦੀ ਆਪਣੀ ਢਾਣੀ।
ਬਿੱਲੀ ਹੈ ਇਕ ਡਰਪੋਕ ਜਾਨਵਰ
ਬਾਂਦਰ ਹੈ ਪੂਰਾ ਚੰਟ।
ਬਿੱਲੀ ਸਿਰਫ ਘੀਂ ਘੀਂ ਕਰਦੀ
ਜਾਂ ਮਾਰਦੀ ਪੌਂਚਾ ਤਿੱਖਾ।
ਹੋਇਆ ਹੀ ਜੋ ਬਾਂਦਰ, ਚਲਾ ਚੰਮ ਦੀਆਂ
ਕਰ ਲਈ ਬਿੱਲੀ ਹੱਥ-ਵੱਸ।
ਦੋਸਤੀ ਹੋਰ ਪੀਡੀ ਹੋਈ
ਬਹਿ ਕੁੱਛੜ ਬਾਂਦਰ ਦੇ।
ਬਾਂਦਰ ਵੀ ਖਾ ਖਿੱਲਾਂ ਟੱਪਦਾ
ਸੀਲ ਬਿੱਲੀ ਹੱਥ ਉਸ ਦੇ ਆਈ।
ਹੋਣਗੇ ਭਾਈਵਾਲ ਦੋਨੋਂ
ਰਹਿਣਗੇ ਇਕੱਠੇ ਹੁਣ
ਨਾਤਾ ਹੋਰ ਮਜ਼ਬੂਤ ਹੋਇਆ।

***-ਦਰਸ਼ਨਪਾਲ ਦੋਸਾਂਝ***

## ਕੈਪਸ਼ਨ ਮੁਕਾਬਲਾ-237

ਦੋਵੇਂ ਲੱਗਦੇ ਫੋਟੋ 'ਚ ਪਿਆਰੇ ਤੇ ਸੋਹਣੇ।
ਹਰ ਇਕ ਨੂੰ ਹੁੰਦੇ ਨੇ ਬੱਚੇ ਮਨ ਮੋਹਣੇ।
ਬਚਪਨ ਹੁੰਦਾ ਭੋਲਾ-ਭਾਲਾ
ਨਾ ਇਹ ਕਰਨ ਘਾਲਾ-ਮਾਲਾ।
ਹੋਵੇ ਚਾਹੇ ਇਨਸਾਨ ਦਾ ਬੱਚਾ
ਚਾਹੇ ਹੋਵੇ ਗਾਂ ਦਾ ਵੱਛਾ।
ਬਚਪਨ ਦਾ ਇਹ ਪਿਆਰਾ ਨਜ਼ਾਰਾ
ਫਿਰ ਨਹੀਂਓਂ ਮਿਲਣਾ ਦੁਬਾਰਾ।


***-ਗੋਰਾ ਪ੍ਰਜਾਪਤ, ਨਿਊ ਯਾਰਕ***

# ਇੰਡੋ-ਅਮਰੀਕਨ ਕਲਚਰਲ ਆਰਗੇਨਾਈਜ਼ੇਸ਼ਨ, ਕੈਲੀਫੋਰਨੀਆ

*ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ ਤੋਂ ਨਾ ਭੁਲਾ ਜਾਣਾ। ਖਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ, ਸਾਨੂੰ ਵੇਖ ਕੇ ਨਾ ਘਬਰਾ ਜਾਣਾ।*

**ਪਹਿਲੇ ਲਾਹੌਰ ਸਾਜਿਸ਼ ਕੇਸ ਸਪਲੀਮੈਂਟਰੀ ਦੇ ਸੂਰਵੀਰ ਸ਼ਹੀਦਾਂ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ**

# ਮੇਲਾ ਗਦਰੀ ਬਾਬਿਆਂ ਦਾ



ਰੰਗਾ ਸਿੰਘ ਖੁਰਦਪੁਰ (ਜਲੰਧਰ)


ਬੀਰ ਸਿੰਘ ਬਾਹੋਵਾਲ


ਉਤਮ ਸਿੰਘ ਹਾਂਸ


ਰੂੜ ਸਿੰਘ ਤਲਵੰਡੀ ਭੰਗੇਰੀਆਂ


ਇੰਦਰ ਸਿੰਘ ਪੱਧਰੀ


ਪ੍ਰੇਮ ਸਿੰਘ ਸੁਰਸਿੰਘ


ਈਸ਼ਰ ਸਿੰਘ ਢੁੱਡੀਕੇ

## ਐਤਵਾਰ, 2 ਅਕਤੂਬਰ 2016

*(ਦੁਪਹਿਰ 12 ਵਜੇ ਤੋਂ ਰਾਤ 8 ਵਜੇ ਤੱਕ)*

**ਸਥਾਨ: ਐਸ.ਈ.ਐਸ. ਹਾਲ**

10428 ਈਸਟ ਸਟਾਕਟਨ ਬੁਲੇਵਾਰਡ
ਐਲਕ ਗਰੋਵ, ਸੈਕਰਾਮੈਂਟੋ, ਕੈਲੀਫੋਰਨੀਆ 95624

*ਤੇਗੋਂ ਕੇ ਸਾਏ ਮੇ ਪਲ ਕਰ ਜਵਾਨ ਹੁਏ ਹੈਂ, ਇਕ ਖੇਲ ਜਾਨਤੇ ਹੈ ਫਾਂਸੀ ਪਰ ਝੂਲ ਜਾਨਾ।*

**ਸਤਿਕਾਰਯੋਗ ਭੈਣੋ ਤੇ ਭਰਾਓ,**

2016 ਦਾ ਵਰ੍ਹਾ ਗਦਰ ਪਾਰਟੀ ਦੇ ਉਨ੍ਹਾਂ ਸੂਰਮਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਦਾ ਸ਼ਤਾਬਦੀ ਵਰ੍ਹਾ ਹੈ, ਜਿਨ੍ਹਾਂ ਨੇ ਦੇਸ਼ ਦੀ ਆਜਾਦੀ ਖਾਤਰ ਹਸ ਹਸ ਫਾਂਸੀ ਦੇ ਰੱਸੇ ਚੁੰਮੇ, ਤਸ਼ੱਦਦ ਸਹੇ, ਕੈਦਾਂ ਕੱਟੀਆਂ, ਕਾਲੇ ਪਾਣੀ ਦੇ ਦੁਖ ਭੋਗੇ ਅਤੇ ਜਾਇਜਾਦਾਂ ਜ਼ਬਤ ਕਰਵਾਈਆਂ। ਇਨ੍ਹਾਂ ਦੀਆਂ ਕੁਰਬਾਨੀਆਂ ਨੇ ਭਾਰਤੀ ਉਪ ਮਹਾਦੀਪ ਦੇ ਲੋਕਾਂ ਦੇ ਦਿਲਾਂ ਵਿਚ ਆਜ਼ਾਦੀ ਲਈ ਤੜਪ ਪੈਦਾ ਕੀਤੀ ਅਤੇ ਕੌਮੀ ਘੋਲ ਦੀਆਂ ਹੋਰ ਲਹਿਰਾਂ ਨੂੰ ਜਨਮ ਦਿੱਤਾ। ਸਾਰੀਆਂ ਭਰਾਤਰੀ ਤੇ ਸਮਾਜਕ ਜਥੇਬੰਦੀਆਂ ਨੂੰ ਬੇਨਤੀ ਹੈ ਕਿ ਆਓ, ਸਾਰੇ ਰਲ ਕੇ ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਮਹਾਨ ਸੂਰਵੀਰ ਸ਼ਹੀਦਾਂ ਨੂੰ ਸਜਦਾ ਕਰੀਏ।




**ਪਹੁੰਚ ਰਹੇ ਕਲਾਕਾਰ**
ਮਾਣਕ ਈ, ਪੂਨਮ ਮਲਹੋਤਰਾ, ਜੀਵਨ ਰੱਤੂ, ਪੰਮੀ ਮਾਨ
ਗੁਰਨਾਮ ਸਿੰਘ ਭੰਡਾਲ ਦਾ ਢਾਡੀ ਜਥਾ ਵੀਰ ਰਸੀ ਵਾਰਾਂ ਪੇਸ਼ ਕਰੇਗਾ।

**ਪੁੱਜ ਰਹੀਆਂ ਸ਼ਖਸੀਅਤਾਂ**
ਕਿਰਪਾਲ ਸਿੰਘ ਸੰਧੂ, ਜਗਦੀਸ਼ ਸਿੰਘ ਖੰਗੂੜਾ,
ਦਲਵਿੰਦਰ ਸਿੰਘ ਦੂਤ, ਬੀਬੀ ਕਰਨੈਲ ਕੌਰ ਈਸੜੂ

**ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਅਤੇ ਉਨ੍ਹਾਂ ਨਾਲ ਸਬੰਧਤ ਵਸਤਾਂ ਦੀ ਪ੍ਰਦਰਸ਼ਨੀ ਲਾਈ ਜਾਵੇਗੀ**
**ਖਾਣਾ, ਪਾਰਕਿੰਗ ਤੇ ਦਾਖਲਾ ਮੁਫ਼ਤ**

ਯੂਨੀਵਰਸਿਟੀ ਦੇ ਮੁੰਡੇ ਦੇ ਭੰਗੜੇ ਤੇ ਕੁੜੀਆਂ ਦੇ ਗਿੱਧੇ ਦੀਆਂ ਟੀਮਾਂ ਮੇਲੇ ਵਿਚ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਹੋਣਗੀਆਂ

**ਪ੍ਰਧਾਨ: ਸੁਰਿੰਦਰ ਸਿੰਘ ਬਿੰਦਰਾ** 916-420-2390
**ਸਕੱਤਰ: ਐਸ ਐਸ ਸਿੱਧੂ** 661-302-5611
**ਖਜ਼ਾਨਚੀ: ਕਰਮਜੀਤ ਸਿੰਘ ਕੰਗ** 661-205-5214
**ਸਮਿਤਰ ਸਿੰਘ ਉਪਲ** 530-695-1716
**ਬਲਜਿੰਦਰ ਸਿੰਘ ਭੱਟੀ** 209-480-2275
**ਬਲਵੰਤ ਬਾਂਕਾ** 916-271-4216
**ਪਰਮਜੀਤ ਸਿੰਘ ਸੰਧੂ** 510-674-5857

**ਪ੍ਰਬੰਧਕ:** ਜਰਨੈਲ ਸਿੰਘ ਸਰਪੰਚ, ਗਿਆਨ ਸਿੰਘ ਬਿਲਗਾ, ਕਸ਼ਮੀਰ ਸਿੰਘ ਕਾਂਗਣਾ, ਜਗਜੀਤ ਸਿੰਘ ਗਿੱਲ, ਹਰਪਾਲ ਸਿੰਘ ਸੰਘਾ, ਮਲਕੀਅਤ ਬੈਂਸ, ਸੁਰਿੰਦਰ ਸਿੰਘ ਗਿੱਲ, ਅਮਰਜੀਤ ਸਿੰਘ ਰਾਏ, ਪ੍ਰਿਤਪਾਲ ਸਿੰਘ ਭੋਗਲ, ਪਰਮਜੀਤ ਸਿੰਘ ਸੰਧੂ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਜੁਝਾਰ ਗਿੱਲ, ਅਵਤਾਰ ਸਿੰਘ ਡੋਡ, ਸਤਵਿੰਦਰ ਸਿੰਘ ਬਾਠ, ਹਰਪ੍ਰੀਤ ਢਿੱਲੋਂ, ਸੁਰਿੰਦਰ ਸਿੰਘ, ਰਾਕੇਸ਼ ਬੈਂਸ, ਸਵਿੰਦਰ ਸਿੰਘ ਭਾਰਟਾ, ਫਰੈਂਕ ਜੌਹਨਸਨ, ਜਸਵਿੰਦਰ ਸੰਧੂ, ਪਰਮਪ੍ਰੀਤ ਬਿੰਦਰਾ, ਹਰਪ੍ਰੀਤ ਗਿੱਲ।

*ਡਾ. ਯਾਦਵਿੰਦਰ ਸਿੰਘ ਕੰਗ ਅਤੇ ਡਾ. ਗੁਰਪ੍ਰੀਤ ਗਿੱਲ ਦੀ ਟੀਮ ਮੁਫਤ ਮੈਡੀਕਲ ਕੈਂਪ ਲਾਵੇਗੀ*

**ਸਪਾਂਸਰ:** ਗੁਰਚਰਨ ਸਿੰਘ ਰੱਕੜ, ਜਗਦੀਸ਼ ਖੰਗੂੜਾ, ਦਲਵਿੰਦਰ ਸਿੰਘ ਧੂਤ, ਮਲਕੀਅਤ ਬੋਪਾਰਾਏ, ਸਿਕੰਦਰ ਸਿੰਘ ਜੱਸੜ, ਗੁਰਚਰਨ ਸਿੰਘ ਬੈਂਸ, ਇੰਡਸ ਵੈਲੀ ਚੈਂਬਰ ਆਫ਼ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ-ਚੇਅਰਮੈਨ, ਬਲਵੀਰ ਸਿੰਘ ਭਾਟੀਆ-ਪ੍ਰਧਾਨ), ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਹਰਿਆਣਾ ਅਮੈਰਿਕਨ ਐਸੋਸੀਏਸ਼ਨ-ਕੈਲੀਫੋਰਨੀਆ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਅਮਰੀਕ ਸਿੰਘ ਕਾਲਕਟ, ਗੁਰਮੁਖ ਸਿੰਘ ਸੰਧੂ, ਰਛਪਾਲ ਸਿੰਘ ਫਰਵਾਲਾ, ਜੋਗਾ ਸਿੰਘ ਔਜਲਾ, ਵਿਨੋਦ ਕੰਬੋਜ, ਬੰਤ ਕੰਦੋਲਾ, ਸੁਖਦੇਵ ਲੰਬੜ, ਐਸ.ਪੀ. ਸਿੰਘ, ਗੁਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਨੋਰਕਾਲ ਸਕਿਉਰਿਟੀ-ਨਰਿੰਦਰਪਾਲ ਸਿੰਘ ਹੁੰਦਲ, ਜਸਬੀਰ ਕੂਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾ ਸਿਟੀ, ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਰਾਜੂ ਭਗਵੰਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਚਰਨ ਬਡਵਾਲ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਵਿਰਸਾ ਸੰਭਾਲ ਸੁਸਾਇਟੀ, ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਸਿੰਘ ਕੰਗ, ਡਾ. ਸੁਖਦੀਪ ਸਿੰਘ ਸੰਧੂ ਅਤੇ ਪਰਿਵਾਰ, ਸ਼ਿੰਗਾਰਾ ਰਾਮ, ਸੰਨੀ, ਕੇਹਰ ਸਿੰਘ ਸੰਧੂ, ਪਰਗਨ ਸਿੰਘ ਬੈਂਸ, ਅਸ਼ੋਕ ਰਾਏ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਚਾਹਲ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਜਸਚਰਨ ਸਿੰਘ ਗਿੱਲ, ਡਾ. ਗੁਰਦਿਆਲ ਸਿੰਘ, ਸੁਰਜੀਤ ਸਿੰਘ ਢਿੱਲੋਂ, ਬਖਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਪਰਮਜੀਤ ਸਿੰਘ ਭੁੱਟਾ, ਸਤਵੀਰ ਸਿੰਘ ਖਪਰਾ, ਪਲਵਿੰਦਰ ਸਿੰਘ ਭੱਟੀ, ਜੱਸੀ ਸਿੰਘ ਸੰਘਾ, ਧੀਰਾ ਨਿੱਜਰ, ਗੁਲਿੰਦਰ ਗਿੱਲ (ਡੈਨੀ'ਜ਼ ਰੈਸਟੋਰੈਂਟ), ਗੋਲਡਨ ਸਟੇਟ ਇੰਕ, ਪਾਲ ਲਿੱਕਰਜ਼, ਇੰਡੀਆ ਗਾਰਡਨ, ਰਾਜ ਭਨੋਟ, ਸੰਤੋਖ ਸਿੰਘ ਜੱਜ, ਪਰਮਜੀਤ ਸਿੰਘ ਥਿੰਦ, ਭਾਖੜੀ ਲਾਅ ਫਰਮ ਤੇ ਸਾਬੀ ਸਿੰਘ ਟਰੱਕਿੰਗ, ਸੋਢੀ ਸਜਾਵਨਪੁਰ, ਵਨ ਸਟਾਪ ਆਟੋ ਰਿਪੇਅਰ, ਜਸਵੀਰ ਸਿੰਘ ਕੂਲਾਰ, ਲੀਜੈਂਟ ਟਰਾਂਸਪੋਰਟ, ਬਲਬੀਰ ਸਿੰਘ ਸੰਧੂ, ਜੇ ਜੇ ਜੀ ਐਸ ਫੂਡ ਸਰਵਿਸ ਇੰਕ, ਰਾਜ ਬਰਾੜ, ਪਰਮਜੀਤ ਸਿੰਘ ਦੁਸਾਂਝ, ਸਤਵੀਰ ਬੈਂਸ (ਰਾਇਲ ਟਰੱਕਿੰਗ), ਵੈਨਕੋ ਟਰੱਕ ਸਟਾਪ, ਸਿਟੀ ਮਾਰਕਿਟ ਬਲੈਰੋ ਸਟੇਸ਼ਨ, ਦਲਬੀਰ ਗਿੱਲ, ਗੋਲਡਨ ਪੈਸੇਫਿਕ ਟਰੱਕਿੰਗ, ਗੁਰਦਿਆਲ ਸਿੰਘ ਧਾਮੀ, ਔਜਲਾ ਟਰੱਕਿੰਗ, ਜਗਜੀਤ ਸਿੰਘ ਰੱਕੜ ਲੈਥਰੋਪ, ਮਲ੍ਹਾਗਰ ਸਿੰਘ ਖਹਿਰਾ, ਸੈਕਰਾਮੈਂਟੋ ਵੈਲੀ ਟਰੱਕ ਸਟਾਪ, ਇੰਦਰਜੀਤ ਸਿੰਘ ਥਾਂਦੀ।


*ਫੋਟੋਗ੍ਰਾਫੀ ਅਤੇ ਵੀਡੀਓ: ਸ਼ਿਆਰਾ ਸਿੰਘ ਢੀਂਡਸਾ (ਓਮਨੀ ਵੀਡੀਓ)*

# ਦਰਬਾਰ ਸਾਹਿਬ ਦੇ ਪ੍ਰਵੇਸ਼ ਦੁਆਰ ਪਲਾਜ਼ਾ ਦੇ ਦੂਜੇ ਪੜਾਅ ਨੂੰ ਅੰਤਿਮ ਛੋਹਾਂ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਦੁਆਰ ਘੰਟਾ ਘਰ ਵਾਲੇ ਪਾਸੇ ਬਣ ਰਹੇ ਪ੍ਰਵੇਸ਼ ਦੁਆਰ ਪਲਾਜ਼ਾ ਦਾ ਦੂਜਾ ਪੜਾਅ ਲਗਪਗ ਮੁਕੰਮਲ ਹੋ ਗਿਆ ਹੈ ਅਤੇ ਇਹ ਛੇਤੀ ਹੀ ਲੋਕਾਂ ਲਈ ਖੋਲ੍ਹ ਦਿੱਤਾ ਜਾਵੇਗਾ। ਇਸ ਦਾ ਉਦਘਾਟਨ ਪਹਿਲੀ ਨਵੰਬਰ ਨੂੰ ਹੋਵੇਗਾ ਤੇ ਉਦਘਾਟਨੀ ਰਸਮ ਵਿਚ ਰਾਸ਼ਟਰਪਤੀ ਪ੍ਰਣਬ ਮੁਖਰਜੀ ਦੇ ਪੁੱਜਣ ਦੀ ਸੰਭਾਵਨਾ ਹੈ। ਇਸ ਯੋਜਨਾ ਦਾ ਪਹਿਲਾ ਪੜਾਅ ਮੁਕੰਮਲ ਹੋ ਚੁੱਕਾ ਹੈ, ਜਿਸ ਤਹਿਤ ਪ੍ਰਵੇਸ਼ ਦੁਆਰ ਪਲਾਜ਼ਾ ਦੇ ਜ਼ਮੀਨੀ ਹਿੱਸੇ ਨੂੰ ਸੁੰਦਰ ਬਣਾਇਆ ਗਿਆ ਹੈ।

ਇਸ ਵਿਚ ਅਤਿ-ਆਧੁਨਿਕ ਜੋੜਾ ਘਰ ਤੇ ਗਠੜੀ ਘਰ ਆਦਿ ਸ਼ਾਮਲ ਹਨ। ਇਸ ਤੋਂ ਇਲਾਵਾ ਘੰਟਾ ਘਰ ਦੇ ਸਾਹਮਣੇ ਸੁੰਦਰ ਫੁਹਾਰੇ ਵੀ ਲਾਏ ਗਏ ਹਨ। ਇਹ ਪੜਾਅ ਮੁਕੰਮਲ ਹੋਣ ਮਗਰੋਂ 2014 ਵਿਚ ਦੀਵਾਲੀ ਮੌਕੇ ਇਸ ਨੂੰ ਲੋਕਾਂ ਲਈ ਖੋਲ੍ਹ ਦਿੱਤਾ ਗਿਆ ਸੀ। ਹੁਣ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਲਗਪਗ ਡੇਢ ਏਕੜ ਤੋਂ ਵੱਧ ਰਕਬੇ (8250 ਵਰਗ ਫੁੱਟ) ਵਾਲੀ ਖੁੱਲ੍ਹੀ ਥਾਂ ਹੈ, ਜਿਸ ਉਪਰ ਸੰਗਮਰਮਰ ਦਾ ਪੱਥਰ ਲਾਇਆ ਗਿਆ ਹੈ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਦੇ ਸੁੰਦਰੀਕਰਨ ਵਾਸਤੇ ਵਿਸ਼ੇਸ਼ ਯੋਜਨਾ ਬਣਾਈ ਗਈ ਹੈ, ਜਿਸ ਤਹਿਤ ਸ੍ਰੀ ਹਰਿਮੰਦਰ ਸਾਹਿਬ ਨੂੰ ਆਉਂਦੇ ਹਾਲ ਗੇਟ ਵਾਲੇ ਮੁੱਖ ਰਸਤੇ ਨੂੰ ਇਕੋ ਜਿਹੀ ਵਿਰਾਸਤੀ ਦਿੱਖ ਦੇਣ ਦਾ ਕੰਮ ਚੱਲ ਰਿਹਾ ਹੈ। ਇਹ ਯੋਜਨਾ ਉਪ ਮੁੱਖ ਮੰਤਰੀ ਦੇ ਸੁਫਨਮਈ ਪ੍ਰਾਜੈਕਟਾਂ ਵਿਚ ਸ਼ਾਮਲ ਹੈ। ਸ੍ਰੀ ਹਰਿਮੰਦਰ ਸਾਹਿਬ ਪ੍ਰਵੇਸ਼ ਦੁਆਰ ਪਲਾਜ਼ਾ ਦਾ ਜ਼ਮੀਨਦੋਜ਼ ਹਿੱਸੇ ਵਾਲਾ ਦੂਜਾ ਪੜਾਅ ਦਾ ਕੰਮ ਲਟਕ ਰਿਹਾ ਸੀ।

ਇਸ ਨੂੰ ਮੁਕੰਮਲ ਕਰਨ ਲਈ ਕਈ ਵਾਰ ਆਖਰੀ ਮਿਤੀ ਦਾ ਐਲਾਨ ਕੀਤਾ ਗਿਆ, ਪਰ ਇਸ ਦੇ ਬਾਵਜੂਦ ਵੀ ਕੰਮ ਪੂਰਾ ਨਹੀਂ ਹੋਇਆ। ਜੇਕਰ ਹੁਣ ਅਧਿਕਾਰੀਆਂ ਦੀ ਗੱਲ ਮੰਨੀ ਜਾਵੇ ਤਾਂ ਦੂਜੇ ਪੜਾਅ ਦਾ ਲਗਪਗ ਸਾਰਾ ਕੰਮ ਮੁਕੰਮਲ ਹੋ ਚੁੱਕਾ ਹੈ। ਇਸ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਦੀਵਾਲੀ ਤੋਂ ਬਾਅਦ ਲੋਕਾਂ ਵਾਸਤੇ ਖੋਲ੍ਹ ਦਿੱਤਾ ਜਾਵੇਗਾ। ਪੀ.ਡਬਲਿਯੂ.ਡੀ. ਦੇ ਐਕਸੀਅਨ ਜੇ.ਐਸ. ਸੋਢੀ ਨੇ ਆਖਿਆ ਕਿ ਇਸ ਪੜਾਅ ਦਾ ਵੱਡਾ ਹਿੱਸਾ ਮੁਕੰਮਲ ਹੋ ਚੁੱਕਾ ਹੈ ਅਤੇ ਇਸ ਨੂੰ ਇਕ ਨਵੰਬਰ ਨੂੰ ਸ਼ੁਰੂ ਕਰ ਦਿੱਤਾ ਜਾਵੇਗਾ। ਇਸ ਦਾ ਉਦਘਾਟਨ ਕਰਨ ਲਈ ਦੇਸ਼ ਦੇ ਰਾਸ਼ਟਰਪਤੀ ਨੂੰ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਆਖਿਆ ਕਿ ਇਸ ਦੇ ਸ਼ੁਰੂ ਹੋਣ ਨਾਲ ਇਥੇ ਆਉਣ ਵਾਲੇ ਯਾਤਰੂਆਂ ਤੇ ਸ਼ਰਧਾਲੂਆਂ ਨੂੰ ਕਈ ਨਵੀਆਂ ਸਹੂਲਤਾਂ ਇਕ ਛੱਤ ਹੇਠ ਉਪਲਬੱਧ ਹੋਣਗੀਆਂ। ਲਗਪਗ 130 ਕਰੋੜ ਰੁਪਏ ਦੇ ਇਸ ਦੂਜੇ ਪੜਾਅ ਤਹਿਤ ਜ਼ਮੀਨਦੋਜ਼ ਹਿੱਸੇ 'ਚ ਸੂਚਨਾ ਕੇਂਦਰ, 4 ਗੈਲਰੀਆਂ, ਬਹੁ ਭਾਸ਼ੀ ਮੀਡੀਆ ਕੇਂਦਰ, ਏ.ਟੀ.ਐਮ., ਰੇਲ ਤੇ ਹਵਾਈ ਪੁੱਛਗਿੱਛ ਕੇਂਦਰ, ਪਖਾਨੇ, ਵੀ.ਆਈ.ਪੀ. ਅਤੇ ਵੀ.ਵੀ.ਆਈ.ਪੀ. ਲਾਂਚ ਤੇ ਲਗਪਗ ਡੇਢ ਸੌ ਵਿਅਕਤੀ ਦੇ ਬੈਠਣ ਦੀ ਸਮਰੱਥਾ ਵਾਲਾ ਕਾਨਫਰੰਸ ਹਾਲ ਵੀ ਹੋਵੇਗਾ। ਪਲਾਜ਼ਾ ਵਿਚ ਸਿੱਖ ਧਰਮ ਬਾਰੇ ਜਾਣਕਾਰੀ ਦੇਣ ਲਈ ਮੀਡੀਆ ਕੇਂਦਰ ਵੀ ਬਣਾਇਆ ਗਿਆ ਹੈ। ਪਲਾਜ਼ਾ ਦਾ ਡਿਜ਼ਾਇਨ ਤਿਆਰ ਕਰਾਉਣ ਲਈ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਮਦਦ ਨਾਲ ਵਿਸ਼ਵ ਪੱਧਰੀ ਮੁਕਾਬਲਾ ਕਰਾਇਆ ਗਿਆ ਸੀ, ਜਿਸ ਵਿਚ ਵਿਸ਼ਵ ਪੱਧਰ ਤੋਂ ਭਵਨ ਨਿਰਮਾਣਕਾਰਾਂ ਨੇ ਹਿੱਸਾ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਪ੍ਰਵੇਸ਼ ਦੁਆਰ ਪਲਾਜ਼ਾ ਦਾ ਡਿਜ਼ਾਇਨ ਤਿਆਰ ਕੀਤਾ ਸੀ। ਇਸ ਬਹੁ-ਕਰੋੜੀ ਪ੍ਰਾਜੈਕਟ ਹੇਠ ਵਿਦੇਸ਼ ਤੋਂ ਮੰਗਵਾਇਆ ਪੱਥਰ ਲਾਇਆ ਗਿਆ ਹੈ।



## ਗਲਿਆਰੇ ਦੇ ਸੁੰਦਰੀਕਰਨ ਨਾਲ ਪੰਜਾਬੀ ਨੂੰ ਮਿਲਿਆ ਮਾਣ

**ਅੰਮ੍ਰਿਤਸਰ:** ਪੰਜਾਬ ਸਰਕਾਰ ਵੱਲੋਂ ਚੱਲ ਰਹੇ ਸ੍ਰੀ ਹਰਿਮੰਦਰ ਸਾਹਿਬ ਨੇੜਲੇ ਗਲਿਆਰੇ ਦੇ ਸੁੰਦਰੀਕਰਨ ਪ੍ਰਾਜੈਕਟ ਤਹਿਤ ਟਾਊਨ ਹਾਲ ਤੋਂ ਸ੍ਰੀ ਹਰਿਮੰਦਰ ਸਾਹਿਬ ਤੱਕ ਦੇ ਰਸਤੇ 'ਚ ਆਉਂਦੀਆਂ ਸਭ ਦੁਕਾਨਾਂ ਤੇ ਦਫਤਰਾਂ ਦਾ ਇਕੋ-ਜਿਹਾ ਡਿਜ਼ਾਇਨ ਕਰਨ ਤੋਂ ਇਲਾਵਾ ਉਨ੍ਹਾਂ ਦੇ ਬਾਹਰ ਲਗਾਏ ਗਏ ਇਕੋ ਜਿਹੇ ਡਿਜ਼ਾਇਨ ਅਤੇ ਆਕਾਰ ਦੇ ਪੰਜਾਬੀ-ਅੰਗਰੇਜ਼ੀ ਭਾਸ਼ਾ 'ਚ ਲਿਖੇ ਬੋਰਡ ਜਿਥੇ ਆਲੇ ਦੁਆਲੇ ਦੀ ਖ਼ੂਬਸੂਰਤੀ 'ਚ ਵਾਧਾ ਕਰ ਰਹੇ ਹਨ, ਉਥੇ ਪੰਜਾਬੀ ਭਾਸ਼ਾ ਦਾ ਮਾਣ ਵੀ ਵਧਾ ਰਹੇ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਆਸ ਪਾਸ ਬਿਊਟੀਫਿਕੇਸ਼ਨ ਆਫ ਰੋਡਜ਼ ਐਂਡ ਜੰਕਸ਼ਨਜ਼ ਦੇ ਚੱਲ ਰਹੇ ਵਿਕਾਸ ਪ੍ਰੋਜੈਕਟ, ਜੋ ਕਿ ਹੁਣ ਮੁਕੰਮਲ ਹੋਣ ਵੱਲ ਵਧ ਰਿਹਾ ਹੈ, ਦੌਰਾਨ ਟਾਊਨ ਹਾਲ-ਭਰਾਵਾਂ ਦੇ ਢਾਬੇ ਤੋਂ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਤੱਕ 'ਪਿੰਕ ਸਿਟੀ ਜੈਪੁਰ' ਵਾਂਗ ਇਕੋ ਜਿਹੇ ਰੰਗ ਤੇ ਇਕੋ ਜਿਹੀ ਉਚਾਈ ਵਾਲੇ ਦੁਕਾਨਾਂ ਤੇ ਦਫਤਰਾਂ ਦੇ ਬੋਰਡ ਲਗਾਏ ਜਾ ਰਹੇ ਹਨ।



## ਸਿੱਖ ਇਤਿਹਾਸ ਨੂੰ ਰੂਪਮਾਨ ਕਰੇਗੀ ਸ਼ਹੀਦੀ ਜੰਗੀ ਯਾਦਗਾਰ

**ਅੰਮ੍ਰਿਤਸਰ:** ਸਿੱਖ ਇਤਿਹਾਸ ਦੀਆਂ ਜੰਗਾਂ ਤੇ ਫੌਜੀਆਂ ਦੇ ਬਹਾਦਰੀ ਭਰੇ ਕਾਰਨਾਮਿਆਂ ਨੂੰ ਰੂਪਮਾਨ ਕਰਦੀ ਪੰਜਾਬ ਸਟੇਟ ਵਾਰ ਹੀਰੋਜ਼ ਮੈਮੋਰੀਅਲ (ਸ਼ਹੀਦੀ ਜੰਗੀ ਯਾਦਗਾਰ) ਛੇਤੀ ਹੀ ਗੁਰੂ ਨਗਰੀ ਵਿਚ ਇਕ ਵੱਡਾ ਮੀਲ ਪੱਥਰ ਬਣਨ ਜਾ ਰਹੀ ਹੈ। 7 ਏਕੜ ਵਿਚ 150 ਕਰੋੜ ਰੁਪਏ ਦੀ ਲਾਗਤ ਵਾਲਾ ਇਹ ਪ੍ਰਾਜੈਕਟ ਛੇਤੀ ਹੀ ਮੁਕੰਮਲ ਹੋ ਰਿਹਾ ਹੈ, ਜਿਸ ਨੂੰ ਅੰਤਿਮ ਛੋਹ ਦੀਆਂ ਤਿਆਰੀਆਂ ਜੋਰਾਂ 'ਤੇ ਹਨ, ਜੋ ਇਥੇ ਦੇਸ਼-ਵਿਦੇਸ਼ ਤੋਂ ਪੁੱਜਦੇ ਸੈਲਾਨੀਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣੇਗੀ। ਇਸ ਯਾਦਗਾਰ 'ਚ ਪ੍ਰਮੁੱਖ ਤੌਰ ਉਤੇ 9 ਗੈਲਰੀਆਂ ਦਰਸ਼ਕਾਂ ਲਈ ਬਣਾਈਆਂ ਗਈਆਂ ਹਨ, ਜਿਨ੍ਹਾਂ 'ਚ ਪਹਿਲੀ ਗੈਲਰੀ ਪਹਿਲੇ ਤੋਂ ਪੰਜਵੇਂ ਗੁਰੂ ਦੇ ਸਿੱਖ ਇਤਿਹਾਸ 'ਤੇ ਕੇਂਦਰਤ ਹੋਵੇਗੀ, ਦੂਜੀ ਗੈਲਰੀ 'ਚ ਛੇਵੇਂ ਗੁਰੂ ਦੇ ਸਮੇਂ ਦੀਆਂ ਸਿੱਖ ਜੰਗਾਂ, ਤੀਜੀ ਗੈਲਰੀ ਸਿੱਖ ਰਾਜ ਤੇ ਸਿੱਖਾਂ ਦੇ ਯੁੱਧਾਂ, ਚੌਥੀ ਗੈਲਰੀ ਵਿਚ ਅੰਗਰੇਜ਼ੀ ਸ਼ਾਸਕਾਂ ਦੇ 1947 ਤੱਕ ਦੇ ਇਤਿਹਾਸ, 5ਵੀਂ ਗੈਲਰੀ ਵਿਚ 1947-48 ਦੇਸ਼ ਵੰਡ ਵੇਲੇ ਦੀ, 6ਵੀਂ ਗੈਲਰੀ 'ਚ 1962 ਵਿਚ ਚੀਨ ਤੇ ਸੰਨ 1965 ਭਾਰਤ-ਪਾਕਿ, 7ਵੀਂ 'ਚ ਸੰਨ 1971 ਦੀ ਭਾਰਤ-ਪਾਕਿ ਜੰਗ, 8ਵੀਂ ਵਿਚ ਕਾਰਗਿੱਲ ਲੜਾਈ ਅਤੇ 9ਵੀਂ ਵਿਚ ਗੈਲਰੀ ਦਰਸ਼ਕਾਂ ਤੇ ਸੈਲਾਨੀਆਂ ਦੇ ਪ੍ਰੇਰਨਾ ਸਰੋਤ ਦਾ ਕੇਂਦਰ ਬਣੇਗੀ। ਇਥੇ ਵਿਸ਼ਾਲ ਵਿਹੜੇ ਵਿਚ 130 ਫੁੱਟ ਉਚੀ ਯਾਦਗਾਰ ਵਜੋਂ ਸਥਾਪਤ ਤਲਵਾਰ ਸੈਲਾਨੀਆਂ ਦੀ ਦੂਰੋਂ ਹੀ ਉਤਸੁਕਤਾ ਵਧਾ ਦੇਵੇਗੀ। 54 ਟਨ ਭਾਰੀ ਸਟੇਨਲੈਸ ਸਟੀਲ ਦੀ ਇਹ ਤਲਵਾਰ ਮੁੰਬਈ 'ਚ ਤਿਆਰ ਹੋਈ ਹੈ, ਜਿਸ 'ਤੇ ਪਿੱਤਲ ਦੀ ਕਾਰਾਗਰੀ ਦਿੱਲੀ ਦੇ ਮਸ਼ਹੂਰ ਕਲਾਕਾਰ ਰਾਮ ਸੁਤਾਰ ਦੀ ਕੀਤੀ ਹੋਈ ਹੈ। ਇਥੇ ਉਸਾਰੀ ਵਿਸ਼ਾਲ ਕੰਧ 'ਤੇ 35 ਸੌ ਸੈਨਿਕਾਂ ਦੇ ਨਾਂ ਵੀ ਉਕੇਰੇ ਜਾਣਗੇ।

ਇਸ ਯਾਦਗਾਰ 'ਚ ਪੰਜਾਬ ਦਾ ਪਹਿਲਾ 7-ਡੀ ਥੀਏਟਰ ਵੀ ਬਣ ਕੇ ਤਿਆਰ ਹੋ ਚੁੱਕਾ ਹੈ, ਜਿਸ ਵਿਚ 72 ਸੀਟਾਂ ਉਤੇ ਬੈਠ ਕੇ ਦਰਸ਼ਕ ਜੰਗੀ ਯੋਧਿਆਂ ਦੇ ਕਾਰਨਾਮੇ ਦੇਖ ਸਕਣਗੇ। ਇਸ ਲਈ ਯੂਨੈਸਕੋ ਵਲੋਂ ਵਿਸ਼ਵ ਦੀਆਂ 8 ਜੰਗਾਂ ਵਿਚੋਂ ਬਲੀਦਾਨ 'ਚ ਦੂਜੇ ਨੰਬਰ 'ਤੇ ਐਲਾਨੀ ਸਾਰਾਗੜ੍ਹੀ ਦੇ ਸਿੱਖ ਫੌਜੀਆਂ ਦੀ 7-ਡੀ ਫਿਲਮ ਬਣ ਕੇ ਤਿਆਰ ਹੋ ਚੁੱਕੀ ਹੈ। ਯਾਦਗਾਰ 'ਚ ਦਰਸ਼ਕ ਗੈਲਰੀਆਂ ਤੋਂ ਇਲਾਵਾ ਵਿਸ਼ਾਲ ਵਿਹੜੇ 'ਚ ਹਿੰਦ-ਪਾਕਿ ਜੰਗ ਦੇ ਗਵਾਹ 2 ਟੈਂਕ, ਜਿਨ੍ਹਾਂ ਵਿਚ 1965 ਵਿਚ ਪਾਕਿ ਤੋਂ ਜਿੱਤਿਆ 'ਸ਼ਰਮਨ' ਤੇ ਖੇਮਕਰਨ ਦੀ 1971 ਦੀ ਲੜਾਈ ਦਾ ਪੈਂਟਨ ਟੈਂਕ, 23 ਮਿੱਗ ਲੜਾਕੂ ਹਵਾਈ ਜਹਾਜ਼, ਜੰਗੀ ਬੇੜਾ 'ਵਿਕਰਾਂਤ' ਵੀ ਵਿਸ਼ੇਸ਼ ਖਿੱਚ ਦਾ ਕੇਂਦਰ ਬਣਗੇ।

# ਮੁਹਾਲੀ ਹਵਾਈ ਅੱਡੇ ਤੋਂ ਪਹਿਲੀ ਕੌਮਾਂਤਰੀ ਉਡਾਣ

**ਨਵੀਂ ਦਿੱਲੀ:** ਚੰਡੀਗੜ੍ਹ ਹਵਾਈ ਅੱਡਾ ਬਣਨ ਦੇ 368 ਦਿਨ ਬਾਅਦ ਆਖਰਕਾਰ ਏਅਰ ਇੰਡੀਆ ਐਕਸਪ੍ਰੈੱਸ ਦੇ ਜਹਾਜ਼ ਨੇ ਚੰਡੀਗੜ੍ਹ ਤੋਂ ਸ਼ਾਰਜਾਹ ਲਈ ਪਹਿਲੀ ਉਡਾਣ ਭਰ ਰਹੀ ਹੈ। ਪਹਿਲੀ ਕੌਮਾਂਤਰੀ ਉਡਾਣ ਵਿਚ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਨਾਲ ਪੰਜਾਬ ਸਰਕਾਰ ਦਾ ਵਫਦ ਵੀ ਸ਼ਾਰਜਾਹ ਗਿਆ। ਪਹਿਲੀ ਉਡਾਣ ਰਾਹੀਂ 186 ਯਾਤਰੀ ਸ਼ਾਰਜਾਹ ਪੁੱਜੇ। ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ ਦਾ ਉਦਘਾਟਨ ਪਿਛਲੇ ਸਾਲ 11 ਸਤੰਬਰ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੀਤਾ ਸੀ। ਇਸ ਤੋਂ ਬਾਅਦ ਕੌਮਾਂਤਰੀ ਉਡਾਣ ਸ਼ੁਰੂ ਨਾ ਹੋਣ ਕਾਰਨ ਮੁਹਾਲੀ ਇੰਡਸਟਰੀ ਐਸੋਸੀਏਸ਼ਨ ਨੇ ਦਸੰਬਰ 2015 ਵਿਚ ਹਾਈ ਕੋਰਟ ਵਿਚ ਕੇਸ ਪਾਇਆ। ਪੂਰੇ ਮਾਮਲੇ ਉਤੇ ਹਾਈ ਕੋਰਟ ਵਿਚ 10 ਮਹੀਨਿਆਂ ਵਿਚ 25 ਪੇਸ਼ੀਆਂ ਹੋਈਆਂ।

ਇਸ ਤੋਂ ਬਾਅਦ ਏਅਰਪੋਰਟ ਅਥਾਰਿਟੀ ਤੇ ਸਿਵਲ ਏਵੀਏਸ਼ਨ ਨੇ ਏਅਰ ਲਾਈਨਜ਼ ਨੂੰ ਮਨਾਇਆ। ਇਸ ਤੋਂ ਬਾਅਦ ਹੀ ਪਹਿਲੇ ਜਹਾਜ਼ ਨੇ ਸ਼ਾਰਜਾਹ ਲਈ ਉਡਾਣ ਭਰੀ। ਏਅਰ ਇੰਡੀਆ ਨੇ ਫਿਲਹਾਲ ਹਫਤੇ ਵਿਚ ਤਿੰਨ ਦਿਨ ਲਈ ਕੌਮਾਂਤਰੀ ਉਡਾਣ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਚੰਡੀਗੜ੍ਹ ਹਵਾਈ ਅੱਡੇ ਤੋਂ ਉਡਾਣਾਂ ਤਾਂ ਸ਼ੁਰੂ ਹੋ ਗਈਆਂ, ਪਰ ਕੁਝ ਖਦਸ਼ੇ ਬਰਕਰਾਰ ਹਨ, ਕਿਉਂਕਿ ਜਿਹੜੇ ਮੁਲਕਾਂ ਨੂੰ ਜ਼ਿਆਦਾ ਯਾਤਰੀ ਜਾਂਦੇ ਹਨ, ਉਨ੍ਹਾਂ ਮੁਲਕਾਂ ਲਈ ਉਡਾਣਾਂ ਬਾਰੇ ਅਜੇ ਕੋਈ ਵਿਉਂਤਬੰਦੀ ਨਹੀਂ ਹੈ। ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਨੇ ਕਿਹਾ ਕਿ ਇਹ ਹਵਾਈ ਅੱਡਾ ਛੇਤੀ ਹੀ ਦੁਨੀਆਂ ਦੇ ਨਕਸ਼ੇ 'ਤੇ ਆਵੇਗਾ ਤੇ ਹੋਰਾਂ ਮੁਲਕਾਂ ਨੂੰ ਵੀ ਉਡਾਣਾਂ ਸ਼ੁਰੂ ਹੋਣਗੀਆਂ। ਕੇਂਦਰੀ ਮੰਤਰੀ ਨੇ ਕਿਹਾ ਕਿ ਇਸ ਹਵਾਈ ਅੱਡੇ ਦਾ ਨਾਮ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਨਾਂ 'ਤੇ ਰੱਖਣ ਸਬੰਧੀ ਸਾਰੀਆਂ ਧਿਰਾਂ 'ਚ ਸਹਿਮਤੀ ਬਣ ਗਈ ਹੈ। ਨਾਮ ਰੱਖਣ ਸਬੰਧੀ ਕੁਝ ਲੋੜੀਂਦੀ ਕਾਰਵਾਈ ਮੁਕੰਮਲ ਹੋਣ ਤੋਂ ਬਾਅਦ ਹਵਾਈ ਅੱਡੇ ਦਾ ਨਾਮ ਭਗਤ ਸਿੰਘ ਦੇ ਨਾਂ ਉਤੇ ਰੱਖ ਦਿੱਤਾ ਜਾਵੇਗਾ।




# ਮਹਾਂ ਅੰਦੋਲਨ ਨੇ ਉਡਾਈ ਨੀਂਦ

**ਜਲਗਾਂਵ:** ਮਹਾਂਰਾਸ਼ਟਰ ਵਿਚ ਮਰਾਠਾ ਅੰਦੋਲਨ ਇਕ ਵਾਰ ਫਿਰ ਜੋਰ ਫੜ ਰਿਹਾ ਹੈ। ਕਈ ਜ਼ਿਲ੍ਹਿਆਂ 'ਚ ਮਹਾਂ ਅੰਦੋਲਨ ਦੀ ਸ਼ੁਰੂਆਤ ਹੋ ਚੁੱਕੀ ਹੈ। ਲੱਖਾਂ ਦੀ ਗਿਣਤੀ ਵਿਚ ਨਿਕਲੇ ਅੰਦੋਲਨਕਾਰੀਆਂ ਦੀ ਭੀੜ ਨੇ ਰਾਜਨੀਤਕ ਪਾਰਟੀਆਂ ਦੇ ਹੋਸ਼ ਉਡਾ ਦਿੱਤੇ ਹਨ। ਇਸ ਅੰਦੋਲਨ ਦੀ ਚਿੰਗਾਰੀ ਇਕ ਨਬਾਲਗ ਮਰਾਠਾ ਕੁੜੀ ਦੇ ਰੇਪ ਤੇ ਕਤਲ ਤੋਂ ਬਾਅਦ ਭੜਕੀ ਹੈ। ਮਾਮਲੇ 'ਚ ਮੁਲਜ਼ਮ ਦਲਿਤ ਸਮਾਜ ਦੇ ਹਨ।

ਅਜਿਹੇ 'ਚ ਇਨਸਾਫ ਲਈ ਮਰਾਠਾ ਸੜਕਾਂ ਉਤੇ ਹਨ। ਦਰਅਸਲ ਇਕ ਸਮੇਂ ਦੇਸ਼ ਦੇ ਵੱਡੇ ਹਿੱਸੇ 'ਤੇ ਮਰਾਠੇ ਰਾਜ ਕਰਦੇ ਸਨ। ਇਹ ਰਾਜ ਚਲਾਏ ਜਾਂਦੇ ਸਨ ਮਹਾਂਰਾਸ਼ਟਰ ਤੋਂ, ਇਹ ਮਰਾਠਾ ਮਹਾਂਰਾਸ਼ਟਰ ਦੀ ਪਛਾਣ ਹਨ, ਪਰ ਇਹੀ ਮਰਾਠਾ ਹੁਣ ਲੱਖਾਂ ਦੀ ਗਿਣਤੀ 'ਚ ਸੜਕਾਂ ਉਤੇ ਉਤਰ ਆਏ ਹਨ। ਇਸ ਕਾਰਨ ਮਹਾਂਰਾਸ਼ਟਰ ਦੀ ਰਾਜਨੀਤੀ 'ਚ ਭੁਚਾਲ ਲਿਆਉਣ ਵਾਲੀ ਸਥਿਤੀ ਹੈ। ਮੁੰਬਈ ਤੋਂ ਦੂਰ ਮਹਾਂਰਾਸ਼ਟਰ ਦੇ ਜ਼ਿਲ੍ਹਿਆਂ 'ਚ ਲੱਖਾਂ ਦੀ ਗਿਣਤੀ ਮਰਾਠਾ ਸੜਕਾਂ 'ਤੇ ਹਨ, ਇਨ੍ਹਾਂ ਵਿਚ ਵੱਡੀ ਗਿਣਤੀ ਔਰਤਾਂ ਤੇ ਸਕੂਲੀ ਵਿਦਿਆਰਥਣਾਂ ਦੀ ਵੀ ਹੈ। ਇਨ੍ਹਾਂ ਨੂੰ ਮਰਾਠਾ ਸਮਾਜ ਦੇ ਨੌਜਵਾਨ ਤੇ ਬਜ਼ੁਰਗਾਂ ਦਾ ਵੀ ਸਾਥ ਹੈ। ਜਲਗਾਂਵ 'ਚ ਹੋਏ ਅੰਦੋਲਨ ਵਿਚ ਲੱਖਾਂ ਦੀ ਭੀੜ ਜੁਟੀ ਸੀ। ਮਹਾਂਰਾਸ਼ਟਰ 'ਚ ਸਭ ਤੋਂ ਪਹਿਲਾ ਮਰਾਠਾ ਮੋਰਚਾ ਮਰਾਠਵਾੜਾ ਦੇ ਔਰੰਗਾਬਾਦ 'ਚ ਨਿਕਲਿਆ। ਹੁਣ ਇਹ ਅੰਦੋਲਨ ਦੀ ਅੱਗ ਪੂਰੇ ਸੂਬੇ 'ਚ ਫੈਲ ਗਈ ਹੈ।

ਇਹ ਸਮਾਜ ਅਹਿਮਦਨਗਰ ਜ਼ਿਲ੍ਹੇ ਦੇ ਕੋਪਰਡੀ 'ਚ ਇਕ ਮਰਾਠਾ ਸਮਾਜ ਦੀ ਨਬਾਲਗ ਕੁੜੀ ਨਾਲ ਬਲਾਤਕਾਰ ਤੇ ਕਤਲ ਦੀ ਘਟਨਾ ਦਾ ਵਿਰੋਧ ਕਰ ਰਿਹਾ ਹੈ। ਇਸ ਮਾਮਲੇ 'ਚ ਮੁਲਜ਼ਮ ਦਲਿਤ ਸਮਾਜ ਦੇ ਹਨ। ਇਨ੍ਹਾਂ ਦੀ ਪਹਿਲੀ ਮੰਗ ਹੈ ਕਿ ਕੋਪਰਡੀ ਬਲਾਤਕਾਰ ਤੇ ਕਤਲ ਦੇ ਮੁਲਜ਼ਮਾਂ ਨੂੰ ਫਾਂਸੀ ਦਿੱਤੀ ਜਾਵੇ। ਦੂਸਰੀ ਮੰਗ ਹੈ ਕਿ ਏਟਰਾਸੀਟੀ ਕਾਨੂੰਨ ਰੱਦ ਕੀਤਾ ਜਾਵੇ। ਇਸ ਦੇ ਨਾਲ ਹੀ ਤੀਸਰੀ ਮੰਗ ਹੈ ਕਿ ਮਰਾਠਾ ਸਮਾਜ ਨੂੰ ਸਿੱਖਿਆ ਤੇ ਨੌਕਰੀਆਂ 'ਚ ਰਾਖਵਾਂਕਰਨ ਦਿੱਤਾ ਜਾਵੇ।

# ਨਿਊਜ਼ੀਲੈਂਡ 'ਚ 150 ਭਾਰਤੀ ਵਿਦਿਆਰਥੀ ਕਸੂਤੇ ਫਸੇ




**ਚੰਡੀਗੜ੍ਹ:** ਟਰੈਵਲ ਏਜੰਟਾਂ ਵੱਲੋਂ ਇਮੀਗਰੇਸ਼ਨ ਕੋਲ ਫਰਜ਼ੀ ਵਿੱਤੀ ਦਸਤਾਵੇਜ਼ ਜਮ੍ਹਾਂ ਕਰਾਉਣ ਕਰ ਕੇ ਤਕਰੀਬਨ 150 ਭਾਰਤੀ ਵਿਦਿਆਰਥੀਆਂ ਨੂੰ ਨਿਊਜ਼ੀਲੈਂਡ 'ਚੋਂ ਕੱਢ ਦਿੱਤਾ ਗਿਆ ਹੈ। ਉਨ੍ਹਾਂ ਨੂੰ ਭਾਰਤ ਭੇਜਣ ਦੇ ਪਿਛਲੇ ਹਫਤੇ ਹੁਕਮ ਦਿੱਤੇ ਗਏ ਹਨ। ਇਓਟਆਰੋਆ ਦੀ ਪਰਵਾਸੀ ਵਰਕਰਜ਼ ਐਸੋਸੀਏਸ਼ਨ ਦੀ ਅਨੂ ਕਲੋਟੀ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਨਿਊਜ਼ੀਲੈਂਡ ਦੀ ਇਮੀਗਰੇਸ਼ਨ ਨੀਤੀ ਮੁਤਾਬਕ ਏਜੰਟਾਂ ਰਾਹੀਂ ਉਥੇ ਰਹਿਣ ਦੇ ਪੂਰੇ ਪੈਸੇ ਭਰੇ ਸਨ। ਏਜੰਟਾਂ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਪਰਵਾਹ ਨਾ ਕਰਨ ਲਈ ਆਖਦਿਆਂ ਕਿਹਾ ਸੀ ਕਿ ਉਹ ਆਪੇ ਇਸ ਮਾਮਲੇ ਨਾਲ ਨਜਿੱਠ ਲੈਣਗੇ। ਉਨ੍ਹਾਂ ਦੋਸ਼ ਲਾਇਆ ਕਿ ਏਜੰਟਾਂ ਨੇ ਬੈਂਕ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਵਿਦਿਆਰਥੀਆਂ ਦੀ ਤਰਫੋਂ ਇਮੀਗਰੇਸ਼ਨ ਨੂੰ ਫਰਜ਼ੀ ਵਿੱਤੀ ਦਸਤਾਵੇਜ਼ ਜਮ੍ਹਾਂ ਕਰਵਾ ਦਿੱਤੇ। ਵਿਦਿਆਰਥੀਆਂ ਨੂੰ ਜਦੋਂ ਭਾਰਤ ਪਰਤਣ ਦੇ ਹੁਕਮ ਮਿਲੇ ਤਾਂ ਉਹ ਹੈਰਾਨ ਰਹਿ ਗਏ।

## ਦਾਦਰੀ ਬਣਿਆ ਹਰਿਆਣਾ ਦਾ 22ਵਾਂ ਜ਼ਿਲ੍ਹਾ

**ਚੰਡੀਗੜ੍ਹ:** ਹਰਿਆਣਾ ਨੂੰ ਅੱਠ ਸਾਲਾਂ ਬਾਅਦ ਨਵਾਂ ਜ਼ਿਲ੍ਹਾ ਮਿਲ ਗਿਆ ਹੈ। ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਐਲਾਨ ਦੇ ਬਾਅਦ ਚਰਖੀ ਦਾਦਰੀ ਸੂਬੇ ਦਾ 22ਵਾਂ ਜ਼ਿਲ੍ਹਾ ਬਣ ਗਿਆ ਹੈ। ਇਸ ਤੋਂ ਪਹਿਲਾਂ ਹੁੱਡਾ ਸਰਕਾਰ ਵੱਲੋਂ ਮੇਵਾਤ ਅਤੇ ਪਲਵਲ ਨੂੰ ਜ਼ਿਲ੍ਹਾ ਬਣਾਇਆ ਗਿਆ ਸੀ। ਪੰਜਾਬ ਤੋਂ ਹਰਿਆਣਾ ਨੂੰ ਵੱਖ ਹੋਏ 50 ਸਾਲ ਪੂਰੇ ਹੋਣ ਜਾ ਰਹੇ ਹਨ ਅਤੇ ਹੁਣ ਹਰਿਆਣਾ 'ਚ ਪੰਜਾਬ ਵਾਂਗ 22 ਜ਼ਿਲ੍ਹੇ ਹੋ ਗਏ ਹਨ। ਹਾਲਾਂਕਿ ਭੂਗੋਲਿਕ ਸਥਿਤੀ ਮੁਤਾਬਕ ਹਰਿਆਣਾ ਤੋਂ ਪੰਜਾਬ ਕਾਫੀ ਵੱਡਾ ਹੈ। ਹੁਣ ਸੋਨੀਪਤ ਦੇ ਗੋਹਾਨਾ ਅਤੇ ਹਿਸਾਰ ਦੇ ਹਾਂਸੀ ਨੂੰ ਵੀ ਜ਼ਿਲ੍ਹੇ ਦਾ ਦਰਜਾ ਮਿਲਣ ਦੀ ਸੰਭਾਵਨਾ ਵਧ ਗਈ ਹੈ। ਗੋਹਾਨਾ ਦੇ ਲੋਕਾਂ ਨੇ ਤਾਂ ਜ਼ਿਲ੍ਹਾ ਬਣਾਏ ਜਾਣ ਲਈ ਅੰਦੋਲਨ ਵੀ ਚਲਾਇਆ ਹੈ।

## ਮੌਤ ਦੇ ਮੂੰਹ ਵਿਚੋਂ ਕੱਢੇ 4 ਭਾਰਤੀ

**ਨਵੀਂ ਦਿੱਲੀ:** ਆਈ.ਐਸ. ਦੀ ਕੈਦ ਵਿਚੋਂ 4 ਭਾਰਤੀਆਂ ਨੂੰ ਰਿਹਾਅ ਕਰਵਾ ਲਿਆ ਗਿਆ ਹੈ। ਇਹ ਲੋਕ ਨਾਰਥ ਲੀਬੀਆ ਦੇ ਸਿਰਤੇ ਯੂਨੀਵਰਸਿਟੀ 'ਚ ਪੜ੍ਹਾਉਂਦੇ ਸਨ। ਅਜਿਹਾ ਸ਼ੱਕ ਸੀ ਕਿ ਲੀਬੀਆ 'ਚ ਜੁਲਾਈ 2015 ਵਿਚ ਦੋ ਅਧਿਆਪਕਾਂ ਸਮੇਤ 4 ਲੋਕਾਂ ਨੂੰ ਆਈ.ਐਸ. ਨੇ ਅਗਵਾ ਕੀਤਾ ਸੀ। ਇਨ੍ਹਾਂ ਨੂੰ ਲੀਬੀਆ 'ਚ ਉਸ ਵੇਲੇ ਅਗਵਾ ਕੀਤਾ ਗਿਆ ਸੀ, ਜਦ ਉਹ ਤ੍ਰਿਪੋਲੀ ਏਅਰਪੋਰਟ ਜਾ ਰਹੇ ਸਨ। ਇਨ੍ਹਾਂ 'ਚ ਟੀ. ਗੋਪਾਲ ਕ੍ਰਿਸ਼ਨ ਆਂਧਰ ਪ੍ਰਦੇਸ਼ ਤੋਂ, ਸੀ. ਬਲਰਾਮ ਕ੍ਰਿਸ਼ਨ ਤੇਲੰਗਾਨਾ ਤੇ ਲਕਸ਼ਮੀਕਾਂਤ ਰਾਮ ਕ੍ਰਿਸ਼ਨਨ, ਐਮ. ਵਿਜੇ ਕੁਮਾਰ ਦੋਵੇਂ ਕਰਨਾਟਕ ਦੇ ਰਹਿਣ ਵਾਲੇ ਹਨ। ਐਮ. ਬਾਲ ਕ੍ਰਿਸ਼ਨਨ ਨੇ ਆਪਣੀ ਪਤਨੀ ਨੂੰ ਹੈਦਰਾਬਾਦ ਫੋਨ ਕਰ ਕੇ ਦੱਸਿਆ ਕਿ ਉਹ ਠੀਕ ਠਾਕ ਹੈ। ਉਸ ਨੇ ਦੱਸਿਆ ਹੈ ਕਿ ਲੀਬੀਅਨ ਆਰਮੀ ਨੇ ਉਨ੍ਹਾਂ ਨੂੰ ਰੈਸਕਿਊ ਕੀਤਾ ਹੈ।

ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਟਵੀਟਰ 'ਤੇ ਲਿਖਿਆ, ""ਮੈਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਆਂਧਰ ਪ੍ਰਦੇਸ਼ ਦੇ ਟੀ. ਗੋਪਾਲ ਕ੍ਰਿਸ਼ਨ ਤੇ ਤੇਲੰਗਾਨਾ ਦੇ ਸੀ. ਬਲਰਾਮ ਕ੍ਰਿਸ਼ਨ ਨੂੰ ਰਿਹਾਅ ਕਰਾ ਲਿਆ ਗਿਆ ਹੈ। ਉਨ੍ਹਾਂ ਨੂੰ 29 ਜੁਲਾਈ 2015 ਨੂੰ ਅਗਵਾ ਕੀਤਾ ਗਿਆ ਸੀ।"

# ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਨੂੰ 5 ਸਾਲ ਬਾਅਦ ਮਾਨਤਾ

**ਚੰਡੀਗੜ੍ਹ:** ਸੁਪਰੀਮ ਕੋਰਟ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਸਹਿਜਧਾਰੀ ਸਿੱਖਾਂ ਦੀ ਵੋਟ ਖਤਮ ਕਰਨ ਸਬੰਧੀ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ 5 ਮਈ, 2016 ਨੂੰ ਜਾਰੀ ਕੀਤੇ ਨੋਟੀਫਿਕੇਸ਼ਨ ਨੂੰ ਪ੍ਰਵਾਨ ਕਰ ਲਏ ਜਾਣ ਨਾਲ ਸ਼੍ਰੋਮਣੀ ਕਮੇਟੀ ਦੇ ਸਤੰਬਰ 2011 ਵਿਚ ਨਵੇਂ ਚੁਣੇ ਗਏ ਜਨਰਲ ਹਾਊਸ ਨੂੰ ਵੀ ਮਾਨਤਾ ਮਿਲ ਗਈ ਹੈ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਫੁੱਲ ਬੈਂਚ ਵੱਲੋਂ 20 ਦਸੰਬਰ, 2011 ਨੂੰ ਦਿੱਤੇ ਆਪਣੇ ਇਕ ਫੈਸਲੇ ਵਿਚ ਸਹਿਜਧਾਰੀ ਵੋਟ ਖਤਮ ਕਰਨ ਸਬੰਧੀ ਰਾਜ ਸਰਕਾਰ ਦੇ ਨੋਟੀਫਿਕੇਸ਼ਨ ਨੂੰ ਰੱਦ ਕਰ ਦਿੱਤਾ ਸੀ ਜਿਸ ਕਾਰਨ 18 ਸਤੰਬਰ, 2011 ਨੂੰ ਸ਼੍ਰੋਮਣੀ ਕਮੇਟੀ ਦਾ ਚੁਣਿਆ ਗਿਆ ਨਵਾਂ ਜਨਰਲ ਹਾਊਸ ਗੈਰ ਵਿਧਾਨਿਕ ਬਣ ਗਿਆ ਸੀ, ਕਿਉਂਕਿ ਇਸ ਜਨਰਲ ਹਾਊਸ ਦੀ ਚੋਣ ਵਿਚ ਸਹਿਜਧਾਰੀ ਸਿੱਖਾਂ ਨੂੰ ਵੋਟ ਦਾ ਅਧਿਕਾਰ ਨਹੀਂ ਦਿੱਤਾ ਗਿਆ ਸੀ।

ਹਾਈ ਕੋਰਟ ਵਿਚ ਸਹਿਜਧਾਰੀ ਸਿੱਖ ਫੈਡਰੇਸ਼ਨ ਨੇ ਇਸ ਮੁੱਦੇ ਨੂੰ ਲੈ ਕੇ ਪਟੀਸ਼ਨ ਦਾਇਰ ਕੀਤੀ ਸੀ ਕਿ ਵਿਧਾਨਿਕ ਤੌਰ ਉਤੇ ਸਹਿਜਧਾਰੀਆਂ ਦਾ ਵੋਟ ਦਾ ਹੱਕ ਸ਼੍ਰੋਮਣੀ ਕਮੇਟੀ ਵਿਚ ਖਤਮ ਕਰਨਾ ਗੈਰ ਕਾਨੂੰਨੀ ਸੀ, ਪਰ ਸ਼੍ਰੋਮਣੀ ਕਮੇਟੀ ਨੇ ਹਾਈ ਕੋਰਟ ਦੇ ਇਸ ਫੈਸਲੇ ਵਿਰੁੱਧ ਸੁਪਰੀਮ ਕੋਰਟ ਵਿਚ 2 ਪਟੀਸ਼ਨਾਂ ਦਾਇਰ ਕੀਤੀਆਂ ਸਨ, ਜਿਨ੍ਹਾਂ ਵਿਚੋਂ ਇਕ ਦਾ ਮੰਤਵ ਹਾਈ ਕੋਰਟ ਦੇ ਫੈਸਲੇ ਨੂੰ ਰੱਦ ਕਰਵਾਉਣਾ ਸੀ, ਪਰ ਭਾਰਤ ਸਰਕਾਰ ਵੱਲੋਂ ਪੰਜਾਬ ਸਰਕਾਰ ਦੀ ਸਿਫਾਰਸ਼ 'ਤੇ 5 ਮਈ, 2016 ਨੂੰ ਜੋ ਨੋਟੀਫਿਕੇਸ਼ਨ ਜਾਰੀ ਕਰ ਕੇ ਸ਼੍ਰੋਮਣੀ ਕਮੇਟੀ ਦੇ ਐਕਟ ਵਿਚ ਤਰਮੀਮ ਕੀਤੀ ਗਈ, ਉਸ ਨੂੰ 8 ਅਕਤੂਬਰ, 2003 ਤੋਂ ਲਾਗੂ ਕੀਤਾ ਗਿਆ, ਜਿਸ ਨੂੰ ਕਿ ਸੁਪਰੀਮ ਕੋਰਟ ਵੱਲੋਂ ਪ੍ਰਵਾਨ ਕਰ ਲਿਆ ਗਿਆ। ਹਾਈ ਕੋਰਟ ਵੱਲੋਂ ਮੁੱਖ ਇਤਰਾਜ਼ ਇਹ ਉਠਾਇਆ ਗਿਆ ਸੀ ਕਿ ਸ਼੍ਰੋਮਣੀ ਕਮੇਟੀ ਦਾ ਐਕਟ ਅੰਤਰਰਾਜੀ ਐਕਟ ਹੈ ਜਿਸ ਵਿਚ ਤਰਮੀਮ ਪੰਜਾਬ ਸਰਕਾਰ ਨਹੀਂ ਬਲਕਿ ਕੇਂਦਰ ਸਰਕਾਰ ਕਰ ਸਕਦੀ ਹੈ ਅਤੇ 1966 ਦੌਰਾਨ ਜਦੋਂ ਪੰਜਾਬ ਹਰਿਆਣਾ ਤੇ ਹਿਮਾਚਲ ਵਿਚ ਵੰਡਿਆ ਗਿਆ ਤੋਂ ਬਾਅਦ ਇਹ ਐਕਟ ਅੰਤਰਰਾਜੀ ਬਣ ਗਿਆ ਸੀ।

## ਸਹਿਜਧਾਰੀ ਸਿੱਖਾਂ ਦਾ ਵੋਟ ਹੱਕ ਖੁੱਸਿਆ



ਸੁਪਰੀਮ ਕੋਰਟ ਵੱਲੋਂ ਭਾਰਤ ਸਰਕਾਰ ਦਾ ਨੋਟੀਫਿਕੇਸ਼ਨ ਪ੍ਰਵਾਨ ਕਰਨ ਨਾਲ ਜਿਥੇ ਸਤੰਬਰ 2011 ਵਿਚ ਚੁਣੇ ਗਏ ਜਨਰਲ ਹਾਊਸ ਨੂੰ ਕਾਨੂੰਨੀ ਮਾਨਤਾ ਅਤੇ ਕੰਮਕਾਜ ਕਰਨ ਦਾ ਅਧਿਕਾਰ ਮਿਲ ਗਿਆ ਹੈ, ਉਥੇ ਸੁਪਰੀਮ ਕੋਰਟ ਵੱਲੋਂ ਇਸ ਨਵੇਂ ਜਨਰਲ ਹਾਊਸ ਦੇ ਆਧਾਰ 'ਤੇ ਸ਼੍ਰੋਮਣੀ ਕਮੇਟੀ ਦੀ ਨਵੀਂ ਕਾਰਜਕਾਰਨੀ ਚੁਣਨ ਦੇ ਵੀ ਆਦੇਸ਼ ਦਿੱਤੇ ਗਏ ਹਨ। ਸ਼੍ਰੋਮਣੀ ਕਮੇਟੀ ਦੇ ਐਕਟ ਅਨੁਸਾਰ 5 ਸਾਲਾਂ ਬਾਅਦ ਨਵੇਂ ਚੁਣੇ ਜਾਣ ਵਾਲੇ ਜਨਰਲ ਹਾਊਸ ਦੀ ਪਹਿਲੀ ਮੀਟਿੰਗ ਭਾਰਤ ਸਰਕਾਰ ਦੇ ਆਦੇਸ਼ਾਂ ਉਤੇ ਬੁਲਾਈ ਜਾਂਦੀ ਹੈ, ਜਿਸ ਲਈ ਰਵਾਇਤਨ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਮੀਟਿੰਗ ਦੀ ਪ੍ਰਧਾਨਗੀ ਕਰਨ ਲਈ ਕਿਹਾ ਜਾਂਦਾ ਹੈ, ਜਿਨ੍ਹਾਂ ਦੀ ਹਾਜ਼ਰੀ ਵਿਚ ਨਵੀਂ ਕਾਰਜਕਾਰਨੀ ਅਤੇ ਅਹੁਦੇਦਾਰਾਂ ਦੀ ਚੋਣ ਕੀਤੀ ਜਾਂਦੀ ਹੈ। ਵਰਨਣਯੋਗ ਹੈ ਕਿ ਸਤੰਬਰ 2011 ਵਿਚ ਹੋਈ ਚੋਣ ਦੇ ਆਧਾਰ ਉਤੇ ਨਵੇਂ ਜਨਰਲ ਹਾਊਸ ਦੇ ਗਠਨ ਸਬੰਧੀ ਨੋਟੀਫਿਕੇਸ਼ਨ 17 ਦਸੰਬਰ, 2011 ਨੂੰ ਜਾਰੀ ਹੋਇਆ ਸੀ, ਪਰ 20 ਦਸੰਬਰ ਨੂੰ ਹਾਈ ਕੋਰਟ ਦਾ ਫੈਸਲਾ ਆ ਜਾਣ ਕਾਰਨ ਮਗਰਲੇ 5 ਸਾਲਾਂ ਤੋਂ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਅਤੇ ਕਾਰਜਕਾਰਨੀ ਦੀ ਚੋਣ ਨਹੀਂ ਹੋ ਸਕੀ ਅਤੇ 5 ਸਾਲਾਂ ਤੋਂ ਉਹ ਪੁਰਾਣੇ ਅਹੁਦੇਦਾਰ ਤੇ ਕਾਰਜਕਾਰਨੀ ਕੰਮ ਕਰ ਰਹੀ ਸੀ।

ਸੁਪਰੀਮ ਕੋਰਟ ਦੇ ਫੈਸਲੇ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਨਵੇਂ ਅਹੁਦੇਦਾਰ ਤੇ ਕਾਰਜਕਾਰਨੀ ਦੀ ਚੋਣ ਤੱਕ ਮੌਜੂਦਾ ਢਾਂਚਾ ਕੰਮ ਕਰਦਾ ਰਹੇਗਾ। ਸੁਪਰੀਮ ਕੋਰਟ ਵਿਚ ਇਸ ਕੇਸ ਦੀ ਸੁਣਵਾਈ ਸੁਪਰੀਮ ਕੋਰਟ ਦੇ ਚੀਫ ਜਸਟਿਸ ਟੀ. ਐਸ. ਠਾਕੁਰ ਤੇ ਜਸਟਿਸ ਕੇ. ਐਮ. ਕਨਵਾਲਕਰ ਵੱਲੋਂ ਕੀਤੀ ਗਈ, ਜਿਸ ਵਿਚ ਸਹਿਜਧਾਰੀ ਸਿੱਖ ਫੈਡਰੇਸ਼ਨ ਵੀ ਪਾਰਟੀ ਬਣੀ ਹੋਈ ਸੀ।

ਦਿਲਚਸਪ ਗੱਲ ਇਹ ਹੈ ਕਿ ਸੁਪਰੀਮ ਕੋਰਟ ਵੱਲੋਂ ਸਤੰਬਰ 2011 ਵਿਚ ਚੁਣੇ ਗਏ ਜਨਰਲ ਹਾਊਸ ਦੇ ਕੰਮਕਾਜ ਕਰਨ ਅਤੇ ਮਿਆਦ ਸਬੰਧੀ ਕੋਈ ਟਿੱਪਣੀ ਨਹੀਂ ਕੀਤੀ ਗਈ ਅਤੇ ਇਸ ਸਬੰਧੀ ਅਨਿਸ਼ਚਿਤਤਾ ਕਾਇਮ ਰਹੇਗੀ ਕਿਉਂਕਿ ਸਤੰਬਰ 2011 ਵਿਚ ਚੁਣੇ ਗਏ ਜਨਰਲ ਹਾਊਸ ਦੀ 17 ਦਸੰਬਰ, 2016 ਤੱਕ 5 ਸਾਲ ਦੀ ਮਿਆਦ ਪੂਰੀ ਹੋ ਜਾਵੇਗੀ, ਜਦੋਂ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਹੋਇਆ ਸੀ। ਕੁਝ ਕਾਨੂੰਨੀ ਮਾਹਿਰਾਂ ਦਾ ਵਿਚਾਰ ਹੈ ਕਿ ਸਤੰਬਰ 2011 ਵਿਚ ਚੁਣੇ ਗਏ ਜਨਰਲ ਹਾਊਸ ਵੱਲੋਂ ਤਾਂ ਹਾਈ ਕੋਰਟ ਦੀ ਰੋਕ ਕਾਰਨ ਕੰਮ ਹੀ ਨਹੀਂ ਕੀਤਾ, ਇਸ ਲਈ ਉਸ ਨੂੰ ਕੰਮ ਕਰਨ ਲਈ ਸਮੇਂ ਦੀ ਮਿਆਦ ਹੁਣ ਸੁਪਰੀਮ ਕੋਰਟ ਵੱਲੋਂ ਜਨਰਲ ਹਾਊਸ ਨੂੰ ਬਹਾਲ ਕਰਨ ਦੇ ਫੈਸਲੇ ਤੋਂ ਬਾਅਦ 5 ਸਾਲ ਲਈ ਹੋਵੇਗੀ, ਪਰ ਸੁਪਰੀਮ ਕੋਰਟ ਵੱਲੋਂ ਇਸ ਸਬੰਧੀ ਸਥਿਤੀ ਸਪੱਸ਼ਟ ਨਾ ਕੀਤੇ ਜਾਣ ਕਾਰਨ ਇਹ ਮੁੱਦਾ ਦੁਬਾਰਾ ਕਾਨੂੰਨੀ ਪੜਚੋਲ ਦਾ ਮੁੱਦਾ ਬਣ ਸਕਦਾ ਹੈ, ਜਦੋਂਕਿ ਰਾਜ ਵਿਚ ਆਉਂਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੁਣ ਸ਼੍ਰੋਮਣੀ ਕਮੇਟੀ ਦੀਆਂ ਨਵੀਆਂ ਚੋਣਾਂ ਕਰਾਉਣੀਆਂ ਵੀ ਸੰਭਵ ਨਹੀਂ ਹੋ ਸਕਣਗੀਆਂ।

## ਸੋਧ ਬਿੱਲ ਨੂੰ ਚੁਣੌਤੀ ਦੇਣ ਦਾ ਫੈਸਲਾ

**ਮੁਹਾਲੀ:** ਸਹਿਜਧਾਰੀ ਸਿੱਖ ਪਾਰਟੀ ਨੇ ਸੋਧ ਬਿੱਲ ਨੂੰ ਚੁਣੌਤੀ ਦੇਣ ਦਾ ਫੈਸਲਾ ਕੀਤਾ ਹੈ। ਸਹਿਜਧਾਰੀ ਸਿੱਖ ਪਾਰਟੀ ਦੇ ਮੁਖੀ ਡਾ. ਪਰਮਜੀਤ ਸਿੰਘ ਰਾਣੂ ਨੇ ਕਿਹਾ ਕਿ ਪਾਰਲੀਮੈਂਟ ਵੱਲੋਂ ਸਹਿਜਧਾਰੀ ਸਿੱਖਾਂ ਦੇ ਵੋਟ ਅਧਿਕਾਰ ਨੂੰ ਖਤਮ ਕਰਨ ਸਬੰਧੀ ਨਵਾਂ ਕਾਨੂੰਨ ਪਾਸ ਕਰ ਦਿੱਤਾ ਗਿਆ ਹੈ ਤੇ ਇਸ ਕਾਨੂੰਨ ਦੇ ਲਾਗੂ ਹੋਣ ਸਬੰਧੀ ਭਾਵੇਂ ਕਿ ਸੁਪਰੀਮ ਕੋਰਟ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਪੀਲ ਨੂੰ ਇਹ ਕਹਿ ਕੇ ਖਾਰਜ ਕਰ ਦਿੱਤਾ ਹੈ ਕਿ ਨਵੇਂ ਕਾਨੂੰਨ ਬਣਨ ਉਪਰੰਤ ਇਸ ਅਪੀਲ ਦਾ ਕੋਈ ਵਜੂਦ ਨਹੀਂ ਰਹਿ ਗਿਆ, ਪਰ ਨਾਲ ਹੀ ਸੁਪਰੀਮ ਕੋਰਟ ਨੇ ਹਾਈ ਕੋਰਟ ਦੇ 20 ਦਸੰਬਰ 2011 ਦੇ ਫੈਸਲੇ ਨੂੰ ਨਹੀਂ ਛੇੜਿਆ, ਜਿਸ ਕਾਰਨ ਸ਼੍ਰੋਮਣੀ ਕਮੇਟੀ ਦੀ 2011 ਦੀ ਚੋਣ ਕਈ ਕਾਨੂੰਨੀ ਸਵਾਲਾਂ 'ਚ ਘਿਰਦੀ ਜਾ ਰਹੀ ਹੈ।

## ਫੈਸਲਾ ਸਿੱਖਾਂ ਦੀ ਸਿਧਾਂਤਕ ਜਿੱਤ: ਮੱਕੜ

**ਅੰਮ੍ਰਿਤਸਰ:** ਅਦਾਲਤ ਦੇ ਫੈਸਲੇ ਦਾ ਸਵਾਗਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਆਖਿਆ ਕਿ ਸੁਪਰੀਮ ਕੋਰਟ ਵੱਲੋਂ 2011 ਵਿਚ ਚੁਣੇ ਹੋਏ ਹਾਊਸ ਨੂੰ ਬਹਾਲ ਕਰਨ ਦਾ ਫੈਸਲਾ ਸਿੱਖਾਂ ਦੀ ਸਿਧਾਂਤਕ ਜਿੱਤ ਹੈ। ਉਨ੍ਹਾਂ ਕਿਹਾ ਕਿ ਇਹ ਕੌਮੀ ਮਸਲਾ ਸੀ, ਜਿਸ ਲਈ ਸ਼੍ਰੋਮਣੀ ਕਮੇਟੀ ਨੇ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਦਿਆਂ ਕਾਨੂੰਨੀ ਲੜਾਈ ਲੜੀ ਸੀ। ਉਨ੍ਹਾਂ ਆਖਿਆ ਕਿ ਸਿੱਖ ਗੁਰਦੁਆਰਾ ਐਕਟ 1925 ਵਿਚ ਸਿਰਫ ਕੇਸਧਾਰੀ ਸਿੱਖਾਂ ਦਾ ਜ਼ਿਕਰ ਹੈ, ਨਾ ਕਿ ਸਹਿਜਧਾਰੀ ਸਿੱਖਾਂ ਦਾ ਕੋਈ ਜ਼ਿਕਰ ਹੈ।

# ਮਜੀਠੀਏ ਵੱਲ ਸੁੱਟੀ ਜੁੱਤੀ ਦਾ ਮੁੱਲ ਪਿਆ 50 ਹਜ਼ਾਰ



**ਚੰਡੀਗੜ੍ਹ:** ਬੰਗਾ ਤੋਂ ਕਾਂਗਰਸੀ ਵਿਧਾਇਕ ਤਰਲੋਚਨ ਸਿੰਘ ਸੂੰਢ ਵੱਲੋਂ ਵਿਧਾਨ ਸਭਾ 'ਚ ਹੁਕਮਰਾਨ ਧਿਰ ਦੇ ਮੈਂਬਰ ਵੱਲ ਸੁੱਟੀ ਗਈ ਜੁੱਤੀ ਦਾ ਮੁੱਲ ਪੈ ਗਿਆ ਹੈ। ਕੈਨੇਡਾ ਆਧਾਰਤ ਨਿਊਜ਼ ਚੈਨਲ ਨੇ ਸ੍ਰੀ ਸੂੰਢ ਨੂੰ ਕਿਹਾ ਹੈ ਕਿ ਜੇਕਰ ਉਹ ਇਹ ਜੁੱਤੀ ਉਨ੍ਹਾਂ ਦੇ ਸ਼ੋਅ 'ਤੇ ਲੈ ਕੇ ਆਉਂਦੇ ਹਨ ਤਾਂ ਉਨ੍ਹਾਂ ਨੂੰ 50 ਹਜ਼ਾਰ ਰੁਪਏ ਦਿੱਤੇ ਜਾਣਗੇ।

ਵਿਧਾਇਕ ਇਹ ਜੁੱਤੀ ਲੈਣ ਲਈ ਵਿਧਾਨ ਸਭਾ ਪੁੱਜੇ ਜਿਥੇ ਵਿਧਾਨ ਸਭਾ ਸਕੱਤਰ ਸ਼ਸ਼ੀ ਲਖਨਪਾਲ ਮਿਸ਼ਰਾ ਨੇ ਉਨ੍ਹਾਂ ਨੂੰ ਦੱਸਿਆ ਕਿ ਮਾਲ ਮੰਤਰੀ ਬਿਕਰਮ ਮਜੀਠੀਆ ਨੇੜੇ ਡਿੱਗੀ ਜੁੱਤੀ ਹੁਣ ਕੇਸ ਪ੍ਰਾਪਰਟੀ ਹੈ ਜਦਕਿ ਦੂਜੀ ਜੁੱਤੀ ਉਨ੍ਹਾਂ ਕੋਲ ਨਹੀਂ ਹੈ। ਸੰਸਦੀ ਮਾਮਲਿਆਂ ਬਾਰੇ ਮੰਤਰੀ ਮਦਨ ਮੋਹਨ ਮਿੱਤਲ ਦਾ ਕਹਿਣਾ ਹੈ ਕਿ ਇਕ ਜੁੱਤੀ ਉਨ੍ਹਾਂ ਸਪੀਕਰ ਦੇ ਦਫਤਰ ਨੂੰ ਸੌਂਪ ਦਿੱਤੀ ਸੀ ਜਦਕਿ ਦੂਜੀ ਦਾ ਉਨ੍ਹਾਂ ਨੂੰ ਕੁਝ ਵੀ ਪਤਾ ਨਹੀਂ ਹੈ।

# ਰੁਲਦਾ ਸਿੰਘ ਕਤਲ ਕੇਸ ਵਿਚ ਜਗਤਾਰ ਸਿੰਘ ਤਾਰਾ ਨੇ ਭੁਗਤੀ ਪੇਸ਼ੀ

**ਪਟਿਆਲਾ:** ਰਾਸ਼ਟਰੀ ਸਿੱਖ ਸੰਗਤ ਦੇ ਸੂਬਾਈ ਪ੍ਰਧਾਨ ਰਹੇ ਰੁਲਦਾ ਸਿੰਘ ਦੇ ਕਤਲ ਕੇਸ ਦੀ ਇਥੇ ਵਧੀਕ ਸੈਸ਼ਨ ਜੱਜ ਅਰੁਣ ਗੁਪਤਾ ਦੀ ਅਦਾਲਤ ਵਿਚ ਹੋਈ ਸੁਣਵਾਈ ਦੌਰਾਨ ਇਸ ਕੇਸ ਦੇ ਮੁਲਜ਼ਮ ਤੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਤਹਿਤ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿਚ ਬੰਦ ਜਗਤਾਰ ਸਿੰਘ ਤਾਰਾ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਭੁਗਤੀ। ਇਸ ਕੇਸ ਦੇ ਇਕ ਹੋਰ ਮੁਲਜ਼ਮ ਤੇ ਖਾਲਿਸਤਾਨ ਟਾਈਗਰ ਫੋਰਸ ਦੇ ਮੁਖੀ ਰਮਨਦੀਪ ਸਿੰਘ ਗੋਲਡੀ, ਜੋ ਇਸ ਵੇਲੇ ਵਧੇਰੇ ਸੁਰੱਖਿਆ ਪ੍ਰਬੰਧਾਂ ਵਾਲੀ ਜੇਲ੍ਹ ਨਾਭਾ ਵਿਚ ਬੰਦ ਹੈ, ਨੂੰ ਪੁਲਿਸ ਨੇ ਪੇਸ਼ ਨਾ ਕੀਤਾ।

ਅਦਾਲਤ ਵੱਲੋਂ ਇਸ ਕੇਸ ਦੀ ਸੁਣਵਾਈ 12 ਅਕਤੂਬਰ 'ਤੇ ਪਾ ਦਿੱਤੀ ਗਈ ਹੈ। ਦੱਸਣਯੋਗ ਹੈ ਕਿ ਇਸ ਕੇਸ ਦੀ ਪਿਛਲੀ ਪੇਸ਼ੀ ਮੌਕੇ ਵੀ ਜਦੋਂ ਤਾਰਾ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਭੁਗਤੀ ਸੀ ਤਾਂ ਉਸ ਨੇ ਕੇਸ ਦੀ ਸੁਣਵਾਈ ਮੌਕੇ ਉਸ ਨੂੰ ਨਿੱਜੀ ਰੂਪ ਵਿਚ ਅਦਾਲਤ ਵਿੱਚ ਪੇਸ਼ ਕੀਤੇ ਜਾਣ 'ਤੇ ਜ਼ੋਰ ਦਿੱਤਾ ਸੀ। ਨਾਲ ਹੀ ਉਸ ਨੇ ਕੇਸ ਦੇ ਚਲਾਨ ਦੀ ਕਾਪੀ ਵੀ ਐਡਵੋਕੇਟ ਬਰਜਿੰਦਰ ਸਿੰਘ ਸੋਢੀ ਰਾਹੀਂ ਉਸ ਨੂੰ ਮੁਹੱਈਆ ਕਰਵਾਉਣ ਦੀ ਮੰਗ ਕੀਤੀ ਸੀ।

# ਹੁਣ ਮਿਆਂਮਾਰ ਪ੍ਰਤੀ ਨਰਮੀ ਵਿਖਾਏਗਾ ਅਮਰੀਕਾ

**ਵਾਸ਼ਿੰਗਟਨ:** ਮਿਆਂਮਾਰ 'ਚ ਜਮਹੂਰੀਅਤ ਵੱਲ ਵਧਦੇ ਕਦਮਾਂ ਅਤੇ ਆਮ ਲੋਕਾਂ ਦੀ ਸਰਕਾਰ ਬਣਨ ਤੋਂ ਉਤਸ਼ਾਹਤ ਹੋ ਕੇ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਮੁਲਕ 'ਚ ਲਾਈ ਕੌਮੀ ਐਮਰਜੈਂਸੀ ਨੂੰ ਹਟਾਉਣ ਦਾ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਹੈ ਕਿ ਛੇਤੀ ਹੀ ਮਿਆਂਮਾਰ ਖਿਲਾਫ਼ ਲਾਈਆਂ ਗਈਆਂ ਪਾਬੰਦੀਆਂ ਨੂੰ ਹਟਾ ਲਿਆ ਜਾਏਗਾ। ਇਹ ਐਲਾਨ ਉਸ ਸਮੇਂ ਕੀਤਾ ਗਿਆ ਹੈ ਜਦੋਂ ਸ੍ਰੀ ਓਬਾਮਾ ਨੇ ਨੋਬੇਲ ਪੁਰਸਕਾਰ ਜੇਤੂ ਅਤੇ ਮਿਆਂਮਾਰ ਦੀ ਵਿਦੇਸ਼ ਮੰਤਰੀ ਆਂਗ ਸਾਨ ਸੂ ਕੀ ਨਾਲ ਵ੍ਹਾਈਟ ਹਾਊਸ ਦੇ ਓਵਲ ਦਫਤਰ 'ਚ ਮੁਲਾਕਾਤ ਕੀਤੀ।

ਬੈਠਕ ਤੋਂ ਬਾਅਦ ਜਾਰੀ ਸਾਂਝੇ ਬਿਆਨ 'ਚ ਕਿਹਾ ਗਿਆ ਕਿ ਮਿਆਂਮਾਰ ਵਿਚ ਪਿਛਲੇ ਕੁਝ ਮਹੀਨਿਆਂ ਦੌਰਾਨ ਜਮਹੂਰੀ ਤੌਰ 'ਤੇ ਵੱਡਾ ਬਦਲਾਅ ਆਇਆ ਹੈ ਅਤੇ ਹੁਣ ਅਮਰੀਕਾ ਉਥੋਂ ਪਾਬੰਦੀਆਂ ਹਟਾਉਣ ਲਈ ਤਿਆਰ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਸੂ ਕੀ ਦੀ ਇਤਿਹਾਸਕ ਯਾਤਰਾ ਦੌਰਾਨ ਇਹ ਐਲਾਨ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਮਿਆਂਮਾਰ 'ਚ ਪਿਛਲੇ ਕੁਝ ਸਾਲਾਂ ਤੋਂ ਕਾਫੀ ਤਬਦੀਲੀਆਂ ਹੋਈਆਂ ਹਨ।



ਸ੍ਰੀ ਓਬਾਮਾ ਨੇ ਮਿਆਂਮਾਰ ਖਿਲਾਫ਼ ਲੱਗੀਆਂ ਆਰਥਿਕ ਅਤੇ ਵਿੱਤੀ ਪਾਬੰਦੀਆਂ ਨੂੰ ਹਟਾਉਣ ਦਾ ਵੀ ਐਲਾਨ ਕੀਤਾ ਹੈ।

ਇਕ ਸਵਾਲ ਦੇ ਜਵਾਬ ਵਿਚ ਵ੍ਹਾਈਟ ਹਾਊਸ ਦੇ ਪ੍ਰੈਸ ਸਕੱਤਰ ਜੋਸ਼ ਅਰਨੈੱਸਟ ਨੇ ਕਿਹਾ ਕਿ ਸੂ ਕੀ ਹੁਣ ਆਪਣੇ ਘਰ 'ਚ ਨਜ਼ਰਬੰਦ ਨਹੀਂ ਹਨ ਅਤੇ ਸਰਕਾਰ ਦੇ ਮੁਖੀ ਵਜੋਂ ਵਿਚਰ ਰਹੇ ਹਨ। ਇਸ ਨਾਲ ਮਿਆਂਮਾਰ ਅੰਦਰ ਤਰੱਕੀ ਦੀ ਝਲਕ ਦਿਖਾਈ ਦਿੰਦੀ ਹੈ ਅਤੇ ਤਾਂ ਹੀ ਪਾਬੰਦੀਆਂ ਹਟਾਉਣ ਦਾ ਫੈਸਲਾ ਲਿਆ ਗਿਆ ਹੈ।

## ਉਤਰੀ ਕੋਰੀਆ ਦੀ ਤਾਨਾਸ਼ਾਹੀ ਬਣੀ ਵੰਗਾਰ

**ਸਿਓਲ:** ਉਤਰੀ ਕੋਰੀਆ ਦੇ ਐਟਮੀ ਪ੍ਰੋਗਰਾਮ ਨੂੰ ਲੈ ਕੇ ਦੱਖਣੀ ਕੋਰੀਆ ਰੋਜ਼ ਨਵੇਂ ਦਾਅਵੇ ਕਰ ਰਿਹਾ ਹੈ। ਦੱਖਣੀ ਕੋਰੀਆ ਦੇ ਹਥਿਆਰਾਂ ਦੇ ਮਾਹਿਰ ਦਾ ਕਹਿਣਾ ਹੈ ਕਿ ਉਤਰੀ ਕੋਰੀਆ ਐਟਮ ਬੰਬ ਬਣਾਉਣ ਲਈ ਜ਼ਰੂਰੀ ਯੂਰੇਨੀਅਮ ਭੰਡਾਰ ਵਧਾਉਣ ਦੀ ਲਗਾਤਾਰ ਕੋਸ਼ਿਸ਼ ਕਰ ਰਿਹਾ ਹੈ। ਜਲਦੀ ਹੀ ਉਸ ਕੋਲ 150 ਕਿੱਲੋ ਤੱਕ ਐਨਰਿਚਡ ਯੂਰੇਨੀਅਮ ਹੋਵੇਗਾ। ਇਸ ਮੈਟੀਰੀਅਲ ਨਾਲ ਸਾਲ ਦੇ ਅੰਤ ਤੱਕ 20 ਬੰਬ ਬਣਾਏ ਜਾ ਸਕਦੇ ਹਨ। ਇਸ ਤੋਂ ਪਹਿਲਾ ਦੱਖਣੀ ਕੋਰੀਆ ਨੇ ਉਤਰ ਦੇ ਜਲਦੀ ਹੀ 6 ਪਰਮਾਣੂ ਟੈਸਟ ਕਰਨ ਦੀ ਗੱਲ ਕਹੀ ਸੀ। 9 ਸਤੰਬਰ ਨੂੰ ਉਤਰੀ ਕੋਰੀਆ ਨੇ ਆਪਣਾ 5ਵਾਂ ਐਟਮੀ ਟੈਸਟ ਕੀਤਾ ਸੀ। ਕੋਰੀਆ ਦੇ ਨਿਊਕਲੀਅਰ ਪ੍ਰੋਗਰਾਮ ਦੇ ਐਕਸਪਰਟ ਸੀਗਫਰੀਡ ਹੈਕਰ ਮੁਤਾਬਕ, ਕੋਰੀਆ ਕੋਲ ਨਿਊਕਲੀਅਰ ਮੈਟੀਰੀਅਲ ਦਾ ਪੂਰਾ ਭੰਡਾਰ ਹੈ।

# ਕੈਂਪ ਉਤੇ ਫਿਦਾਈਨ ਹਮਲਾ, 18 ਫੌਜੀ ਹਲਾਕ

**ਉੜੀ (ਜੰਮੂ ਕਸ਼ਮੀਰ):** ਉੜੀ ਵਿਚ 10 ਡੋਗਰਾ ਰੈਜੀਮੈਂਟ ਦੇ ਪ੍ਰਸ਼ਾਸਕੀ ਕੈਂਪ ਉਤੇ ਤੜਕੇ ਹੋਏ ਭਿਆਨਕ ਦਹਿਸ਼ਤੀ ਹਮਲੇ ਵਿਚ 18 ਫੌਜੀ ਹਲਾਕ ਹੋ ਗਏ। ਫੌਜੀ ਬ੍ਰਿਗੇਡ ਦੇ ਹੈੱਡਕੁਆਰਟਰ ਤੋਂ ਕੁਝ ਮੀਟਰਾਂ ਦੀ ਦੂਰੀ ਉਤੇ ਹੋਏ ਹਮਲੇ ਤੋਂ ਬਾਅਦ ਤਕਰੀਬਨ ਤਿੰਨ ਘੰਟੇ ਤੱਕ ਚੱਲੇ ਗਹਿਗੱਚ ਮੁਕਾਬਲੇ 'ਚ ਚਾਰ ਦਹਿਸ਼ਤਗਰਦਾਂ ਨੂੰ ਮਾਰ ਮੁਕਾਇਆ ਗਿਆ।

ਫੌਜ ਮੁਤਾਬਕ ਮਾਰੇ ਗਏ ਦਹਿਸ਼ਤਗਰਦਾਂ ਕੋਲੋਂ ਚਾਰ ਏ.ਕੇ.-47 ਰਾਈਫਲਾਂ ਅਤੇ ਚਾਰ ਅੰਡਰ ਬੈਰਲ ਗਰਨੇਡ ਲਾਂਚਰ ਬਰਾਮਦ ਹੋਏ ਹਨ। ਪਿਛਲੇ ਕਈ ਸਾਲਾਂ ਤੋਂ ਫੌਜ ਉਤੇ ਹੋਏ ਸਭ ਤੋਂ ਵੱਡੇ ਹਮਲੇ ਲਈ ਪਾਕਿਸਤਾਨ ਆਧਾਰਤ ਦਹਿਸ਼ਤੀ ਜਥੇਬੰਦੀ ਜੈਸ਼-ਏ-ਮੁਹੰਮਦ ਨੂੰ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ। ਸ੍ਰੀਨਗਰ ਤੋਂ 70 ਕੁ ਕਿਲੋਮੀਟਰ ਦੂਰ ਅਤੇ ਕੰਟਰੋਲ ਰੇਖਾ ਤੋਂ



ਕੁਝ ਕਿਲੋਮੀਟਰ ਦੀ ਦੂਰੀ 'ਤੇ ਸੈਨਾ ਦੇ ਬੇਸ ਕੈਂਪ ਨੂੰ ਸਵੇਰੇ ਸਾਢੇ 5 ਵਜੇ ਦੇ ਕਰੀਬ ਚਾਰ ਦਹਿਸ਼ਤਗਰਦਾਂ ਨੇ ਨਿਸ਼ਾਨਾ ਬਣਾਇਆ। ਹਮਲੇ ਦੌਰਾਨ ਇਕ ਤੰਬੂ 'ਚ ਅੱਗ ਲੱਗ ਗਈ ਜਿਥੇ ਜਵਾਨ ਸੁੱਤੇ ਪਏ ਸਨ। ਮਾਰੇ ਗਏ ਜ਼ਿਆਦਾਤਰ ਜਵਾਨ ਇਸੇ ਤੰਬੂ ਵਿਚ ਸੁੱਤੇ ਪਏ ਸਨ। ਅੱਗ ਬਾਅਦ 'ਚ ਨੇੜਲੀਆਂ ਬੈਰਕਾਂ ਤੱਕ ਫੈਲ ਗਈ।

## ਅਮਰੀਕਾ ਵੱਲੋਂ ਹਮਲੇ ਦੀ ਕਰੜੀ ਨਿੰਦਾ

**ਨਵੀਂ ਦਿੱਲੀ:** ਜੰਮੂ-ਕਸ਼ਮੀਰ ਦੇ ਉੜੀ ਵਿਚ ਫੌਜ ਦੇ ਕੈਂਪ ਉਤੇ ਹੋਏ ਅਤਿਵਾਦੀ ਹਮਲੇ ਦੀ ਅਮਰੀਕਾ ਨੇ ਕਰੜੀ ਆਲੋਚਨਾ ਕੀਤੀ ਹੈ। ਇਸ ਹਮਲੇ ਵਿਚ 17 ਸੈਨਿਕ ਮਾਰੇ ਗਏ ਹਨ। ਭਾਰਤ ਵਿਚ ਅਮਰੀਕੀ ਰਾਜਦੂਤ ਰਿਚਰਡ ਵਰਮਾ ਨੇ ਟਵੀਟ ਕੀਤਾ, 'ਅਸੀਂ ਉੜੀ ਵਿਚ ਹੋਏ ਅਤਿਵਾਦੀ ਹਮਲੇ ਦੀ ਕਰੜੀ ਆਲੋਚਨਾ ਕਰਦੇ ਹਾਂ। ਸਾਡੀਆਂ ਭਾਵਨਾਵਾਂ ਤੇ ਹਮਦਰਦੀ ਜਾਨਾਂ ਵਾਰਨ ਵਾਲੇ ਬਹਾਦਰ ਸੈਨਿਕਾਂ ਦੇ ਪਰਿਵਾਰਾਂ ਨਾਲ ਹਨ।'

# ਪਨਾਮਾਗੇਟ, ਨਵਾਜ਼ ਸ਼ਰੀਫ ਤੇ ਪਾਕਿ ਸਿਆਸਤ


ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ.ਟੀ.ਆਈ.) ਦਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਰਾਇਵਿੰਡ ਰਿਹਾਇਸ਼ ਵੱਲ ਪ੍ਰਸਾਵਿਤ ਮਾਰਚ ਸ਼ੁਰੂ ਹੋਣ ਤੋਂ ਪਹਿਲਾਂ ਹੀ ਇਕ ਤਰ੍ਹਾਂ ਨਾਲ ਖਿੰਡਣਾ ਸ਼ੁਰੂ ਹੋ ਗਿਆ ਹੈ। ਵਿਰੋਧੀ ਧਿਰ ਦੇ ਕਵਚ ਵਿਚ ਪਹਿਲੀ ਤਰੇੜ ਧਾਰਮਿਕ ਆਗੂ ਡਾ. ਤਾਹਿਰ ਉਲ ਕਾਦਰੀ ਦੇ ਅਚਾਨਕ ਲੰਡਨ ਚਲੇ ਜਾਣ ਨਾਲ ਆਈ ਹੈ। ਉਨ੍ਹਾਂ ਵੱਲੋਂ ਅਚਾਨਕ ਛੱਡੇ ਗਏ ਸਾਥ ਤੋਂ

**ਆਰਿਫ ਨਿਜ਼ਾਮੀ**

ਇਮਰਾਨ ਖਾਨ ਅਤੇ ਉਨ੍ਹਾਂ ਦੇ ਸਾਥੀ ਹੱਕੇ-ਬੱਕੇ ਰਹਿ ਗਏ ਹਨ। ਰਾਇਵਿੰਡ ਵੱਲ ਪੀ.ਟੀ.ਆਈ. ਦੇ ਮਾਰਚ ਲਈ ਡਾ. ਕਾਦਰੀ ਅਤੇ ਉਨ੍ਹਾਂ ਦੇ ਜੋਸ਼ ਭਰੇ ਸਮਰਥਕਾਂ ਦਾ 'ਸਾਫਟਵੇਅਰ' ਬੜਾ ਜ਼ਰੂਰੀ ਸੀ; ਪਰ ਅਫ਼ਸੋਸ, ਹੁਣ ਇਹ ਮਿਲ ਨਹੀਂ ਸਕੇਗਾ। ਕਾਦਰੀ ਦੇ ਜਾਣ ਕਰ ਕੇ ਪੀ.ਟੀ.ਆਈ. ਦੀ ਲੀਡਰਸ਼ਿਪ ਵਿਚ ਵੱਡੀ ਨਿਰਾਸ਼ਾ ਹੈ।

ਪਨਾਮਾਗੇਟ ਮਾਮਲੇ ਦੀ ਜਾਂਚ ਸਬੰਧੀ ਜ਼ਬਾਨੀ ਜਮ੍ਹਾਂ-ਖਰਚ ਕਰ ਰਹੀਆਂ ਵਿਰੋਧੀ ਧਿਰ ਦੀਆਂ ਬਾਕੀ ਪਾਰਟੀਆਂ ਵੀ ਰਾਇਵਿੰਡ ਵੱਲ ਮਾਰਚ ਵਿਚ ਸ਼ਾਮਿਲ ਹੋਣ ਤੋਂ ਝਿਜਕ ਰਹੀਆਂ ਹਨ। ਗੁਜਰਾਤ ਦੇ ਚੌਧਰੀਆਂ (ਜੋ ਸ਼ਰੀਫ਼ ਦੇ ਕਿਸੇ ਤਰ੍ਹਾਂ ਵੀ ਮਿੱਤਰ ਨਹੀਂ ਹਨ) ਦਾ ਮੰਨਣਾ ਹੈ ਕਿ ਸਿਆਸੀ ਵਿਰੋਧੀਆਂ ਦੇ ਘਰਾਂ ਮੂਹਰੇ ਧਰਨੇ ਦੇਣੇ ਕੋਈ ਚੰਗੀ ਰਾਜਨੀਤੀ ਨਹੀਂ ਹੈ। ਪਾਕਿਸਤਾਨ ਪੀਪਲਜ਼ ਪਾਰਟੀ ਅਤੇ ਜਮਾਤ-ਏ-ਇਸਲਾਮੀ ਨੇ ਵੀ ਧਰਨੇ ਵਿਚ ਸ਼ਾਮਿਲ ਹੋਣ ਤੋਂ ਅਸਮਰਥਾ ਪ੍ਰਗਟਾਈ ਹੈ। ਇਮਰਾਨ ਖਾਨ ਦੀ ਧਰਨਾ ਯੋਜਨਾ ਦੀ ਹਮਾਇਤ ਕਰਨ ਵਾਲਾ ਸ਼ਾਇਦ ਇਕੋ-ਇਕ ਸਿਆਸਤਦਾਨ ਸ਼ੇਖ ਰਸ਼ੀਦ ਅਹਿਮਦ ਹੀ ਹੈ ਜਿਸ ਨੇ ਸ਼ਰੀਫ਼ਾਂ ਪ੍ਰਤੀ ਆਪਣੀ ਨਾਪਸੰਦਗੀ ਨੂੰ ਕਦੇ ਵੀ ਨਹੀਂ ਲੁਕਾਇਆ। ਪਾਰਟੀ ਦੇ ਅੰਦਰੋਂ ਹੀ ਸਖ਼ਤ ਵਿਰੋਧ ਕਾਰਨ ਇਮਰਾਨ ਖਾਨ ਨੂੰ ਆਪਣੀ ਇਸ ਯੋਜਨਾ 'ਤੇ ਮੁੜ ਵਿਚਾਰ ਕਰਨ ਲਈ ਮਜਬੂਰ ਹੋਣਾ ਪੈ ਗਿਆ ਹੈ। ਤਾਜ਼ਾ ਖ਼ਬਰ ਹੈ ਕਿ ਇਮਰਾਨ ਨੇ 30 ਸਤੰਬਰ ਨੂੰ ਇਹ ਮਾਰਚ ਕਰਨ ਦਾ ਮੁੜ ਐਲਾਨ ਕਰ ਦਿਤਾ ਹੈ। ਇਮਰਾਨ ਖਾਨ ਅਤੇ ਉਸ ਦੀ ਕੋਰ ਟੀਮ ਲਈ ਇਹ ਬਹੁਤ ਸਹੀ ਸਮਾਂ ਹੈ ਕਿ ਉਹ ਪੀ.ਟੀ.ਆਈ. ਦੀ ਰਣਨੀਤੀ ਅਤੇ ਇਸ ਦੀ ਦਿਸ਼ਾ ਬਾਰੇ ਗੰਭੀਰਤਾ ਨਾਲ ਸਮੀਖਿਆ ਕਰਨ, ਨਾ ਸਿਰਫ ਪਨਾਮਾ ਲੀਕ ਰੋਸ ਪ੍ਰਦਰਸ਼ਨ ਦੇ ਸਬੰਧ ਵਿਚ, ਸਗੋਂ ਵਡੇਰੇ ਪ੍ਰਸੰਗ ਵਿਚ ਵੀ।


ਸ਼ਰੀਫ਼ ਭਰਾਵਾਂ ਨੇ ਪਿਛਲੇ 5 ਮਹੀਨਿਆਂ ਦੌਰਾਨ ਪਨਾਮਾ ਜਾਂਚ ਬਾਰੇ ਕੁਝ ਵੀ ਨਾ ਕਰ ਕੇ ਇਸ ਨੂੰ ਸਫਲਤਾ ਨਾਲ ਲੀਹੋਂ ਲਾਹ ਦਿਤਾ ਹੈ। ਜਿਥੋਂ ਤੱਕ ਵਿਰੋਧੀ ਧਿਰ ਦਾ ਸਬੰਧ ਹੈ, 'ਭ੍ਰਿਸ਼ਟਾਚਾਰ ਨੂੰ ਜੜ੍ਹੋਂ ਪੁੱਟਣ', ਪਨਾਮਾ ਜਾਂਚ ਨੂੰ 'ਤਰਕਪੂਰਨ ਅੰਜਾਮ ਤੱਕ ਪਹੁੰਚਾਉਣ' ਆਦਿ ਸਬੰਧੀ ਜ਼ਬਾਨੀ ਜਮਾਂ-ਖਰਚ ਕਰਨ ਤੋਂ ਬਿਨਾਂ ਸਿਆਸਤਦਾਨਾਂ ਦੀ ਮੁਕੰਮਲ ਜਵਾਬਦੇਹੀ ਯਕੀਨੀ ਬਣਾਉਣ ਲਈ ਕੁਝ ਨਹੀਂ ਕੀਤਾ, ਅਜਿਹਾ ਨਾ ਕਰਨ ਦੇ ਕਾਰਨ ਵੀ ਲੁਕੇ-ਛਿਪੇ ਨਹੀਂ ਹਨ। ਸ਼ਾਇਦ ਇਸ ਮਾਮਲੇ ਵਿਚ ਇਕੱਲੇ ਇਮਰਾਨ ਖਾਨ ਹੀ ਅਪਵਾਦ ਹਨ।



ਨਵਾਜ਼ ਸ਼ਰੀਫ



ਤਾਹਿਰ ਉਲ ਕਾਦਰੀ



ਇਮਰਾਨ ਖਾਨ

ਇਮਰਾਨ ਖਾਨ ਵੀ ਇਸ ਸਮੇਂ ਚੌਰਾਹੇ 'ਤੇ ਖੜ੍ਹੇ ਹਨ। ਸੜਕੀ ਅੰਦੋਲਨ ਰਾਹੀਂ ਸ਼ਰੀਫ਼ ਹਕੂਮਤ ਨੂੰ ਲਾਂਭੇ ਕਰਨ ਦੇ ਉਨ੍ਹਾਂ ਦੇ ਪਿਛਲੇ ਤਿੰਨਾਂ ਸਾਲਾਂ ਦੇ ਯਤਨ ਕਿਸੇ ਪੱਖੋਂ ਵੀ ਫਲਦਾਇਕ ਸਿੱਧ ਨਹੀਂ ਹੋਏ। 2014 ਦਾ ਧਰਨਾ ਵੀ ਅਸਲ ਵਿਚ ਦਸੰਬਰ ਵਿਚ ਪਿਸ਼ਾਵਰ ਦੇ ਫ਼ੌਜੀ ਸਕੂਲ 'ਤੇ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਵਾਪਸ ਲੈਣ ਦਾ ਐਲਾਨ ਕੀਤੇ ਜਾਣ ਤੋਂ ਪਹਿਲਾਂ ਹੀ ਇਕ ਤਰ੍ਹਾਂ ਨਾਲ ਖਿੰਡ-ਪੁੰਡ ਗਿਆ ਸੀ। ਚਾਰ ਮਹੀਨੇ ਤੱਕ ਇਸਲਾਮਾਬਾਦ ਵਿਚ ਧਰਨੇ 'ਤੇ ਬੈਠੇ ਰਹਿਣ ਤੋਂ ਬਾਅਦ ਵੀ ਇਮਰਾਨ ਖਾਨ ਨੂੰ 'ਤੀਜੇ ਅੰਪਾਇਰ' ਤੋਂ ਹਾਂ-ਪੱਖੀ ਇਸ਼ਾਰਾ ਨਹੀਂ ਸੀ ਮਿਲਿਆ। ਹਾਲਾਤ ਨੂੰ ਭਾਂਪਦਿਆਂ ਤਾਹਿਰ ਉਲ ਕਾਦਰੀ ਵੀ ਛੇਤੀ ਹੀ ਇਮਰਾਨ ਦਾ ਸਾਥ ਛੱਡ ਗਿਆ ਸੀ। ਕੈਨੇਡਾ ਦਾ ਇਹ ਮੌਲਾਨਾ ਸਿਆਸਤ ਵਿਚਲੀਆਂ ਖਾਮੀਆਂ ਨੂੰ ਦੂਰ ਕਰਨ ਦੀ ਥਾਂ, ਆਪਣੇ ਲਈ ਚੰਦਾ ਇਕੱਠਾ ਕਰਨ ਵਿਚ ਵਧੇਰੇ ਰੁਚਿਤ ਜਾਪਦਾ ਹੈ। ਪੀ.ਟੀ.ਆਈ. ਵੱਲੋਂ ਹਾਲ ਹੀ ਦੌਰਾਨ ਕੀਤੀਆਂ ਗਈਆਂ ਰੋਸ ਰੈਲੀਆਂ ਵੀ ਲੋਕਾਂ ਦੀ ਹਾਜ਼ਰੀ ਪੱਖੋਂ ਅਤੇ ਜੋਸ਼ ਪੱਖੋਂ ਬਹੁਤੀਆਂ ਪ੍ਰਭਾਵਸ਼ਾਲੀ ਨਹੀਂ ਰਹੀਆਂ। ਕੁਝ ਮਾਹਰਾਂ ਦਾ ਮੰਨਣਾ ਹੈ ਕਿ ਇਹ ਸਾਰਾ ਕੁਝ ਇਸ ਕਰ ਕੇ ਹੋ ਰਿਹਾ ਹੈ ਕਿ ਇਮਰਾਨ ਖਾਨ ਦਾ ਨੌਜਵਾਨ ਅਤੇ ਆਦਰਸ਼ਵਾਦੀ ਹਮਾਇਤੀ ਵਰਗ ਖਾਨ ਵੱਲੋਂ ਵੱਡੀ ਗਿਣਤੀ ਵਿਚ ਰਵਾਇਤੀ ਸਿਆਸਤਦਾਨਾਂ ਨੂੰ ਪਾਰਟੀ ਵਿਚ ਸ਼ਾਮਿਲ ਕੀਤੇ ਜਾਣ ਤੋਂ ਨਾਰਾਜ਼ ਹੋ ਕੇ ਉਸ ਦਾ ਸਾਥ ਛੱਡ ਗਿਆ ਹੈ।

ਹੁਣ ਜਦੋਂ ਅਗਲੀਆਂ ਆਮ ਚੋਣਾਂ ਵਿਚ ਡੇਢ ਸਾਲ ਤੋਂ ਵੀ ਘੱਟ ਦਾ ਸਮਾਂ ਬਚਿਆ ਹੈ ਤਾਂ ਪੀ.ਟੀ.ਆਈ. ਦੀ ਲੀਡਰਸ਼ਿਪ ਨੂੰ ਆਪਣੀ ਰਣਨੀਤੀ 'ਤੇ ਮੁੜ ਤੋਂ ਵਿਚਾਰ ਕਰਨਾ ਚਾਹੀਦਾ ਹੈ। ਦੇਸ਼ ਭਰ ਵਿਚ ਘੁੰਮ ਕੇ ਸ਼ਰੀਫ਼ ਦੀ ਕਾਰਜ ਸ਼ੈਲੀ ਦੀ ਆਲੋਚਨਾ ਕਰਨ ਨਾਲੋਂ ਉਨ੍ਹਾਂ ਨੂੰ ਆਪਣੀ ਪਾਰਟੀ ਦੇ ਮਾਮਲਿਆਂ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਅਤੇ ਚੋਣਾਂ ਲਈ ਢੁਕਵੀਂ ਰਣਨੀਤੀ ਤਿਆਰ ਕਰਨੀ ਚਾਹੀਦੀ ਹੈ। ਪਾਰਟੀ ਦੀਆਂ ਅੰਦਰੂਨੀ ਚੋਣਾਂ ਵੀ ਪੀ.ਟੀ.ਆਈ. ਲਈ ਅਜੇ ਤੱਕ ਅੜਾਉਣੀ ਹੀ ਬਣੀਆਂ ਹੋਈਆਂ ਹਨ। ਜੇ ਇਹ ਆਮ ਚੋਣਾਂ ਦੇ ਨੇੜੇ ਜਾ ਕੇ ਹੋਈਆਂ ਤਾਂ ਇਨ੍ਹਾਂ ਦੇ ਨਤੀਜੇ ਵਜੋਂ ਪੈਦਾ ਹੋਣ ਵਾਲੀ ਧੜੇਬੰਦੀ ਟਿਕਟਾਂ ਵੰਡਣ ਦੇ ਅਮਲ 'ਤੇ ਵੀ ਅਸਰ ਪਾਵੇਗੀ ਅਤੇ ਚੋਣਾਂ ਦੇ ਨਤੀਜਿਆਂ 'ਤੇ ਵੀ। ਪਾਰਟੀ ਦੀਆਂ ਅੰਦਰੂਨੀ ਚੋਣਾਂ ਕਰਾਉਣਾ ਪਾਕਿਸਤਾਨ ਵਿਚ ਜਮਾਤ-ਏ-ਇਸਲਾਮੀ ਨੂੰ ਛੱਡ ਕੇ ਬਾਕੀ ਸਾਰੀਆਂ ਪਾਰਟੀਆਂ ਲਈ ਹੀ ਵੱਡੀ ਨਾਪਸੰਦਗੀ ਵਾਲਾ ਕੰਮ ਹੈ। ਪਾਰਟੀਆਂ ਆਪਣੇ ਮੁਖੀ ਅਤੇ ਉਸ ਦੀ ਕੋਰ ਟੀਮ ਦੇ ਆਲੇ-ਦੁਆਲੇ ਹੀ ਘੁੰਮਦੀਆਂ ਹਨ। ਅੰਤਿਮ ਵਿਸ਼ਲੇਸ਼ਣ ਵਿਚ ਪੀ.ਟੀ.ਆਈ. ਬਾਰੇ ਵੀ ਇਹੀ ਗੱਲ ਸਹੀ ਸਿੱਧ ਹੁੰਦੀ ਹੈ। ਇਸ ਨੇ ਖ਼ੁਦ ਨੂੰ ਤਬਦੀਲੀ ਦੀ ਵਾਹਕ ਵਜੋਂ ਪੇਸ਼ ਕੀਤਾ ਸੀ, ਪਰ ਜਿਸ ਤਰ੍ਹਾਂ ਇਸ ਨੇ ਹੋਰਾਂ ਪਾਰਟੀਆਂ ਤੋਂ ਆਉਣ ਵਾਲੇ ਸਿਆਸਤਦਾਨਾਂ ਨੂੰ ਕਬੂਲਿਆ ਹੈ ਅਤੇ ਜੋ ਇਸ ਦੇ ਅਮਲ ਹਨ, ਉਨ੍ਹਾਂ ਦੇ ਹਿਸਾਬ ਨਾਲ ਇਹ ਵੀ ਬਾਕੀ ਸਿਆਸੀ ਪਾਰਟੀਆਂ ਤੋਂ ਵੱਖਰੀ ਨਹੀਂ ਹੈ।

ਜਿਸ ਤਰ੍ਹਾਂ ਦੀ ਦੇਸ਼ ਦੀ ਸਿਆਸਤ ਹੋ ਗਈ ਹੈ, ਉਸ ਦੇ ਮੱਦੇਨਜ਼ਰ ਪਾਕਿਸਤਾਨ ਦੇ ਭਵਿਖ ਸਬੰਧੀ ਕੋਈ ਬਹੁਤੀ ਹੌਸਲਾ-ਵਧਾਊ ਆਸ ਨਹੀਂ ਬੱਝਦੀ। ਵਿਰੋਧੀ ਧਿਰ ਕੋਲ ਅਸਲ ਵਿਚ ਲੋੜੀਂਦੇ ਮਾਦੇ ਦੀ ਹੀ ਘਾਟ ਹੈ। ਵੱਡੇ-ਵੱਡੇ ਦਾਅਵਿਆਂ ਦੇ ਬਾਵਜੂਦ ਲਗਾਤਾਰ ਵਿਗੜ ਰਹੀ ਦੇਸ਼ ਦੀ ਆਰਥਿਕਤਾ ਦੀ ਗੱਲ ਹੀ ਲੈ ਲਓ। 2013 ਤੋਂ ਪਾਕਿਸਤਾਨ ਦੀਆਂ ਬਰਾਮਦਾਂ ਲਗਾਤਾਰ ਘਟਦੀਆਂ ਜਾ ਰਹੀਆਂ ਹਨ। ਕਾਫੀ ਬਦਨਾਮ ਮੰਨੇ ਜਾਂਦੇ ਜ਼ਰਦਾਰੀ ਕਾਲ ਵਿਚ ਵੀ ਇਹ ਬਰਾਮਦਾਂ ਸਾਲਾਨਾ 25 ਬਿਲੀਅਨ ਡਾਲਰ ਦੀਆਂ ਸਨ, ਜਦ ਕਿ ਮੌਜੂਦਾ ਸਮੇਂ ਇਹ ਸਾਲਾਨਾ 20 ਬਿਲੀਅਨ ਡਾਲਰ ਦੇ ਨੇੜੇ-ਤੇੜੇ ਰਹਿ ਗਈਆਂ ਹਨ। ਬੰਗਲਾਦੇਸ਼ ਤੇ ਵੀਅਤਨਾਮ ਵਰਗੇ ਦੇਸ਼ ਵੀ ਇਸ ਮਾਮਲੇ ਵਿਚ ਪਾਕਿਸਤਾਨ ਤੋਂ ਅੱਗੇ ਲੰਘ ਗਏ ਹਨ। ਸ਼ਰੀਫ਼ ਨੇ ਪਿਛਲੇ ਦਿਨੀਂ ਆਪਣੇ ਮੋਟਾਪੇ ਦੇ ਸ਼ਿਕਾਰ ਵਣਜ ਮੰਤਰੀ ਖੁਰਮ ਦਸਤਗੀਰ 'ਤੇ ਤਨਜ਼ ਕਰਦਿਆਂ ਕਿਹਾ ਕਿ ਖੁਰਮ ਜਿੰਨਾ ਆਪਣੇ ਖਾਣ-ਪੀਣ 'ਤੇ ਧਿਆਨ ਦਿੰਦੇ ਹਨ, ਜੇ ਉਨਾ ਧਿਆਨ ਬਰਾਮਦਾਂ ਵਧਾਉਣ 'ਤੇ ਦਿੰਦੇ ਤਾਂ ਇਹ ਹੁਣ ਤੱਕ ਕਾਫੀ ਵਧ ਚੁੱਕੀਆਂ ਹੋਣੀਆਂ ਸਨ, ਪਰ ਗੰਭੀਰਤਾ ਨਾਲ ਵੇਖੀਏ ਤਾਂ ਇਹ ਅਲਾਮਤ ਕਿਤੇ ਡੂੰਘੇਰੀ ਹੈ। ਢਾਂਚਾਗਤ ਸਮੱਸਿਆਵਾਂ ਦੇ ਨਾਲ-ਨਾਲ ਨੁਕਸਾਨਪੂਰਨ ਨੀਤੀਆਂ ਅਤੇ ਤਰਜੀਹਾਂ ਲਗਾਤਾਰ ਆਰਥਿਕਤਾ ਨੂੰ ਲੀਹੋਂ ਲਾਹ ਰਹੀਆਂ ਹਨ।

ਅਫ਼ਗਾਨ ਰਾਸ਼ਟਰਪਤੀ ਦੇ ਭਾਰਤ ਦੌਰੇ ਮੌਕੇ ਨਵੀਂ ਦਿੱਲੀ ਵੱਲੋਂ ਕਾਬਲ ਨੂੰ ਇਕ ਅਰਬ ਡਾਲਰ ਦੀ ਆਰਥਿਕ ਸਹਾਇਤਾ ਦੇਣਾ ਅਤੇ ਅਗਲੇ ਦਹਾਕੇ ਤੱਕ ਦੋਵਾਂ ਦੇਸ਼ਾਂ ਦੇ ਆਪਸੀ ਵਪਾਰ ਨੂੰ 10 ਅਰਬ ਡਾਲਰ ਤੱਕ ਲਿਜਾਣ ਦਾ ਐਲਾਨ ਕਰਨਾ ਵੀ ਇਸਲਾਮਾਬਾਦ ਲਈ ਫ਼ਿਕਰ ਦਾ ਸਬੱਬ ਹੋਣਾ ਚਾਹੀਦਾ ਹੈ। ਖੇਤਰੀ ਅਲੱਗ-ਥਲੱਗਤਾ ਅਤੇ ਆਰਥਿਕ ਨਿਘਾਰ ਦੇ ਨਾਲ-ਨਾਲ ਪਾਕਿਸਤਾਨ ਦੇ ਆਪਣੇ ਦੁਸ਼ਮਣਾਂ ਵਰਗੇ ਮਿੱਤਰ ਅਮਰੀਕਾ ਨਾਲ ਵੀ ਸਬੰਧ ਲਗਾਤਾਰ ਵਿਗੜ ਰਹੇ ਹਨ। ਵਿਰੋਧੀ ਧਿਰ ਨੂੰ ਪਨਾਮਾਗੇਟ ਦੇ ਨਾਲ-ਨਾਲ ਇਨ੍ਹਾਂ ਸਾਰੇ ਅਹਿਮ ਮੁੱਦਿਆਂ ਨੂੰ ਵੀ ਉਭਾਰ ਕੇ ਨੀਤੀ ਸਬੰਧੀ ਬਦਲ ਮੁਹੱਈਆ ਕਰਾਉਣੇ ਚਾਹੀਦੇ ਹਨ।

# ਪਾਕਿਸਤਾਨ 'ਚ ਹਿੰਦੀ ਦੀ ਪੜ੍ਹਾਈ

ਚੀਨ ਨਾਲ ਪਾਕਿਸਤਾਨ ਦੀ ਵਿਸ਼ੇਸ਼ ਨੇੜਤਾ ਜੱਗ-ਜ਼ਾਹਿਰ ਹੈ, ਪਰ ਹੈਰਾਨੀ ਇਸ ਗੱਲ ਦੀ ਹੈ ਕਿ ਕਈ ਸਾਲਾਂ ਤੋਂ ਚੀਨੀਆਂ ਦੀ ਬਹੁਤ ਵੱਡੀ ਗਿਣਤੀ ਪਾਕਿਸਤਾਨ ਵਿਚ ਹਿੰਦੀ ਸਿੱਖ ਰਹੀ ਹੈ। ਨਾ ਸਿਰਫ ਚੀਨੀ, ਬਲਕਿ ਯੂ.ਏ.ਈ. ਸਮੇਤ ਬਹੁਤ ਸਾਰੇ ਇਸਲਾਮੀ ਦੇਸ਼ਾਂ ਦੇ ਅਧਿਕਾਰੀ ਵੀ ਪਾਕਿਸਤਾਨ ਵਿਚ ਹਿੰਦੀ ਸਿੱਖ ਰਹੇ ਹਨ। ਇਹ ਸਚਮੁਚ ਅਜੀਬ ਇਤਫਾਕ ਹੈ ਕਿ ਪਾਕਿਸਤਾਨ ਹਿੰਦੀ ਸਿੱਖਣ ਅਤੇ ਪੜ੍ਹਾਉਣ ਦੇ ਕੇਂਦਰ ਦੇ ਰੂਪ ਵਿਚ ਉਭਰ ਰਿਹਾ ਹੈ। ਹਾਲ ਹੀ ਵਿਚ ਜਦੋਂ ਮੈਂ ਲੰਡਨ ਗਿਆ ਤਾਂ ਇਕ ਰੇਸਟੋਰੈਂਟ ਵਿਚ ਮੇਰੀ ਮੁਲਾਕਾਤ ਇਕ ਚੀਨੀ ਔਰਤ ਨਾਲ ਹੋਈ। ਉਸ

**ਆਰ. ਕੇ. ਸਿਨਹਾ**

ਨੇ ਮੇਰੇ ਕੋਲੋਂ ਟੁੱਟੀ-ਭੱਜੀ ਹਿੰਦੀ ਵਿਚ ਪੁੱਛਿਆ, "ਕੀ ਤੁਸੀਂ ਭਾਰਤ ਤੋਂ ਹੋ?"

ਸੁਭਾਵਿਕ ਤੌਰ 'ਤੇ ਹਿੰਦੀ ਨੇ ਸਾਨੂੰ ਦੋਵਾਂ ਨੂੰ ਐਨ ਮੌਕੇ 'ਤੇ ਦੋਸਤ ਬਣਾ ਦਿਤਾ। ਉਸ ਨੇ ਦੱਸਿਆ ਕਿ ਉਸ ਨੇ ਪਾਕਿਸਤਾਨ ਤੋਂ ਹਿੰਦੀ ਭਾਸ਼ਾ ਵਿਚ ਪੋਸਟ ਗ੍ਰੈਜੂਏਸ਼ਨ ਕੀਤੀ ਹੈ। ਜਦੋਂ ਮੈਂ ਉਸ ਨੂੰ ਪਾਕਿਸਤਾਨ ਵਿਚ ਇਕ ਹਿੰਦੀ ਸਕਾਲਰ ਦੇ ਰੂਪ ਵਿਚ ਆਪਣੇ ਤਜਰਬਿਆਂ ਬਾਰੇ ਕੁਝ ਹੋਰ ਗੱਲਾਂ ਦੱਸਣ ਲਈ ਕੁਰੇਦਿਆ ਤਾਂ ਉਸ ਨੇ ਦੱਸਿਆ ਕਿ ਇਸਲਾਮਾਬਾਦ ਸਥਿਤ 'ਨੈਸ਼ਨਲ ਯੂਨੀਵਰਸਿਟੀ ਆਫ ਮਾਡਰਨ ਲੈਂਗੁਏਜਿਜ਼' ਉਨ੍ਹਾਂ ਲੋਕਾਂ ਲਈ ਕਲਾਸਾਂ ਦਾ ਪ੍ਰਬੰਧ ਕਰਦੀ ਹੈ ਜੋ ਹਿੰਦੀ ਸਿੱਖਣਾ ਚਾਹੁੰਦੇ ਹਨ। ਉਥੇ ਬਹੁਤ ਸਾਰੇ ਪਾਕਿਸਤਾਨੀਆਂ ਦੇ ਨਾਲ-ਨਾਲ ਵਿਦੇਸ਼ੀ ਵੀ ਹਿੰਦੀ ਸਿੱਖਦੇ ਹਨ।

ਬਾਅਦ ਵਿਚ ਪਤਾ ਲੱਗਾ ਕਿ ਇਹ ਯੂਨੀਵਰਸਿਟੀ 1973 ਵਿਚ ਸਥਾਪਿਤ ਕੀਤੀ ਗਈ ਸੀ ਅਤੇ ਹਿੰਦੀ ਵਿਚ ਸਰਟੀਫਿਕੇਟ, ਡਿਪਲੋਮਾ, ਲੈਂਗੁਏਜਿਜ਼ ਕੋਰਸ, ਮਾਸਟਰਸ ਅਤੇ ਪੀਐਚ. ਡੀ. ਡਿਗਰੀਆਂ ਮੁਹੱਈਆ ਕਰਵਾਉਣ ਵਾਲੀ ਪਾਕਿਸਤਾਨ ਦੀ ਇਹ ਪਹਿਲੀ ਯੂਨੀਵਰਸਿਟੀ ਸੀ। ਇਸ ਤੋਂ ਬਾਅਦ ਲਾਹੌਰ ਸਥਿਤ ਪੰਜਾਬ ਯੂਨੀਵਰਸਿਟੀ ਨੇ ਵੀ 1983 ਵਿਚ ਹਿੰਦੀ ਭਾਸ਼ਾ ਵਿਚ ਵੱਖ-ਵੱਖ ਕੋਰਸ ਸ਼ੁਰੂ ਕੀਤੇ ਸਨ। ਯੂਨੀਵਰਸਿਟੀ ਆਫ ਕਰਾਚੀ ਵਿਚ ਕਦੇ ਹਿੰਦੀ ਵਿਭਾਗ ਹੁੰਦਾ ਸੀ, ਪਰ ਬਾਅਦ ਵਿਚ ਇਸ ਨੂੰ ਬੰਦ ਕਰ ਦਿਤਾ ਗਿਆ। ਇਸ ਤੱਥ ਦੇ ਮੱਦੇਨਜ਼ਰ ਕਰਾਚੀ ਉਨ੍ਹਾਂ ਲੱਖਾਂ ਲੋਕਾਂ ਦੀ ਕਰਮ ਭੂਮੀ ਹੈ ਜੋ ਆਪਣੀਆਂ ਜੜ੍ਹਾਂ ਯੂ.ਪੀ., ਦਿੱਲੀ ਜਾਂ ਬਿਹਾਰ ਨਾਲ ਜੋੜਦੇ ਹਨ। ਨੈਸ਼ਨਲ ਯੂਨੀਵਰਸਿਟੀ ਆਫ ਮਾਡਰਨ ਲੈਂਗੁਏਜਿਜ਼ ਅਤੇ ਯੂਨੀਵਰਸਿਟੀ ਆਫ ਪੰਜਾਬ ਨੇ ਜੇ ਸ਼ਲਾਘਾਯੋਗ ਯਤਨ ਨਾ ਕੀਤੇ ਹੁੰਦੇ, ਤਾਂ 1947 ਤੋਂ ਬਾਅਦ ਪਾਕਿਸਤਾਨ ਵਿਚ ਹਿੰਦੀ ਦਾ ਇਕ ਤਰ੍ਹਾਂ ਨਾਲ ਸਫਾਇਆ ਹੀ ਹੋ ਗਿਆ ਸੀ।

ਪਾਕਿਸਤਾਨ ਦੀਆਂ ਹੋਰਨਾਂ ਭਾਸ਼ਾਵਾਂ ਵਾਂਗ ਹਿੰਦੀ ਨੂੰ ਵੀ ਪਾਕਿਸਤਾਨ ਦੀ 'ਇਕ ਰਾਸ਼ਟਰ ਇਕ ਭਾਸ਼ਾ' ਨੀਤੀ ਕਾਰਨ ਬਹੁਤ ਨੁਕਸਾਨ ਉਠਾਉਣਾ ਪਿਆ। ਉਥੇ ਉਰਦੂ ਨੂੰ ਪੂਰੇ ਪਾਕਿਸਤਾਨ ਦੀ ਭਾਸ਼ਾ ਬਣਾ ਲਿਆ ਗਿਆ, ਜਦਕਿ ਨਵੇਂ ਬਣੇ ਪਾਕਿਸਤਾਨ ਦੇ ਕਿਸੇ ਵੀ ਹਿੱਸੇ ਦੀ ਇਹ ਭਾਸ਼ਾ ਨਹੀਂ ਸੀ। ਉਪਰੋਂ ਇਸ ਨੂੰ ਵਿਸ਼ੇਸ਼ ਰਿਆਇਤਾਂ ਮਿਲੀਆਂ। ਮੁਹੰਮਦ ਅਲੀ ਜਿਨਾਹ ਨੇ ਮਾਰਚ 1948 ਦੀ ਢਾਕਾ ਦੀ ਆਪਣੀ ਇਕੋ-ਇਕ ਯਾਤਰਾ ਦੌਰਾਨ ਹੀ ਉਰਦੂ ਨੂੰ ਪਾਕਿਸਤਾਨ ਦੀ ਰਾਸ਼ਟਰੀ ਭਾਸ਼ਾ ਐਲਾਨ ਦਿਤਾ ਸੀ। ਉਰਦੂ ਨੂੰ ਰਾਸ਼ਟਰ ਭਾਸ਼ਾ ਬਣਾਉਣ ਦੇ ਇਕਤਰਫਾ ਫੈਸਲੇ ਵਿਚ ਪੂਰਬੀ ਪਾਕਿਸਤਾਨ (ਅੱਜ ਕੱਲ੍ਹ ਬੰਗਲਾਦੇਸ਼) ਵਿਚ ਵੱਡੀ ਪੱਧਰ 'ਤੇ ਬੇਚੈਨੀ ਪੈਦਾ ਕੀਤੀ ਸੀ। ਲੋਕਾਂ ਨੂੰ ਲੱਗਣ ਲੱਗਾ ਸੀ ਕਿ ਉਨ੍ਹਾਂ ਨਾਲ ਧੋਖਾ ਹੋਇਆ ਹੈ, ਕਿਉਂਕਿ ਉਨ੍ਹਾਂ ਦੀ ਭਾਸ਼ਾ ਨਾਲ ਦੁਰਵਿਹਾਰ ਹੋ ਰਿਹਾ ਸੀ। ਇਸ ਗੱਲ ਨੇ ਪੂਰਬੀ ਤੇ ਪੱਛਮੀ ਪਾਕਿਸਤਾਨ ਵਿਚਾਲੇ ਡੂੰਘਾ ਪਾੜਾ ਵੀ ਪੈਦਾ ਕੀਤਾ।

ਯੂਨੀਵਰਸਿਟੀ ਆਫ ਪੰਜਾਬ ਅਤੇ ਨੈਸ਼ਨਲ ਯੂਨੀਵਰਸਿਟੀ ਆਫ ਮਾਡਰਨ ਲੈਂਗੁਏਜਿਜ਼, ਦੋਵਾਂ ਦੇ ਹਿੰਦੀ ਵਿਭਾਗਾਂ ਦਾ ਭਾਰਤ ਨਾਲ ਡੂੰਘਾ ਨਾਤਾ ਹੈ। ਉਥੇ ਪੜ੍ਹਾਉਣ ਵਾਲੀਆਂ ਜ਼ਿਆਦਾਤਰ ਮਹਿਲਾਵਾਂ ਵਿਆਹ ਤੋਂ ਬਾਅਦ ਹੀ ਪਾਕਿਸਤਾਨ ਵਿਚ ਗਈਆਂ ਸਨ। ਇਨ੍ਹਾਂ ਮਹਿਲਾਵਾਂ ਨੇ ਪਟਨਾ ਯੂਨੀਵਰਸਿਟੀ, ਚੌਧਰੀ ਚਰਨ ਸਿੰਘ ਯੂਨੀਵਰਸਿਟੀ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਰਗੀਆਂ ਵੱਖ-ਵੱਖ ਭਾਰਤੀ ਯੂਨੀਵਰਸਿਟੀਆਂ ਵਿਚ ਸਿੱਖਿਆ ਹਾਸਲ ਕੀਤੀ ਹੋਈ ਹੈ।

ਇਸੇ ਦੌਰਾਨ ਪਾਕਿਸਤਾਨ ਨੇ ਵਿਸ਼ਵ, ਨੀਤੀ, ਸਬੰਧ, ਆਸ਼ੀਰਵਾਦ, ਚਰਚਾ, ਪਤੀ-ਪਤਨੀ, ਨਿਰਾਸ਼ਾ, ਸ਼ਾਂਤੀ ਆਦਿ ਵਰਗੇ ਢੇਰਾਂ ਹਿੰਦੀ ਸ਼ਬਦ ਵਰਤਣੇ ਸ਼ੁਰੂ ਕਰ ਦਿਤੇ ਹਨ। ਇਸ ਤੋਂ ਪਹਿਲਾਂ ਹਿੰਦੀ ਸ਼ਬਦ ਉਨ੍ਹਾਂ ਦੀ ਗੱਲਬਾਤ ਦਾ ਹਿੱਸਾ ਨਹੀਂ ਸਨ ਹੁੰਦੇ। ਇਹ ਮੰਨਿਆ ਜਾਂਦਾ ਹੈ ਕਿ ਇਹ ਹਿੰਦੀ ਫਿਲਮਾਂ ਅਤੇ ਭਾਰਤੀ ਟੀ.ਵੀ. ਸੀਰੀਅਲਾਂ ਦਾ ਹੀ ਪ੍ਰਭਾਵ ਹੈ। ਪਾਕਿਸਤਾਨ ਦੇ ਹਰ ਵਿਭਾਗ ਵਿਚ ਇਨ੍ਹਾਂ ਸੀਰੀਅਲਾਂ ਨੂੰ ਦੇਖਣ ਦਾ ਜਨੂੰਨ ਲੋਕਾਂ 'ਤੇ ਸਵਾਰ ਹੈ। ਇਕ ਵਾਰ ਇਕ ਪਾਕਿਸਤਾਨੀ ਨੇ ਮੈਨੂੰ ਦੱਸਿਆ ਸੀ ਕਿ ਰਮਾਇਣ ਅਤੇ ਮਹਾਂਭਾਰਤ ਵਰਗੇ ਸੀਰੀਅਲਾਂ ਤੋਂ ਪਾਕਿਸਤਾਨੀਆਂ ਨੇ ਵੱਡੀ ਪੱਧਰ 'ਤੇ ਹਿੰਦੀ ਸਿੱਖੀ ਹੈ। ਇਨ੍ਹਾਂ ਸੀਰੀਅਲਾਂ ਨੇ ਉਨ੍ਹਾਂ ਦੇ ਅੰਦਰ ਭਾਰਤੀ ਸੰਸਕ੍ਰਿਤੀ ਤੇ ਮਹਾਂਕਾਵਾਂ ਬਾਰੇ ਹੋਰ ਡੂੰਘਾਈ ਨਾਲ ਜਾਣਨ ਦੀ ਜਿਗਿਆਸਾ ਪੈਦਾ ਕੀਤੀ ਹੈ। ਦੁੱਖ ਦੀ ਗੱਲ ਹੈ ਕਿ ਦੇਸ਼ ਦੀ ਵੰਡ ਤੋਂ ਬਾਅਦ ਜ਼ਿਆਦਾਤਰ ਪਾਕਿਸਤਾਨੀ ਨੌਜਵਾਨਾਂ ਨੇ ਭਾਰਤੀ ਮਹਾਕਾਵਾਂ ਬਾਰੇ ਕੁਝ ਸਿੱਖਣ ਦਾ ਯਤਨ ਨਹੀਂ ਕੀਤਾ। ਉਹ ਭਾਰਤ ਅਤੇ ਹਿੰਦੂ ਵਿਰੋਧੀ ਪ੍ਰਾਪੇਗੰਡਾ ਸੁਣਦੇ ਹੀ ਵੱਡੇ ਹੋਏ ਹਨ।

*ਪਾਕਿਸਤਾਨ ਦੀਆਂ ਦੋ ਯੂਨੀਵਰਸਿਟੀਆਂ ਵਲੋਂ ਭਾਵੇਂ ਸਰਟੀਫਿਕੇਟ ਕੋਰਸਾਂ ਤੋਂ ਲੈ ਕੇ ਪੀਐਚ. ਡੀ. ਪੱਧਰ ਤਕ ਦੀ ਪੜ੍ਹਾਈ ਕਰਵਾਈ ਜਾ ਰਹੀ ਹੈ, ਤਾਂ ਵੀ ਉਥੇ ਹਿੰਦੀ ਪੜ੍ਹਾਉਣ ਵਾਲੇ ਸਿਖਲਾਈਯਾਫਤਾ ਲੋਕਾਂ ਦੀ ਘਾਟ ਹੈ, ਕਿਉਂਕਿ ਉਥੇ ਭਾਸ਼ਾ ਨੂੰ ਵਧੀਆ ਢੰਗ ਨਾਲ ਉਤਸ਼ਾਹਿਤ ਨਹੀਂ ਕੀਤਾ ਜਾਂਦਾ। ਇਨ੍ਹਾਂ ਦੋਵਾਂ ਯੂਨੀਵਰਸਿਟੀਆਂ ਵਿਚ ਪੜ੍ਹਾਉਣ ਵਾਲੇ ਪ੍ਰੋਫੈਸਰਾਂ ਦੀਆਂ ਜੜ੍ਹਾਂ ਭਾਰਤ ਵਿਚ ਹੀ ਹਨ, ਪਰ ਉਹ ਭਾਰਤ ਵਿਚ ਹਿੰਦੀ ਪੜ੍ਹੇ ਹੋਣ ਦੇ ਬਾਵਜੂਦ ਅਧਿਆਪਨ ਦੇ ਕੰਮਾਂ ਵਿਚ ਜ਼ਿਆਦਾ ਟ੍ਰੇਨਿੰਗ ਹਾਸਲ ਨਹੀਂ।*




ਫਿਰ ਵੀ ਸੋਸ਼ਲ ਮੀਡੀਆ ਦੇ ਰੁਝਾਨ ਨਾਲ ਹਾਲਾਤ ਬਦਲਣੇ ਸ਼ੁਰੂ ਹੋਏ ਹਨ। ਜਾਣਕਾਰੀ ਦੇ ਮੁੱਖ ਪ੍ਰਵਾਹ ਵਿਚ ਸਿੱਖਣ ਦੀ ਜਿਗਿਆਸਾ ਰੱਖਣ ਵਾਲੇ ਕਿਸੇ ਵੀ ਬੰਦੇ ਲਈ ਅਸੀਮਤ ਮੌਕੇ ਪੈਦਾ ਕਰ ਦਿਤੇ ਹਨ। ਕੁਝ ਪਾਕਿਸਤਾਨੀਆਂ ਲਈ ਤਾਂ ਹਿੰਦੀ ਦਾ ਗਿਆਨ ਉਨ੍ਹਾਂ ਨੂੰ ਹਿੰਦੀ ਮੀਡੀਆ ਨੂੰ ਫਾਲੋ ਕਰਨ ਅਤੇ ਗੁਆਂਢੀ ਦੇਸ਼ ਭਾਰਤ ਬਾਰੇ ਡੂੰਘੀ ਜਾਣਕਾਰੀ ਹਾਸਲ ਕਰਨ ਦੇ ਯੋਗ ਬਣਾਉਂਦਾ ਹੈ, ਜਦਕਿ ਕਈ ਦੂਜਿਆਂ ਲਈ ਇਹ ਨਿੱਜੀ ਸ਼ੌਕ ਦਾ ਮਾਮਲਾ ਹੈ। ਭੋਪਾਲ ਵਿਚ 2015 ਵਿਚ ਹੋਏ ਵਿਸ਼ਵ ਹਿੰਦੀ ਸੰਮੇਲਨ ਵਿਚ ਕੁਝ ਮੰਨੇ-ਪ੍ਰਮੰਨੇ ਹਿੰਦੀ ਵਿਦਵਾਨਾਂ ਨੇ ਦੱਸਿਆ ਸੀ ਕਿ ਪਾਕਿਸਤਾਨ ਦੀਆਂ ਦੋ ਯੂਨੀਵਰਸਿਟੀਆਂ ਵਲੋਂ ਭਾਵੇਂ ਸਰਟੀਫਿਕੇਟ ਕੋਰਸਾਂ ਤੋਂ ਲੈ ਕੇ ਪੀਐਚ. ਡੀ. ਪੱਧਰ ਤਕ ਦੀ ਪੜ੍ਹਾਈ ਕਰਵਾਈ ਜਾ ਰਹੀ ਹੈ, ਤਾਂ ਵੀ ਉਥੇ ਹਿੰਦੀ ਪੜ੍ਹਾਉਣ ਵਾਲੇ ਸਿਖਲਾਈਯਾਫਤਾ ਲੋਕਾਂ ਦੀ ਘਾਟ ਹੈ, ਕਿਉਂਕਿ ਉਥੇ ਭਾਸ਼ਾ ਨੂੰ ਵਧੀਆ ਢੰਗ ਨਾਲ ਉਤਸ਼ਾਹਿਤ ਨਹੀਂ ਕੀਤਾ ਜਾਂਦਾ। ਇਨ੍ਹਾਂ ਦੋਵਾਂ ਯੂਨੀਵਰਸਿਟੀਆਂ ਵਿਚ ਪੜ੍ਹਾਉਣ ਵਾਲੇ ਪ੍ਰੋਫੈਸਰਾਂ ਦੀਆਂ ਜੜ੍ਹਾਂ ਭਾਰਤ ਵਿਚ ਹੀ ਹਨ, ਪਰ ਉਹ ਭਾਰਤ ਵਿਚ ਹਿੰਦੀ ਪੜ੍ਹੇ ਹੋਣ ਦੇ ਬਾਵਜੂਦ ਅਧਿਆਪਨ ਦੇ ਕੰਮਾਂ ਵਿਚ ਜ਼ਿਆਦਾ ਟ੍ਰੇਨਿੰਗ ਹਾਸਲ ਨਹੀਂ। ਦੂਜੇ ਪਾਸੇ ਲਾਹੌਰ ਸਥਿਤ ਸੈਂਟਰ ਫਾਰ ਸਾਊਥ ਏਸ਼ੀਅਨ ਸਟੱਡੀ ਵਿਚ ਖੇਤਰੀ ਭਾਸ਼ਾਵਾਂ ਵਿਚ ਐਮ.ਫਿਲ. ਕਰਨ ਵਾਲੇ ਵਿਦਿਆਰਥੀਆਂ ਲਈ ਹਿੰਦੀ ਦਾ ਪਰਚਾ ਜ਼ਰੂਰੀ ਕਰ ਦਿਤਾ ਗਿਆ ਹੈ। ਭਾਰਤ ਨਾਲ ਡੂੰਘੇ ਸਭਿਆਚਾਰਕ ਸੰਬੰਧ ਹੋਣ ਕਾਰਨ ਖੇਤਰੀ ਭਾਸ਼ਾਵਾਂ ਸਿੱਖਣ ਅਤੇ ਬਿਹਤਰ ਢੰਗ ਨਾਲ ਸੰਵਾਦ ਰਚਾਉਣ ਦੇ ਸਮਰੱਥ ਹੋਣ ਦੀ ਜਿਗਿਆਸਾ ਪਾਕਿਸਤਾਨ ਵਿਚ ਹਿੰਦੀ ਪ੍ਰਤੀ ਸਾਰੇ ਲੋਕਾਂ ਨੂੰ ਹਿੰਦੀ ਪੜ੍ਹਨ ਲਈ ਪ੍ਰੇਰਿਤ ਕਰ ਰਹੀ ਹੈ।

# ਸਾਹਿਤ, ਸੰਤਾਪ ਤੇ ਰਾਜਨੀਤੀ: ਚੰਡੀਗੜ੍ਹ ਨਾਟ ਉਤਸਵ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਚੰਡੀਗੜ੍ਹ ਸੰਗੀਤ ਨਾਟਕ ਅਕਾਦਮੀ ਦਾ ਚਾਰ ਰੋਜ਼ਾ ਨਾਟ ਉਤਸਵ ਜੀਵਨ ਦੀਆਂ ਸਾਰੀਆਂ ਤੰਦਾਂ ਝੰਜੋੜਨ ਵਾਲਾ ਸੀ। ਪਹਿਲੇ ਦਿਨ ਕਲਕੱਤਾ ਦੀ ਟੋਲੀ ਨੇ 'ਬਦਨਾਮ ਮੰਟੋ' ਵਿਚ ਤਿੰਨ ਕਹਾਣੀਆਂ 'ਕਾਲੀ ਸਲਵਾਰ', 'ਲਾਈਸੈਂਸ' ਤੇ 'ਹੱਤਕ' ਨੂੰ ਦਰਸ਼ਕਾਂ ਸਾਹਮਣੇ ਇੰਜ ਪੇਸ਼ ਕੀਤਾ ਜਿਵੇਂ ਉਹ ਅਜੋਕੀਆਂ ਘਟਨਾਵਾਂ ਹੋਣ। ਇਥੇ ਸਆਦਤ ਹਸਨ ਮੰਟੋ ਵੇਸਵਾਗਮਨੀ ਜਾਂ ਇਸ ਨਾਲ ਮਿਲਦੇ-ਜੁਲਦੇ ਧੰਦੇ ਦਾ ਸ਼ਿਕਾਰ ਹੋਈਆਂ ਔਰਤਾਂ ਦਾ ਕਲਾਤਮਕ ਢੰਗ ਨਾਲ ਡਟ ਕੇ ਪੱਖ




*ਮਹਾਰਾਣੀ ਐਲਿਜ਼ਾਬੈਥ ਦੇ ਸਿਰ 'ਤੇ ਸਜਿਆ ਕੋਹਿਨੂਰ*


ਪੂਰਦਾ ਹੈ। ਸੁਲਤਾਨਾ ਆਪਣਾ ਧੰਦਾ ਅੰਬਾਲਾ ਤੋਂ ਦਿੱਲੀ ਲੈ ਜਾਂਦੀ ਹੈ ਤਾਂ ਗਾਹਕ ਹੀ ਨਹੀਂ ਦਲਾਲ ਵੀ ਧੋਖਾ ਦਿੰਦਾ ਹੈ। ਇਨਾਇਤ ਆਪਣੇ ਤਾਂਗੇ ਵਾਲੇ ਪਤੀ ਦੀ ਮੌਤ ਪਿੱਛੋਂ ਮਜਬੂਰ ਹੋ ਕੇ ਉਹਦਾ ਤਾਂਗਾ ਖ਼ੁਦ ਚਲਾਉਣ ਲਗਦੀ ਹੈ ਤਾਂ ਪੁਲਸੀਏ ਉਸ ਨੂੰ ਲਾਈਸੈਂਸ ਤੋਂ ਬਿਨਾ ਤਾਂਗਾ ਚਲਾਉਣ ਉਤੇ ਏਨਾ ਪ੍ਰੇਸ਼ਾਨ ਕਰਦੇ ਹਨ ਕਿ ਉਹ ਵੇਸਵਾਵਾਂ ਵਰਗਾ ਜੀਵਨ ਜਿਉਣ ਲਈ ਮਜਬੂਰ ਹੋ ਜਾਂਦੀ ਹੈ। ਸੁਗੰਧੀ ਨਾਂ ਦੀ ਵੇਸਵਾ ਨੂੰ ਜਦੋਂ ਅਮੀਰ ਗਾਹਕ ਠੁਕਰਾਉਂਦਾ ਹੈ ਤਾਂ ਉਹ ਆਪਣੀ ਹੱਤਕ ਧੋਣ ਲਈ ਆਪਣੇ ਪਾਲਤੂ ਕੁੱਤੇ ਨੂੰ ਆਪਣੀ ਬੁੱਕਲ ਵਿਚ ਸੁਆ ਕੇ ਆਪਣਾ ਅਪਮਾਨ ਧੋ ਲੈਂਦੀ ਹੈ।

ਦੂਜੇ ਦਿਨ ਭੂਪਾਲ ਦੀ ਸਭਿਆਚਾਰਕ ਸੰਸਥਾ ਨਾਂ ਦੀ ਟੋਲੀ 'ਪਲੀਜ਼ ਮਤ ਜਾਓ' ਨਾਂ ਦੇ ਨਾਟਕ ਵਿਚ ਔਰਤ ਦੀ ਆਸ਼ਾ, ਨਿਰਾਸ਼ਾ ਤੇ ਸੰਤਾਪ ਦਾ ਟਾਕਰਾ ਮਰਦ ਵਲੋਂ ਆਦਰਸ਼ਕ ਤੇ ਰਵਾਇਤੀ ਕਦਰਾਂ-ਕੀਮਤਾਂ ਨੂੰ ਲਾਂਭੇ ਰਖ ਕੇ ਆਪਣੀ ਐਸ਼ ਇਸ਼ਰਤ ਨੂੰ ਪਹਿਲ ਦੇਣ ਨਾਲ ਪੇਸ਼ ਕਰਦੀ ਹੈ। ਮਰਦ ਦੀ ਰਹਿ ਚੁੱਕੀ ਸਾਥਣ ਤੇ ਵਰਤਮਾਨ ਪ੍ਰੇਮਿਕਾ ਉਸ ਦੇ ਤੁਰ ਜਾਣ ਦੇ ਡਰੋਂ ਕਿੰਨੀਆਂ ਬੇਬਸ ਤੇ ਲਾਚਾਰ ਵਿਖਾਈਆਂ ਹਨ, ਉਨ੍ਹਾਂ ਦੀ ਅਦਾਕਾਰੀ ਦੀ ਸਿਖਰ ਹੈ ਸੀ। ਪਿਆਰ ਕੀ ਹੁੰਦਾ ਹੈ ਤੇ ਅੰਦਰਲੇ ਮਨੋਂ ਮਨੁੱਖ ਕਿਸ ਨੂੰ ਪਿਆਰ ਕਰਦਾ ਹੈ, ਦੀ ਪੇਸ਼ਕਾਰੀ ਤਣਾਓ ਨੂੰ ਟੀਸੀ 'ਤੇ ਲੈ ਜਾਂਦੀ ਹੈ। ਕੁਝ ਇਸੇ ਤਰ੍ਹਾਂ ਦਾ ਵਿਸ਼ਾ ਲਖਨਊ ਦੀ 'ਮੰਚਕ੍ਰਿਤੀ' ਨਾਂ ਦੀ ਸੰਸਥਾ ਵਲੋਂ ਪੇਸ਼ ਕੀਤੇ ਨਾਟਕ 'ਹਨੀਮੂਨ' ਦਾ ਹੈ ਜਿਸ ਵਿਚ ਨਵਵਿਆਹੇ ਪਤੀ ਦਾ ਝੂਠ ਉਸ ਦੀ ਸੁੰਦਰ ਸਜੀਲੀ ਵਹੁਟੀ ਨੂੰ ਪਤੀ ਦੀ ਕੰਪਨੀ ਦੇ ਮੁਖੀ ਦੇ ਕਲਾਵੇ ਵਿਚ ਸੁੱਟ ਦਿੰਦਾ ਹੈ।

ਚੌਥਾ ਨਾਟਕ 'ਇਫਾਕਤ' ਭਾਰਤੀ ਇਤਿਹਾਸ ਦਾ ਦਰਦਨਾਕ ਕਾਂਡ ਹੈ। ਇਸ ਵਿਚ ਦਿੱਲੀ ਦੇ ਤੀਹ ਮੈਂਬਰੀ ਗਰੁਪ ਦੀ ਵੀਨਾ ਸ਼ਰਮਾ ਕੰਨੜ ਭਾਸ਼ਾ ਦੇ ਮਹਾਕਾਵਿ 'ਗੁਨਪੁਨਾ' ਨੂੰ ਹਿੰਦੀ ਭਾਸ਼ਾ ਵਿਚ ਢਾਲਦੀ ਹੈ। ਇਸ ਵਿਚ ਦਿੱਲੀ ਵਿਚ ਨਾਦਰਸ਼ਾਹੀ ਲੁੱਟ-ਖਸੁੱਟ ਤੇ ਕਤਲੇਆਮ ਏਨਾ ਘਿਨਾਉਣਾ ਹੈ ਕਿ ਨਾਦਰਸ਼ਾਹ ਆਪਣੀਆਂ ਕਰਤੂਤਾਂ ਦੇ ਭਾਰ ਥੱਲੇ ਮਾਨਸਿਕ ਰੋਗੀ ਹੋ ਜਾਂਦਾ ਹੈ। ਖੁਰਾਸਾਨ ਦੇ ਗਰੀਬ ਪਰਿਵਾਰ ਤੋਂ ਸਿਕੰਦਰ ਬਣੇ ਇਸ ਬਾਦਸ਼ਾਹ ਨੂੰ ਬੱਲੀਮਾਰਾਂ (ਦਿੱਲੀ) ਦੇ ਇੱਕ ਬਜ਼ੁਰਗ ਤਬੀਬ ਦੀ ਸ਼ਰਨ ਲੈਣੀ ਪੈਂਦੀ ਹੈ। ਨਾਟਕ ਦਾ ਉਰਦੂ ਵਾਰਤਾਲਾਪ ਤੇ ਮੁਗਲਈ ਪਹਿਰਾਵਾ ਦਰਸ਼ਕ ਨੂੰ ਤਿੰਨ ਸੌ ਸਾਲ ਪੁਰਾਣੀ ਦਿੱਲੀ ਦੇ ਦਰਸ਼ਨ ਕਰਵਾ ਦਿੰਦਾ ਹੈ।



*ਬਾਦਸ਼ਾਹ ਸ਼ਾਹ ਜਹਾਂ ਅਤੇ ਬੇਗਮ ਮੁਮਤਾਜ*



*ਤਖਤ-ਏ-ਤਾਊਸ*

ਇਨ੍ਹਾਂ ਨਾਟਕਾਂ ਦੀ ਵਧੀਆ ਪੇਸ਼ਕਾਰੀ ਸਿੱਧ ਕਰਦੀ ਹੈ ਕਿ ਨਾਟਕ ਇਕੋ ਇੱਕ ਵਿਧਾ ਹੈ ਜਿਸ ਵਿਚ ਕਵਿਤਾ, ਸੰਗੀਤ ਤੇ ਸਾਹਿਤ ਇੱਕ ਸੰਗਮ ਬਣ ਕੇ ਉਭਰਦੇ ਹਨ। ਉਤਸਵ ਨੂੰ ਵੇਖਣ ਵਾਲਿਆਂ ਵਿਚ ਪੰਜਾਬ ਦਾ ਰਾਜਪਾਲ ਵੀ.ਕੇ. ਸਿੰਘ ਬਦਨੌਰ, ਉਸ ਦੇ ਸਲਾਹਕਾਰ ਪਰੀਮਲ ਰਾਇ ਤੇ ਸਕਤਰ ਐਮ.ਪੀ. ਸਿੰਘ ਤੋਂ ਬਿਨਾ ਚੰਡੀਗੜ੍ਹ ਪ੍ਰਸ਼ਾਸਨ ਦਾ ਗ੍ਰਹਿ ਸਕੱਤਰ ਅਨੁਰਾਗ ਅਗਰਵਾਲ, ਸਭਿਆਚਾਰਕ ਵਿਭਾਗ ਦਾ ਡਾਇਰੈਕਟਰ, ਜਤਿੰਦਰ ਯਾਦਵ ਹੀ ਨਹੀਂ ਪੁਲਿਸ ਕਮਿਸ਼ਨਰ ਰਾਜਬੀਰ ਤੇ ਸੇਵਾ ਮੁਕਤ ਆਈ.ਏ.ਐਸ. ਅਫਸਰ ਐਨ.ਐਸ. ਰਤਨ ਵੀ ਸ਼ਾਮਲ ਸਨ।

ਇਨ੍ਹਾਂ ਨਾਟਕਾਂ ਦੀ ਵੱਡੀ ਖੂਬੀ ਦਰਸ਼ਕਾਂ ਨੂੰ ਸਾਹਿਤ, ਰਾਜਨੀਤੀ ਤੇ ਇਤਿਹਾਸ ਦੇ ਉਨ੍ਹਾਂ ਪੰਨਿਆਂ ਵਿਚ ਲੈ ਜਾਣਾ ਸੀ ਜਿਨ੍ਹਾਂ ਵਿਚ ਮੰਟੋ ਨੂੰ ਉਸ ਦੀ ਬੁਲੰਦ ਰਚਨਾਕਾਰੀ ਲਈ ਕਚਹਿਰੀਆਂ ਦੇ ਧੱਕੇ ਖਾਣੇ ਪਏ। ਚੇਤਨ ਦਰਸ਼ਕ ਇਹ ਸੋਚੇ ਬਿਨਾ ਨਹੀਂ ਰਹਿ ਸਕੇ ਕਿ ਨਾਦਰਸ਼ਾਹ ਵਲੋਂ ਲੁੱਟਿਆ ਕੋਹਿਨੂਰ ਹੀਰਾ ਅਹਿਮਦ ਸ਼ਾਹ ਦੁਰਾਨੀ ਤੇ ਮਹਾਰਾਜਾ ਰਣਜੀਤ ਸਿੰਘ ਦੇ ਹੱਥਾਂ ਵਿਚੋਂ ਲੰਘ ਕੇ ਰਾਜਨੀਤਕ ਪਲਟਿਆਂ ਸਦਕਾ ਕਿਵੇਂ ਮਲਿਕਾ ਐਲਿਜ਼ਬੈਥ ਦੇ ਮੁਕਟ ਵਿਚ ਜਾ ਲੱਗਾ। ਇਹ ਵੀ ਕਿ ਗੋਲਕੰਡਾ ਦੇ ਹਾਕਮ ਵਲੋਂ ਸ਼ਾਹ ਜਹਾਂ ਨੂੰ ਨਜ਼ਰ ਕੀਤੇ ਜਾਣ ਸਮੇਂ ਇਸ ਦਾ ਵਜ਼ਨ 319 ਰੱਤੀਆਂ ਸੀ ਤੇ ਉਸ ਤੋਂ ਪਿੱਛੋਂ ਦੀ ਘੜ-ਘੜਾਈ ਨੇ 107 ਰੱਤੀ ਕਰ ਛੱਡਿਆ ਹੈ। ਇਹ ਵੀ ਕਿ ਸ਼ਾਹ ਜਹਾਂ ਵਲੋਂ ਸੱਤ ਕਰੋੜ ਦਸ ਲੱਖ ਰੁਪਏ ਲਾ ਕੇ ਬਣਵਾਏ ਤਖਤ-ਏ-ਤਾਊਸ ਨੂੰ ਨਾਦਰਸ਼ਾਹ ਦੇ ਵਾਰਸਾਂ ਨੇ ਉਸ ਵਿਚ ਜੜੇ ਹੀਰੇ ਮੋਤੀਆਂ ਦੀ ਵੰਡ ਸਮੇਂ ਕਿਵੇਂ ਟੁਕੜੇ-ਟੁਕੜੇ ਕਰ ਛੱਡਿਆ ਸੀ।

**ਯੂਨੀਵਰਸਟੀ ਸਟੂਡੈਂਟਸ ਕੌਂਸਲ ਦੀ ਧਰਮ-ਨਿਰਪੱਖਤਾ:** ਇਸ ਵਾਰੀ ਪੰਜਾਬ ਯੂਨੀਵਰਸਟੀ ਸਟੂਡੈਂਟਸ ਕੌਂਸਲ ਦੀਆਂ ਚੋਣਾਂ ਵਿਚ ਸਿਆਸਤਦਾਨਾਂ ਦੇ ਥਾਪੜੇ ਵਾਲੇ ਉਮੀਦਵਾਰਾਂ ਦਾ ਹਾਰਨਾ ਬਹੁਤ ਚੰਗੀ ਗੱਲ ਹੈ। ਪੰਜਾਬ ਯੂਨੀਵਰਸਟੀ ਸਟੂਡੈਂਟਸ ਯੂਨੀਅਨ ਤੇ ਸਟੂਡੈਂਟਸ ਫਰੰਟ ਦਾ ਨਿਸ਼ਾਂਤ ਕੌਸ਼ਲ ਪ੍ਰਧਾਨ, ਅਵਨੀਤ ਕੌਰ ਮੀਤ ਪ੍ਰਧਾਨ, ਆਸ਼ਿਕ ਮੁਹੰਮਦ ਸਕੱਤਰ ਤੇ ਅਮਿਤ ਕੌਸ਼ਕ ਦੀ ਸੰਯੁਕਤ ਸਕੱਤਰ ਵਜੋਂ ਜਿੱਤ ਕਾਫੀ ਵੱਡੀ ਪ੍ਰਾਪਤੀ ਹੈ। ਚਾਰ ਸਾਲ ਤੋਂ ਖੁੱਡੇ ਲਾਈਨ ਲੱਗੀ ਵਿਦਿਆਰਥੀ ਜਥੇਬੰਦੀ ਨੇ ਸਿਆਸੀ ਥਾਪੜੇ ਵਾਲੀਆਂ ਜਥੇਬੰਦੀਆਂ ਨੂੰ ਹਰਾ ਕੇ ਹਰ ਇੱਕ ਨੂੰ ਹੈਰਾਨ ਕਰ ਛੱਡਿਆ ਹੈ। ਇਸ ਵਾਰ ਦੀਆਂ ਚੋਣਾਂ ਵਿਚ ਇੱਕ ਲਿੰਗਹੀਣ ਵਿਦਿਆਰਥੀ ਧਨੰਜੈ ਚੌਹਾਨ ਦੇ ਪ੍ਰਥਮ ਵੋਟਰ ਬਣਨ ਦਾ ਵੀ ਸਵਾਗਤ ਕਰਨਾ ਬਣਦਾ ਹੈ।

**ਅੰਤਿਕਾ:** '84 ਤੋਂ ਲੈ ਕੇ'
(ਬਲਵਿੰਦਰ ਕੌਰ ਬਰਿਆਣਾ)
ਸੱਚ ਦੱਸਾਂ ਮੇਰਾ ਜ਼ਿਹਨ ਤਾਂ ਕਈ ਵਾਰ
ਬਾਗੀ ਹੋਇਆ ਹੈ ਇਸ ਵਤਨ ਤੋਂ, ਪਰ
ਇਸ ਤਨ 'ਤੇ ਬਾਗੀ ਸਿਰਨਾਵੇਂ ਉਕਰੇ ਨਹੀਂ
ਉਹ ਮੇਰੇ ਜਿਸਮ ਦੀ ਕਮਜ਼ੋਰੀ ਸੀ
ਜ਼ਿਹਨ ਦੀ ਨਹੀਂ।

# ਸਮਾਜਿਕ ਸਰੋਕਾਰਾਂ ਵਾਲਾ ਸਾਹਿਤ ਹੀ ਪਰਵਾਨ ਚੜ੍ਹਦਾ ਹੈ

***ਸਾਹਿਤ ਵਿਚ ਇਹ ਸਵਾਲ ਅਕਸਰ ਉਠਦਾ ਰਿਹਾ ਹੈ ਕਿ ਸਾਹਿਤ ਨਿਜ ਦਾ ਪ੍ਰਗਟਾਵਾ ਹੈ ਜਾਂ ਲੋਕ ਦਰਦ ਦਾ। ਇਸ ਲੇਖ ਵਿਚ ਚਿੰਤਕ ਡਾ. ਦੀਪਕ ਮਨਮੋਹਨ ਸਿੰਘ ਨੇ ਇਸੇ ਸਵਾਲ ਦੇ ਜਵਾਬ ਵਿਚ ਕਿਹਾ ਹੈ, ਕੋਈ ਵੀ ਰਚਨਾ ਭਾਵੇਂ ਉਹ ਕਹਾਣੀ ਹੈ, ਕਵਿਤਾ ਹੈ, ਜਿਹੜੀ ਸਮਾਜਕ ਸਰੋਕਾਰਾਂ ਨਾਲ ਨਹੀਂ ਜੁੜੀ ਹੋਈ, ਉਸ ਦਾ ਰਚਨਹਾਰਾ ਆਪਣੇ ਪਾਠਕਾਂ ਤੋਂ ਆਦਰਯੋਗ ਹੁੰਗਾਰਾ ਨਹੀਂ ਲੈ ਸਕਦਾ। ਜਿਥੋਂ ਤਕ ਪੰਜਾਬੀ ਪਾਠਕ ਜਾਂ ਪੰਜਾਬੀ ਲੋਕਾਂ ਦੇ ਸੁਭਾਅ ਦਾ ਸਵਾਲ ਹੈ, ਉਹ ਕਿਸੇ ਵੀ ਹਾਲਾਤ ਵਿਚ ਸ਼ਖਸੀ ਹੋ ਹੀ ਨਹੀਂ ਸਕਦਾ। ਉਸ ਦੀ ਹਮੇਸ਼ਾ ਪਹੁੰਚ ਆਪਣੇ ਆਲੇ-ਦੁਆਲੇ ਨਾਲ ਬਹੁਤ ਸੰਵੇਦਨਸ਼ੀਲ ਭਾਵੁਕ, ਆਦਰਯੋਗ, ਸੁਧਾਰਵਾਦੀ ਅਤੇ ਸੁਭਇੱਛਕ ਰਹੀ ਹੈ। -ਸੰਪਾਦਕ***



**ਡਾ. ਦੀਪਕ ਮਨਮੋਹਨ ਸਿੰਘ***
**ਫੋਨ: 91-98762-00380**

ਕਥਨ ਚੱਲਿਆ ਆਉਂਦਾ ਹੈ ਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੈ। ਸਾਹਿਤ ਸਮਾਜ ਦਾ ਸ਼ੀਸ਼ਾ ਹੀ ਨਹੀਂ ਬਲਕਿ ਸਮੁੱਚੇ ਜੀਵਨ ਦੀ ਤਸਵੀਰ ਹੈ। ਹਰ ਬੰਦੇ ਦਾ ਜੀਵਨ ਇਕ ਕਹਾਣੀ ਹੈ। ਹਰ ਬੰਦੇ ਕੋਲ ਕੋਈ ਨਾ ਕੋਈ ਕਹਾਣੀ ਜ਼ਰੂਰ ਹੁੰਦੀ ਹੈ। ਮੌਤ ਤੋਂ ਬਾਅਦ ਹਰ ਬੰਦਾ ਵੀ ਇਕ ਕਹਾਣੀ ਹੈ। ਸਾਹਿਤ ਨੂੰ ਕੁਝ ਲੋਕ ਨਿਰੋਲ ਕਲਪਨਾ ਮੰਨਦੇ ਹਨ, ਕਲਪਨਾ ਹੁੰਦਿਆਂ ਵੀ ਇਹ ਜ਼ਿੰਦਗੀ ਦਾ ਸਭ ਤੋਂ ਵੱਡਾ ਸੱਚ ਪੇਸ਼ ਕਰਦਾ ਹੈ।

ਪੰਜਾਬੀ ਸਾਹਿਤ ਮੁੱਢ ਤੋਂ ਹੀ ਸਮਾਜਕ ਸਰੋਕਾਰਾਂ ਦਾ ਸਾਹਿਤ ਰਿਹਾ ਹੈ, ਰਾਜਸੀ ਚੇਤਨਾ ਅਤੇ ਵਿਸ਼ਵੀ ਚੇਤਨਾ ਦਾ ਵੀ। ਇਸ ਦਾ ਸਭ ਤੋਂ ਵੱਡਾ ਕਾਰਨ ਹੈ, ਪੰਜਾਬ ਦੀ ਆਪਣੀ ਭੂਗੋਲਿਕਤਾ ਅਤੇ ਸਭਿਆਚਾਰਕ ਵਿਰਾਸਤ ਕਾਰਨ ਇਥੇ ਕੋਈ ਵੀ ਰਚਨਾ ਰਾਜਸੀ ਚੇਤਨਾ, ਵਿਸ਼ਵੀ ਚੇਤਨਾ ਅਤੇ ਸਮਾਜਿਕ ਚੇਤਨਾ ਤੋਂ ਬਿਨਾ ਹੋਂਦ ਵਿਚ ਆ ਹੀ ਨਹੀਂ ਸਕਦੀ। ਕੇਵਲ ਉਹੀ ਸਾਹਿਤਕਾਰ ਪਾਠਕਾਂ ਵਿਚ ਮਕਬੂਲ ਹੁੰਦੇ ਹਨ ਜੋ ਲੋਕਾਂ ਦੀ ਗੱਲ, ਲੋਕਾਂ ਦੀ ਨਬਜ਼ ਪਛਾਣ ਕੇ ਲੋਕ ਭਾਸ਼ਾ ਵਿਚ ਕਰਦੇ ਹਨ।

ਪੰਜਾਬੀ ਕਵਿਤਾ ਦੇ ਹਵਾਲੇ ਨਾਲ ਗੱਲ ਕਰੀਏ ਤਾਂ ਆਧੁਨਿਕ ਪੰਜਾਬੀ ਕਵਿਤਾ ਰੁਮਾਂਟਿਕ ਅਤੇ ਭਾਵੁਕਤਾ ਦੇ ਪ੍ਰਸੰਗ ਵਿਚ ਬੜੀ ਹਰਮਨ ਪਿਆਰੀ ਰਹੀ ਹੈ। ਭਾਈ ਵੀਰ ਸਿੰਘ ਦੀ ਕਵਿਤਾ ਅਧਿਆਤਮਕ ਰੰਗਣ ਦੀ ਹੋਂਦ ਦੇ ਬਾਵਜੂਦ ਸਮਾਜ ਵਿਚ ਆਪਣਾ ਸੁਨੇਹਾ ਕੁਦਰਤ ਦੇ ਕਾਦਰ ਦੇ ਜਲਵੇ ਰਾਹੀਂ ਦਿੰਦੀ ਹੈ। ਪਰ ਛੇਤੀ ਹੀ ਕਵਿਤਾ ਰੱਬ ਦੇ ਜਸ਼ਨ ਦੇ ਗੀਤ ਗਾਉਣ ਤੋਂ ਸਰੀਰਕ ਜਸ਼ਨ ਦੀ ਮਹਿਮਾ ਵੱਲ ਮੁੜ ਪਈ ਸੀ, ਜਿਸ ਦਾ ਸਿਹਰਾ ਅੰਮ੍ਰਿਤਾ ਪ੍ਰੀਤਮ, ਪ੍ਰੋ. ਮੋਹਨ ਸਿੰਘ ਅਤੇ ਹੋਰ ਸਮਕਾਲੀ ਕਵੀਆਂ ਨੂੰ ਜਾਂਦਾ ਹੈ। ਪਰ ਇਹ ਕਵਿਤਾ ਵੀ ਨਿਜੀ ਰੋਣੇ-ਧੋਣੇ ਦਾ ਸ਼ਿਕਾਰ ਬਣ ਕੇ ਰਹਿ ਗਈ। ਪ੍ਰੋ. ਮੋਹਨ ਸਿੰਘ ਨੂੰ ਕਹਿਣਾ ਪਿਆ,

ਨਾਲ ਭੁੱਖਾਂ ਇਸ਼ਕ ਲਿੱਸਾ
ਹੁਸਨ ਮਾਂਦਾ ਪੈ ਗਿਆ,
ਭੁੱਖ ਮਿਟਾਈਏ ਜਾਂ
ਹੁਸਨ ਦੇ ਗੀਤ ਗਾਈਏ ਸਾਥੀਓ।

ਲੋਕ ਸੰਘਰਸ਼ ਵਿਚ ਸ਼ਾਮਲ ਹੋਣ ਲਈ ਅੰਮ੍ਰਿਤਾ ਪ੍ਰੀਤਮ ਨੇ ਵੀ ਆਪਣੇ ਅੰਦਾਜ਼ ਵਿਚ ਹੋਕਾ ਦਿੱਤਾ,

ਹੁਸਨ ਇਸ਼ਕ ਦੀਆਂ ਗੱਲਾਂ ਵੇ ਬੀਬਾ,
ਵਿਹਲੇ ਵੇਲੇ ਦੀਆਂ ਗੱਲਾਂ...।

ਉਰਦੂ ਦੇ ਰੁਮਾਂਟਿਕ ਸ਼ਾਇਰ ਸਾਹਿਰ ਲੁਧਿਆਣਵੀ ਨੂੰ ਵੀ ਕਹਿਣਾ ਪਿਆ,

ਅਭੀ ਨਾ ਛੇੜ ਮੁਹੱਬਤ ਕੇ ਗੀਤ ਐ ਮੁਤਰਿਬ,
ਅਭੀ ਹਯਾਤ ਕਾ ਮਾਹੌਲ ਖ਼ੁਸ਼ਗਵਾਰ ਨਹੀਂ।

ਮੁਹੱਬਤ ਦੇ ਗੀਤ ਗਾਉਣ ਵਾਲੇ ਫੈਜ ਅਹਿਮਦ ਫੈਜ ਨੇ ਵੀ ਐਲਾਨ ਕਰ ਦਿੱਤਾ ਸੀ,

ਮੁਝ ਸੇ ਪਹਿਲੀ ਸੀ ਮੁਹੱਬਤ
ਮੇਰੀ ਮਹਿਬੂਬ ਨਾ ਮਾਂਗ।

ਸ਼ਿਵ ਕੁਮਾਰ ਬਟਾਲਵੀ ਵੀ ਆਪਣੇ ਪਾਠਕਾਂ ਵਿਚ ਉਦੋਂ ਹੀ ਮਕਬੂਲ ਹੋਇਆ, ਜਦੋਂ ਉਹਨੇ ਆਪਣੇ ਨਿਜੀ ਦੁੱਖ ਨੂੰ ਵਿਯੋਗੇ ਮਨੁੱਖ ਦੇ ਦੁੱਖ ਦਾ ਰੂਪ ਬਣਾ ਕੇ ਪੇਸ਼ ਕੀਤਾ।

ਕਹਿਣ ਤੋਂ ਭਾਵ ਹੈ, ਕੋਈ ਵੀ ਰਚਨਾ ਭਾਵੇਂ ਉਹ ਕਹਾਣੀ ਹੈ, ਕਵਿਤਾ ਹੈ, ਜਿਹੜੀ ਸਮਾਜਕ ਸਰੋਕਾਰਾਂ ਨਾਲ ਨਹੀਂ ਜੁੜੀ ਹੋਈ, ਉਸ ਦਾ ਰਚਨਹਾਰਾ ਆਪਣੇ ਪਾਠਕਾਂ ਤੋਂ ਆਦਰਯੋਗ ਹੁੰਗਾਰਾ ਨਹੀਂ ਲੈ ਸਕਦਾ। ਜਿਥੋਂ ਤਕ ਪੰਜਾਬੀ ਪਾਠਕ ਜਾਂ ਪੰਜਾਬੀ ਲੋਕਾਂ ਦੇ ਸੁਭਾਅ ਦਾ ਸਵਾਲ ਹੈ, ਉਹ ਕਿਸੇ ਵੀ ਹਾਲਾਤ ਵਿਚ ਸ਼ਖਸੀ ਹੋ ਹੀ ਨਹੀਂ ਸਕਦਾ। ਉਸ ਦੀ ਹਮੇਸ਼ਾ ਪਹੁੰਚ ਆਪਣੇ ਆਲੇ-ਦੁਆਲੇ ਨਾਲ ਬਹੁਤ ਸੰਵੇਦਨਸ਼ੀਲ ਭਾਵੁਕ, ਆਦਰਯੋਗ, ਸੁਧਾਰਵਾਦੀ ਅਤੇ ਸੁਭਇੱਛਕ ਰਹੀ ਹੈ।

ਮਾਰਕਸਵਾਦੀ ਵਿਚਾਰਧਾਰਾ ਤਾਂ ਸਮਾਜਿਕ ਸਰੋਕਾਰਾਂ ਤੋਂ ਸੱਖਣੇ ਸਾਹਿਤ ਨੂੰ ਅਸਲ ਸਾਹਿਤ ਹੀ ਨਹੀਂ ਮੰਨਦੀ। ਵੇਖਿਆ ਜਾਵੇ ਤਾਂ ਸਮਾਜਿਕ ਸਰੋਕਾਰਾਂ ਤੋਂ ਸੱਖਣਾ ਸਾਹਿਤ ਅਸਲ ਅਰਥਾਂ ਵਿਚ ਸਾਹਿਤ ਹੁੰਦਾ ਹੀ ਨਹੀਂ ਬਲਕਿ ਨਿਜੀ ਵੇਦਨਾ ਜਾਂ ਜਸ਼ਨ ਦਾ ਵਰਣਨ ਜਿਹਾ ਬਣ ਕੇ ਰਹਿ ਜਾਂਦਾ ਹੈ। ਹਾਂ, ਇਸ ਗੱਲ ਤੋਂ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਸੁਹਜ ਸਿਰਜਣਾ ਦੀ ਆਪਣੀ ਮਹੱਤਤਾ ਹੈ। ਪਰ ਗੌਰਯੋਗ ਤੱਥ ਇਹੋ ਹੈ ਕਿ ਸਿਰਫ ਸੁਹਜ ਸਿਰਜਣਾ ਦੀ ਬਜਾਏ ਜੇ ਸਮਾਜਕ ਸਰੋਕਾਰਾਂ ਦੀ ਗੱਲ ਛੋਹੀ ਜਾਵੇਗੀ ਤਾਂ ਹੀ ਸਾਹਿਤਕ ਕ੍ਰਿਤ ਦਾ ਸਤਿਕਾਰ ਅਤੇ ਸਥਾਨ ਸਮਾਜ ਵਿਚ ਉਚਾ ਹੋਵੇਗਾ। ਅਜਿਹਾ ਕਰਨ 'ਤੇ ਹੀ ਸਾਹਿਤ ਵਧੇਰੇ ਪ੍ਰਸੰਗਿਕ ਅਤੇ ਪਰਉਪਕਾਰੀ ਹੋ ਪਾਏਗਾ। ਕਲਾ ਦਾ ਪਰਉਪਕਾਰੀ ਹੋਣਾ ਕਲਾ ਅਤੇ ਸਮਾਜ ਦੋਹਾਂ ਲਈ ਵਰਦਾਨ ਹੁੰਦਾ ਹੈ। ਸਮਾਜਿਕ ਸਰੋਕਾਰਾਂ ਨੂੰ ਛੋਹਣ ਤੋਂ ਭਾਵ ਇਹ ਬਿਲਕੁਲ ਨਹੀਂ ਕਿ ਸਾਹਿਤ ਸਿਰਫ ਕਿਸੇ ਵਿਚਾਰਧਾਰਾ ਵਿਸ਼ੇਸ਼ ਦਾ ਪ੍ਰਾਪੇਗੰਡਾ ਹੀ ਬਣ ਕੇ ਰਹਿ ਜਾਵੇ। ਨਾਅਰੇ ਦਾ ਸਾਹਿਤ ਤਾਂ ਬਲਕਿ ਹੋਰ ਵੀ ਮਾੜਾ ਹੁੰਦਾ ਹੈ। ਨਾਅਰੇ ਵਾਲੇ ਸਾਹਿਤ ਵਿਚ ਸਾਹਿਤ ਦੀ ਅਸਲ ਆਤਮਾ ਮਰ ਜਾਂਦੀ ਹੈ। ਅਜਿਹੇ ਮਨਸ਼ੇ ਨਾਲ ਲਿੱਬੜੇ ਲਫਜ਼ਾਂ ਵਾਲਾ ਸਾਹਿਤ ਵੀ ਸੰਪਰਦਾਇਕ ਭਾਸ਼ਨ ਵਰਗੀ ਚੀਜ ਬਣ ਕੇ ਰਹਿ ਜਾਂਦਾ ਹੈ। ਸਾਹਿਤ ਦਾ ਤਾਂ ਆਪਣਾ ਇਕ ਮੌਲਿਕ ਸੁਭਾਅ ਹੁੰਦਾ ਹੈ ਜਿਸ ਤਹਿਤ ਬਹੁਤ ਹੀ ਸਲੀਕੇ ਅਤੇ ਸੁਹਜ ਨਾਲ ਗੱਲ ਨੂੰ ਆਖਣਾ ਹੁੰਦਾ ਹੈ। ਜੇ ਸਾਹਿਤ ਆਪਣੇ ਮੂਲ ਗੁਣ ਹੀ ਗੁਆ ਬੈਠੇਗਾ ਤਾਂ ਸਾਹਿਤ ਸਾਹਿਤ ਹੀ ਨਹੀਂ ਰਹੇਗਾ। ਅਜਿਹੀ ਸਥਿਤੀ ਵਿਚ ਸਾਹਿਤ ਕਿਸੇ ਖਾਸ ਮਕਸਦ ਨਾਲ ਭਰਪੂਰ ਇਬਾਰਤ ਤਾਂ ਬਣ ਜਾਵੇਗਾ, ਸਾਹਿਤ ਨਹੀਂ ਰਹਿ ਜਾਵੇਗਾ। ਸੋ ਸਮਾਜਕ ਸਰੋਕਾਰਾਂ ਦੀ ਗੱਲ ਕਰਨਾ ਜਿੰਨਾ ਜ਼ਰੂਰੀ ਹੈ, ਓਨਾ ਹੀ ਜ਼ਰੂਰੀ ਇਹ ਜਾਣਨਾ ਹੈ ਕਿ ਇਹ ਗੱਲ ਕਰਨੀ ਕਿਸ ਤਰ੍ਹਾਂ ਹੈ।

ਸਮਾਜਕ ਸਰੋਕਾਰਾਂ ਨੂੰ ਛੋਹਣਾ ਸਾਹਿਤਕਾਰ ਉਪਰ ਥੋਪੀ ਕੋਈ ਮਜ਼ਬੂਰੀ ਨਹੀਂ ਹੁੰਦੀ ਬਲਕਿ ਇਹ ਸਾਹਿਤਕਾਰ ਦੀ ਸਮਾਜ ਪ੍ਰਤੀ ਜ਼ਿੰਮੇਵਾਰੀ ਹੁੰਦੀ ਹੈ। ਜੋ ਆਪਣੀ ਇਸ ਜ਼ਿੰਮੇਵਾਰੀ ਨੂੰ ਪਛਾਣ ਲੈਂਦੇ ਹਨ, ਉਹ ਲੋਕਾਂ ਦੇ ਸਤਿਕਾਰ ਦੇ ਪਾਤਰ ਬਣ ਜਾਂਦੇ ਹਨ। ਆਪਣੀ ਇਸੇ ਜ਼ਿੰਮੇਵਾਰੀ ਨੂੰ ਪਛਾਣ ਕੇ ਹੀ ਤਾਂ 'ਫੁੱਲਾਂ ਦੇ ਨਾਂ ਤੇ ਕੁੜੀਆਂ ਦੇ ਨਾਂ ਕੁਨਾਂ ਰੱਖਣ ਵਾਲੇ' ਸਾਹਿਤ ਤੋਂ ਇਨਕਾਰੀ ਹੋਇਆ ਪਾਸ਼ ਆਖਦਾ ਹੈ,

ਮੇਰੇ ਤੋਂ ਆਸ ਨਾ ਕਰਿਉ
ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਤੁਹਾਡੇ ਚਗਲੇ ਹੋਏ
ਸਵਾਦਾਂ ਦੀ ਗੱਲ ਕਰਾਂਗਾ।
ਜਿਨ੍ਹਾਂ ਦੇ ਹੜ੍ਹ 'ਚ ਰੁੜ੍ਹ ਜਾਂਦੀ ਹੈ
ਸਾਡੇ ਬੱਚਿਆਂ ਦੀ ਤੋਤਲੀ ਕਵਿਤਾ
ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ।
ਮੈਂ ਤਾਂ ਜਦ ਵੀ ਕੀਤੀ
ਖਾਦ ਦੇ ਘਾਟੇ
ਕਿਸੇ ਗਰੀਬੜੀ ਦੀ
ਹਿੱਕ ਵਾਂਗੂ ਪਿਚਕ ਗਏ
ਗੰਨਿਆਂ ਦੀ ਗੱਲ ਹੀ ਕਰਾਂਗਾ।
ਮੈਂ ਦਲਾਨ ਦੇ ਖੂੰਜੇ 'ਚ ਪਈ
ਸੌਣੀ ਦੀ ਫਸਲ
ਤੇ ਦਲਾਨ ਦੇ ਬੂਹੇ 'ਤੇ ਖੜ੍ਹੇ
ਸਿਆਲ ਦੀ ਹੀ ਗੱਲ ਕਰਾਂਗਾ।
ਮੇਰੇ ਤੋਂ ਆਸ ਨਾ ਕਰਿਉ
ਕਿ ਮੈਂ ਸਰਦੀ ਦੀ ਰੁੱਤੇ ਖਿੜਨ ਵਾਲੇ
ਫੁੱਲਾਂ ਦੀਆਂ ਕਿਸਮਾਂ ਦੇ ਨਾਂ ਤੇ
ਪਿੰਡ ਦੀਆਂ ਕੁੜੀਆਂ ਦੇ ਨਾਂ ਕੁਨਾਂ ਧਰਾਂਗਾ।

ਵਾਕਿਆ ਹੀ ਚਗਲੇ ਹੋਏ ਸਵਾਦਾਂ ਦੀ ਗੱਲ ਕਰਨ ਵਾਲਾ ਸਾਹਿਤ ਵਕਤੀ ਹੀ ਹੁੰਦਾ ਹੈ ਜੋ ਕੁਝ ਸਮੇਂ ਵਿਚ ਹੀ ਵੇਲਾ ਵਿਹਾ ਕੇ ਸਮੇਂ ਦੀਆਂ ਧੂੜਾਂ ਵਿਚ ਅਲੋਪ ਹੋ ਜਾਂਦਾ ਹੈ। ਰਹਿੰਦੀ ਦੁਨੀਆਂ ਤਕ ਨਾਮ ਉਨ੍ਹਾਂ 'ਖੇਤਾਂ ਦੇ ਪੁੱਤਾਂ' ਦਾ ਹੀ ਰਹਿੰਦਾ ਹੈ ਜੋ 'ਖਾਦ ਦੇ ਘਾਟੇ ਗਰੀਬੜੀ ਦੀ ਹਿੱਕ ਵਾਂਗ ਪਿਚਕ ਗਏ ਗੰਨਿਆਂ' ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਦੇ ਹਨ। ਚੱਟਾਨ ਬਣ ਕੇ ਲੋਕਾਈ ਦੇ ਹੱਕ ਵਿਚ ਖੜ੍ਹਨਾ ਤਾਂ ਭਾਵੇਂ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੁੰਦੀ ਪਰ ਹਾਅ ਦਾ ਨਾਅਰਾ ਵੀ ਤਾਂ ਇਤਿਹਾਸ ਸਿਰਜ ਸਕਦਾ ਹੈ। ਹਾਅ ਦਾ ਨਾਅਰਾ ਹੀ ਲੋਕ ਲਹਿਰ ਦਾ ਅਰੰਭ ਹੋ ਸਕਦਾ ਹੈ। ਹਾਅ ਦਾ ਨਾਅਰਾ ਹੀ ਕਾਫਲੇ ਦਾ ਆਗਾਜ਼ ਹੋ ਸਕਦਾ ਹੈ। ਸੋ ਇਹ ਗੱਲ ਪੱਕੀ ਹੈ ਕਿ ਜੇ ਲੋਕ ਨਜ਼ਰ ਵਿਚ ਪਰਵਾਨ ਚੜ੍ਹਦਿਆਂ ਹਮੇਸ਼ਾ ਲਈ ਲੋਕ ਹਿਰਦਿਆਂ ਵਿਚ ਆਪਣਾ ਪੱਕਾ ਵਾਸਾ ਕਰਨਾ ਹੈ ਤਾਂ ਸਮਾਜਿਕ ਸਰੋਕਾਰਾਂ ਦੀ ਪੌੜੀ ਚੜ੍ਹਨਾ ਹੀ ਪਵੇਗਾ।

****ਸੀਨੀਅਰ ਫੈਲੋ*
*ਪੰਜਾਬੀ ਯੂਨੀਵਰਸਿਟੀ, ਪਟਿਆਲਾ***
*seniorfellowofpunjabiuni@gmail.com*

# ਜਿਉ ਸਾਗਰਿ ਵਿਚ ਗੰਗ ਸਮਾਈ

ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

ਭਾਈ ਗੁਰਦਾਸ ਨੇ ਗੁਰੂ ਨਾਨਕ ਸਾਹਿਬ ਦੀ ਮੁਲਤਾਨ ਫੇਰੀ ਦਾ ਜ਼ਿਕਰ ਕੀਤਾ ਹੈ। ਅਚਲ ਵਟਾਲੇ ਸ਼ਿਵਰਾਤਰੀ ਦੇ ਮੇਲੇ 'ਤੇ ਜਦੋਂ ਸਿੱਧਾਂ ਨਾਲ ਵਿਚਾਰ-ਚਰਚਾ ਕੀਤੀ ਅਤੇ ਉਨ੍ਹਾਂ ਨੂੰ ਬਾਣੀ ਅਤੇ ਨਾਮ ਸਿਮਰਨ ਬਾਰੇ ਸਮਝਾਇਆ ਤਾਂ ਸਿੱਧ ਸ਼ਬਦ ਦੀ ਵਿਚਾਰ ਰਾਹੀਂ ਸ਼ਾਂਤ ਹੋ ਗਏ। ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਸ਼ਿਵਰਾਤਰੀ ਦਾ ਮੇਲਾ ਜਿੱਤ ਲਿਆ ਅਤੇ ਛੇ ਦਰਸ਼ਨ ਸ਼ਾਸਤਰਾਂ ਨੂੰ ਮੰਨਣ ਵਾਲੇ, ਬਾਬੇ ਅੱਗੇ ਨਤਮਸਤਕ ਹੋ ਗਏ। ਸਾਰੇ ਸਿੱਧਾਂ ਨੇ ਇਕਸੁਰ ਹੋ ਕੇ ਗੁਰੂ ਸਾਹਿਬ ਦੀ ਧੰਨਤਾ ਨੂੰ ਮੰਨਿਆ ਅਤੇ ਸਵੀਕਾਰ ਕੀਤਾ ਕਿ ਬਾਬੇ ਦੀ ਕਮਾਈ ਬਹੁਤ ਵੱਡੀ ਹੈ। ਉਨ੍ਹਾਂ ਆਪਣੇ ਵਿਚਾਰਾਂ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਗੁਰੂ ਨਾਨਕ ਮਹਾਂ ਪੁਰਖ ਹਨ ਜੋ ਕਲਿਜੁਗ ਵਿਚ ਪਰਗਟ ਹੋਏ ਹਨ ਅਤੇ ਸਤਿਨਾਮ ਦੀ ਜੋਤਿ ਜਗਾਈ ਹੈ।

ਅਚਲ ਵਟਾਲੇ ਦੇ ਸਾਰੇ ਮੇਲੇ ਨੂੰ ਆਪਣੇ ਸ਼ਬਦ ਰਾਹੀਂ ਨਿਹਾਲ ਕਰਦਿਆਂ ਗੁਰੂ ਨਾਨਕ ਮੁਲਤਾਨ ਦੀ ਯਾਤਰਾ 'ਤੇ ਚੱਲ ਪਏ। ਮੁਲਤਾਨ ਵਿਚ ਪੀਰਾਂ ਦਾ ਬੋਲਬਾਲਾ ਸੀ, ਉਹ ਸੂਫੀ ਪੀਰਾਂ ਦੀ ਧਰਤੀ ਸੀ (ਬਾਬਾ ਫਰੀਦ ਦਾ ਸਬੰਧ ਮੁਲਤਾਨ ਨਾਲ ਹੀ ਦੱਸਿਆ ਜਾਂਦਾ ਹੈ ਜੋ ਚਿਸ਼ਤੀ ਸਿਲਸਿਲੇ ਨਾਲ ਸਬੰਧਤ ਸਨ)। ਪੀਰ ਪਹਿਲਾਂ ਹੀ ਦੁੱਧ ਦਾ ਛੰਨਾ ਭਰ ਕੇ ਲੈ ਆਏ, ਗੁਰੂ ਬਾਬਾ ਨੂੰ ਇਹ ਦੱਸਣ ਲਈ ਕਿ ਮੁਲਤਾਨ ਤਾਂ ਪਹਿਲਾਂ ਹੀ ਪੀਰਾਂ ਨਾਲ ਇਸ ਛੰਨੇ ਦੀ ਤਰ੍ਹਾਂ ਭਰਿਆ ਪਿਆ ਹੈ, ਤੁਸੀਂ ਇੱਥੇ ਕੀ ਕਰੋਗੇ? ਗੁਰੂ ਨਾਨਕ ਨੇ ਆਪਣੀ ਬਗਲ ਵਿਚੋਂ ਚਮੇਲੀ ਦਾ ਫੁੱਲ ਕੱਢ ਕੇ ਦੁੱਧ ਦੇ ਛੰਨੇ ਵਿਚ ਛੱਡ ਦਿੱਤਾ ਅਤੇ ਚਮੇਲੀ ਦਾ ਫੁੱਲ ਦੁੱਧ 'ਤੇ ਤੈਰਨ ਲੱਗਾ। ਇਹ ਇਸ ਗੱਲ ਦਾ ਪ੍ਰਤੀਕ ਸੀ ਕਿ ਉਹ ਕਿਸੇ ਨੂੰ ਤੰਗ ਕਰਨ ਜਾਂ ਉਥੇ ਰਹਿਣ ਲਈ ਨਹੀਂ ਆਏ। ਉਹ ਤਾਂ ਉਥੇ ਨਾਮ ਦੀ ਖੁਸ਼ਬੋ ਲਾਉਣ ਆਏ ਹਨ, ਚੰਮੇਲੀ ਦੇ ਫੁੱਲ ਦੀ ਤਰ੍ਹਾਂ ਜਾਂ ਜਿਸ ਤਰ੍ਹਾਂ ਗੰਗਾ ਵਿਰੋਧ ਕੀਤੇ ਬਿਨਾ ਸਮੁੰਦਰ ਦੇ ਪਾਣੀ ਵਿਚ ਮਿਲ ਜਾਂਦੀ ਹੈ:

ਬਾਬੇ ਕੀਤੀ ਸਿਧਿ ਗੋਸਟਿ
ਸਬਦਿ ਸਾਂਤਿ ਸਿਧਾਂ ਵਿਚਿ ਆਈ।
ਜਿਣਿ ਮੇਲਾ ਸਿਵਰਾਤਿ ਦਾ
ਖਟ ਦਰਸਨਿ ਆਦੇਸਿ ਕਰਾਈ।
ਸਿਧਿ ਬੋਲਨਿ ਸੁਭਿ ਬਚਨਿ
ਧਨੁ ਨਾਨਕ ਤੇਰੀ ਵਡੀ ਕਮਾਈ।
ਵਡਾ ਪੁਰਖੁ ਪਰਗਟਿਆ
ਕਲਿਜੁਗਿ ਅੰਦਰਿ ਜੋਤਿ ਜਗਾਈ।
ਮੇਲਿਓ ਬਾਬਾ ਉਠਿਆ
ਮੁਲਤਾਨੇ ਦੀ ਜਾਰਤਿ ਜਾਈ।
ਅਗੋਂ ਪੀਰ ਮੁਲਤਾਨ ਦੇ
ਦੁਧਿ ਕਟੋਰਾ ਭਰਿ ਲੈ ਆਈ।
ਬਾਬੇ ਕਢਿ ਕਰਿ ਬਗਲ ਤੇ
ਚੰਬੇਲੀ ਦੁਧਿ ਵਿਚਿ ਮਿਲਾਈ।
ਜਿਉ ਸਾਗਰਿ ਵਿਚਿ ਗੰਗ ਸਮਾਈ॥੪੪॥

ਜਿਵੇਂ ਉਪਰ ਦੱਸਿਆ ਹੈ ਕਿ ਸ਼ਬਦ ਦੀ ਵਿਚਾਰ-ਚਰਚਾ ਨਾਲ ਜੋਗੀਆਂ ਦੇ ਮਨ ਸ਼ਾਂਤ ਹੋ ਗਏ; ਸ਼ਬਦ ਦੀ ਇਹੀ ਚਰਚਾ ਸਾਨੂੰ ਸਿਧ ਗੋਸਟਿ ਵਿਚ ਮਿਲਦੀ ਹੈ। ਗੁਰੂ ਨਾਨਕ ਸਿੱਧਾਂ ਨੂੰ ਸ਼ਬਦ ਦੀ ਚਰਚਾ ਰਾਹੀਂ ਸਮਝਾਉਂਦੇ ਹਨ ਕਿ ਜਦੋਂ ਅਕਾਲ ਪੁਰਖ ਜੋ ਕਿ ਇੱਕ ਅਦ੍ਰਿਸ਼ਟਿ ਹਸਤੀ ਹੈ, ਸਰਗੁਣ ਸਰੂਪ ਵਿਚ ਆਉਂਦੀ ਹੈ, ਨਿਰਗੁਣ ਤੋਂ ਸਰਗੁਣ ਹੁੰਦੀ ਹੈ ਅਰਥਾਤ ਦਿਸਦੇ ਸੰਸਾਰ ਦੀ ਰਚਨਾ ਦਾ ਰੂਪ ਧਾਰਦੀ ਹੈ, ਸੂਖਮ ਤੋਂ ਸਥੂਲ ਰੂਪ ਵਿਚ ਆਉਂਦੀ ਹੈ ਤਾਂ ਫਿਰ ਇਸ ਦ੍ਰਿਸ਼ਟਮਾਨ ਸੰਸਾਰ ਵਿਚੋਂ ਜਿਸ ਜੀਵ ਦਾ ਮਨ ਸਤਿਗੁਰੁ ਦੇ ਸ਼ਬਦ ਨਾਲ ਉਸ ਹਸਤੀ ਵਿਚ ਜੁੜ ਜਾਂਦਾ ਹੈ, ਉਸ ਜੀਵ ਨੂੰ ਉਚੀ ਅਧਿਆਤਮਕ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਤਾਂ ਇਸ ਦਾ ਅਰਥ ਇਹ ਹੁੰਦਾ ਹੈ ਕਿ ਗੁਰੂ ਦੇ ਸ਼ਬਦ ਰਾਹੀਂ ਉਸ ਜੀਵ ਨੂੰ ਅਕਾਲ ਪੁਰਖ ਨੇ ਆਪਣੇ ਵਿਚ ਲੀਨ ਕਰ ਲਿਆ ਹੈ। ਅਜਿਹੇ ਮਨੁੱਖ ਨੂੰ ਫਿਰ ਉਸ ਇੱਕ ਅਕਾਲ ਪੁਰਖ ਦੀ ਹਸਤੀ ਹੀ ਨਜ਼ਰ ਆਉਂਦੀ ਹੈ। ਭਾਵ ਉਹ ਫਿਰ ਕਿਸੇ ਹੋਰ ਹਸਤੀ ਨੂੰ ਨਹੀਂ ਮੰਨਦਾ। ਉਸ ਮਨੁੱਖ ਨੇ ਆਪਣੇ ਅੰਦਰੋਂ ਹਉਮੈ ਅਤੇ ਦਵੈਤ ਨੂੰ ਦੂਰ ਕਰ ਲਿਆ ਹੁੰਦਾ ਹੈ। ਅਜਿਹਾ ਮਨੁੱਖ ਹੀ ਅਸਲੀ ਜੋਗੀ ਹੈ। ਉਹ ਸਤਿਗੁਰੂ ਦੇ ਸ਼ਬਦ ਨੂੰ ਸਮਝਦਾ ਹੈ ਅਤੇ ਉਸ ਦਾ ਮਨ ਇਸ ਜੋਗ ਨਾਲ ਅਨੰਦਤ ਹੋ ਜਾਂਦਾ ਹੈ, ਖਿੜ ਜਾਂਦਾ ਹੈ। ਜਿਹੜਾ ਮਨੁੱਖ ਆਪਣੇ ਅੰਦਰੋਂ ਹਉਮੈ ਨੂੰ ਮਾਰ ਲੈਂਦਾ ਹੈ, (ਜਿਸ ਨੂੰ ਗੁਰਬਾਣੀ ਵਿਚ 'ਜੀਵਤਿਆ ਮਰਿ ਰਹੀਐ' ਕਿਹਾ ਹੈ) ਉਸ ਨੂੰ ਜ਼ਿੰਦਗੀ ਦੀ ਸਮਝ ਆ ਜਾਂਦੀ ਹੈ ਅਤੇ ਉਸ ਦੇ ਅੰਦਰ ਹਰ ਇੱਕ ਲਈ ਦਇਆ ਦੀ ਭਾਵਨਾ ਪੱਕੀ ਹੋ ਜਾਂਦੀ ਹੈ।

ਗੁਰੂ ਨਾਨਕ ਅਨੁਸਾਰ ਅਜਿਹੇ ਮਨੁੱਖ ਨੂੰ ਇਜ਼ਤ ਮਿਲਦੀ ਹੈ ਅਤੇ ਰੱਬ ਦੀ ਇਸ ਰਚਨਾ ਵਿਚ ਉਹ ਸਾਰੇ ਜੀਵਾਂ ਅੰਦਰ ਆਪਣੇ ਆਪ ਨੂੰ ਹੀ ਦੇਖਦਾ ਹੈ; ਉਹ ਹਰ ਇੱਕ ਅੰਦਰ ਉਸੇ ਇੱਕ ਜੋਤਿ ਦਾ ਅਨੁਭਵ ਕਰਦਾ ਹੈ ਜੋ ਉਸ ਦੇ ਅੰਦਰ ਵੀ ਵੱਸ ਰਹੀ ਹੈ:

ਅਵਿਗਤੋ ਨਿਰਮਾਇਲੁ ਉਪਜੇ
ਨਿਰਗੁਣ ਤੇ ਸਰਗੁਣ ਥੀਆ॥
ਸਤਿਗੁਰ ਪਰਚੈ ਪਰਮ ਪਦੁ ਪਾਈਐ
ਸਾਚੈ ਸਬਦਿ ਸਮਾਇ ਲੀਆ॥
ਏਕੇ ਕਉ ਸਚੁ ਏਕਾ ਜਾਣੈ
ਹਉਮੈ ਦੂਜਾ ਦੂਰਿ ਕੀਆ॥
ਸੋ ਜੋਗੀ ਗੁਰ ਸਬਦੁ ਪਛਾਣੈ
ਅੰਤਰਿ ਕਮਲੁ ਪ੍ਰਗਾਸੁ ਥੀਆ॥
ਜੀਵਤੁ ਮਰੈ ਤਾ ਸਭੁ ਕਿਛੁ ਸੂਝੈ
ਅੰਤਰਿ ਜਾਣੈ ਸਰਬ ਦਇਆ॥
ਨਾਨਕ ਤਾ ਕਉ ਮਿਲੈ ਵਡਾਈ
ਆਪੁ ਪਛਾਣੈ ਸਰਬ ਜੀਆ॥ (ਪੰਨਾ ੯੪੦)

ਗੁਰੂ ਨਾਨਕ ਸਿਧ ਗੋਸਟਿ ਦੀਆਂ ਅਖੀਰਲੀਆਂ ਪਉੜੀਆਂ ਵਿਚ ਆਪਣਾ ਮੱਤ ਸਮਝਾਉਂਦਿਆਂ ਸਾਰੀ ਵਿਚਾਰ-ਚਰਚਾ ਦਾ ਸਿੱਟਾ ਕੱਢਦੇ ਹਨ, ਹੇ ਜੋਗੀ ਸੁਣ! ਅਕਾਲ ਪੁਰਖ ਦੇ ਨਾਮ ਤੋਂ ਬਿਨਾ ਉਸ ਨਾਲ ਮਿਲਾਪ ਅਰਥਾਤ ਜੋਗ ਨਹੀਂ ਹੈ। ਜਿਹੜੇ ਉਸ ਦੇ ਨਾਮ ਵਿਚ ਰੱਤੇ ਹੋਏ ਹਨ, ਉਹੀ ਮਿਲਾਪ ਵਿਚ ਮਤਵਾਲੇ ਹਨ। ਅਕਾਲ ਪੁਰਖ ਦੇ ਨਾਮ ਤੋਂ ਹੀ ਸੁੱਖ ਮਿਲਦਾ ਹੈ, ਨਾਮ ਤੋਂ ਹੀ ਪੂਰਨ ਗਿਆਨ ਪ੍ਰਾਪਤ ਹੁੰਦਾ ਹੈ, ਨਾਮ ਤੋਂ ਹੀ ਸਾਰੀ ਸੂਝ ਅਤੇ ਸੋਝੀ ਮਿਲਦੀ ਹੈ। ਉਸ ਅਕਾਲ ਪੁਰਖ ਦੇ ਨਾਮ ਨੂੰ ਛੱਡ ਕੇ ਜਿਹੜੇ ਮਨੁੱਖ ਹੋਰ ਭੇਖ ਧਾਰਨ ਕਰਦੇ ਹਨ, ਉਨ੍ਹਾਂ ਨੂੰ ਉਸ ਅਕਾਲ ਪੁਰਖ ਨੇ ਆਪ ਹੀ ਕੁਰਾਹੇ ਪਾ ਦਿੱਤਾ ਹੈ। ਜੋਗੀ ਨੂੰ ਦੱਸਦੇ ਹਨ ਕਿ ਅਕਾਲ ਪੁਰਖ ਦਾ ਇਹ ਨਾਮ ਸਤਿਗੁਰੂ ਤੋਂ ਮਿਲਦਾ ਹੈ ਅਤੇ ਨਾਮ ਮਿਲਣ ਨਾਲ ਹੀ ਜੋਗ ਦੀ ਜੁਗਤਿ ਵੀ ਸਿਰੇ ਚੜ੍ਹਦੀ ਹੈ। ਮਨ ਵਿਚ ਵਿਚਾਰ ਕਰਕੇ ਦੇਖਿਆਂ ਪਤਾ ਲਗਦਾ ਹੈ ਕਿ ਨਾਮ ਤੋਂ ਬਿਨਾ ਮੁਕਤੀ ਪ੍ਰਾਪਤ ਨਹੀਂ ਹੁੰਦੀ:

ਸਬਦੈ ਕਾ ਨਿਬੇੜਾ ਸੁਣਿ ਤੂੰ
ਅਉਧੂ ਬਿਨੁ ਨਾਵੈ ਜੋਗੁ ਨ ਹੋਈ॥
ਨਾਮੇ ਰਾਤੇ ਅਨਦਿਨੁ ਮਾਤੇ
ਨਾਮੈ ਤੇ ਸੁਖੁ ਹੋਈ॥
ਨਾਮੈ ਹੀ ਤੇ ਸਭੁ ਪਰਗਟੁ ਹੋਵੈ
ਨਾਮੇ ਸੋਝੀ ਪਾਈ॥
ਬਿਨੁ ਨਾਵੈ ਭੇਖ ਕਰਹਿ ਬਹੁਤੇਰੇ
ਸਚੈ ਆਪਿ ਖੁਆਈ॥
ਸਤਿਗੁਰ ਤੇ ਨਾਮੁ ਪਾਈਐ
ਅਉਧੂ ਜੋਗ ਜੁਗਤਿ ਤਾ ਹੋਈ॥
ਕਰਿ ਬੀਚਾਰੁ ਮਨਿ ਦੇਖਹੁ ਨਾਨਕ
ਬਿਨੁ ਨਾਵੈ ਮੁਕਤਿ ਨ ਹੋਈ॥ (ਪੰਨਾ ੯੪੬)

ਭਾਈ ਗੁਰਦਾਸ ਦੇ ਸ਼ਬਦਾਂ ਵਿਚ ਦਿੱਤੀ ਚੰਮੇਲੀ ਦੇ ਫੁੱਲ ਤੇ ਦੁੱਧ ਦੀ, ਗੰਗਾ ਤੇ ਸਮੁੰਦਰ ਦੀ ਮਿਸਾਲ ਆਪਣੇ ਅੰਦਰ ਬਹੁਤ ਵੱਡੇ ਅਰਥ ਲੁਕੋਈ ਬੈਠੀ ਹੈ ਜੋ ਗੁਰੂ ਨਾਨਕ ਦੇ ਧਾਰਮਿਕ ਸਹਿਹੋਂਦ ਅਤੇ ਮਨੁੱਖੀ ਭਾਈਚਾਰੇ ਦੇ ਧਾਰਮਿਕ, ਨਸਲੀ ਅਤੇ ਹਰ ਤਰ੍ਹਾਂ ਦੇ ਵਖਰੇਵੇਂ ਹੁੰਦਿਆਂ ਵੀ ਰਲ-ਮਿਲ ਕੇ ਰਹਿਣ ਦੇ ਪ੍ਰਤੀਕ ਨੂੰ ਅਤੇ ਸਾਰਿਆਂ ਅੰਦਰ ਇੱਕ ਜੋਤਿ ਦੇ ਵਿਆਪਕ ਹੋਣ ਨੂੰ ਉਜਾਗਰ ਕਰਦੀ ਹੈ। ਚਮੇਲੀ ਦਾ ਫੁੱਲ ਅਤੇ ਦੁੱਧ ਆਪਸ ਵਿਚ ਬਿਲਕੁਲ ਹੀ ਵੱਖਰੀ ਕਿਸਮ ਦੇ ਪਦਾਰਥ ਹਨ ਜਿਨ੍ਹਾਂ ਦੇ ਸੁਭਾਅ ਅਤੇ ਕਾਰਜ ਵੀ ਵੱਖੋ ਵੱਖਰੇ ਹਨ। ਦੁੱਧ ਪੀਣ ਦੇ ਕੰਮ ਆਉਂਦਾ ਹੈ ਅਤੇ ਸਿਹਤ ਬਖਸ਼ਿਸ਼ ਕਰਦਾ ਹੈ; ਚੰਮੇਲੀ ਦਾ ਫੁੱਲ ਸੁੰਘਿਆ ਜਾਂਦਾ ਹੈ ਜੋ ਚੁਫੇਰੇ ਖੁਸ਼ਬੋ ਵੰਡਦਾ ਤੇ ਮਨ ਨੂੰ ਖੁਸ਼ੀ ਦਿੰਦਾ ਹੈ। ਇੱਕ ਦਾ ਸਬੰਧ ਸਰੀਰ ਦੀ ਤੰਦਰੁਸਤੀ ਨਾਲ ਹੈ ਅਤੇ ਦੂਸਰੇ ਦਾ ਮਨ ਦੇ ਖਿੜਾਉ ਨਾਲ। ਪਰ ਦੋਵੇਂ ਬੜੇ ਅਰਾਮ ਨਾਲ ਇਕੱਠੇ ਇੱਕੋ ਭਾਂਡੇ ਵਿਚ ਰਹਿ ਰਹੇ ਹਨ। ਇਸੇ ਤਰ੍ਹਾਂ ਮਨੁੱਖ ਵੱਖ ਵੱਖ ਨਸਲਾਂ, ਧਰਮਾਂ, ਸੁਭਾਅ ਅਤੇ ਸਭਿਆਚਾਰਾਂ ਨਾਲ ਤੁਅੱਲਕ ਰੱਖਦਿਆਂ ਵੀ ਬਹੁਤ ਅਰਾਮ ਨਾਲ ਇਕੱਠੇ ਰਹਿ ਸਕਦੇ ਹਨ। ਇਹ ਗੁਰੂ ਨਾਨਕ ਦਾ ਦਿੱਤਾ ਧਾਰਮਿਕ ਸਹਿਹੋਂਦ ਅਤੇ ਮਨੁੱਖੀ ਭਾਈਚਾਰੇ ਦੇ ਮਿਲ ਕੇ ਇਕੱਠੇ ਰਹਿਣ ਦਾ ਸਿਧਾਂਤ ਅਤੇ ਅਮਲ ਹੈ। ਇਸੇ ਤਰ੍ਹਾਂ ਸਮੁੰਦਰ ਪਾਣੀ ਦਾ ਸੋਮਾ ਹੈ। ਨਦੀਆਂ ਵਿਚ ਬਾਰਿਸ਼ ਰਾਹੀਂ ਉਹੀ ਪਾਣੀ ਆਉਂਦਾ ਹੈ ਤੇ ਫਿਰ ਵਗ ਕੇ ਉਸ ਸਮੁੰਦਰ 'ਚ ਹੀ ਬਿਨਾ ਸਮੁੰਦਰ ਵਿਚਲੇ ਪਾਣੀ 'ਚ ਹਲਚਲ ਕੀਤਿਆਂ, ਅਰਾਮ ਨਾਲ ਇੱਕਮਿਕ ਹੋ ਜਾਂਦਾ ਹੈ। ਅਕਾਲ ਪੁਰਖ ਸਮੁੰਦਰ ਦੀ ਨਿਆਈਂ ਹੈ ਅਤੇ ਉਸੇ ਦੀ ਜੋਤਿ ਹਰ ਜੀਵ ਅੰਦਰ ਵਿਆਪਕ ਹੈ। ਅੰਤ ਵਿਚ ਮਨੁੱਖ ਅੰਦਰ ਵੱਸ ਰਹੀ ਉਹ ਰੱਬੀ ਜੋਤਿ ਬਿਨਾ ਕਿਸੇ ਹਿਲਜੁਲ ਦੇ ਆਪਣੀ ਜੋਤਿ ਦੇ ਸੋਮੇ ਵਿਚ ਹੀ ਸਮਾ ਜਾਂਦੀ ਹੈ।

ਭਾਈ ਗੁਰਦਾਸ ਦੱਸਦੇ ਹਨ ਕਿ ਮੁਲਤਾਨ ਦੀ ਯਾਤਰਾ ਕਰਨ ਤੋਂ ਬਾਅਦ ਗੁਰੂ ਨਾਨਕ ਕਰਤਾਰਪੁਰ ਵਾਪਸ ਆ ਗਏ। ਇਸ ਸਾਰੇ ਸਮੇਂ ਵਿਚ ਗੁਰੂ ਨਾਨਕ ਦੀ ਕੀਰਤੀ ਦੂਣ ਸਵਾਈ ਹੋਣ ਲੱਗ ਪਈ। ਗੁਰੂ ਨਾਨਕ ਨੇ ਲੋਕਾਈ ਨੂੰ ਸਤਿਨਾਮ ਦਾ ਜਾਪ ਕਰਨਾ ਦੱਸਿਆ ਅਤੇ ਸਮਝਾਇਆ ਕਿ ਕਲਿਜੁਗ ਵਿਚ ਮਨੁੱਖ ਲਈ ਸਭ ਤੋਂ ਵੱਡਾ ਆਸਰਾ ਅਕਾਲ ਪੁਰਖ ਦੇ ਨਾਮ ਦਾ ਹੈ। ਅਕਾਲ ਪੁਰਖ ਦੇ ਨਾਮ ਤੋਂ ਬਿਨਾ ਕਿਸੇ ਹੋਰ ਚੀਜ਼ ਨੂੰ ਮੰਗ ਮਨੁੱਖ ਦੀ ਲਾਲਸਾ ਨੂੰ ਵਧਾਉਂਦੀ ਅਤੇ ਉਸ ਦੇ ਕਸ਼ਟਾਂ ਅਤੇ ਦੁੱਖਾਂ ਦੇ ਵਾਧੇ ਦਾ ਕਾਰਨ ਬਣਦੀ ਹੈ।

ਗੁਰੂ ਨਾਨਕ ਸਾਹਿਬ ਨੇ ਮਨੁੱਖਤਾ ਨੂੰ ਅਜਿਹੇ ਪੰਥ ਦਾ ਪਾਂਧੀ ਬਣਾਇਆ ਜਿਸ ਵਿਚ ਹਉਮੈ ਦਾ ਤਿਆਗ ਕਰਨਾ ਜ਼ਰੂਰੀ ਹੈ। ਗੁਰੂ ਨਾਨਕ ਦਾ ਸਥਾਪਤ ਕੀਤਾ ਮਾਰਗ ਨਿਰਮਲ ਮਾਰਗ ਹੈ ਜਿਸ ਵਿਚ ਹਉਮੈ, ਲੋਭ, ਲਾਲਚ ਅਤੇ ਮੋਹ ਆਦਿ ਦੀ ਮੈਲ ਨਹੀਂ ਲੱਗੀ ਹੋਈ। ਇਸ ਤਰ੍ਹਾਂ ਉਨ੍ਹਾਂ ਨੇ ਜਗਤ ਵਿਚ ਧਰਮ ਦਾ ਸਿੱਕਾ ਚਲਾ ਦਿੱਤਾ। ਗੁਰੂ ਨਾਨਕ ਨੇ ਆਪਣੇ ਜਿਉਂਦੇ ਜੀਅ ਭਾਈ ਲਹਿਣੇ ਨੂੰ ਗੁਰਗੱਦੀ ਸੌਂਪ ਕੇ, ਗੁਰਿਆਈ ਦਾ ਛੱਤਰ ਉਨ੍ਹਾਂ ਦੇ ਸਿਰ 'ਤੇ ਰੱਖ ਕੇ ਗੁਰਿਆਈ ਦੀ ਇੱਕ ਨਵੀਂ ਪਰੰਪਰਾ ਤੋਰੀ ਜਿਸ ਵਿਚ ਪਰਖ ਦੀ ਕਸੌਟੀ ਕਾਬਲੀਅਤ ਨੂੰ, ਯੋਗਤਾ ਨੂੰ ਰੱਖਿਆ। ਉਨ੍ਹਾਂ ਨੇ ਆਪਣੇ ਅੰਦਰ ਜਗੀ ਹੋਈ ਰੱਬੀ ਜੋਤਿ ਨੂੰ ਭਾਈ ਲਹਿਣੇ ਦੀ ਜੋਤਿ ਵਿਚ ਮਿਲਾ ਦਿੱਤਾ ਤੇ ਇੰਜ ਉਸ ਦਾ ਰੂਪ ਹੀ ਬਦਲ ਦਿੱਤਾ। ਇਸ ਭੇਦ ਦੀ ਥਾਹ ਕੋਈ ਨਹੀਂ ਪਾ ਸਕਿਆ ਕਿਉਂਕਿ ਅਸਚਰ ਵਿਚ ਅਸਚਰਜ ਨੂੰ ਦਿਖਾਉਣਾ ਸੀ, ਇਹ ਅਨੋਖਾ ਕੌਤਕ ਸੀ ਕਿ ਸਰੀਰ ਨੂੰ ਪਲਟ ਕੇ ਗੁਰੂ ਅੰਗਦ ਨੂੰ ਆਪਣਾ ਸਰੂਪ ਬਣਾ ਲਿਆ:

ਜਾਰਤਿ ਕਰਿ ਮੁਲਤਾਨ ਦੀ
ਫਿਰਿ ਕਰਤਾਰਿ ਪੁਰੇ ਨੋ ਆਇਆ।
ਚੜ੍ਹੇ ਸਵਾਈ ਦਿਹਿ ਦਿਹੀ
ਕਲਿਜੁਗਿ ਨਾਨਕ ਨਾਮੁ ਧਿਆਇਆ।
ਵਿਣ ਨਾਵੈ ਹੋਰੁ ਮੰਗਣਾ
ਸਿਰਿ ਦੁਖਾਂ ਦੇ ਦੁਖ ਸਬਾਇਆ।
ਮਾਰਿਆ ਸਿਕਾ ਜਗਤਿ ਵਿਚਿ
ਨਾਨਕ ਨਿਰਮਲ ਪੰਥੁ ਚਲਾਇਆ।
ਥਾਪਿਆ ਲਹਿਣਾ ਜੀਂਵਦੇ
ਗੁਰਿਆਈ ਸਿਰਿ ਛਤ੍ਰੁ ਫਿਰਾਇਆ।
ਜੋਤੀ ਜੋਤਿ ਮਿਲਾਇ ਕੈ
ਸਤਿਗੁਰ ਨਾਨਕਿ ਰੂਪੁ ਵਟਾਇਆ।
ਲਖਿ ਨ ਕੋਈ ਸਕਈ
ਆਚਰਜੇ ਆਚਰਜੁ ਦਿਖਾਇਆ।
ਕਾਇਆ ਪਲਟਿ ਸਰੂਪੁ ਬਣਾਇਆ॥੪੫॥

ਰਾਇ ਬਲਵੰਡਿ ਅਤੇ ਸਤੈ ਡੂਮਿ ਦੀ ਵਾਰ ਦੀ ਤੀਜੀ ਪਉੜੀ ਵਿਚ ਉਹ ਬਿਆਨ ਕਰਦੇ ਹਨ ਕਿ ਗੁਰੂ ਅੰਗਦ ਦੇਵ ਨੇ ਹਲੀਮੀ 'ਚ ਵਿਚਰਦਿਆਂ ਗੁਰੂ ਦਾ ਹੁਕਮ ਮੰਨਿਆ, ਘਾਲ ਕਮਾਈ ਕੀਤੀ ਅਤੇ ਉਹ ਮੰਨਣ-ਜੋਗ ਹੋ ਗਿਆ, ਭਾਵ ਗੁਰਗੱਦੀ ਦਾ ਅਧਿਕਾਰੀ ਬਣ ਗਿਆ। ਨਿਮਰਤਾ ਦੇ ਗੁਣ ਦੀ ਵਿਆਖਿਆ ਕੀਤੀ ਹੈ ਕਿ ਜਿਵਾਂਹ ਚੰਗੀ ਹੈ ਕਿ ਮੁੰਜੀ ਜੋ ਨੀਵੇਂ ਥਾਂ ਪਲਦੀ ਹੈ। ਇਸੇ ਤਰ੍ਹਾਂ ਜੋ ਨੀਵੇਂ ਥਾਂ ਰਹਿ ਕੇ ਹੁਕਮ ਮੰਨਦਾ ਹੈ, ਉਸ ਨੂੰ ਸਤਿਕਾਰ ਮਿਲਦਾ ਹੈ। ਗੁਰੂ ਅੰਗਦ ਦੇਵ ਧਰਮ ਦੇ ਰਾਜੇ ਹੋ ਗਏ ਭਾਵ ਗੁਰਗੱਦੀ ਮਿਲ ਗਈ, ਧਰਮ ਦਾ ਦੇਵਤਾ ਬਣ ਕੇ ਲੋਕਾਂ ਦੀਆਂ ਬੇਨਤੀਆਂ ਸੁਣ ਕੇ ਉਨ੍ਹਾਂ ਨੂੰ ਅਕਾਲ ਪੁਰਖ ਨਾਲ ਜੋੜਨ ਦਾ ਕਾਰਜ ਅਰੰਭ ਕਰ ਲਿਆ। ਗੁਰੂ ਮਨੁੱਖ ਤੇ ਅਕਾਲ ਪੁਰਖ ਵਿਚਾਲੇ ਵਿਚੋਲਗਿਰੀ ਕਰਦਾ ਹੈ, ਮਨੁੱਖ ਨੂੰ ਰੱਬ ਨਾਲ ਜੋੜਨ ਲਈ। ਸਤਿਗੁਰੂ ਜੋ ਬਚਨ ਕਰਦੇ ਹਨ, ਅਕਾਲ ਪੁਰਖ ਉਸ ਅਰਦਾਸ ਨੂੰ ਸੁਣਦਾ ਹੈ ਤੇ ਅਰਦਾਸ ਪੂਰੀ ਹੋ ਜਾਂਦੀ ਹੈ।

ਗੁਰੂ ਅੰਗਦ ਦੇਵ ਦੀ ਵਡਿਆਈ ਸਾਰੇ ਪਾਸੇ ਹੋਣ ਲੱਗ ਪਈ, ਸੱਚੇ ਕਰਤਾ ਪੁਰਖ ਨੇ ਉਨ੍ਹਾਂ ਦੀ ਵਡਿਆਈ ਪੂਰੀ ਤਰ੍ਹਾਂ ਪੱਕੀ ਅਤੇ ਕਾਇਮ ਕਰ ਦਿੱਤੀ। ਅਨੇਕਾਂ ਮੰਨਣ ਵਾਲੇ ਸੇਵਕਾਂ ਵਾਲਾ ਗੁਰੂ ਨਾਨਕ ਸਰੀਰ ਵਟਾ ਕੇ ਗੁਰੂ ਅੰਗਦ ਬਣ ਕੇ ਗੱਦੀ ਸੰਭਾਲ ਲਈ। ਗੁਰੂ ਨਾਨਕ ਦੀ ਕਾਇਮ ਕੀਤੀ ਸੰਗਤਿ ਗੁਰੂ ਅੰਗਦ ਦੇਵ ਦੇ ਦਰ 'ਤੇ ਪ੍ਰੇਮ ਨਾਲ ਸੇਵਾ ਦਾ ਕਾਰਜ ਨਿਭਾ ਰਹੀ ਹੈ ਅਤੇ ਆਪਣੀ ਆਤਮਾ ਨੂੰ ਨਾਮ ਸਿਮਰਨ ਤੇ ਸੇਵਾ ਰਾਹੀਂ ਪਵਿੱਤਰ ਕਰ ਰਹੀ ਹੈ ਜਿਵੇਂ ਜੰਗਾਲੀ ਹੋਈ ਧਾਤ ਮਸਕਲੇ ਨਾਲ ਸਾਫ ਹੋ ਜਾਂਦੀ ਹੈ। ਗੁਰੂ ਨਾਨਕ ਦੇ ਦਰ 'ਤੇ ਗੁਰੂ ਅੰਗਦ ਨਾਮ ਦੀ ਦਾਤਿ ਮੰਗ ਰਿਹਾ ਹੈ ਅਤੇ ਅਕਾਲ ਪੁਰਖ ਦੇ ਸੱਚੇ ਨਾਮ ਦੇ ਸਿਮਰਨ ਕਾਰਨ ਉਨ੍ਹਾਂ ਦੇ ਮੁਖੜੇ 'ਤੇ ਨੂਰ ਹੈ।

ਅੱਗੇ ਮਾਤਾ ਖੀਵੀ ਵੱਲੋਂ ਲੰਗਰ ਦੀ ਸੇਵਾ-ਸੰਭਾਲ ਦਾ ਜ਼ਿਕਰ ਹੈ ਕਿ ਕਿਵੇਂ ਉਹ ਲੰਗਰ ਦਾ ਪ੍ਰਬੰਧ ਆਪ ਕਰ ਰਹੇ ਹਨ। ਗੁਰੂ ਅੰਗਦ ਦੇਵ ਦੀ ਉਦਾਹਰਣ ਰਾਹੀਂ ਦੱਸਿਆ ਗਿਆ ਹੈ ਕਿ ਜੋ ਮਨੁੱਖ ਅਕਾਲ ਪੁਰਖ ਦੇ ਦਰਵਾਜ਼ੇ 'ਤੇ ਘਾਲ ਕਮਾਈ ਕਰਦਾ ਹੈ, ਉਹ ਕਬੂਲ ਪੈਂਦੀ ਹੈ। ਮਾਤਾ ਖੀਵੀ ਦੇ ਪਤੀ ਗੁਰੂ ਅੰਗਦ ਉਹ ਹਨ ਜਿਨ੍ਹਾਂ ਨੇ ਧਰਤੀ ਦਾ ਭਾਰ ਚੁੱਕਿਆ ਹੋਇਆ ਹੈ। (ਪੰਨਾ ੯੬੭)

ਭਾਈ ਗੁਰਦਾਸ ਅੱਗੇ ਬਿਆਨ ਕਰਦੇ ਹਨ ਕਿ ਮੱਥੇ 'ਤੇ ਗੁਰਿਆਈ ਦਾ ਤਿਲਕ ਵੀ ਉਹੀ ਹੈ, ਸਿਰ 'ਤੇ ਛਤਰ ਵੀ ਉਹੀ ਹੈ ਅਤੇ ਉਸੇ ਸੱਚੇ ਸਿੰਘਾਸਣ ਉਤੇ ਬਿਰਾਜਮਾਨ ਹਨ। ਗੁਰੂ ਨਾਨਕ ਦੇ ਹੱਥ ਦੀ ਛਾਪ ਵੀ ਉਹੀ ਹੈ ਭਾਵ ਉਹੀ ਸ਼ਕਤੀ ਹੈ ਅਤੇ ਗੁਰੂ ਅੰਗਦ ਵਾਲੀ ਉਹੀ ਦੋਹੀ ਫਿਰ ਗਾਈ ਗਈ ਕਿ ਅੱਗੇ ਲਈ ਉਹ ਗੁਰੂ ਹਨ। ਗੁਰੂ ਅੰਗਦ ਦੇਵ ਨੇ ਕਰਤਾਰਪੁਰ ਛੱਡ ਦਿੱਤਾ ਅਤੇ ਨਵੇਂ ਨਗਰ ਖਡੂਰ ਵਿਖੇ ਆਪਣੀ ਜੋਤਿ ਜਗਾ ਦਿੱਤੀ। ਮਨੁੱਖ ਨੇ ਪਹਿਲਾਂ ਜੋ ਬੀਜਿਆ ਹੁੰਦਾ ਹੈ, ਕਮਾਈ ਕੀਤੀ ਹੁੰਦੀ ਹੈ, ਉਹੀ ਉਸ ਨੂੰ ਮਿਲਦਾ ਹੈ, ਬਾਕੀ ਸਭ ਚਤੁਰਾਈਆਂ ਝੂਠੀਆਂ ਹਨ। ਭਾਈ ਲਹਿਣੇ ਨੇ ਗੱਦੀ ਗੁਰੂ ਨਾਨਕ ਤੋਂ ਪ੍ਰਾਪਤ ਕੀਤੀ ਸੀ ਹੁਣ ਗੁਰੂ ਅਮਰਦਾਸ ਨੇ ਗੁਰੂ ਅੰਗਦ ਤੋਂ ਆਪਣੀ ਸੇਵਾ ਕਰਕੇ ਪ੍ਰਾਪਤ ਕਰ ਲਈ ਹੈ। ਗੁਰੂ ਅਮਰਦਾਸ ਅਮਰ ਸਰੂਪ ਹੋ ਕੇ ਗੱਦੀ 'ਤੇ ਬੈਠੇ ਹਨ ਅਤੇ ਇਹ ਦਾਤ ਗੁਰੂ ਅੰਗਦ ਦੇ ਦਰ ਤੋਂ ਪ੍ਰਾਪਤ ਹੋਈ ਹੈ। ਗੁਰੂ ਅਮਰਦਾਸ ਦੇ ਅਨੋਖੇ ਖੇਲ ਨੂੰ ਸਮਝਣਾ ਔਖਾ ਹੈ। ਉਨ੍ਹਾਂ ਨੇ ਖਡੂਰ ਨੂੰ ਛੱਡ ਕੇ ਗੋਇੰਦਵਾਲ ਨਾਂ ਦਾ ਨਵਾਂ ਨਗਰ ਵਸਾ ਲਿਆ। ਇਹ ਸਭ ਉਸ ਅਕਾਲ ਪੁਰਖ ਦੀ ਕਿਰਪਾ ਹੈ। ਦਾਤ ਅਤੇ ਜੋਤਿ ਦੋਵੇਂ ਉਸ ਦੀਆਂ ਹਨ ਅਤੇ ਉਸ ਦੀ ਕਿਰਪਾ ਨਾਲ ਮਿਲਦੀਆਂ ਹਨ:

ਸੋ ਟਿਕਾ ਸੋ ਛਤ੍ਰੁ ਸਿਰਿ ਸੋਈ
ਸਚਾ ਤਖਤੁ ਟਿਕਾਈ।
ਗੁਰ ਨਾਨਕ ਹੰਦੀ ਮੁਹਰਿ ਹਥਿ
ਗੁਰ ਅੰਗਦ ਦੀ ਦੋਹੀ ਫਿਰਾਈ।
ਦਿਤਾ ਛੋੜਿ ਕਰਤਾਰ ਪੁਰੁ
ਬੈਠਿ ਖਡੂਰੇ ਜੋਤਿ ਜਗਾਈ।
ਜੰਮੇ ਪੂਰਬਿ ਬੀਜਿਆ ਵਿਚਿ
ਵਿਚਿ ਹੋਰੁ ਕੂੜੀ ਚਤੁਰਾਈ।
ਲਹਣੇ ਪਾਈ ਨਾਨਕੋ ਦੇਣੀ
ਅਮਰਦਾਸਿ ਘਰਿ ਆਈ।
ਗੁਰੁ ਬੈਠਾ ਅਮਰੁ ਸਰੂਪੁ ਹੋਇ
ਗੁਰਮੁਖਿ ਪਾਈ ਦਾਦਿ ਇਲਾਹੀ।
ਫੇਰਿ ਵਸਾਇਆ ਗੋਇੰਦਵਾਲੁ
ਅਚਰਜੁ ਖੇਲੁ ਨ ਲਖਿਆ ਜਾਈ।
ਦਾਤਿ ਜੋਤਿ ਖਸਮੈ ਵਡਿਆਈ॥੪੬॥

## ਇਹੁ ਮਨੂਆ ਖਿਨੁ ਨ ਟਿਕੈ ਬਹੁ ਰੰਗੀ

ਗੁਰਬਾਣੀ ਗਿਆਨ

**ਗਉੜੀ ਪੂਰਬੀ ਮਹਲਾ ੪**

ਇਹੁ ਮਨੂਆ ਖਿਨੁ ਨ ਟਿਕੈ ਬਹੁ ਰੰਗੀ
ਦਹ ਦਹ ਦਿਸਿ ਚਲਿ ਚਲਿ ਹਾਢੇ॥
ਗੁਰੁ ਪੂਰਾ ਪਾਇਆ ਵਡਭਾਗੀ
ਹਰਿ ਮੰਤ੍ਰੁ ਦੀਆ ਮਨੁ ਠਾਢੇ॥੧॥
ਰਾਮ ਹਮ ਸਤਿਗੁਰ ਲਾਲੇ ਕਾਂਢੇ॥੧॥ਰਹਾਉ॥
ਹਮਰੈ ਮਸਤਕਿ ਦਾਗੁ ਦਗਾਨਾ
ਹਮ ਕਰਜ ਗੁਰੂ ਬਹੁ ਸਾਢੇ॥
ਪਰਉਪਕਾਰੁ ਪੁੰਨੁ ਬਹੁ ਕੀਆ
ਭਉ ਦੁਤਰੁ ਤਾਰਿ ਪਰਾਢੇ॥੨॥
ਜਿਨ ਕਉ ਪ੍ਰੀਤਿ ਰਿਦੈ ਹਰਿ ਨਾਹੀ
ਤਿਨ ਕੂਰੇ ਗਾਢਨ ਗਾਢੇ॥
ਜਿਉ ਪਾਣੀ ਕਾਗਦੁ ਬਿਨਸਿ ਜਾਤ ਹੈ
ਤਿਉ ਮਨਮੁਖ ਗਰਭਿ ਗਲਾਢੇ॥੩॥
ਹਮ ਜਾਨਿਆ ਕਛੂ ਨ ਜਾਨਹ ਆਗੈ
ਜਿਉ ਹਰਿ ਰਾਖੈ ਤਿਉ ਠਾਢੇ॥
ਹਮ ਭੂਲ ਚੂਕ ਗੁਰ ਕਿਰਪਾ ਧਾਰਹੁ
ਜਨ ਨਾਨਕ ਕੁਤਰੇ ਕਾਢੇ॥੪॥

ਸਤਿਗੁਰੂ ਜੀ ਆਖਦੇ ਹਨ- ਇਹੁ ਮਨੂਆ ਖਿਨੁ ਨ ਟਿਕੈ ਬਹੁ ਰੰਗੀ, ਮੇਰਾ ਇਹ ਮਨ ਮੋਹ ਮਾਇਆ ਦੇ ਬਹੁਰੰਗੀ ਤਮਾਸ਼ਿਆਂ ਵਿਚ ਫਸ ਕੇ ਇਕ ਪਲ ਲਈ ਵੀ ਟਿਕ ਕੇ ਨਹੀਂ ਬੈਠਦਾ; ਦਹ ਦਹ ਦਿਸਿ ਚਲਿ ਚਲਿ ਹਾਢੇ, ਤੇ ਦਸਾਂ ਦਿਸ਼ਾਵਾਂ ਵੱਲ ਦੌੜ ਦੌੜ ਕੇ ਭਟਕਦਾ ਰਹਿੰਦਾ ਹੈ; ਗੁਰੁ ਪੂਰਾ ਪਾਇਆ ਵਡਭਾਗੀ, ਪਰ ਵੱਡੇ ਭਾਗਾਂ ਨਾਲ ਮੈਨੂੰ ਪੂਰਾ ਗੁਰੂ ਮਿਲ ਪਿਆ ਹੈ, ਉਸ ਨੇ ਹਰੀ ਨਾਮ ਦਾ ਮੰਤਰ ਦੇ ਕੇ ਮੇਰਾ ਮਨ ਸ਼ਾਂਤ ਕਰ ਦਿਤਾ ਹੈ।

ਰਾਮ ਹਮ ਸਤਿਗੁਰ ਲਾਲੇ ਕਾਂਢੇ॥੧॥ਰਹਾਉ॥

ਸੰਸਾਰ ਦੇ ਤਾਰਨਹਾਰ ਚੌਥੇ ਸਤਿਗੁਰੂ ਗੁਰੂ ਰਾਮਦਾਸ ਜੀ ਇਸ ਪਾਵਨ ਸ਼ਬਦ ਦੀ 'ਰਹਾਉ' ਵਾਲੀ ਪੰਕਤੀ ਵਿਚ ਸਾਨੂੰ ਮਾਲਕ ਨਾਲੋਂ ਟੁੱਟੇ ਹੋਏ ਜੀਵਾਂ ਨੂੰ ਉਪਦੇਸ਼ ਕਰਦੇ ਆਖ ਰਹੇ ਹਨ; ਰਾਮ ਹਮ ਸਤਿਗੁਰ ਲਾਲੇ ਕਾਂਢੇ, ਹੇ ਮੇਰੇ ਅਕਾਲ ਪੁਰਖ ਪਿਤਾ ਜੀਉ! ਮੈਂ ਤਾਂ ਆਪਣੇ ਗੁਰੂ ਦਾ ਲਾਲ, ਭਾਵ ਗੁਲਾਮ ਅਖਵਾਉਂਦਾ ਹਾਂ, ਤੇ ਹੇ ਮਿਹਰਬਾਨ ਪ੍ਰਭੂ ਜੀਉ! ਇਸੇ ਨਾਲ ਹੀ ਮੇਰੇ ਹਿਰਦੇ ਨੂੰ ਖੁਸ਼ੀ ਪ੍ਰਾਪਤ ਹੁੰਦੀ ਹੈ।

ਹਮਰੈ ਮਸਤਕਿ ਦਾਗੁ ਦਗਾਨਾ
ਹਮ ਕਰਜ ਗੁਰੂ ਬਹੁ ਸਾਢੇ॥
ਪਰਉਪਕਾਰੁ ਪੁੰਨੁ ਬਹੁ ਕੀਆ
ਭਉ ਦੂਤਰੁ ਤਾਰਿ ਪਰਾਢੇ॥੨॥

ਹੇ ਭਾਈ! ਮੇਰੇ ਪੂਰੇ ਸਤਿਗੁਰੂ ਨੇ ਮੇਰੇ ਉਤੇ ਬਹੁਤ ਵੱਡਾ ਪਰਉਪਕਾਰ ਕੀਤਾ ਹੈ, ਪੁੰਨ ਕੀਤਾ ਹੈ ਕਿ ਮੈਨੂੰ ਵਿਕਾਰਾਂ ਨਾਲ ਭਰੇ ਹੋਏ ਨੂੰ ਉਸ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦਿਤਾ ਹੈ ਜਿਸ ਤੋਂ ਪਾਰ ਲੰਘਣਾ ਬਹੁਤ ਹੀ ਕਠਿਨ ਤੇ ਮੁਸ਼ਕਿਲ ਸੀ। ਗੁਰੂ ਦੇ ਇਸ ਉਪਕਾਰ ਦਾ ਭਾਰੀ ਕਰਜ਼ਾ ਮੇਰੇ ਸਿਰ ਉਤੇ ਇਕੱਠਾ ਹੋ ਗਿਆ ਹੈ ਜੋ ਉਤਰ ਨਹੀਂ ਸਕਦਾ। ਉਸ ਦੇ ਬਦਲੇ ਮੈਂ ਗੁਰੂ ਦਾ ਗੁਲਾਮ ਬਣ ਗਿਆ ਹਾਂ, ਮੇਰੇ ਮੱਥੇ ਉਤੇ ਗੁਲਾਮੀ ਦਾ ਨਿਸ਼ਾਨ ਦਾਗਿਆ ਗਿਆ ਹੈ।

ਜਿਨ ਕਉ ਪ੍ਰੀਤਿ ਰਿਦੈ ਹਰਿ ਨਾਹੀ
ਤਿਨ ਕੂਰੇ ਗਾਢਨ ਗਾਢੇ॥
ਜਿਉ ਪਾਣੀ ਕਾਗਦੁ ਬਿਨਸਿ ਜਾਤ ਹੈ
ਤਿਉ ਮਨਮੁਖ ਗਰਭਿ ਗਲਾਢੇ॥੩॥

ਗੁਰਦੇਵ ਜੀ ਆਖਦੇ ਹਨ, ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਉਸ ਮਿਹਰਬਾਨ ਪ੍ਰਭੂ ਦਾ ਪਿਆਰ ਨਹੀਂ ਹੁੰਦਾ, ਪਰ ਉਹ ਦੁਨੀਆਂ ਨੂੰ ਵਿਖਾਉਣ ਲਈ ਵਿਖਾਵਾ ਕਰਦੇ ਹਨ, ਤਾਂ ਉਹ ਮਨੁੱਖ ਝੂਠੇ ਗੰਢ-ਤੁਪ ਹੀ ਕਰ ਰਹੇ ਹਨ; ਜਿਉ ਪਾਣੀ ਕਾਗਦੁ ਬਿਨਸਿ ਜਾਤ ਹੈ, ਜਿਵੇਂ ਪਾਣੀ ਵਿਚ ਪਿਆ ਕਾਗਜ਼ ਗਲ ਜਾਂਦਾ ਹੈ, ਖਤਮ ਹੋ ਜਾਂਦਾ ਹੈ, ਇਵੇਂ ਹੀ ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਪ੍ਰਭੂ ਪ੍ਰੇਮ ਤੋਂ ਸੱਖਣੇ ਲੋਕ ਜੂਨਾਂ ਦੇ ਗੇੜ ਵਿਚ ਪਏ ਹੀ ਗਲ ਜਾਂਦੇ ਹਨ।

ਹਮ ਜਾਨਿਆ ਕਛੂ ਨ ਜਾਨਹ ਆਗੈ
ਜਿਉ ਹਰਿ ਰਾਖੈ ਤਿਉ ਠਾਢੇ॥
ਹਮ ਭੂਲ ਚੂਕ ਗੁਰ ਕਿਰਪਾ ਧਾਰਹੁ
ਜਨ ਨਾਨਕ ਕੁਤਰੇ ਕਾਢੇ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਜੀ ਆਖਦੇ ਹਨ- ਹੇ ਭਾਈ! ਸਾਡੀ ਜੀਵਾਂ ਦੀ ਕੋਈ ਚਤੁਰਾਈ ਜਾਂ ਸਿਆਣਪ ਉਥੇ ਕੰਮ ਨਹੀਂ ਕਰ ਸਕਦੀ, ਜਾਂ ਅਸੀਂ ਜੀਵ ਹੁਣ ਤਕ ਨਾ ਕੋਈ ਚਤੁਰਾਈ ਸਿਆਣਪ ਕਰ ਸਕੇ ਹਾਂ, ਤੇ ਨਾ ਹੀ ਅਗਾਂਹ ਨੂੰ ਕਰ ਸਕਾਂਗੇ। ਹੇ ਭਾਈ! ਉਸ ਮਾਲਕ ਦੇ ਦਰ ਉਤੇ ਅਰਦਾਸ ਕੀਤੀ ਹੀ ਬਣਦੀ ਹੈ। ਹੇ ਗੁਰੂ! ਸਾਡੀਆਂ ਭੁੱਲਾਂ ਬਖਸ਼ੋ, ਮਿਹਰ ਕਰੋ। ਅਸੀਂ ਤੇਰੇ ਦਰ ਦੇ ਕੂਕਰ ਅਖਵਾਉਂਦੇ ਹਾਂ ਜੀਉ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

ਪ੍ਰਤੀਕਰਮ

# ਤਸ਼ਖੀਸ਼, ਤਫਤੀਸ਼ ਅਤੇ ਅਹਿਸਾਸ

***ਪੰਜਾਬ ਟਾਈਮਜ਼ ਦੇ ਪਿਛਲੇ ਅੰਕ ਵਿਚ ਪ੍ਰਭਸ਼ਰਨਬੀਰ ਸਿੰਘ ਨੇ ਆਪਣੇ ਲੇਖ 'ਆਧੁਨਿਕਤਾ, ਬਰਬਰਤਾ ਅਤੇ ਪੰਜਾਬੀ ਕਵਿਤਾ' ਵਿਚ ਪ੍ਰੋ. ਹਰਿੰਦਰ ਸਿੰਘ ਮਹਿਬੂਬ ਦੀ ਕਵਿਤਾ ਅਤੇ ਸੁਰਜੀਤ ਪਾਤਰ ਦੀ ਕਵਿਤਾ ਬਾਰੇ ਕੁਝ ਟਿੱਪਣੀਆਂ ਕੀਤੀਆਂ ਸਨ। ਇਨ੍ਹਾਂ ਟਿੱਪਣੀਆਂ ਦੇ ਪ੍ਰਤੀਕਰਮ ਵਜੋਂ ਪ੍ਰੋ. ਅਵਤਾਰ ਸਿੰਘ ਨੇ ਇਹ ਲੇਖ ਭੇਜਿਆ ਹੈ ਜੋ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਇਸ ਲੇਖ ਦੇ ਪ੍ਰਤੀਕਰਮ ਵਜੋਂ ਆਈਆਂ ਰਚਨਾਵਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। -ਸੰਪਾਦਕ***

**ਅਵਤਾਰ ਸਿੰਘ (ਪ੍ਰੋ.)**
ਫੋਨ: 91-94175-18384

ਪੰਜਾਬ ਟਾਈਮਜ਼ ਵਿਚ ਛਪੇ ਲੇਖ ਵਿਚ ਪ੍ਰਭਸ਼ਰਨਬੀਰ ਸਿੰਘ ਨੇ ਪ੍ਰੋ. ਹਰਿੰਦਰ ਸਿੰਘ ਮਹਿਬੂਬ ਦੀ ਕਵਿਤਾ ਦੇ ਮੁਕਾਬਲੇ ਸੁਰਜੀਤ ਪਾਤਰ ਦੀ ਕਵਿਤਾ ਨੂੰ 'ਰੋਗੀ ਮਨ ਦੀ ਨਿਸ਼ਾਨੀ' ਅਤੇ 'ਡਿਪਰੈਸ਼ਨ ਦੀ ਕਵਿਤਾ' ਕਰਾਰ ਦਿੱਤਾ ਗਿਆ ਹੈ। ਕਿਸੇ ਕਵੀ ਬਾਬਤ ਨਿਰਣਾ ਦੇਣਾ ਹੋਵੇ ਤਾਂ ਉਸ ਦੀ ਪੂਰੀ ਕਵਿਤਾ ਦੇ ਸਨਮੁਖ ਹੋਣ ਦੀ ਲੋੜ ਹੁੰਦੀ ਹੈ; ਕੇਵਲ ਇੱਕੋ ਹੀ ਸ਼ਿਅਰ ਕਾਫੀ ਨਹੀਂ ਹੁੰਦਾ। ਕਾਵਿ ਆਲੋਚਨਾ ਵਿਚ ਮਨੋਚਿਕਿਤਸਕ ਦੀ ਭਾਸ਼ਾ ਦੇ ਪ੍ਰਯੋਗ ਤੋਂ ਪ੍ਰਤੀਤ ਹੁੰਦਾ ਹੈ ਜਿਵੇਂ ਲੇਖਕ ਨੇ ਕੋਈ ਕਲਿਨਿਕ ਖੋਲ੍ਹਿਆ ਹੋਵੇ ਤੇ ਪਾਤਰ ਸਾਹਿਬ ਉਸ ਕੋਲ ਚੈਕਅਪ ਕਰਾਉਣ ਬੈਠੇ ਹੋਣ। ਜੇ ਲੇਖਕ ਨੇ ਚੈਖੋਵ ਦੀ ਕਹਾਣੀ 'ਵਾਰਡ ਨੰਬਰ ਸਿਕਸ' ਪੜ੍ਹੀ ਹੁੰਦੀ ਤਾਂ ਉਸ ਨੂੰ ਪਤਾ ਹੁੰਦਾ ਕਿ ਕਿਸੇ ਲਈ ਵੀ ਐਵੇਂ ਕੈਵੇਂ ਅਜਿਹੀ ਸ਼ਬਦਾਵਲੀ ਦੀ ਵਰਤੋਂ ਦਾ ਕੀ ਅਰਥ ਹੁੰਦਾ ਹੈ?

ਕਿਸੇ ਜ਼ਮਾਨੇ ਵਿਚ ਡਾਕਟਰ ਨੂੰ ਸਿਆਣਾ ਕਿਹਾ ਜਾਂਦਾ ਸੀ। ਪਰ ਅੱਜ ਕਲ ਡਾਕਟਰ ਦਾ ਅਰਥ ਸਿਆਣਾ ਨਹੀਂ ਤੇ ਸਿਆਣੇ ਦਾ ਅਰਥ ਡਾਕਟਰ ਨਹੀਂ ਰਿਹਾ। ਤਸ਼ਖੀਸ਼ ਬਿਮਾਰ ਦੀ ਹੁੰਦੀ ਹੈ, ਤਫਤੀਸ਼ ਮੁਜਰਮ ਦੀ। ਕਵਿਤਾ ਵਿਚ ਅਹਿਸਾਸ ਹੁੰਦੇ ਹਨ, ਜਿਨ੍ਹਾਂ ਨੂੰ ਮਹਿਸੂਸ ਕੀਤਾ ਜਾਂਦਾ ਹੈ। ਮਹਿਸੂਸ ਕਰਨ ਲਈ ਸੰਵੇਦਨਸ਼ੀਲਤਾ ਦੀ ਜ਼ਰੂਰਤ ਹੁੰਦੀ ਹੈ। ਰਵਿੰਦਰਨਾਥ ਟੈਗੋਰ 'ਗੀਤਾਂਜਲੀ' ਵਿਚ ਕਹਿੰਦੇ ਹਨ ਕਿ ਸੁਨਿਆਰਾ ਪੱਥਰ ਦੀ ਕਸਵੱਟੀ ਨਾਲ ਬਾਗ ਵਿਚ ਫੁੱਲਾਂ ਦੀ ਖੂਬਸੂਰਤੀ ਦਾ ਅੰਦਾਜ਼ਾ ਲਗਾ ਰਿਹਾ ਹੈ। ਸੰਵੇਦਨਸ਼ੀਲ ਮਨ ਪੱਥਰ ਵਿਚ ਵੀ ਭਗਵਾਨ ਦੇਖ ਸਕਦਾ ਹੈ, ਪਰ ਪੱਥਰ ਨੂੰ ਇਨਸਾਨ ਵੀ ਨਜ਼ਰ ਨਹੀਂ ਆਉਂਦਾ।

ਹਰਿੰਦਰ ਸਿੰਘ ਮਹਿਬੂਬ ਦੀ ਸ਼ਖਸੀਅਤ ਇੱਕ ਤੁਰਦੇ ਫਿਰਦੇ ਕਵੀ ਵਾਲੀ ਸੀ। ਉਨ੍ਹਾਂ ਨੇ ਕਵਿਤਾ ਵੀ ਲਿਖੀ ਤੇ ਵਾਰਤਕ ਵੀ। ਉਨ੍ਹਾਂ ਦਾ ਕਾਵਿ ਮੁਹਾਵਰਾ ਸਮੇਂ ਦੇ ਹਾਣ ਦਾ ਨਹੀਂ ਸੀ। ਸ਼ਿਅਰ ਉਹ ਹੈ, ਜੋ ਕਹਿੰਦੇ ਕਹਿੰਦੇ ਦਿਲ ਤੱਕ ਉਤਰ ਜਾਵੇ। ਪਰ ਮਹਿਬੂਬ ਸਾਹਿਬ ਦੀ ਸ਼ਾਇਰੀ ਉਨ੍ਹਾਂ ਦੇ ਨਿਜ ਅਨੁਭਵ ਤੋਂ ਬਾਹਰ ਨਹੀਂ ਸੀ ਨਿਕਲਦੀ। ਕਵਿਤਾ ਵਿਚ ਨਿਜ ਅਨੁਭਵ ਲਾਜ਼ਮੀ ਹੈ, ਪਰ ਮੁਹਾਵਰਾ ਨਿਜ ਤੋਂ ਪਰ ਤੱਕ ਪੁਜਦਾ ਹੋਣਾ ਲਾਜ਼ਮੀ ਹੈ। ਗੂੰਗੇ ਦੀਆਂ ਰਮਜ਼ਾਂ ਤਾਂ ਗੂੰਗੇ ਦੀ ਮਾਂ ਤੋਂ ਸਮਝੀਆਂ ਜਾ ਸਕਦੀਆਂ ਹਨ। ਪਰ, ਕਵੀ ਦੀਆਂ ਗੁੰਗੀਆਂ ਰਮਜ਼ਾਂ ਕਿਸ ਕੋਲੋਂ ਸਮਝੀਏ? ਮੁਹਾਵਰੇ ਦਾ ਕੋਈ ਦੇਸ਼ ਕਾਲ ਹੁੰਦਾ ਹੈ, ਜਿਸ ਤੋਂ ਵੱਖਰੀ ਬੋਲੀ ਜਾਂ ਸ਼ੈਲੀ ਫੱਬਦੀ ਨਹੀਂ। ਮਹਿਬੂਬ ਸਾਹਿਬ ਦੀ ਕਵਿਤਾ ਆਪਣੇ ਦੇਸ਼ ਕਾਲ ਨਾਲ ਸਾਂਝ ਨਹੀਂ ਪਾ ਸਕੀ ਤੇ ਸ਼ੈਲੀ ਵੀ ਇਧਰ-ਉਧਰ ਖਿਸਕੀ ਰਹਿੰਦੀ ਸੀ, ਜਿਸ ਕਰਕੇ ਇਸ ਦਾ ਕੋਈ ਇਕ ਵਾਕੰਸ਼ ਵੀ ਲੋਕ ਮੁਹਾਵਰੇ ਦਾ ਹਾਣੀ ਨਹੀਂ ਬਣ ਸਕਿਆ।

ਇਕਬਾਲ ਦੀ ਇਕ ਨਜ਼ਮ ਵਿਚ ਸ਼ਾਇਰ ਨੂੰ ਗਿਲਾ ਹੈ ਕਿ ਜਿਸ ਤਰ੍ਹਾਂ ਸ਼ਮਾਂ 'ਤੇ ਪਰਵਾਨੇ ਜਾਨ ਨਿਸਾਰ ਕਰਦੇ ਹਨ ਉਵੇਂ ਸ਼ਾਇਰ 'ਤੇ ਕੋਈ ਪਰਵਾਨਾ ਫਿਦਾ ਨਹੀਂ ਹੁੰਦਾ। ਸ਼ਮਾਂ ਆਖਦੀ ਹੈ ਕਿ ਉਹ ਤਾਂ ਇਸ ਕਾਰਣ ਬਲਦੀ ਹੈ ਕਿ ਉਸ ਦੀ ਫਿਤਰਤ ਵਿਚ ਬਲਣਾ ਹੈ, ਪਰ ਸ਼ਾਇਰ ਇਸ ਕਾਰਣ ਤਪਦਾ ਹੈ ਕਿ ਉਸ ਉਤੇ ਪਰਵਾਨੇ ਸੜ ਮਰਨ। ਪਰਵਾਨੇ ਖੁਦ-ਬਖੁਦ ਸੜਦੇ ਹਨ, ਧੱਕੇ ਨਾਲ ਨਹੀਂ। ਮਹਿਬੂਬ ਸਾਹਿਬ ਦੇ ਚੰਦ ਪਰਵਾਨੇ ਦੂਜੇ ਪਰਵਾਨਿਆਂ ਨੂੰ ਖਿੱਚ ਖਿੱਚ ਸਾੜਨ ਦੀ ਕੋਸ਼ਿਸ਼ ਕਰਦੇ ਹਨ। ਦਾਖੀਂ ਹੱਥ ਨਾ ਅੱਪੜੇ ਤਾਂ ਹੁਣ ਸੋਜ਼, ਸੰਵੇਦਨਾ ਤੇ ਸੁਹਜ ਦੇ ਮੁਜੱਸਮੇ ਸ਼ਮਾਂ ਜਿਹੀ ਕੋਮਲਤਾ ਦੇ ਪੁੰਜ ਸੁਰਜੀਤ ਪਾਤਰ ਪ੍ਰਤੀ ਨਫਰਤ ਦੇ ਤੀਰ ਦਾਗਣੇ ਸ਼ੁਰੂ ਕਰ ਦਿਤੇ ਹਨ।

ਇਸ ਦੇ ਉਲਟ ਸੁਰਜੀਤ ਪਾਤਰ ਦੀ ਕਵਿਤਾ ਪੰਜਾਬ ਦੀ ਫਿਜ਼ਾ ਦੀ ਸ਼ਾਨ ਬਣੀ ਹੈ। ਹਰ ਤਬਕੇ ਵਿਚ ਪਾਤਰ ਦੀ ਕਵਿਤਾ ਮਕਬੂਲ ਹੋਈ ਹੈ। ਪੰਜਾਬੀ ਦਾ ਕੋਈ ਵੀ ਪਾਠਕ ਅਜਿਹਾ ਨਹੀ, ਜਿਸ ਨੂੰ ਪਾਤਰ ਦੀ ਸ਼ਾਇਰੀ ਦਾ ਪਤਾ ਨਾ ਹੋਵੇ। ਪਾਤਰ ਦੀ ਸ਼ਾਇਰੀ ਲੋਕ ਜ਼ੁਬਾਨ 'ਤੇ ਸੁਸ਼ੋਭਿਤ ਹੋਈ ਹੈ, ਕਿਉਂਕਿ ਇਹ ਲੋਕ ਮਨ ਨੂੰ ਟੁੰਬਦੀ ਹੈ।

ਲੇਖਕ ਨੇ ਪਾਤਰ ਦੀ ਇਕੋ ਲਾਈਨ ਕਿਤੋਂ ਸੁਣ ਲਈ ਤੇ ਉਸ ਦੇ ਆਸ-ਪਾਸ ਜਾਂ ਇਧਰ-ਉਧਰ ਗਏ ਬਗੈਰ ਵਗੈਰਾ ਵਗੈਰਾ ਲਿਖ ਮਾਰਿਆ। ਸ਼ੁਕਰ ਹੈ, ਕਿਤੇ ਆਰ ਐਕਸ ਲਿਖ ਕੇ ਪਾਤਰ ਸਾਹਿਬ ਨੂੰ ਗੋਲੀਆਂ ਨਹੀਂ ਲਿਖ ਦਿਤੀਆਂ। ਗੁਰੂ ਨਾਨਕ ਨੇ ਵੀ ਕਿਹਾ ਹੈ, "ਨਾਨਕ ਦੁਖੀਆ ਸਭੁ ਸੰਸਾਰੁ" ਅਤੇ "ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥" ਕੀ ਲੇਖਕ ਗੁਰੂ ਨਾਨਕ ਦੀ ਬਾਣੀ ਨੂੰ ਵੀ 'ਰੋਗੀ ਮਨ ਦੀ ਨਿਸ਼ਾਨੀ' ਅਤੇ 'ਡਿਪਰੈਸ਼ਨ ਦੀ ਕਵਿਤਾ' ਕਹਿ ਸਕਦਾ ਹੈ? ਗਾਲਿਬ ਨੇ ਵੀ ਕਿਹਾ, "ਕੋਈ ਉਮੀਦ ਬਰ ਨਹੀਂ ਆਤੀ, ਕੋਈ ਸੂਰਤ ਨਜ਼ਰ ਨਹੀਂ ਆਤੀ।"

ਪਾਤਰ ਸਾਹਿਬ ਨੇ ਇਕ ਦਾਨੇ ਸ਼ਾਇਰ ਵਜੋਂ ਪੰਜਾਬ 'ਤੇ ਇਕ ਨਜ਼ਰ ਪਾਈ ਤੇ ਸੱਚੋ ਸੱਚ ਪੇਸ਼ ਕੀਤਾ। ਸ਼ਾਇਰ ਕਦੀ ਨਾਉਮੀਦ ਨਹੀਂ ਹੁੰਦੇ। ਜੇ ਨਿਰਾਸ਼ਾ ਦੇ ਕਿਸੇ ਗੋਸ਼ੇ ਵਿਚ ਆਸ਼ਾ ਦਾ ਕੋਈ ਨਿਸ਼ਾਨ ਨਾ ਹੋਵੇ ਤਾਂ ਕਵਿਤਾ ਫੁੱਟਦੀ ਨਹੀਂ। ਸਾਬਤ ਬੀਜ ਹੀ ਉਗਦੇ ਹਨ, ਦਾਲ ਨਹੀਂ। ਸਾਬਤ ਬੀਜ ਵਿਚ ਅੰਕੁਰ ਹੁੰਦਾ ਹੈ ਤੇ ਅੰਕੁਰ ਹੀ ਅੰਗੂਰ ਬਣਦੇ ਹਨ। ਜੇ ਇਵੇਂ ਨਾ ਹੁੰਦਾ ਤਾਂ ਪਾਤਰ ਸਾਹਿਬ ਇਹ ਸ਼ਿਅਰ ਨਾ ਲਿਖਦੇ: ਜੋ ਹੁੰਦੇ ਸਨ ਸਤਲੁਜ, ਬਿਆਸ, ਰਾਵੀ, ਜੇਹਲਮ ਅਤੇ ਝਨਾਂ, ਤੇ ਜਿਹੜੇ ਇਕ ਦਿਨ ਹੋਵਣਗੇ, ਰਾਗ ਸ਼ਾਇਰੀ ਹੁਸਨ ਮੁਹੱਬਤ ਅਤੇ ਨਿਆਂ, ਮੇਰੇ ਦਰਿਆਵਾਂ ਦੇ ਨਾਂ।


ਸ਼ਾਇਰਾਂ ਦੀ ਤਸ਼ਖੀਸ਼ ਜਾਂ ਤਫਤੀਸ਼ ਨਹੀਂ ਕਰੀਦੀ; ਸ਼ਾਇਰ ਅਹਿਸਾਸ ਮੰਗਦੇ ਹਨ, ਸ਼ਿੱਦਤ ਭਰਪੂਰ। ਸੰਕੀਰਣਤਾ ਤੇ ਨਫਰਤ ਨਾਲ ਸ਼ਾਇਰਾਂ ਨੂੰ ਨਹੀਂ ਸਮਝਿਆ ਜਾ ਸਕਦਾ। ਸ਼ਾਇਰ ਸ਼ਾਇਰੀ ਰਚਦੇ ਹਨ ਤੇ ਸ਼ਰੋਤੇ ਮੁਸ਼ਾਇਰੇ ਰਚਾਉਂਦੇ ਹਨ। ਮੁਸ਼ਾਇਰੇ ਦਾ ਦਸਤੂਰ ਹੈ ਕਿ ਜਿਸ ਅੱਗੇ ਸ਼ਮਾਂਦਾਨ ਰੱਖਿਆ ਜਾਵੇ, ਉਹੀ ਕਾਵਿ ਗਾਇਨ ਪ੍ਰਸਤੁਤ ਕਰਦਾ ਹੈ। ਸ਼ਮਾਂਦਾਨ ਅਲੰਕਾਰ ਹੈ ਕਵੀ ਅਤੇ ਕਵਿਤਾ ਦੇ ਸੁਮੇਲ ਦਾ। ਇੱਕ ਅਜੀਬ ਦੌਰ ਆਇਆ, ਖ਼ਿਆਲੀ ਝੱਖੜ ਝੁੱਲੇ, ਚਿਰਾਗ ਬੁਝ ਗਏ ਤੇ ਕਵਿਤਾ ਰੂਪੋਸ਼ ਹੋ ਗਈ। ਸਮੇਂ ਦੀ ਮੂਕ ਵੇਦਨਾ ਨੇ ਇੱਕ ਚੁੱਪ ਜਹੇ ਕਵੀ ਅੱਗੇ ਅਛੋਪਲੇ ਜਹੇ ਸ਼ਮਾਂਦਾਨ ਲਿਆ ਧਰਿਆ। ਉਹ ਕਿਤੋਂ 'ਕਲਮਾਂ' ਲੱਭ ਲਿਆਇਆ, ਚੁੱਪ ਨੇ ਬੋਲ ਸਿਰਜੇ, ਸੁਰ ਹਰਕਤ ਵਿਚ ਆਏ ਤੇ ਕਵਿਤਾ ਦਾ ਅਲਾਪ ਹੋਇਆ। ਪਾਤਰ ਦੀ ਚੁੱਪ ਦੇ ਕਿਸੇ ਗੋਸ਼ੇ 'ਚ ਸਾਂਭੀ 'ਫੁੱਲਾਂ ਜੋਗੀ ਜ਼ਮੀਨ' ਵਿਚ ਬਹਾਰ ਪਰਤ ਆਈ।

ਪਿੰਡ ਪੱਤੜ ਨੂੰ ਅੰਗਰੇਜ਼ੀ ਵਿਚ ਲਿਖਿਆਂ ਪਾਤਰ ਪੜ੍ਹਿਆ ਜਾਂਦਾ ਹੈ। ਲਿਪੀਅੰਤਰ ਦੇ ਇਸ ਮੁਗਾਲਬੇ ਨੂੰ ਕਵਿਤਾ ਨੇ ਆਪਣੇ ਸਾਹਾਂ ਨਾਲ ਸਿੰਜਿਆ ਤਾਂ ਸੁਰਜੀਤ ਪਾਤਰ ਦਾ ਜਨਮ ਹੋਇਆ। ਪਾਤਰ ਕਵਿਤਾ ਰਚਦਾ, ਗਾਉਂਦਾ, ਸੁਣਾਉਂਦਾ ਅਤੇ ਨਿਭਾਉਂਦਾ ਹੈ। ਉਹ ਖਿਆਲ ਦਾ ਨਹੀਂ, ਅਹਿਸਾਸ ਦਾ ਕਵੀ ਹੈ। ਉਸ ਦੀ ਕਵਿਤਾ ਸਮਝੀ ਨਹੀਂ, ਮਹਿਸੂਸ ਕੀਤੀ ਜਾਂਦੀ ਹੈ। ਜੇ ਉਸੇ ਦੀ ਆਵਾਜ਼ 'ਚ, ਉਸ ਦੇ ਸਾਹਮਣੇ ਬੈਠ ਕੇ ਸੁਣੀ ਜਾਵੇ ਤਾਂ ਉਸ ਦੀ ਕਵਿਤਾ ਖਿੜਦੀ ਹੈ ਤੇ ਕੋਸਾ ਕੋਸਾ ਸੇਕ ਮਹਿਸੂਸ ਹੁੰਦਾ ਹੈ, ਜਿਵੇਂ ਸਰਦੀਆਂ 'ਚ ਪੂਰਨਮਾਸ਼ੀ ਦੇ ਚੰਨ ਦਾ ਮੱਠਾ ਮੱਠਾ ਨਿੱਘ।

ਯੱਕ ਦਰੀਦਾ ਨੇ ਸਾਨੂੰ ਦੱਸਿਆ ਕਿ ਸ਼ਬਦ ਦੇ ਅਰਥ ਕਰਦਿਆਂ ਅਸੀਂ ਹੋਰ ਸ਼ਬਦਾਂ ਦੀ ਟੇਕ ਲੈਂਦੇ ਹਾਂ ਤੇ ਅਰਥ ਨੂੰ ਟਾਲ ਦਿੰਦੇ ਹਾਂ। ਸ਼ਬਦ ਦੇ ਅਰਥ ਕਰਦਿਆਂ, ਸ਼ਬਦ ਦਰ ਸ਼ਬਦ, ਇੱਕ ਅਨੰਤ ਲੜੀ ਤੁਰ ਪੈਂਦੀ ਹੈ, ਜਿਸ ਨਾਲ ਅਰਥ ਟਲ ਜਾਂਦਾ ਹੈ। ਅਰਥ ਦੀ ਇਸ ਸਮੱਸਿਆ ਤੋਂ ਕਵਿਤਾ ਬਰੀ ਹੈ। ਕਵਿਤਾ ਪੜ੍ਹੀ ਅਤੇ ਸਮਝੀ ਨਹੀਂ ਜਾਂਦੀ, ਗਾਈ ਅਤੇ ਮਾਣੀ ਜਾਂਦੀ ਹੈ। ਸ਼ਾਇਦ ਇਸੇ ਲਈ ਪਾਤਰ ਦੀ ਕਵਿਤਾ ਅਰਥ ਨਹੀਂ, ਦ੍ਰਿਸ਼ ਸਿਰਜਦੀ ਹੈ। ਜੇ ਸਾਡੀਆਂ ਅੱਖਾਂ ਸੁਣ ਸਕਦੀਆਂ ਹੋਣ, ਕੰਨ ਦੇਖ ਸਕਦੇ ਹੋਣ ਤੇ ਅਕਲ ਚੁੱਪ ਰਹਿ ਸਕਦੀ ਹੋਵੇ ਤਾਂ ਉਹਦੀ ਕਵਿਤਾ ਦਾ ਅਨੰਦ ਮਾਣਿਆ ਜਾ ਸਕਦਾ ਹੈ। ਪਿੰਡ 'ਚ ਅੱਧੀ ਰਾਤ ਵੇਲੇ, ਸੁੱਤੇ ਪੁੱਤਰਾਂ ਲਾਗੇ, ਜਾਗਦੀਆਂ ਮਾਂਵਾਂ ਦਾ ਦ੍ਰਿਸ਼ ਉਹ ਹੀ ਖਿੱਚ ਸਕਦਾ ਹੈ। ਚਿਰਾਂ ਤੋਂ ਬੰਦ ਪਏ ਕਿਸੇ ਬੋੜੇ ਜਹੇ ਦਰ ਅੱਗੇ ਪਈਆਂ ਚਿੱਠੀਆਂ ਤੇ ਲਿਖੇ ਸਿਰਨਾਵੇਂ ਦਾ ਉਦਾਸ ਮੰਜ਼ਰ ਉਸੇ ਦਾ ਹੀ ਕਮਾਲ ਹੈ।

ਕਵੀ ਦੇ ਸ਼ਬਦਾਂ ਵਿਚ ਨਿਰੇ ਅਰਥ ਹੀ ਨਹੀਂ ਹੁੰਦੇ ਤੇ ਨਾ ਹੀ ਇਹ ਸੱਖਣੇ ਢੋਲ ਹੁੰਦੇ ਹਨ। ਇਨ੍ਹਾਂ 'ਚ ਅਰਥ ਤੋਂ ਇਲਾਵਾ, ਨਿੱਘ ਹੁੰਦਾ ਹੈ, ਤਪਸ਼ ਹੁੰਦੀ ਹੈ ਤੇ ਫੂਕ ਦੇਣ ਦੀ ਸਮਰੱਥਾ। ਇਹ ਸ਼ੀਤਲ ਹੁੰਦੇ ਹਨ, ਠਰੇ ਹੋਏ ਤੇ ਨਿਰੇ ਬਰਫ ਵੀ। ਇਨ੍ਹਾਂ 'ਚ ਖੜੋਤ ਹੁੰਦੀ ਹੈ, ਸਹਿਜ ਵੀ ਤੇ ਰਫਤਾਰ ਵੀ। ਪਾਤਰ ਦੇ ਬੋਲ ਕਿਸੇ ਬਰਫ 'ਚ ਲੱਗੇ ਹੋਏ ਲਈ ਕੋਸੀ ਕੋਸੀ ਧੁੱਪ ਬਣਦੇ ਹਨ, ਤਪ ਰਹੇ ਲਈ ਰੁਮਕਦੀ ਪੌਣ, ਧੁਖ ਰਹੇ ਲਈ ਮੱਠੀ ਮੱਠੀ ਕਿਣ ਮਿਣ ਤੇ ਬਲ ਰਹੇ ਲਈ ਮਿਠੜੇ ਬੋਲ। ਉਸ ਦੀ ਕਵਿਤਾ ਨਾ ਪਟਾਕੇ ਵਾਂਗ ਚੱਲਦੀ ਹੈ, ਨਾ ਬੰਬ ਵਾਂਗ ਫਟਦੀ ਹੈ ਤੇ ਨਾ ਹੀ ਤੀਰ ਵਾਂਗ ਛੁੱਟਦੀ ਹੈ। ਉਹ ਕਦੀ ਆਪਣੇ ਸਹਿਜ ਤੇ ਸੰਵੇਦਨਾ ਤੋਂ ਦੂਰ ਨਹੀਂ ਹੁੰਦੀ। ਉਸ ਦੇ ਬੋਲ ਵੱਜਦੇ ਜਾਂ ਧਸਦੇ ਨਹੀਂ, ਜਿਸਮ ਨੂੰ ਛੋਂਹਦੇ ਹਨ, ਜਿਵੇਂ ਕੋਈ ਪਿਆਰੇ ਦੇ ਦੁਖਦੇ ਅੰਗਾਂ 'ਤੇ ਟਕੋਰ ਕਰੇ ਤੇ ਜਿਸ ਤੋਂ ਟਕੋਰ ਕਰਨ ਵਾਲੇ ਅਤੇ ਕਰਾਉਣ ਵਾਲੇ-ਦੋਹਾਂ ਨੂੰ ਅਰਾਮ ਮਿਲੇ। ਉਸ ਦੀ ਭਾਸ਼ਾ ਫਲਸਫੇ ਨੂੰ ਦਰਸ਼ਨ ਵਿਚ ਤਬਦੀਲ ਕਰਕੇ ਮਸਤਕ ਤੋਂ ਹਿਰਦੇ ਵਿਚ ਲੈ ਜਾਂਦੀ ਹੈ ਤੇ ਹਿਰਦਾ ਹਰਕਤ ਵਿਚ ਆਉਂਦਾ ਹੈ।

ਉਸ ਦੀ ਕਵਿਤਾ ਮੈਲੀਆਂ ਰੀਝਾਂ 'ਤੇ ਵੀ ਪਰਦੇ ਨਹੀਂ ਪਾਉਂਦੀ ਤੇ ਨਾ ਹੀ ਫਕੀਰਾਂ ਦੇ ਸੁਖਨ ਤੋਂ ਨਾਫੁਰਮਾਨ ਹੈ। ਇਹ ਹਰ ਰੀਝ ਨੂੰ ਸੁੱਚੀ ਨਜ਼ਰ ਨਾਲ ਦੇਖਦੀ ਹੈ ਤੇ ਸੁਖਨ ਦਾ ਅਦਬ ਬਰਕਰਾਰ ਰੱਖਦੀ ਹੈ। ਇਹ ਦੋਹਾਂ ਦੇ ਸਨਮਾਨ ਦੀ ਸਮਾਨ ਚਾਹਤ ਦੀ ਕਵਿਤਾ ਹੈ। ਉਸ ਦੀ ਕਵਿਤਾ ਦਾ ਨਾਇਕ ਨਾ ਹੀ ਉਡਦਿਆਂ ਬਾਜ਼ਾਂ ਮਗਰ ਭਟਕਦਾ ਹੈ ਤੇ ਨਾ ਹੀ ਧਰਤੀ 'ਤੇ ਰੀਂਘਦੇ ਸੱਪ ਦੀ ਖੁੱਡ 'ਚ ਹੱਥ ਪਾਉਂਦਾ ਹੈ। ਉਹ ਧਰਤੀ 'ਤੇ ਤੁਰਿਆ ਫਿਰਦਾ ਇੱਕ ਨਿਮਰ ਫਰਿਸ਼ਤਾ ਹੈ, ਜਿਸ ਦੀ ਕਵਿਤਾ ਵਿਚ ਬੰਦਿਸ਼ ਤੇ ਖੁੱਲ੍ਹ ਦੀ ਕਸ਼ਮਕਸ਼ ਦੀ ਯਾਤਨਾ ਹੈ, ਜੋ ਹੋਠਾਂ ਦੀ ਸੁੱਚ ਅਤੇ ਪਿਆਸ ਦੀ ਤੀਬਰਤਾ ਵਿਚ ਘਿਰੀ ਰੂਹ ਹੈ, ਜੋ ਵਰਜਿਤ ਅਤੇ ਇਜਾਜ਼ਤ ਦੇ ਚੱਕਰਵਿਊ 'ਚੋਂ ਨਿਕਲਣ ਦਾ ਰਾਹ ਭਾਲਦੀ ਹੈ। ਉਹ ਆਪਣੇ ਨਿਮਰ ਸੱਚ ਪ੍ਰਤੀ ਹਠੀਲਾ, ਬੇਬਾਕ, ਬੇਲਿਹਾਜ਼ ਤੇ ਅਹੰਕਾਰੀ ਰੁਖ ਨਹੀਂ ਅਪਨਾਉਂਦਾ। ਉਹ ਰਬਾਬ ਤੇ ਕਿਤਾਬ ਦੇ ਸੁਖਨ ਸਾਹਮਣੇ ਬੇਅਦਬ ਨਹੀਂ ਹੁੰਦਾ। ਚਾਹੇ ਕੁਫਰ ਹੋਵੇ, ਉਹ ਸਿਰਫ ਆਪਣਾ ਸੱਚ ਸੁਣਾਉਣ ਦੀ ਚਾਹਤ ਪਾਲਦਾ ਹੈ ਤੇ ਕਾਫਰ ਨੂੰ ਉਸੇ ਦੀ ਖਲਕਤ ਮੰਨਦਾ ਹੈ।



*ਸੁਰਜੀਤ ਪਾਤਰ*

ਨਿਊਟਨ ਨੇ ਦੱਸਿਆ ਕਿ ਬਿਰਖ ਨੂੰ ਲੱਗਿਆ ਸੇਬ ਧਰਤੀ ਨੇ ਆਪਣੀ ਕਸ਼ਿਸ਼ ਨਾਲ ਹੇਠਾਂ ਸੁੱਟ ਲਿਆ ਹੈ, ਕਿ ਧਰਤੀ ਹਰ ਚੀਜ਼ ਨੂੰ ਆਪਣੀ ਗੋਦ 'ਚ ਸਮਾ ਲੈਣ ਲਈ ਉਤਾਵਲੀ ਰਹਿੰਦੀ ਹੈ। ਪਰ, ਉਸ ਨੂੰ ਇਹ ਨਾ ਦਿਸਿਆ ਕਿ ਹਰ ਜ਼ਿੰਦਾ ਚੀਜ਼ ਧਰਤੀ ਦੀ ਇਸ ਕਸ਼ਿਸ਼ ਦੀ ਕੋਸ਼ਿਸ਼ ਦੇ ਉਲਟ ਅਕਾਸ਼ ਵੱਲ ਵਧਦੀ ਹੈ। ਬਿਰਖ ਇਸ ਦੀ ਲਾਮਿਸਾਲ ਮਿਸਾਲ ਹੈ। ਧਰਤੀ 'ਤੇ ਡਿਗਣਾ ਬਿਰਖ ਦੀ ਮੌਤ ਹੈ ਤੇ ਅਕਾਸ਼ ਵੱਲ ਵਧਣਾ ਉਸ ਦੀ ਜ਼ਿੰਦਗੀ। ਪਾਤਰ ਦਾ ਮਨ ਪਸੰਦ ਚਿਹਨ ਬਿਰਖ ਹੈ, ਜੋ ਉਸ ਦੀ ਕਵਿਤਾ ਵਿਚ ਬਾਰੰਬਾਰ ਆਉਂਦਾ ਹੈ। ਬਿਰਖ ਧਰਤੀ ਮਾਂ ਦਾ ਜਾਇਆ, ਅਕਾਸ਼ ਨਾਲ ਇਸ਼ਕ ਪਾਲਦਾ ਤੇ ਉਸ ਵੱਲ ਬਾਹਾਂ ਫੈਲਾਉਂਦਾ ਹੈ। ਅਕਾਸ਼ ਤੇ ਇਸ਼ਕ ਦੀ ਕੋਈ ਸੀਮਾਂ ਨਹੀਂ। ਬਿਰਖ ਦੀਆਂ ਚਿਹਨੀ ਦਿਸ਼ਾਵਾਂ ਤੇ ਸੰਭਾਵਨਾਵਾਂ ਵੀ ਅਸੀਮ ਹਨ।

ਪਾਤਰ ਦੀ ਕਵਿਤਾ ਬਿਰਖ ਦੀ ਆਤਮਾ ਹੈ, ਜਿਸ ਵਿਚ ਧਰਤੀ ਦਾ ਤ੍ਰਾਹ, ਅਕਾਸ਼ ਦੀ ਚਾਹ ਤੇ ਕੋਮਲ ਪੱਤੀਆਂ ਦਾ ਕੰਪਨ ਹੈ, ਜੋ ਉਸ ਦੀ ਕਵਿਤਾ ਦਾ ਸਾਰ ਵੀ ਹੈ ਅਤੇ ਤੱਤ ਵੀ, ਜਿਸ ਨੂੰ ਤੱਕਿਆਂ ਕਹਿ ਸਕਦੇ ਹਾਂ ਕਿ ਪਾਤਰ ਅਤੇ ਬਿਰਖ ਕਿਸੇ ਇੱਕ ਸ਼ੈਅ ਦੇ ਦੋ ਪਰਿਆਏ ਹਨ। ਉਸ ਦੀ ਕਵਿਤਾ ਦਾ ਤਰਜਮਾ ਉਹ ਖੁਦ ਹੈ ਜਾਂ ਉਸ ਦਾ ਤਰਜਮਾ ਉਸ ਦੀ ਕਵਿਤਾ। ਅਸਲ ਵਿਚ ਉਸ ਦੀ ਕਵਿਤਾ ਪਾਤਰ ਹੈ ਤੇ ਪਾਤਰ ਕਵਿਤਾ। ਉਸ ਦੇ ਬੋਲ, ਉਸ ਦੀ ਆਵਾਜ਼ ਤੇ ਉਸ ਦੀ ਧੁਨ ਮਿਲ ਕੇ ਇਕ ਤ੍ਰਿਵੈਣੀ ਸਿਰਜਦੇ ਹਨ, ਜਿਸ ਨੂੰ ਸਹਿਜ, ਸੰਜੀਦਗੀ ਅਤੇ ਸੁਘੜਤਾ ਦਾ ਨਾਂ ਦਿੱਤਾ ਜਾ ਸਕਦਾ ਹੈ। ਇਹ ਤ੍ਰਿਵੈਣੀ ਉਸ ਦੀ ਕਵਿਤਾ ਅਤੇ ਹਸਤੀ-ਦੋਹਾਂ 'ਚੋਂ ਡੁੱਲ੍ਹ ਡੁੱਲ੍ਹ ਪੈਂਦੀ ਹੈ।

ਉਸ ਦੀ ਕਵਿਤਾ ਦਾ ਜਨਮ ਜਿਸ ਦੌਰ ਵਿਚ ਹੋਇਆ, ਉਸ ਵਿਚ ਕਵਿਤਾ ਵਿਚਾਰਧਾਰਾਈ ਸਥੂਲਤਾ ਅਤੇ ਸਥਿਰਤਾ ਵੱਲ ਲੁੜਕੀ ਹੋਈ ਸੀ, ਜਿਵੇਂ ਕੋਈ ਪ੍ਰਾਂਦੀ ਕੰਡਿਆਂ 'ਤੇ ਸੁੱਕਣੀ ਪਾਈ ਹੋਵੇ ਜਾਂ ਕੋਈ ਮਿਰਗ ਕਿੱਲੇ ਨਾਲ ਬੱਧਾ ਹੋਵੇ। ਕਵਿਤਾ ਵਿਚੋਂ ਲਰਜ਼ਿਸ਼ ਗਾਇਬ ਹੋ ਗਈ ਸੀ। ਜਿਵੇਂ ਕਵਿਤਾ ਲਿਖੀ ਨਹੀ ਬਲਕਿ ਹਥੌੜੇ ਨਾਲ ਠੋਕੀ ਜਾਂਦੀ ਹੋਵੇ, ਕੁਹਾੜੇ ਨਾਲ ਟੁੱਕੀ ਜਾਂਦੀ ਹੋਵੇ ਜਾਂ ਦਾਤਰ ਨਾਲ ਵੱਢੀ ਜਾਂਦੀ ਹੋਵੇ। ਪਾਤਰ ਦੀ ਕਵਿਤਾ ਕੰਡਿਆਂ 'ਤੇ ਪਈ ਪ੍ਰਾਂਦੀ ਨੂੰ ਕਿਸੇ ਦੀਆਂ ਮੀਢੀਆਂ ਵਿਚ ਗੁੰਦ ਦੇਣ ਦੀ ਚਾਹਤ ਹੈ, ਕਿਸੇ ਮਿਰਗ ਨੂੰ ਕਿੱਲੇ ਤੋਂ ਆਜ਼ਾਦ ਕਰਨ ਦਾ ਸੁਪਨਾ ਹੈ ਅਤੇ ਕਿਸੇ ਜੀਣ ਜੋਗੇ ਜੀ ਨੂੰ ਪਲੋਸਣ ਜਿਹਾ ਅਹਿਸਾਸ ਹੈ। ਉਹ ਟਕੂਏ ਤੇ ਗੰਡਾਸਿਆਂ ਦੇ ਗੀਤ ਨਹੀਂ ਗਾਉਂਦਾ, ਬਲਕਿ ਰੋਸ਼ਨੀ ਲਈ, ਅੰਗਿਆਰਾਂ ਤੋਂ ਨਹੀਂ, ਕਿਰਨਾਂ ਦੇ ਕਬੀਲੇ ਤੋਂ ਪ੍ਰੇਰਨਾ ਲੈਂਦਾ ਹੈ। ਉਸ ਦੀ ਕਵਿਤਾ ਝੱਖੜ ਨਹੀਂ, ਸਮੀਰ ਹੈ ਜੋ ਮਿਰਜ਼ੇ ਦੇ ਤੀਰ ਤੋੜਦੀ ਸਾਹਿਬਾਂ ਜਾਂ ਸੁੱਤੀ ਪਈ ਸੱਸੀ ਨਹੀਂ, ਜਾਗਦੀ ਹੀਰ ਹੈ। ਇਸੇ ਲਈ 'ਸਾਹਿਬਾਂ ਨੂੰ ਆਪਣੀ' ਆਖਣ ਲਈ ਪਾਤਰ ਸ਼ਸ਼ੋਪੰਜ ਵਿਚ ਹੈ।

ਕਵਿਤਾ ਤੋਂ ਵਿਚਾਰਧਾਰਾ ਦਾ ਕੰਮ ਲੈਣਾ ਇਵੇਂ ਹੈ ਜਿਵੇਂ ਗਊ ਨੂੰ ਗੱਡੇ ਅੱਗੇ ਜੋੜਨਾ। ਪਾਤਰ ਨੇ ਕਵਿਤਾ ਨੂੰ ਭਾਰ ਮੁਕਤ ਜਾਂ ਹੌਲੀ ਫੁੱਲ ਕੀਤਾ, ਜਿਵੇਂ ਕਿਸੇ ਰਿਸ਼ੀ ਦੇ ਆਸ਼ਰਮ ਦੀ ਪੁਸ਼ਪ ਵਾਟਿਕਾ ਵਿਚ ਕੋਈ ਹਰਨੋਟੜੀ ਚੁੰਘੀਆਂ ਭਰਦੀ ਹੋਵੇ। ਪਾਤਰ ਭੂਤਵਾੜੇ ਦੇ ਕਿਸੇ ਭੂਤ ਦਾ ਚੇਲਾ ਨਹੀਂ, ਸਮਕਾਲੀ ਹੈ ਤੇ ਬਸ। ਉਸ ਦੀ ਕਵਿਤਾ ਭੂਤਕਾਲੀ ਨਹੀਂ। ਭੂਤ ਪਿੱਛਲ ਖੁਰੀਂ ਤੁਰਦੇ ਹਨ ਤੇ ਪਛਤਾਵੇ, ਹੇਰਵੇ ਜਾਂ ਉਦਰੇਵੇਂ ਦਾ ਮਾਤਮ ਨੁਮਾ ਗਾਇਨ ਕਰਦੇ ਹਨ। ਭੂਤਕਾਲ ਵਿਚ ਗੁਆਚ ਜਾਣਾ ਕਵਿਤਾ ਨਹੀਂ। ਉਹ ਸੁਚੇਤ ਹੈ। ਉਸ ਦੀ ਕਵਿਤਾ ਪ੍ਰਛਾਵਿਆਂ ਪਿੱਛੇ ਨਹੀਂ ਦੌੜਦੀ, ਸੜਕਾਂ 'ਤੇ ਵਿਛੀ ਬਿਰਖ ਦੀ ਛਾਂ ਬਣਦੀ ਹੈ। ਉਸ ਦੀ ਚਾਹਤ ਭੂਤ ਨਹੀਂ, ਭਵਿਖਮੁਖੀ ਹੈ। ਉਹ ਆਪਣੇ ਵਰਤਮਾਨ ਨੂੰ ਭੂਤਕਾਲ ਵੱਲ ਨਹੀਂ ਮੋੜਦਾ, ਭੂਤਕਾਲ ਨੂੰ ਵਰਤਮਾਨ ਦੀ ਦਿਸ਼ਾ ਵਿਚ ਤੋਰਦਾ ਹੈ। ਉਹ ਭੂਤਕਾਲ ਵਿਚ ਗੁਆਚਦਾ ਨਹੀਂ, ਉਥੋਂ ਕੁਝ ਢੂੰਡਣ ਜਾਂਦਾ ਹੈ। ਉਸ ਲਈ ਭੂਤਕਾਲ ਭਵਿਖ ਦੀ ਪ੍ਰੇਰਣਾ ਹੈ। ਭਵਿਖ, ਚਾਹਤ ਤੇ ਪਾਤਰ ਇਕ ਹੀ ਗੱਲ ਹੈ।

ਕਿਸੇ ਨੇ ਬਿਰਹਾ ਦਾ ਜ਼ਿਕਰ ਛੇੜਿਆ, ਜੋ ਕਵਿਤਾ ਘੱਟ, ਪੂਜਾ ਵਧੇਰੇ ਸੀ। ਪਾਤਰ ਦੀ ਕਵਿਤਾ ਬਿਰਹਾ ਦੀ ਗੈਰਹਾਜ਼ਰੀ ਦੀ ਕਵਿਤਾ ਹੈ। ਇਸ ਵਿਚ ਬਿਰਹਾ ਦੀ ਪੂਜਾ ਨਹੀਂ, ਚਾਹਤ ਹੈ। ਪੂਜਾ ਵਿਚ ਪ੍ਰਾਪਤੀ ਹੈ, ਚਾਹਤ ਵਿਚ ਗੈਰਹਾਜ਼ਰੀ। ਉਸ ਦੀ ਕਵਿਤਾ ਨਾ ਹੀ ਤ੍ਰਿਪਤੀ ਦੀ ਕਵਿਤਾ ਹੈ ਤੇ ਨਾ ਹੀ ਅਤ੍ਰਿਪਤੀ ਦੀ। ਤ੍ਰਿਪਤੀ ਦੀ ਕਵਿਤਾ ਹੁੰਦੀ ਹੀ ਨਹੀਂ ਤੇ ਅਤ੍ਰਿਪਤੀ ਦੀ ਕਵਿਤਾ ਕਵਿਤਾ ਨਹੀਂ ਹੁੰਦੀ। ਅਤ੍ਰਿਪਤੀ ਅਸਲ ਵਿਚ ਤ੍ਰਿਪਤੀ ਦੀ ਕਮੀ ਹੈ, ਜੋ ਥੁੜ ਜਾਂ ਘਾਟੇ ਦੇ ਅਹਿਸਾਸ 'ਚੋਂ ਜਨਮਦੀ ਹੈ। ਪਛਤਾਵੇ ਨੂੰ ਵੀ ਕਵਿਤਾ ਨਹੀਂ ਕਹਿੰਦੇ। ਕਵਿਤਾ ਚਾਹਤ ਵਿਚ ਹੁੰਦੀ ਹੈ, ਜਿੱਥੇ ਆਸ਼ਾ ਤੇ ਨਿਰਾਸ਼ਾ ਦੀ ਆਪਸੀ ਤੇ ਨਿਰੰਤਰ ਖੇਡ ਵਾਪਰਦੀ ਹੈ। ਇਹੀ ਖੇਡ ਪਾਤਰ ਦੀ ਕਵਿਤਾ ਦੀ ਪ੍ਰਧਾਨ ਸੁਰ ਹੈ। ਇਥੇ ਕੋਈ ਬੰਸਰੀ ਦੀ ਹੂਕ ਨਦੀਆਂ ਨੂੰ ਰੋਕਣ ਦੀ ਚਾਹਤ ਪਾਲਦੀ ਹੈ ਤੇ ਪੂਰਨ ਨੂੰ ਕਿਸੇ ਨੂਰ, ਨਾਰ ਤੇ ਕਟਾਰ ਦੇ ਨੇੜੇ ਰਹਿਣ ਲਈ ਪ੍ਰੇਰਦੀ ਹੈ।

ਪਾਤਰ, ਸਰਜ਼ਮੀਨ ਦਾ ਨਹੀਂ, ਸੁਰਜ਼ਮੀਨ ਦਾ ਸ਼ਾਇਰ ਹੈ। ਸਰਜ਼ਮੀਨ 'ਚ ਜ਼ਿਮੀਦਾਰੀ ਦਾ ਪ੍ਰਤਓ ਹੈ, ਜਿਸ ਵਿਚ ਜਾਗੀਰਦਾਰੀ ਦੀ ਬੂ ਹੈ, ਜੋ ਬੁਰੀਆਂ ਅਲਾਮਤਾਂ ਦੀ ਮਾਂ ਹੈ। ਉਸ ਦੀ ਕਵਿਤਾ ਸਰ (ਸਿਰ) ਨੂੰ ਸੁਰ 'ਚ ਕਰਦੀ ਹੈ। ਇਸੇ ਕਰਕੇ ਇਹ ਖੇਤਾਂ ਦੇ ਪੁੱਤ ਦੀ ਕਵਿਤਾ ਵੀ ਨਹੀਂ ਹੈ। ਕਿਰਤਗਾਹਾਂ ਨੂੰ ਬੰਬੀਆਂ 'ਚ ਤਬਦੀਲ ਕਰਕੇ, "ਲੀੜੇ ਧੋਣ ਦੇ ਬਹਾਨੇ" ਕੰਮੀਆਂ ਦੀਆਂ ਇੱਜ਼ਤਾਂ ਨੂੰ ਵਾਜਾਂ ਮਾਰਦੇ ਖੇਤਾਂ ਦੇ ਵੈਲੀ ਪੁੱਤ ਪਾਤਰ ਦੀ ਕਵਿਤਾ ਦੇ ਨਾਇਕ ਨਹੀਂ। ਉਸ ਨੇ ਖੇਤਾਂ ਦੇ ਪੁੱਤ ਦੀ ਨਹੀਂ, ਧਰਤੀ ਦੇ ਜਾਏ ਦੀ ਕਵਿਤਾ ਰਚੀ, ਜਿਸ ਵਿਚ ਨਾ ਵੈਲੀ ਹੈ, ਨਾ ਖੇਤ ਦਾ ਉਲਾਰ। ਉਸ ਲਈ ਸਿਰਫ ਖੇਤ ਹੀ ਧਰਤੀ ਨਹੀਂ ਹਨ ਅਤੇ ਨਾ ਇਕੱਲੇ ਕਿਸਾਨ ਹੀ ਮਨੁੱਖ। ਸਾਰੀ ਧਰਤੀ ਉਸ ਦਾ ਖੇਤ ਹੈ ਤੇ ਹਰ ਮਨੁੱਖ ਕਿਸਾਨ। ਜ਼ਿੰਦਗੀ ਉਸ ਦਾ ਖੇਤ ਹੈ, ਜਿੱਥੇ ਫੈਲਸੂਫੀਆਂ ਨਹੀਂ, ਮੁਹੱਬਤਾਂ ਦੀ ਫਸਲ ਉਗਦੀ ਹੈ, ਜਿਸ ਦੀ ਰਾਖੀ ਉਸ ਦੀ ਕਵਿਤਾ ਦਾ ਧਰਮ ਹੈ। ਉਸ ਦੀ ਕਵਿਤਾ ਵਿਚ ਨਾ ਧਰਤੀ ਦਾ ਅਕੇਵਾਂ ਹੈ ਤੇ ਨਾ ਖੇਤਾਂ ਦਾ ਉਦਰੇਵਾਂ। ਇਹ ਧਰਤੀ ਤੇ ਅਕਾਸ਼ ਦੇ ਦੂਰ ਦਿਸਹੱਦੇ ਜਾਂ ਦੁਮੇਲ ਦੀ ਕਵਿਤਾ ਹੈ, ਜਿੱਥੇ ਸੂਰਜ ਦੇ ਨੈਣਾਂ 'ਚ ਧਰਤੀ ਸੁਰਮਾ ਪਾਉਂਦੀ ਹੈ, ਜਿੱਥੇ ਲਾਲੀ ਸੁਰਮਈ, ਤੇ ਫਿਰ ਸੁਰ ਮਈ ਹੁੰਦੀ ਹੈ।

ਉਸ ਦੀ ਕਵਿਤਾ ਵਿਚ ਹਥਿਆਰ ਨਹੀਂ ਖੜਕਦੇ। ਕਿਉਂਕਿ ਕੋਲਿਆਂ ਦੀ ਭਖ ਵਿਚ ਤਪੇ ਹਥਿਆਰ ਕਦੀ ਇਨਕਲਾਬ ਨਹੀਂ ਲਿਆਉਂਦੇ, ਜਦ ਤੱਕ ਉਨ੍ਹਾਂ ਨੂੰ ਹੰਝੂਆਂ ਨਾਲ ਨੁਹਾਇਆ ਨਾ ਜਾਵੇ। ਅੰਗਾਰਾਂ 'ਤੇ ਪਿਆ ਹਥਿਆਰ ਸ਼ੁਅਲਾ ਹੈ, ਜੋ ਨਿਆਂ ਦਾ ਪ੍ਰਤੀਕ ਨਹੀਂ, ਜਿਸ ਨਾਲ ਜ਼ੁਲਮ ਮਿਟਾਇਆ ਨਹੀਂ, ਵਧਾਇਆ ਜਾ ਸਕਦਾ ਹੈ। ਪਾਤਰ ਦੀ ਕਵਿਤਾ ਨਾ ਫੱਟ ਮਾਰਨ ਦੀ ਤੇ ਨਾ ਫੱਟ ਖਾਣ ਦੀ ਕਵਿਤਾ ਹੈ। ਜੇ ਕਿਤੇ ਇਹ ਤੀਰ ਦੀ ਗਤੀ ਵਿਚ ਆਉਂਦੀ ਵੀ ਹੈ ਤਾਂ ਇਹ ਕਿਸੇ ਦੀ ਹਿੱਕ ਵਿਚ ਲੱਗਣ ਤੋਂ ਬਚਣ ਦੀ ਚਾਹਤ ਵਿਚ ਹੁੰਦੀ ਹੈ। ਇਹੀ ਚਾਹਤ ਉਸ ਦੀ ਕਵਿਤਾ ਨੂੰ ਲਰਜ਼ਿਸ਼ ਜਾਂ ਕੰਪਨ ਬਖਸ਼ਦੀ ਹੈ। ਇਸ ਲਰਜ਼ਿਸ਼ ਵਿਚ ਕਿਸੇ ਨੂੰ ਰੋਹ ਨਹੀਂ ਚੜ੍ਹਦਾ ਤੇ ਨਾ ਹੀ ਕੋਈ ਭੈਅ ਹੁੰਦਾ ਹੈ। ਇਹ ਲਰਜ਼ਿਸ਼ ਨੀਰ ਬਣ ਨੈਣਾ 'ਚੋਂ ਵਗਦੀ ਹੈ। ਗਾਲਿਬ ਨੇ ਠੀਕ ਕਿਹਾ, "ਜਬ ਆਂਖ ਸੇ ਹੀ ਨਾ ਟਪਕਾ ਤੋ ਫਿਰ ਲਹੂ ਕਿਆ ਹੈ!" ਪਾਤਰ ਨੇ ਐਲਾਨ ਕੀਤਾ, "ਸਾਡੀ ਅੱਖ 'ਚੋਂ ਡਿਗਦਾ ਹੰਝੂ ਸਾਡਾ ਚੋਣ ਨਿਸ਼ਾਨ।"

ਪਾਤਰ ਬਿਰਖ ਹੈ, ਬਿਰਖ ਨੂੰ ਦਰਵੇਸ਼ ਮੰਨਿਆ ਗਿਆ ਹੈ, ਦਰਵੇਸ਼ ਦਰਦ ਦਾ ਮੁਜੱਸਮਾ ਹੈ, ਦਰਦ ਦੀ ਹੋਣੀ ਹੰਝੂ ਹੈ, ਹੰਝੂ ਨੀਰ ਹੈ ਤੇ ਨੀਰ ਦੀ ਫਿਤਰਤ ਹੈ ਵਗਣਾ। ਇਹ ਵਹਾ ਹੀ ਉਸ ਦੀ ਕਵਿਤਾ ਹੈ। ਇਹੀ ਗ਼ਜ਼ਲ ਦੀ ਪਰਿਭਾਸ਼ਾ ਹੈ। ਪਾਤਰ ਖੁਦ ਇੱਕ ਗ਼ਜ਼ਲ ਹੈ। ਅਜਿਹੀ ਗ਼ਜ਼ਲ, ਜੋ ਮਚਦੇ ਅੰਗਿਆਰਾਂ 'ਤੇ ਨੱਚ ਸਕਦੀ ਹੈ, ਪਰ ਉਨ੍ਹਾਂ ਨੂੰ ਹਥਿਆਰ ਨਹੀਂ ਬਣਾਉਂਦੀ।

ਚਿਸ਼ਤੀ ਸਿਲਸਿਲੇ ਦੀਆਂ ਮਲਫੂਜ਼ਾਤ ਵਿਚ ਆਉਂਦਾ ਹੈ ਕਿ ਫਕੀਰ ਲੋਕ ਜਦ ਕਿਸੇ ਪਿਆਰੇ 'ਤੇ ਮਿਹਰਬਾਨ ਹੁੰਦੇ ਤਾਂ ਦੁਆ ਕਰਦੇ ਕਿ "ਅੱਲਾ ਤੁਹਾਨੂੰ ਦਰਦ ਦੇਵੇ।" ਪਾਤਰ ਦੀ ਰੂਹ ਵਿਚ ਦਰਦ ਦੀ ਮੌਜੂਦਗੀ ਉਸ 'ਤੇ ਕਿਸੇ ਫਕੀਰ ਦੀ ਰਹਿਮਤ ਹੈ। ਦਰਅਸਲ ਇਹ ਮੁਹੱਬਤ ਦਾ ਦਰਦ ਹੈ, ਜੋ ਕਿਸੇ ਕੰਬਦੀ ਤਰੰਗ ਵਜੋਂ ਉਸ ਦੀ ਕਵਿਤਾ ਵਿਚ ਡੁੱਲ੍ਹਿਆ ਹੈ।

ਖਲੀਲ ਜਿਬਰਾਨ ਦਾ ਖਿਆਲ ਹੈ ਕਿ ਮੁਹੱਬਤ ਥਰੈਸ਼ ਕਰਦੀ ਹੈ, ਜੋ ਤੂੜੀ ਤੋਂ ਦਾਣਾ ਅਲਹਿਦਾ ਹੋਵੇ। ਛੱਟਦੀ ਹੈ, ਜੋ ਕੂੜੇ ਤੋਂ ਮੁਕਤ ਹੋਇਆ ਜਾਵੇ। ਪਾਰਦਰਸ਼ਤਾ ਲਈ ਪੀਸਦੀ ਹੈ ਤੇ ਹਲੀਮੀ ਲਈ ਗੁੰਨ੍ਹਦੀ ਹੈ। ਤਵੇ 'ਤੇ ਪਕਾਉਂਦੀ ਹੈ, ਜੋ ਕਿਸੇ ਪਿਆਰੇ ਅੱਗੇ ਪ੍ਰਸ਼ਾਦ ਬਣ ਪੇਸ਼ ਹੋਇਆ ਜਾ ਸਕੇ। ਪਾਤਰ ਦੀ ਕਵਿਤਾ ਨਿਮਰ ਚਾਹਤ 'ਚੋਂ ਉਪਜੇ ਦਰਦ ਦਾ ਪ੍ਰਸ਼ਾਦ ਹੈ।

ਤੱਤੀ ਤਵੀ 'ਤੇ ਆਸਣ ਲਾ ਖਲਕਤ ਦੀ ਤਪਸ਼ ਹਰਨ ਵਾਲੇ ਪੰਚਮ ਪਾਤਸ਼ਾਹ ਆਖਦੇ ਹਨ, "ਪਿਰੀਆ ਸੰਦੜੀ ਭੁਖ ਮੂ ਲਾਵਣ ਥੀ ਵਿਥਰਾ॥ ਜਾਣੁ ਮਿਠਾਈ ਇਖ ਬੇਈ ਪੀੜੇ ਨਾ ਹੁਟੈ॥" ਪਿਆਰੇ ਦੀ ਭੁੱਖ ਦੀ ਨਵਿਰਤੀ ਲਈ ਉਸ ਅੱਗੇ ਸਲੂਣਾ ਬਣ ਪੇਸ਼ ਹੋਣ ਦੀ ਚਾਹਤ ਅਤੇ ਉਸ ਦੀ ਪਿਆਸ ਲਈ ਕਮਾਦ ਬਣ ਮੁੜ ਮੁੜ ਪੀੜੇ ਜਾਣ ਦੀ ਤਮੰਨਾ ਪਿਆਰ ਦਾ ਪੰਜਾਬੀ ਆਦਰਸ਼ ਹੈ। ਪਾਤਰ ਦੀ ਚਾਹਤ ਦੀ ਦਿਸ਼ਾ ਇਹੀ ਆਦਰਸ਼ ਹੈ। ਉਸੇ ਤੋਂ ਖਿਆਲ ਉਧਾਰਾ ਮੰਗ ਕੇ ਕਹਿ ਸਕਦੇ ਹਾਂ ਕਿ ਪਾਤਰ ਦੀ ਕਵਿਤਾ ਕਿਸੇ ਮਾਂ ਦਾ ਖ਼ਾਬ ਹੈ, ਜਿਸ ਦੀ ਗੋਦ 'ਚ ਗੁਲਾਬ ਖਿੜਿਆ ਹੈ, ਜੋ ਬੰਦਗੀ ਹੈ, ਸ਼ਾਇਰੀ ਹੈ ਜਾਂ ਇਸ ਤੋਂ ਵੀ ਵਧੀਕ ਹੈ।"


ਗਾਲਿਬ ਨੇ 'ਮਰੀਜ਼-ਇ-ਇਸ਼ਕ' ਦੀ

***(ਬਾਕੀ ਸਫਾ 33 ਉਤੇ)***

## ਜੰਗਲਨਾਮਾ-20

### ਬਸਤਰ ਦੇ ਜੰਗਲਾਂ ਵਿਚ

ਸਤਨਾਮ



**ਤੁਸੀਂ ਪੜ੍ਹ ਚੁੱਕੇ ਹੋ...**

*ਗਾਈਡ ਦੀ ਮਦਦ ਨਾਲ ਮਾਓਵਾਦੀਆਂ ਦੇ ਗੜ੍ਹ ਅੰਦਰ ਪਹੁੰਚੇ ਲੇਖਕ ਨੇ ਮਾਓਵਾਦੀ ਕੈਂਪਾਂ ਅੰਦਰਲੀ ਜੀਵਨ ਕਹਾਣੀ ਪੂਰੇ ਵਿਸਥਾਰ ਨਾਲ ਬਿਆਨ ਕੀਤੀ ਹੈ। ਇਸ ਵਿਚ ਗੁਰੀਲਾ ਜੀਵਨ ਦੇ ਨਾਲ-ਨਾਲ ਜ਼ਿੰਦਗੀ ਦੀਆਂ ਨਿੱਕੀਆਂ-ਨਿੱਕੀਆਂ ਲੜਾਈਆਂ ਬਾਰੇ ਭਰਪੂਰ ਚਰਚਾ ਕੀਤੀ ਗਈ ਹੈ। ਐਤਕੀਂ ਗੁਰੀਲਾ ਜ਼ਿੰਦਗੀ ਦੀ ਬਾਤ ਪਾਈ ਗਈ ਹੈ...*

# ਗੁਰੀਲਾ ਜ਼ਿੰਦਗੀ

*'ਜੰਗਲਨਾਮਾ' ਉਨ੍ਹਾਂ ਜੰਗਲਾਂ ਦਾ ਬਿਰਤਾਂਤ ਦੱਸਦਾ ਹੈ ਜਿਥੇ ਮਾਓਵਾਦੀ ਆਪਣਾ ਸਿੱਕਾ ਚਲਾ ਰਹੇ ਹਨ। ਸਤਨਾਮ (ਅਸਲ ਨਾਂ ਗੁਰਮੀਤ) ਨੇ ਇਸ ਯਾਤਰਾ ਰਾਹੀਂ ਉਨ੍ਹਾਂ ਲੋਕਾਂ, ਉਨ੍ਹਾਂ ਦੇ ਫਿਕਰਾਂ ਅਤੇ ਉਨ੍ਹਾਂ ਦੇ ਜੁਝਾਰੂ ਜੀਵਨ ਬਾਰੇ ਲੰਮੀ ਬਾਤ ਸੁਣਾਈ ਹੈ। ਇਹ ਬਾਤ ਇਸ ਕਰ ਕੇ ਵਧੇਰੇ ਦਿਲਚਸਪ ਹੋ ਨਿਬੜੀ ਹੈ ਕਿਉਂਕਿ ਪਾਠਕ ਨੂੰ ਇਸ ਵਿਚੋਂ ਵਾਰ-ਵਾਰ ਆਪਣੇ ਹੀ ਜੀਵਨ ਦੇ ਝਲਕਾਰੇ ਦਿਸਦੇ ਹਨ। ਇਹ ਬਾਤ ਸੁਣਾਉਂਦਿਆਂ ਸਤਨਾਮ ਦੀ ਬਿਰਤਾਂਤ-ਜੁਗਤ ਕਮਾਲ ਦੀ ਹੈ। ਇਸ ਬਿਰਤਾਂਤ ਵਿਚੋਂ ਮਾਓਵਾਦੀਆਂ ਦੇ ਘੋਲ ਦੀ ਝਲਕ ਤਾਂ ਮਿਲਦੀ ਹੀ ਹੈ, ਸਾਹਿਤਕ ਪੱਖ ਤੋਂ ਬਹੁਤ ਥਾਂਈਂ ਰੂਸੀ ਕਲਾਸਿਕ ਰਚਨਾਵਾਂ ਦੇ ਝਉਲੇ ਵੀ ਪੈਂਦੇ ਹਨ। ਪੰਜਾਬੀ ਵਿਚ ਅਜਿਹੀ ਅਨੂਠੀ ਰਚਨਾ ਘੱਟ ਹੀ ਨਜ਼ਰੀਂ ਪੈਂਦੀ ਹੈ। -ਸੰਪਾਦਕ*

ਗੁਰੀਲਾ ਜ਼ਿੰਦਗੀ ਜਿਸ ਵਿਚ ਕੋਈ ਠਹਿਰਾਓ ਨਹੀਂ, ਕੋਈ ਪੱਕਾ ਟਿਕਾਣਾ ਨਹੀਂ, ਇਕ ਰਾਤ ਤੋਂ ਵੱਧ ਦਾ ਕਿਤੇ ਵਸੇਬਾ ਨਹੀਂ, ਹਮੇਸ਼ਾ ਗਤੀ ਵਿਚ ਰਹਿੰਦੀ ਹੈ। ਇਕ ਪਿੰਡ ਤੋਂ ਦੂਜੇ ਪਿੰਡ, ਇਕ ਜੰਗਲ ਤੋਂ ਦੂਜੇ ਜੰਗਲ, ਇਕ ਪਹਾੜ ਤੋਂ ਦੂਜੇ ਪਹਾੜ। ਸਵੇਰੇ ਇਕ ਨਦੀ ਦਾ ਪਾਣੀ, ਤਾਂ ਸ਼ਾਮ ਨੂੰ ਦੂਜੀ ਦਾ। ਕਦੇ ਇਹ ਲੰਮਾ ਸਮਾਂ ਇਕ ਇਲਾਕੇ ਵਿਚ ਚੱਕਰ ਕੱਟਦੀ ਰਹਿੰਦੀ ਹੈ ਅਤੇ ਕਦੇ ਦੂਰ ਦਰਾਜ਼ ਦੇ ਇਲਾਕਿਆਂ ਵੱਲ ਅਜਿਹਾ ਕੂਚ ਕਰਦੀ ਹੈ ਕਿ ਸਾਲਾਂ ਦੇ ਸਾਲ ਨਿਕਲ ਜਾਂਦੇ ਹਨ ਜਦ ਉਹ ਵਾਪਸ ਉਨ੍ਹਾਂ ਹੀ ਰਾਹਾਂ ਉਤੇ ਪਰਤਦੀ ਹੈ। ਤਦ ਤਕ ਇਨ੍ਹਾਂ ਪਗਡੰਡੀਆਂ ਨੂੰ ਉਨ੍ਹਾਂ ਕਦਮਾਂ ਦੀ ਪਛਾਣ ਰਹਿੰਦੀ ਹੈ, ਜਾਣ ਜਾਂਦੀਆਂ ਹਨ ਕਿ ਇਨ੍ਹਾਂ ਵਿਚ ਕੁਝ ਜਾਣੇ-ਪਛਾਣੇ ਹਨ ਤੇ ਕੁਝ ਲੰਮੇ ਸਫ਼ਰਾਂ ਨੂੰ ਅਗਾਂਹ ਨਿਕਲ ਗਏ ਹਨ ਜਿਨ੍ਹਾਂ ਨੇ ਕਦੇ ਨਹੀਂ ਪਰਤਣਾ। ਉਦੋਂ ਉਹ ਉਨ੍ਹਾਂ ਨੂੰ ਯਾਦ ਕਰਦੀਆਂ ਹਨ, ਸੋਗ ਮਨਾਉਂਦੀਆਂ ਹਨ। ਉਨ੍ਹਾਂ ਨੂੰ ਭੀਮਾ ਦਾਦਾ ਦੇ ਪੈਰਾਂ ਦੀ ਨਰਮ ਪਿਆਰੀ ਛੂਹ ਅਜੇ ਤੱਕ ਯਾਦ ਹੈ। ਭੀਮਾ ਬਸਤਰ ਦੀਆਂ ਪਗਡੰਡੀਆਂ ਤੋਂ ਉਠ ਕੇ ਸਮੁੱਚੀ ਫਿਜ਼ਾ ਵਿਚ ਫੈਲ ਗਿਆ ਹੈ। ਉਹ ਜੰਗਲ, ਹਵਾ, ਨਦੀਆਂ ਅਤੇ ਕੁੱਲ ਕਾਇਨਾਤ ਦਾ ਹਿੱਸਾ ਹੋ ਗਿਆ ਹੈ।

ਕਿਸੇ ਵੀ ਪਿੰਡ ਵਿਚ ਜਾਓ ਤੇ ਤੁਸੀਂ ਜਾਣੋਗੇ ਕਿ ਲੋਕ ਉਸ ਨੂੰ ਅਜੇ ਤੱਕ ਭੁੱਲੇ ਨਹੀਂ ਹਨ। ਜਦ ਗੁਰੀਲੇ ਉਸ ਦਾ ਗੀਤ ਗਾਉਂਦੇ ਹਨ ਤਾਂ ਪਿੰਡ ਦੇ ਲੋਕ ਨਾਲ ਸ਼ਾਮਲ ਹੋ ਜਾਂਦੇ ਹਨ। ਗੁਰੀਲਾ ਜ਼ਿੰਦਗੀ ਦਾ ਲੋਕਾਂ ਦੇ ਡੂੰਘੇ ਸਾਥ ਤੋਂ ਬਿਨਾਂ ਅੰਦਾਜ਼ਾ ਕਰਨਾ ਮੁਸ਼ਕਿਲ ਹੈ। ਇਸ ਸਾਥ ਤੋਂ ਬਿਨਾ ਇਹ ਸੰਭਵ ਹੀ ਨਹੀਂ ਹੈ। ਤਿੰਨ ਡੰਗ ਰੋਟੀ ਮੰਗਣ ਵਾਲਾ ਢਿੱਡ ਜਦੋਂ ਖਾਲੀ ਜੇਬ ਵਾਲੇ ਦੇ ਨਾਲ ਲੱਗਾ ਹੋਵੇ ਤਾਂ ਇਹ ਦੋ ਚਾਰ ਦਿਨਾਂ ਤੋਂ ਵੱਧ ਨਹੀਂ ਕੱਟ ਸਕਦਾ। ਜੇ ਗੁਰੀਲਾ ਲੋਕਾਂ ਨਾਲ ਜੁੜਿਆ ਹੋਇਆ ਨਹੀਂ ਹੈ ਤਾਂ ਉਹ ਜ਼ਿੰਦਾ ਨਹੀਂ ਰਹਿ ਸਕਦਾ। ਇਹ ਦਸਤੇ ਜਿਹੜੇ ਹਰ ਵਕਤ ਪਿੰਡੋ-ਪਿੰਡ ਘੁੰਮਦੇ ਰਹਿੰਦੇ ਹਨ, ਜੇ ਲੋਕਾਂ ਦੇ ਦੁੱਖ-ਸੁੱਖ ਦੇ ਸਾਥੀ ਨਹੀਂ ਹੋਣਗੇ ਤਾਂ ਉਨ੍ਹਾਂ ਦੀ ਉਮਰ ਜ਼ਿਆਦਾ ਲੰਮੀ ਨਹੀਂ ਹੋ ਸਕਦੀ। ਜਦ ਦਸਤਾ ਪਹੁੰਚਦਾ ਹੈ ਤਾਂ ਪਗਡੰਡੀਆਂ ਰਾਹੀਂ ਖ਼ਬਰ ਪਹੁੰਚ ਜਾਂਦੀ ਹੈ ਅਤੇ ਸਾਰੇ ਦਾ ਸਾਰਾ ਪਿੰਡ ਉਮਡ ਕੇ ਆਣ ਪਹੁੰਚਦਾ ਹੈ। ਜਦ ਲੰਮਾ ਸਮਾਂ ਨਹੀਂ ਪਹੁੰਚਦਾ ਤਾਂ ਰਾਹ ਉਦਾਸ ਹੋ ਜਾਂਦੇ ਹਨ, ਪਿੰਡ ਨੂੰ ਚਿੰਤਾ ਲੱਗ ਜਾਂਦੀ ਹੈ। ਗੁਰੀਲੇ ਨਹੀਂ ਆਉਣਗੇ ਤਾਂ ਇਸ ਦਾ ਸਿੱਧਾ ਅਰਥ ਇਹ ਹੈ ਕਿ ਪੁਲਿਸ ਆਵੇਗੀ। ਪੁਲਿਸ ਦੇ ਆਉਣ ਦਾ ਮਤਲਬ ਹਰ ਆਦਿਵਾਸੀ ਜਾਣਦਾ ਹੈ। ਲੋਕ ਗੁਰੀਲਿਆਂ ਦੀ ਉਡੀਕ ਕਰਦੇ ਹਨ, ਗੁਰੀਲੇ ਲੋਕਾਂ ਦੇ ਦੁੱਖਾਂ ਨੂੰ ਵੰਡਾਉਂਦੇ ਹਨ। ਉਨ੍ਹਾਂ ਦੇ ਦਰਮਿਆਨ ਦੁਵੱਲੀ ਸਾਂਝ ਦੋਵਾਂ ਧਿਰਾਂ ਦੀ ਜ਼ਿੰਦਗੀ ਦੀ ਜ਼ਾਮਨ ਹੈ।

ਜਿਸ ਦਸਤੇ ਨਾਲ ਮੈਂ ਨਵਾਂ ਇਲਾਕਾ ਗਾਹੁਣਾ ਸ਼ੁਰੂ ਕੀਤਾ ਹੈ, ਉਸ ਦਾ ਕਮਾਂਡਰ ਹਸਮੁਖ ਤਬੀਅਤ ਦਾ ਨੌਜਵਾਨ ਹੈ। ਸੋਮਾ, ਸੋਮੰਨਾ, ਸੋਮਾ ਦਾਦਾ, ਸੋਮ ਭਾਈ ਜਿਸ ਦਾ ਜੋ ਵੀ ਦਿਲ ਕਰਦਾ ਹੈ, ਉਸ ਨੂੰ ਉਸੇ ਤਰ੍ਹਾਂ ਬੁਲਾ ਲੈਂਦਾ ਹੈ। ਉਹ ਸਾਲ ਭਰ ਤੋਂ ਇਸੇ ਇਲਾਕੇ ਵਿਚ ਵਿਚਰ ਰਿਹਾ ਹੈ ਅਤੇ ਹਰ ਪਿੰਡ ਹਰ ਘਰ ਵਿਚ ਮਸ਼ਹੂਰ ਹੈ। ਜਿਥੇ ਦੂਸਰੇ ਕਮਾਂਡਰ ਫ਼ਾਸਲਾ ਰੱਖਦੇ ਹਨ, ਸੋਮਾ ਹਰ ਕਿਸੇ ਨਾਲ ਸਾਂਝ ਪੈਦਾ ਕਰਨ ਦਾ ਸੁਭਾਅ ਰੱਖਦਾ ਹੈ। ਜਦ ਅਸੀਂ ਖੱਡਾਂ ਤੋਂ ਤੁਰੇ ਤਾਂ ਪਹਿਲਾ ਕੰਮ ਨਦੀ ਨੂੰ ਪਾਰ ਕਰਨਾ ਸੀ। ਨਦੀ ਕਾਫ਼ੀ ਚੌੜੀ ਸੀ, ਕਿਤੋਂ ਕਿਤੋਂ ਬਹੁਤ ਡੂੰਘੀ। ਕਿਤੇ ਲੱਕ ਤੱਕ ਪਾਣੀ, ਕਿਤੇ ਗਲ ਤੱਕ, ਤੇ ਕਿਤੇ ਸਿਰ ਤੋਂ ਉਪਰ। ਬਹੁਤ ਮਾਹਰ ਬੰਦਾ ਜਿਸ ਨੂੰ ਇਸ ਦੇ ਤਲ ਬਾਰੇ ਪੂਰੀ ਜਾਣਕਾਰੀ ਹੋਵੇ, ਇਸ ਨੂੰ ਤੁਰ ਕੇ ਵੀ ਪਾਰ ਕਰ ਸਕਦਾ ਸੀ, ਪਰ ਅਜਿਹਾ ਮਾਹਰ ਦਸਤੇ ਵਿਚ ਕੋਈ ਵੀ ਨਹੀਂ ਸੀ।

ਸੋਮੰਨਾ ਨੇ ਇਕ ਨੌਜਵਾਨ ਤੋਂ ਰੱਸਾ ਲਿਆ, ਉਸ ਦਾ ਇਕ ਸਿਰਾ ਦਰਖ਼ਤ ਦੇ ਤਣੇ ਨਾਲ ਬੰਨ੍ਹਿਆ ਅਤੇ ਦੂਸਰੇ ਨੂੰ ਉਚਾ ਕਰ ਕੇ ਬੋਲਿਆ, "ਲਓ ਬਈ, ਜਿਹੜਾ ਸਭ ਤੋਂ ਘੱਟ ਤੈਰਨਾ ਜਾਣਦੈ, ਉਹ ਇਸ ਸਿਰੇ ਨੂੰ ਪਾਰ ਲੈ ਜਾਵੇ ਤੇ ਕਿਸੇ ਰੁੱਖ ਨਾਲ ਬੰਨ੍ਹ ਦੇਵੇ।"

"ਸਭ ਜਣਿਆਂ ਵਿਚ ਥੋੜ੍ਹੀ ਖ਼ੁਸਰ-ਫ਼ੁਸਰ ਹੋਈ। ਇਕ ਜਣਾ ਨਿਤਰਿਆ ਤੇ ਰੱਸੇ ਲਈ ਹੱਥ ਅੱਗੇ ਵਧਾਇਆ।"

"ਤੂੰ ਨਹੀਂ। ਤੂੰ ਤਾਂ ਸਭ ਤੋਂ ਜ਼ਿਆਦਾ ਜਾਣਦੈਂ। ਜਿਹੜਾ ਸਭ ਤੋਂ ਘੱਟ ਜਾਣਦੈ, ਉਹ ਆਵੇ।"

ਹੁਣ ਖ਼ੁਸਰ-ਫ਼ੁਸਰ ਨਹੀਂ ਹੋਈ। ਕੁਝ ਪਲ ਬੀਤੇ ਤਾਂ ਇਕ ਜਣਾ ਹੋਰ ਸਾਹਮਣੇ ਆਇਆ।

"ਤੂੰ ਵੀ ਨਹੀਂ। ਤੂੰ ਵੀ ਕਾਫ਼ੀ ਜਾਣਦੈਂ। ਚੱਲ ਇੜਮਾ, ਤੂੰ ਚੱਲ!"

ਇੜਮਾ ਵਾਕਈ ਸਭ ਤੋਂ ਘੱਟ ਜਾਣਦਾ ਸੀ।

*ਸੋਮਾ ਅਖ਼ੀਰ ਵਿਚ ਪਾਰ ਹੋਇਆ ਤੇ ਕੁੜੀਆਂ ਵੱਲ ਮੂੰਹ ਕਰ ਕੇ ਬੋਲਿਆ, "ਤੈਰਨਾ ਸਿੱਖੋ। ਸੌਖੇ ਰਾਹ ਨਾ ਲੱਭਿਆ ਕਰੋ! ਲੜਾਈ ਵਿਚ ਉਹ ਤੁਹਾਨੂੰ ਆਸਾਨ ਰਸਤਿਓਂ ਨਿਕਲ ਜਾਣ ਦਾ ਮੌਕਾ ਦੇਣ ਲਈ ਗੋਲੀ ਚਲਾਉਣੀ ਬੰਦ ਨਹੀਂ ਕਰਦੇ। ਤੈਰਨਾ ਨਾ ਆਵੇ ਤਾਂ ਦਰਿਆ ਗੁਰੀਲੇ ਦਾ ਦੁਸ਼ਮਣ, ਆਉਂਦਾ ਹੋਵੇ ਤਾਂ ਦੋਸਤ।" ਉਸ ਦੀ ਗੱਲ ਸੁਣ ਕੇ ਦਸਤੇ ਦੀਆਂ ਪੰਜੇ ਕੁੜੀਆਂ ਹੱਸ ਪਈਆਂ... ਕੁੜੀਆਂ ਕਾਰਨ ਉਨ੍ਹਾਂ ਨੂੰ ਹਰ ਵਾਰ ਉਹੀ ਰਸਤਾ ਲੈਣਾ ਪੈਂਦਾ ਹੈ ਜਿਥੇ ਨਦੀ ਦਾ ਪਾਣੀ ਸਭ ਤੋਂ ਘੱਟ ਹੋਵੇ। ਮਤਲਬ ਹੁੰਦਾ-ਕਈ ਘੰਟੇ ਦਾ ਵਾਧੂ ਸਫ਼ਰ।*



*ਗੁਰੀਲਾ ਦਸਤੇ ਦੀਆਂ ਔਰਤ ਮੈਂਬਰ... ਅਗਲੇ ਕੂਚ ਦੀ ਤਿਆਰੀ।*

"ਪਰ ਮੈਂ ਤਾਂ ਡੁੱਬ ਜਾਵਾਂਗਾ।" ਇੜਮਾ ਹੱਸਿਆ।

"ਗੁਰੀਲਾ! ਹੂੰ, ਗੁਰੀਲਾ! ਲਾਲ ਫ਼ੌਜ ਦਾ ਸਿਪਾਹੀ! ਤੇ ਕਹਿੰਦੈ ਮੈਂ ਡੁੱਬ ਜਾਵਾਂਗਾ। ਤੂੰ ਡੁੱਬ ਜਾਵੇਂਗਾ ਤਾਂ ਕੁੜੀਆਂ ਦਾ ਕੀ ਬਣੇਗਾ? ਉਹ ਪਾਰ ਨਹੀਂ ਜਾ ਸਕਣਗੀਆਂ ਤੇ ਇਸੇ ਕੰਢੇ ਮਾਰੀਆਂ ਜਾਣਗੀਆਂ। ਚੱਲ ਰੱਸਾ ਫੜ, ਲੱਕ ਨੂੰ ਬੰਨ੍ਹ ਤੇ ਕੁੱਦ ਜਾ ਨਦੀ 'ਚ। ਡੁੱਬਣ ਲੱਗੇਂਗਾ ਤਾਂ ਖਿੱਚ ਲਾਂ'ਗੇ।"

ਇੜਮਾ ਨੇ ਕਿੱਟ ਉਤਾਰੀ, ਗੁੱਟ ਨਾਲ ਰੱਸੀ ਬੰਨ੍ਹ ਕੇ ਹੱਥ ਦਾ ਵਲੇਵਾਂ ਪਾਇਆ ਅਤੇ ਨਦੀ 'ਚ ਛਾਲ ਮਾਰ ਦਿਤੀ। ਨਦੀ ਦੇ ਅੱਧ ਵਿਚ ਜਾ ਕੇ ਉਹ ਪਾਣੀ ਦੇ ਵਹਾਅ ਵਿਚ ਥੋੜ੍ਹਾ ਜਿਹਾ ਵਿਹਾ ਤੇ ਫਿਰ ਤ੍ਰੇਛਵੇਂ ਰੁਖ਼ ਪਾਰਲੇ ਕੰਢੇ ਨੂੰ ਵਗ ਤੁਰਿਆ।

"ਬੱਲੇ! ਇਹ ਹੋਈ ਨਾ ਗੱਲ!" ਇੜਮਾ ਦੇ ਪਾਰ ਲੱਗਣ ਉਤੇ ਸੋਮਾ ਨੇ ਤਾੜੀ ਮਾਰੀ।

ਹੱਥ ਨਾਲ ਬੱਝੀ ਰੱਸੀ ਨੇ ਇੜਮਾ ਨੂੰ ਹੌਸਲਾ ਦਿਤਾ ਸੀ, ਪਰ ਇਸ ਤੋਂ ਵੱਧ ਉਹ ਉਸ ਚੁਣੌਤੀ ਨੂੰ ਨਜਿੱਠਣਾ ਚਾਹੁੰਦਾ ਸੀ ਜਿਹੜੀ ਕਦੇ ਵੀ ਉਸ ਦੇ ਸਾਹਮਣੇ ਆ ਸਕਦੀ ਸੀ। ਉਸ ਨੂੰ ਰੱਸੀ ਦਾ ਸਹਾਰਾ ਲੈਣ ਦੀ ਇਕ ਵਾਰ ਵੀ ਜ਼ਰੂਰਤ ਨਹੀਂ ਸੀ ਪਈ ਜਿਸ ਕਾਰਨ ਉਹ ਖ਼ੁਸ਼ ਸੀ।

ਸਿੰਘੰਨਾ ਅਤੇ ਪਹਿਲਾਂ ਨਿੱਤਰਿਆ ਨੌਜਵਾਨ ਸਿੱਧੇ ਹੀ ਛਾਲਾਂ ਲਗਾ ਗਏ, ਤੇ ਪਾਰ ਨਿਕਲ ਗਏ। ਉਨ੍ਹਾਂ ਦੋਵਾਂ ਨੇ ਕਈ ਚੱਕਰ ਲਾਏ ਅਤੇ ਕਿੱਟਾਂ ਤੇ ਹਥਿਆਰਾਂ ਨੂੰ ਪਾਰ ਲਿਜਾਂਦੇ ਰਹੇ। ਸੋਮਾ ਅਖ਼ੀਰ ਵਿਚ ਪਾਰ ਹੋਇਆ ਤੇ ਕੁੜੀਆਂ ਵੱਲ ਮੂੰਹ ਕਰ ਕੇ ਬੋਲਿਆ, "ਸੁਣੋ ਕੁੜੀਓ! ਤੈਰਨਾ ਸਿੱਖੋ। ਸੌਖੇ ਰਾਹ ਨਾ ਲੱਭਿਆ ਕਰੋ! ਲੜਾਈ ਵਿਚ ਉਹ ਤੁਹਾਨੂੰ ਆਸਾਨ ਰਸਤਿਓਂ ਨਿਕਲ ਜਾਣ ਦਾ ਮੌਕਾ ਦੇਣ ਲਈ ਗੋਲੀ ਚਲਾਉਣੀ ਬੰਦ ਨਹੀਂ ਕਰਦੇ। ਤੈਰਨਾ ਨਾ ਆਵੇ ਤਾਂ ਦਰਿਆ ਗੁਰੀਲੇ ਦਾ ਦੁਸ਼ਮਣ, ਆਉਂਦਾ ਹੋਵੇ ਤਾਂ ਦੋਸਤ।" ਉਸ ਦੀ ਗੱਲ ਸੁਣ ਕੇ ਦਸਤੇ ਦੀਆਂ ਪੰਜੇ ਕੁੜੀਆਂ ਹੱਸ ਪਈਆਂ।

ਰਾਤ ਦਾ ਡੇਰਾ ਪਰਲੇ ਪਾਰ ਲਾ ਲਿਆ ਗਿਆ। ਨੇੜਲੇ ਪਿੰਡੋਂ ਰਾਸ਼ਨ ਆ ਗਿਆ। ਮੱਛੀ, ਨੂਕਾ ਤੇ ਕੇਕੜੇ ਦੀ ਚਟਣੀ। ਜੰਗਲ ਵਿਚ ਇਸ ਤੋਂ ਵਧੀਆ ਤੇ ਸਵਾਦੀ ਭੋਜਨ ਹੋਰ ਕੋਈ ਨਹੀਂ।

ਕੁੜੀਆਂ ਕਾਰਨ ਉਨ੍ਹਾਂ ਨੂੰ ਹਰ ਵਾਰ ਉਹੀ ਰਸਤਾ ਲੈਣਾ ਪੈਂਦਾ ਹੈ ਜਿਥੇ ਨਦੀ ਦਾ ਪਾਣੀ ਸਭ ਤੋਂ ਘੱਟ ਹੋਵੇ। ਕਈ ਵਾਰ ਇਸ ਦਾ ਮਤਲਬ ਹੁੰਦਾ-ਕਈ ਘੰਟੇ ਦਾ ਵਾਧੂ ਸਫ਼ਰ। ਤਾਲਪੇਰ (ਤੈਲਗੂ ਨਾਂ ਚਿੰਤਾ) ਨਦੀ ਕਈ ਥਾਂਵਾਂ ਤੋਂ ਬਹੁਤ ਡੂੰਘੀ ਹੈ, ਪਰ ਇਹੀ ਥਾਂਵਾਂ ਸਭ ਤੋਂ ਸੁਰੱਖਿਅਤ ਵੀ ਨੇ। ਸੋਮਾ ਚਾਹੁੰਦੈ, ਰੱਸੇ ਦੀ ਵੀ ਜ਼ਰੂਰਤ ਨਾ ਪਵੇ। ਹਰ ਕੋਈ ਸਿਰ ਉਤੇ ਕਿੱਟ ਤੇ ਬੰਦੂਕ ਬੰਨ੍ਹ ਕੇ ਪਾਰ ਨਿਕਲ ਸਕਣ ਦੀ ਜਾਚ ਸਿੱਖੇ। ਗੋਦਾਵਰੀ ਦੇ ਇਲਾਕੇ ਵਿਚ ਇਸ ਤੋਂ ਬਿਨਾ ਗੁਜ਼ਾਰਾ ਨਹੀਂ ਹੋ ਸਕਦਾ। ਕੀ ਪਤਾ, ਕਿਹੜੀ ਟੁਕੜੀ ਕਦੋਂ ਕਿਸ ਪਾਸੇ ਰਵਾਨਾ ਕਰਨੀ ਪੈ ਜਾਵੇ!

ਸੋਮਾ ਵਾਰੰਗਲ ਤੋਂ ਬਦਲ ਕੇ ਆਇਆ ਹੈ ਜਿਥੇ ਉਂਗਲ ਹਮੇਸ਼ਾ ਘੋੜੇ ਉਤੇ ਹੀ ਰੱਖਣੀ ਪੈਂਦੀ ਹੈ। ਉਥੇ ਬੰਦੂਕ ਮੋਢੇ ਉਪਰ ਨਹੀਂ ਲਟਕਾਈ ਜਾਂਦੀ। ਐਨਾ ਵੀ ਵਕਤ ਨਹੀਂ ਮਿਲਦਾ ਕਿ ਤੁਸੀਂ ਬੰਦੂਕ ਨੂੰ ਮੋਢੇ ਤੋਂ ਉਤਾਰ ਕੇ ਸਿੱਧਾ ਕਰ ਸਕੋ। ਤੁਸੀਂ ਚੌਕਸੀ ਤੋਂ ਉਕੇ ਨਹੀਂ ਕਿ ਨਿਸ਼ਾਨਾ ਬਣ ਜਾਣ ਦਾ ਖ਼ਤਰਾ ਸਹੇੜਿਆ ਨਹੀਂ। ਬਸਤਰ ਵਿਚਲੀ ਹਾਲਤ ਸੁਖਾਵੀਂ ਹੈ। ਸੜਕਾਂ ਦਾ ਜਾਲ ਨਹੀਂ, ਮੰਡੀ ਨਾਲ ਡੂੰਘਾ ਰਿਸ਼ਤਾ ਨਹੀਂ, ਬਾਹਰਲੀ ਆਮਦੋ-ਰਫ਼ਤ ਨਹੀਂ, ਦੁਸ਼ਮਣ ਦੀ ਦਨਦਨਾਉਂਦੀ ਗਸ਼ਤ ਨਹੀਂ। ਇਥੇ ਗੁਰੀਲੇ ਸਵੈ-ਨਿਰਭਰ ਆਰਥਿਕਤਾ ਉਸਾਰਨ ਦੇ ਯਤਨਾਂ ਵਿਚ ਹਨ। ਜਦੋਂ ਇਹ ਹਾਲਤ ਹੋਂਦ ਵਿਚ ਆ ਗਈ ਤਾਂ ਦੁਸ਼ਮਣ ਨੂੰ ਵੀ ਡਾਢੀ ਤਕਲੀਫ਼ ਹੋਵੇਗੀ ਅਤੇ ਗੁਰੀਲੇ ਵੀ ਜ਼ੋਰਦਾਰ ਤਾਕਤ ਬਣ ਕੇ ਉਭਰ ਆਉਣਗੇ। ਅਜੇ ਇਹ ਇਲਾਕੇ ਗੁਰੀਲਾ ਆਧਾਰ ਇਲਾਕਿਆਂ ਦੀ ਪੱਧਰ ਦੇ ਨਜ਼ਦੀਕ ਹੀ ਪਹੁੰਚੇ ਹਨ।

ਸੋਮਾ ਫ਼ੌਜੀ ਟਰੇਨਿੰਗ ਅਤੇ ਵਿਕਾਸ ਕੰਮਾਂ, ਦੋਵਾਂ ਉਤੇ ਹੀ ਜ਼ੋਰ ਲਗਾ ਰਿਹਾ ਹੈ। ਉਸ ਦਾ ਦਸਤਾ ਜਿਸ ਰਸਤਿਓਂ ਵੀ ਲੰਘਦਾ ਹੈ, ਆਪਣੇ ਨਿਸ਼ਾਨ ਮੇਸਦਾ ਜਾਂਦਾ ਹੈ। ਨੰਗੀ ਜ਼ਮੀਨ ਨਾਲੋਂ ਉਹ ਘਾਹ ਉਤੇ ਚੱਲਣ ਨੂੰ ਤਰਜੀਹ ਦਿੰਦੇ ਹਨ। ਉਸ ਦੇ ਦਸਤੇ ਨੂੰ ਚਾਹ ਮਿਲੇ ਨਾ ਮਿਲੇ, ਪਰ ਰੋਜ਼ ਸਵੇਰੇ ਛੋਲੇ, ਮਟਰ ਤੇ ਮੂੰਗਫਲੀ ਜ਼ਰੂਰ ਮਿਲਦੀ ਹੈ। ਉਹ ਕਹਿੰਦਾ ਹੈ ਕਿ 'ਚਾਹ ਦਾ ਕੀ ਐ? ਚੰਗਾ ਹੈ ਕਿ ਦੁੱਧ ਨੂੰ ਬਿਮਾਰਾਂ ਵਾਸਤੇ ਬਚਾਅ ਕੇ ਰੱਖਿਆ ਜਾਵੇ।' ਆਪਣੇ ਦਸਤੇ ਵਿਚ ਉਹ ਕਦੇ ਕਿਸੇ ਨੂੰ ਮਲੇਰੀਆ ਨਹੀਂ ਹੋਣ ਦਿੰਦਾ।

"ਮਲੇਰੀਏ ਦਾ ਮਤਲਬ ਹੈ ਗੁਰੀਲੇ ਨੂੰ ਸੱਤ ਦਿਨਾਂ ਵਾਸਤੇ ਨਕਾਰਾ ਕਰ ਦੇਣਾ ਤੇ ਮੱਛਰ ਦੀ ਪੂਜਾ ਕਰਨਾ। ਇਹ ਵੀ ਕੋਈ ਬਿਮਾਰੀ ਹੈ ਜਿਹੜੀ ਸਾਡੀ ਤਾਕਤ ਨੂੰ ਖਾਂਦੀ ਰਹੇ।" ਉਹ ਕਹਿੰਦਾ ਹੈ। ਦਸਤੇ ਵਿਚ ਉਹ ਬਾਕਾਇਦਾ ਮਲੇਰੀਆ ਪ੍ਰੀਵੈਂਟਿਵ ਡੋਜ਼ (ਮਲੇਰੀਆ ਰੋਕੂ ਦਵਾਈ ਦੀ ਖ਼ੁਰਾਕ) ਤਕਸੀਮ ਕਰਦਾ ਹੈ।

ਸ਼ਾਮ ਨੂੰ ਅਸੀਂ ਜਿਸ ਪਿੰਡ ਪਹੁੰਚੇ, ਉਸ ਪਿੱਛੇ ਗੁੱਤੇਮ ਲੱਗਦਾ ਸੀ। ਬਾਅਦ 'ਚ ਮੈਨੂੰ ਪਤਾ ਲੱਗਿਆ ਕਿ ਉਸ ਇਲਾਕੇ ਵਿਚ ਹਰ ਪਿੰਡ ਪਿੱਛੇ ਹੀ ਗੁੱਤੇਮ ਲੱਗਾ ਹੋਇਆ ਸੀ। ਕਾਲ ਗੁੱਤੇਮ, ਪੇਰ ਗੁੱਤੇਮ, ਰਾਜ ਗੁੱਤੇਮ, ਵਗ਼ੈਰਾ। ਸੋਮਾ ਤਕਰੀਬਨ ਹਰ ਘਰ ਵਿਚ ਗਿਆ।

"ਕੀ ਹਾਲ ਏ ਵਿੜਮੇ ਮੜੀਅਮ?"

"ਕੀ ਹਾਲ ਈ ਮਾਸੇ ਮੜਕਮ?"

ਉਹ ਘਰ ਅੰਦਰ ਜਾਂਦਾ। ਬੱਚਿਆਂ ਨੂੰ ਮੋਢਿਆਂ 'ਤੇ ਚੁੱਕਦਾ। ਮੁਰਗ਼ੀਆਂ ਦੇ ਖੋਲੇ ਵਿਚ ਨਜ਼ਰ ਮਾਰਦਾ। ਬੱਕਰੀਆਂ ਨੂੰ ਥਪਥਪਾਉਂਦਾ। ਜਦ ਉਹ ਇੜਮੇ ਦੇ ਵਿਹੜੇ ਵਿਚ ਦਾਖ਼ਲ ਹੋਇਆ ਤਾਂ ਉਹ ਬਰਤਨ ਮਾਂਜ ਕੇ ਹਟੀ ਸੀ। ਗਾਗਰ ਚੁੱਕ ਕੇ ਉਹ ਨਲਕੇ ਤੋਂ ਪਾਣੀ ਲੈਣ ਤੁਰੀ ਤਾਂ ਸੋਮਾ ਨੇ ਉਸ ਤੋਂ ਗਾਗਰ ਲੈ ਲਈ।

"ਮੁੰਡੇ ਕਿਥੇ ਈ?"

"ਵੱਡਾ ਸ਼ਿਕਾਰ ਨੂੰ ਗਿਐ ਤੇ ਛੋਟਾ ਉਹ ਫਿਰਦੈ।" ਉਹਨੇ ਵਿਹੜੇ ਤੋਂ ਪਾਰ ਖੜ੍ਹੇ ਨਿੱਕੇ ਵੱਲ ਉਂਗਲ ਕੀਤੀ।

"ਉਹਨੂੰ ਕਿਉਂ ਨਹੀਂ ਕਹਿੰਦੀ, ਪਾਣੀ ਲਿਆ ਦੇਵੇ?"

"ਉਹ ਕਿਥੇ ਕਰਦੇ ਨੇ ਅਜਿਹਾ ਕੰਮ। ਤਾੜੀ ਵਾਸਤੇ 'ਸਮਾਨੀਂ ਚੜ੍ਹ ਜਾਣਗੇ। ਗਾਂਵਾਂ ਚਰਾ ਲਿਆਉਣਗੇ, ਪਰ ਪਾਣੀ ਨਹੀਂ ਢੋਣਗੇ।"

ਸੋਮੰਨਾ ਨੇ ਛੋਟੇ ਨੂੰ ਸੈਨਤ ਨਾਲ ਬੁਲਾਇਆ ਤੇ ਗਾਗਰ ਉਸ ਦੇ ਹੱਥ ਫੜਾ ਦਿਤੀ।

"ਭੱਜ ਕੇ ਪਾਣੀ ਲੈ ਆ।" ਉਸ ਨੇ ਕਿਹਾ।

ਇੜਮੇ ਮਹਿਲਾ ਸੰਘ ਦੀ ਕਾਰਕੁਨ ਹੈ। ਕੋਸਾ ਉਸ ਦਾ ਵੱਡਾ ਪੁੱਤਰ, ਪਿੰਡ ਮਿਲੀਸ਼ੀਏ ਦਾ ਮੈਂਬਰ ਹੈ। ਉਹ ਚੰਗਾ ਤੀਰ-ਅੰਦਾਜ਼ ਹੈ। ਕੋਸਾ ਯਾਰਾਂ-ਬੇਲੀਆਂ ਨਾਲ ਸ਼ਿਕਾਰ ਨੂੰ ਗਿਆ ਹੋਇਆ ਸੀ। ਉਸ ਨੂੰ ਦਸਤੇ ਦੇ ਆਉਣ ਦਾ ਪਤਾ ਲੱਗ ਗਿਆ ਹੋਵੇਗਾ, ਸੋ ਸੋਮੰਨਾ ਨੂੰ ਉਸ ਦੇ ਜਲਦੀ ਪਰਤ ਆਉਣ ਦੀ ਆਸ ਸੀ।

ਮਿਲੀਸ਼ੀਏ ਦੇ ਦਸਤੇ ਤਕਰੀਬਨ ਹਰ ਪਿੰਡ ਵਿਚ ਮੌਜੂਦ ਹਨ। ਸੋਮੰਨਾ ਜਲਦੀ ਹੀ ਹੋਰ ਗੁਰੀਲਾ ਦਸਤੇ ਖੜ੍ਹੇ ਕਰਨ ਦੀ ਯੋਜਨਾ ਬਣਾਈ ਬੈਠਾ ਹੈ। ਪੁਰਾਣੇ ਦਸਤੇ ਨੂੰ ਕਿਸੇ ਹੋਰ ਇਲਾਕੇ ਵੱਲ ਰਵਾਨਾ ਕਰ ਦਿਤਾ ਜਾਵੇਗਾ, ਇਥੋਂ ਦੀ ਸੁਰੱਖਿਆ ਦਾ ਕੰਮ ਨਵੇਂ ਦਸਤੇ ਨੂੰ ਸੌਂਪ ਦਿਤਾ ਜਾਵੇਗਾ।

"ਬੱਸ, ਇਕ ਘਾਟ ਹੈ ਕਿ ਸਾਡੇ ਕੋਲ ਲੋੜੀਂਦੇ ਹਥਿਆਰ ਨਹੀਂ। ਜਿਵੇਂ ਜਿਵੇਂ ਇਹ ਜ਼ਰੂਰਤ ਪੂਰੀ ਹੁੰਦੀ ਗਈ, ਅਸੀਂ ਦਸਤੇ ਉਸਾਰਦੇ ਜਾਵਾਂਗੇ।" ਉਹ ਕਹਿੰਦਾ ਹੈ।

ਉਨ੍ਹਾਂ ਵਾਸਤੇ ਕਮਾਂਡਰ ਵੀ ਚਾਹੀਦੇ ਹਨ। ਸੋਮੰਨਾ ਨੂੰ ਯਕੀਨ ਹੈ ਕਿ ਕਮਾਂਡਰ ਆਪਣੇ ਆਪ ਉਭਰਦੇ ਆਉਣਗੇ।

ਇੜਮੇ ਤੋਂ ਰੁਖ਼ਸਤ ਲੈ ਕੇ ਉਸ ਨੇ ਸਾਰੇ ਪਿੰਡ ਦਾ ਤੂਫ਼ਾਨੀ ਚੱਕਰ ਲਗਾਇਆ। ਰਾਤ ਨੂੰ ਸਾਰੇ ਸੰਘਾਂ ਦੀਆਂ ਵੱਖ ਵੱਖ ਬੈਠਕਾਂ ਬੁਲਾਈਆਂ। ਸਵੇਰੇ ਸਾਰੇ ਪਿੰਡ ਦੀ ਆਮ ਸਭਾ ਵਿਚ ਪਿੰਡ ਦੇ ਮਾਮਲੇ ਵਿਚਾਰੇ। ਸੋਮੰਨਾ ਨੂੰ ਵੀ ਉਸੇ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਸੀ ਜਿਵੇਂ ਰਾਜੇਸ਼ ਨੂੰ ਸੀ। ਕੋਸਾ ਤੇ ਉਸ ਦੇ ਦੋਸਤ ਸ਼ਾਮ ਨੂੰ ਸੂਰ ਦਾ ਸ਼ਿਕਾਰ ਕਰ ਲਿਆਏ ਸਨ, ਸੋ ਰਾਤ ਦਾ ਖਾਣਾ ਵਿਸ਼ੇਸ਼ ਦਾਅਵਤ ਬਣ ਗਈ।

ਮਿਲੀਸ਼ੀਏ ਦੇ ਮੈਂਬਰ ਰਾਤ ਭਰ ਦਸਤੇ ਦੇ ਨਾਲ ਰਹੇ ਸਨ। ਸੋਮੰਨਾ ਦੇਰ ਤਕ ਉਨ੍ਹਾਂ ਨਾਲ ਗੱਲਾਂ ਕਰਦਾ ਰਿਹਾ।

ਸਵੇਰੇ ਤੜਕਸਾਰ ਉਸ ਨੇ ਕੂਚ ਦਾ ਫ਼ੈਸਲਾ ਕਰ ਲਿਆ। ਹਰ ਕਿਸੇ ਨੂੰ ਪੰਜ ਮਿੰਟ ਦਾ ਸਮਾਂ ਦਿਤਾ ਗਿਆ ਕਿ ਉਹ ਤਿਆਰ ਹੋ ਜਾਵੇ ਤੇ ਹਾਜ਼ਰੀ ਦੇਵੇ। ਬੂਟ ਪਾਉਣ ਤੇ ਝਿੱਲੀ ਝਾੜ ਕੇ ਤਹਿ ਕਰਨ ਲਈ ਤਿੰਨ ਹੀ ਮਿੰਟ ਕਾਫ਼ੀ ਸਨ। ਪੰਜ ਮਿੰਟ ਹੋਣ ਤੱਕ ਹਰ ਕੋਈ ਲਾਈਨ ਵਿਚ ਲੱਗ ਚੁੱਕਾ ਸੀ। ਬਕਾਇਦਾ ਕੂਚ ਤੋਂ ਕਈ ਮਿੰਟ ਪਹਿਲਾਂ ਉਸ ਨੇ ਸਕਾਊਟ ਟੀਮ ਨੂੰ ਤੋਰ ਦਿਤਾ। ਉਨੇ ਹੀ ਸਮੇਂ ਦੀ ਵਿੱਥ ਉਤੇ ਰੀਅਰਗਾਰਡ ਨੂੰ ਚੱਲਣ ਦਾ ਹੁਕਮ ਦੇ ਕੇ ਉਸ ਨੇ ਕੂਚ ਸ਼ੁਰੂ ਕਰਵਾ ਦਿਤਾ।

"ਜ਼ਾਬਤਾ ਰੋਮਨ ਫ਼ੌਜ ਵਰਗਾ ਚਾਹੀਦਾ ਹੈ, ਲੜਾਕੂਪਣ ਸਪਾਰਟਾਕਸ ਦੀ ਫ਼ੌਜ ਵਰਗਾ।" ਉਸ ਨੇ ਕਿਹਾ। ਨਾਲ ਲਗਦਾ ਖ਼ੇਤਰ ਉਤਰੀ ਤੇਲੰਗਾਨਾ ਦਾ ਸੀ ਜਿਸ ਕਾਰਨ ਸੋਮੰਨਾ ਅਚਾਨਕ ਹਮਲੇ ਦਾ ਕੋਈ ਖ਼ਤਰਾ ਮੁੱਲ ਨਹੀਂ ਸੀ ਲੈਣਾ ਚਾਹੁੰਦਾ।

ਸਵੇਰ ਦੀ ਠੰਢੀ ਠੰਢੀ ਹਵਾ ਵਿਚ ਕੋਈ ਚਾਰ ਕਿਲੋਮੀਟਰ ਤੁਰਨ ਤੋਂ ਬਾਅਦ ਅਸੀਂ ਰੁਕੇ। ਜਦ ਤੈਅਸ਼ੁਦਾ ਥਾਂ ਉਪਰ ਅਸੀਂ ਪਹੁੰਚੇ ਤਾਂ ਸਕਾਊਟ ਟੀਮ ਉਥੇ ਨਹੀਂ ਸੀ। ਉਹ ਦੂਰ ਤੱਕ ਦਾ ਚੱਕਰ ਲਗਾ ਕੇ ਕਾਫ਼ੀ ਚਿਰ ਪਿਛੋਂ ਮੁੜੀ। ਅਸੀਂ ਘੋੜੇ ਦੇ ਖ਼ੁਰ ਦੀ ਸ਼ਕਲ ਵਿਚ ਡੇਰਾ ਲਗਾ ਲਿਆ। ਸ਼ਾਮ ਨੂੰ ਇਕ ਹੋਰ ਦਸਤਾ ਉਥੇ ਪਹੁੰਚਿਆ ਤਾਂ ਖ਼ੁਰ ਦੀ ਫਾਰਮੇਸ਼ਨ ਨੂੰ ਗੋਲ ਦਾਇਰੇ ਵਿਚ ਬਦਲ ਦਿਤਾ ਗਿਆ। ਹੁਣ ਚਾਰੇ ਪਾਸੇ 'ਕਵਰ' ਕਰ ਲਏ ਗਏ ਸਨ। ਰਾਤ ਪਈ ਤਾਂ ਫਿਰ ਕੂਚ ਦਾ ਹੁਕਮ ਹੋ ਗਿਆ। ਰਾਤ ਦੇ ਹਨ੍ਹੇਰੇ ਵਿਚ ਬੱਤੀ ਤੇਤੀ ਜਣਿਆਂ ਦਾ ਇਕੋ ਲਾਈਨ ਵਿਚ ਗੁਜ਼ਰਨਾ ਆਸਾਨ ਕੰਮ ਨਹੀਂ ਸੀ। ਕਦੇ ਕਿਤੇ ਰੁਕਾਵਟ ਆਣ ਪੈਂਦੀ, ਕਦੇ ਕਿਤੇ। ਸਕਾਊਟ ਟੀਮ ਤੋਂ ਬਿਨਾ ਕਿਸੇ ਨੂੰ ਵੀ ਟਾਰਚ ਦੀ ਵਰਤੋਂ ਕਰਨ ਦਾ ਹੁਕਮ ਨਹੀਂ ਸੀ। ਜਿਥੇ ਕਿਤੇ ਕਿਸੇ ਨੂੰ ਰੁਕਾਵਟ ਪੈਂਦੀ, ਇਹ ਕੰਮ ਉਸ ਦੇ ਅੱਗੜ ਪਿੱਛੜ ਚੱਲਣ ਵਾਲਿਆਂ ਦਾ ਹੁੰਦਾ ਕਿ ਉਹ ਸਮੱਸਿਆ ਨੂੰ ਨਜਿੱਠਣ। ਕਿਤੇ ਵੀ ਜਮਘਟਾ ਨਹੀਂ ਸੀ ਹੁੰਦਾ, ਬਾਕੀ ਦੀ ਫਾਰਮੇਸ਼ਨ ਆਪਣੀ ਥਾਂਵੇਂ ਖੜ੍ਹ ਕੇ ਮੁੜ ਤੁਰਨ ਦਾ ਇੰਤਜ਼ਾਰ ਕਰਦੀ।

ਉਸ ਰਾਤ ਅਸੀਂ ਕਈ ਖੇਤੁਲਾਂ ਕੋਲੋਂ ਲੰਘੇ। ਖੇਤਾਂ ਦੀ ਰਾਖੀ ਕਰਦੇ ਲੋਕ ਜਾਗ ਰਹੇ ਸਨ, ਪਰ ਅਸੀਂ ਕਿਤੇ ਵੀ ਨਾ ਰੁਕੇ। ਲੋਕਾਂ ਵਲੋਂ ਵੀ ਕਿਸੇ ਕਿਸਮ ਦੀ ਹਿਲਜੁਲ ਜਾਂ ਸ਼ੋਰ-ਸ਼ਰਾਬਾ ਨਾ ਕੀਤਾ ਗਿਆ। ਸਭ ਨੂੰ ਪਤਾ ਸੀ ਕਿ ਕੌਣ ਜਾ ਰਿਹਾ ਹੈ ਅਤੇ ਦਸਤੇ ਨੂੰ ਪਤਾ ਸੀ ਕਿ ਕਿਹੜਾ ਖੇਤੁਲ ਕਿਸ ਪਰਿਵਾਰ ਦਾ ਹੈ। ਰਸਤੇ ਵਿਚ ਇਕ ਛੋਟਾ ਜਿਹਾ ਪਿੰਡ ਵੀ ਆਇਆ ਸੀ। ਉਥੇ ਕੁਝ ਦੇਰ ਰੁਕ ਕੇ ਸੋਮੰਨਾ ਨੇ ਪਿੰਡ ਦੇ ਕੁਝ ਬੰਦਿਆਂ ਨਾਲ ਗੱਲਬਾਤ ਕੀਤੀ ਅਤੇ ਆਪਣਾ ਰੂਟ ਬਦਲ ਲਿਆ।


ਕੋਈ ਦੋ ਦਿਨ ਪਹਿਲਾਂ ਉਸ ਪਿੰਡ ਕੋਲੋਂ ਪੁਲਿਸ ਦੀ ਵੱਡੀ ਗਸ਼ਤੀ ਟੁਕੜੀ ਲੰਘੀ ਸੀ ਜਿਹੜੀ ਅਜੇ ਤੱਕ ਵਾਪਸ ਨਹੀਂ ਸੀ ਮੁੜੀ। ਦਸਤਾ ਪਿੰਡ ਪਾਰ ਦੇ ਨਾਲੇ ਦੇ ਹਿਠਾੜ ਵੱਲ ਜਾਣ ਦੀ ਬਜਾਏ ਉਤਾੜ ਵੱਲ ਹੋ ਗਿਆ। ਰਾਤ ਦਾ ਡੇਰਾ ਪਿੰਡ ਤੋਂ ਇਕ ਘੰਟੇ ਦੇ ਫ਼ਾਸਲੇ ਉਤੇ ਪਾਇਆ ਗਿਆ। ਕਿਸੇ ਨੇ ਵੀ ਝਿੱਲੀ ਨਹੀਂ ਵਿਛਾਈ। ਥਕਾਵਟ ਦੇ ਬਾਵਜੂਦ ਹਰ ਕੋਈ ਆਪਣੀ ਕਿੱਟ ਨਾਲ ਢੋਅ ਲਾ ਕੇ ਅੱਧ-ਲੇਟੀ ਹਾਲਤ ਵਿਚ ਪਿਆ। ਡੇਰੇ ਦੇ ਆਲੇ ਦੁਆਲੇ ਸਾਰੀ ਰਾਤ ਗਸ਼ਤ ਚੱਲਦੀ ਰਹੀ।

ਸਵੇਰੇ ਅਜੇ ਮੂੰਹ-ਹਨ੍ਹੇਰਾ ਹੀ ਸੀ ਕਿ ਬਿਨਾ ਵਿਸਲ ਕੀਤੇ ਹਰ ਕਿਸੇ ਨੂੰ ਜਗਾ ਦਿਤਾ ਗਿਆ। ਹਰ ਕੋਈ ਆਪਣੇ ਆਪਣੇ ਕਵਰ ਵਿਚ ਇਸ

(ਬਾਕੀ ਅਗਲੇ ਸਫੇ 'ਤੇ)

# ਸਭ ਕਾ ਦਾਤਾ ਸ੍ਰੀ ਭਗਵਾਨ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਰੱਬ, ਖ਼ੁਦਾ, ਪਰਮਾਤਮਾ, ਵਾਹਿਗੁਰੂ, ਕਰਤਾਰ, ਭਗਵਾਨ, ਈਸ਼ਵਰ, ਪ੍ਰਭੂ, ਅੱਲਾ ਆਦਿ ਅਜਿਹੇ ਸ਼ਬਦ ਹਨ ਜੋ ਇਕ ਸਰਵਉਚ ਸ਼ਕਤੀ ਵੱਲ ਸੰਕੇਤ ਕਰਦੇ ਹਨ। ਸਭ ਵੱਖੋ ਵੱਖ ਭਾਸ਼ਾਈ, ਸਭਿਆਚਾਰਕ ਅਤੇ ਧਾਰਮਕ ਪਰਿਵੇਸ਼ਾਂ ਵਿਚੋਂ ਆਏ ਹਨ। ਭਾਵੇਂ ਆਮ ਆਦਮੀ ਇਨ੍ਹਾਂ ਵਿਚਾਲੇ ਬਹੁਤਾ ਫਰਕ ਨਹੀਂ ਕਰਦਾ ਪਰ ਅਸਲ ਵਿਚ ਇਹ ਰੱਬ ਦੇ ਸੰਕਲਪ ਪ੍ਰਤੀ ਅੱਡੋ ਅੱਡਰੇ ਦ੍ਰਿਸ਼ਟੀਕੋਣਾਂ ਵੱਲ ਸੰਕੇਤ ਕਰਦੇ ਹਨ। ਮਿਸਾਲ ਵਜੋਂ ਇਕ ਈਸ਼ਵਰਵਾਦੀ ਧਰਮਾਂ ਜਿਵੇਂ ਇਸਾਈਅਤ, ਇਸਲਾਮ, ਯਹੂਦੀ ਧਰਮ ਅਨੁਸਾਰ ਗੌਡ, ਅੱਲਾ ਜਾਂ ਖੁਦਾ ਤੋਂ ਇਕ ਅਜਿਹੀ ਹਸਤੀ ਦਾ ਭਾਵ ਲਿਆ ਜਾਂਦਾ ਹੈ ਜੋ ਸਾਰੀ ਸ੍ਰਿਸ਼ਟੀ ਦੀ ਸਿਰਜਣਹਾਰ ਅਤੇ ਇਸ ਦੀ ਚਾਲਕ ਹੈ। ਇਹ ਸ੍ਰੇਸ਼ਟ ਹਸਤੀ ਸਮੁੱਚੀ ਨੈਤਿਕਤਾ ਦਾ ਸ੍ਰੋਤ ਵੀ ਹੈ। ਹੋਰ ਧਰਮਾਂ ਅਨੁਸਾਰ ਇਹ ਇੱਕ ਅਜਿਹੀ ਪਰਾਸਰੀਰਕ ਸ਼ਕਤੀ ਜਾਂ ਆਤਮਾ ਹੈ ਜਿਸ ਦਾ ਕੁਦਰਤ ਅਤੇ ਮਨੁੱਖੀ ਹੋਣੀ ਉਤੇ ਪੂਰਨ ਅਧਿਕਾਰ ਹੈ। ਇੱਕੋ ਧਰਮ ਵਿਚ ਰੱਬ ਬਾਰੇ ਵਰਤੇ ਜਾਂਦੇ ਵੱਖ ਵੱਖ ਸ਼ਬਦਾਂ ਵਿਚਾਲੇ ਵੀ ਸੂਖਮ ਅੰਤਰ ਹੈ। ਪਰ ਪ੍ਰੋ. ਮੋਹਨ ਸਿੰਘ ਦੇ ਕਥਨ ਅਨੁਸਾਰ ਇਹ 'ਇਕ ਗੋਰਖਧੰਦਾ' ਹੀ ਹੈ ਤੇ ਸਾਡਾ ਸਰੋਕਾਰ ਸ਼ਬਦ ਦੀ ਰੂਹ ਤੱਕ ਅੱਪੜਨ ਦਾ ਯਤਨ ਕਰਨਾ ਹੈ ਨਾ ਕਿ ਬਹੁਤਾ ਇਸ ਗੋਰਖਧੰਦੇ ਵਿਚ ਪੈਣਾ।

ਵਿਸ਼ੇਸ਼ਣ ਵਜੋਂ ਭਗਵਾਨ ਦਾ ਅਰਥ ਹੈ- ਭਜਨਯੋਗ, ਪੂਜਣਯੋਗ; ਜਸਮਈ ਆਦਿ। ਪਰ ਨਾਂਵ ਦੇ ਤੌਰ 'ਤੇ ਇਹ ਸ਼ਬਦ ਈਸ਼ਵਰ, ਵਿਸ਼ਨੂੰ, ਸ਼ਿਵ, ਬੁਧ, ਕਿਸੇ ਪੂਜਣਯੋਗ ਜਾਂ ਆਦਰਯੋਗ ਵਿਅਕਤੀ ਦਾ ਅਰਥਾਵਾਂ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਅਨੇਕਾਂ ਵਾਰੀ ਆਇਆ ਹੈ, 'ਦੇਵਨ ਕਉ ਏਕੈ ਭਗਵਾਨ', 'ਨਾਨਕ ਤੁਮਰੀ ਸਰਨਿ ਪੁਰਖ ਭਗਵਾਨ', 'ਸੂਖਮ ਅਸਥੂਲ ਸਗਲ ਭਗਵਾਨ' (ਗੁਰੂ ਅਰਜਨ ਦੇਵ); 'ਸਰਬ ਜੋਤਿ ਪੂਰਨ ਭਗਵਾਨੁ' (ਗੁਰੂ ਨਾਨਕ ਦੇਵ)। ਭਗਵਾਨ ਸ਼ਬਦ ਬਣਿਆ ਹੈ ਭਗ+ਵਾਨ ਤੋਂ। ਵਾਨ ਪਿਛੇਤਰ ਤਾਂ ਆਮ ਹੀ ਵਰਤਿਆ ਜਾਂਦਾ ਹੈ ਜਿਸ ਦਾ ਅਰਥ ਹੈ ਵਾਲਾ, ਧਾਰਕ ਆਦਿ। ਭਗ ਸ਼ਬਦ ਦੇ ਕਈ ਅੰਤਰਸਬੰਧਤ ਅਰਥ ਹਨ ਜਿਵੇਂ ਸੂਰਜ; ਚੰਦਰਮਾ; ਸ਼ਿਵ ਦਾ ਇਕ ਰੂਪ; ਖੁਸ਼ਕਿਸਮਤੀ, ਖੁਸ਼ਹਾਲੀ; ਜਸ, ਸ਼ੋਭਾ; ਕਿਸਮਤ, ਭਾਗ, ਨਸੀਬ; ਹਿੱਸਾ, ਭਾਗ; ਯੋਨੀ ਯਾਨਿ ਇਸਤਰੀ ਦਾ ਜਣਨ ਅੰਗ।

'ਗੌਤਮ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰ ਲੋਭਾਇਆ॥

ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ॥' (ਗੁਰੂ ਨਾਨਕ ਦੇਵ)

ਇਥੇ 'ਮਹਾਨ ਕੋਸ਼' ਵਿਚ 'ਭਗਵਾਨ' ਦੇ ਇੰਦਰਾਜ ਅਧੀਨ ਦਿੱਤਾ ਇਸ ਦਾ ਪਹਿਲਾ ਅਰਥ ਗੌਰਤਲਬ ਹੈ, ਭਗ (ਯੋਨਿ) ਵਾਲਾ। "ਸੁਰਨਾਇਕ ਕੋ ਭਗਵਾਨ ਕਿਯੋ" (ਚਰਿਤਰ ੧੧੫) ਗੌਤਮ ਨੇ ਇੰਦਰ ਨੂੰ ਸਰਾਪ ਦੇ ਕੇ ਭਗਾਂ ਵਾਲਾ ਬਣਾ ਦਿੱਤਾ। ਸੰਕੇਤ ਰਮਾਇਣ ਵਿਚ ਦਰਜ ਅਹੱਲਿਆ, ਗੌਤਮ ਰਿਸ਼ੀ, ਇੰਦਰ ਦੇ ਪ੍ਰਸੰਗ ਵੱਲ ਹੈ। ਮਹਾਂਰਿਸ਼ੀ ਗੌਤਮ 'ਵਿਸ਼ਵ ਸੁੰਦਰੀ' ਪਤਨੀ ਅਹੱਲਿਆ ਨਾਲ ਆਪਣੇ ਆਸ਼ਰਮ ਵਿਚ ਰਹਿੰਦੇ ਸਨ। ਇਕ ਦਿਨ ਗੌਤਮ ਨਦੀਏ ਇਸ਼ਨਾਨ ਗਿਆ ਤਾਂ ਕਾਮਆਤੁਰ ਇੰਦਰ ਦੇ ਮਨ ਵਿਚ ਅਹੱਲਿਆ ਨਾਲ ਸੰਗ ਕਰਨ ਦਾ ਲੋਭ ਆ ਗਿਆ। ਉਹ ਗੌਤਮ ਦੇ ਵੇਸ ਵਿਚ ਆ ਕੇ ਅਹੱਲਿਆ ਤੋਂ ਪ੍ਰਵਾਨਗੀ ਮੰਗਦਾ ਹੈ। ਭਾਵੇਂ ਅਹੱਲਿਆ ਨੇ ਉਸ ਨੂੰ ਪਛਾਣ ਲਿਆ ਪਰ ਇਹ ਦੇਖ ਕੇ ਕਿ ਇਕ ਦੇਵ ਉਸ 'ਤੇ ਮੋਹਿਤ ਹੋਇਆ ਹੈ, ਉਸ ਨੇ ਵੀ ਹਰੀ ਝੰਡੀ ਦੇ ਦਿੱਤੀ। ਜਦ ਇੰਦਰ ਆਪਣੇ ਲੋਕ ਵਾਪਸ ਜਾ ਰਿਹਾ ਸੀ ਤਾਂ ਗੌਤਮ ਨੇ ਮੁੜਦੇ ਹੋਏ ਉਸ ਨੂੰ ਦੇਖ ਲਿਆ ਤੇ ਸਭ ਕਾਰਾ ਸਮਝ ਗਿਆ। ਉਸ ਨੇ ਆਪਣੀ ਪਤਨੀ ਨੂੰ ਸਰਾਪ ਦੇ ਕੇ ਹਜ਼ਾਰ ਭਗਾਂ ਵਾਲੀ ਸਿਲ ਬਣਾ ਦਿੱਤਾ। ਮਨਸ਼ਾ ਇਹ ਸੀ ਕਿ ਜਦ ਅਹੱਲਿਆ ਆਪਣੇ ਸਰੀਰ 'ਤੇ ਹਜ਼ਾਰ ਭਗ ਦੇਖੇਗੀ ਤਾਂ ਪਛਤਾਵੇਗੀ ਕਿ ਏਡੀ ਕਾਮਵਾਸ਼ਨਾ ਅਧੀਨ ਉਹ ਕੀ ਕੁਕਰਮ ਕਰ ਬੈਠੀ ਹੈ।



ਪਰ ਭਗਵਾਨ ਸ਼ਬਦ ਵਿਚ ਭਗ ਦੇ ਜੋ ਅਰਥ ਸਹੀ ਹੁੰਦੇ ਹਨ, ਉਹ ਭਾਗ, ਕਿਸਮਤ, ਨਸੀਬ ਵਾਲੇ ਹਨ, "ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥" (ਗੁਰੂ ਨਾਨਕ ਦੇਵ)। ਭਗਵਾਨ ਅਰਥਾਤ ਪਰਮਾਤਮਾ ਸਭ ਨੂੰ ਆਪਣਾ ਆਪਣਾ ਭਾਗ ਦਿੰਦਾ ਹੈ, ਸਭ ਦੀ ਕਿਸਮਤ ਘੜਦਾ ਹੈ, ਜ਼ਿੰਦਗੀ ਵਿਚ ਸਭ ਦੀ ਭੂਮਿਕਾ ਨਿਸਚਿਤ ਕਰਦਾ ਹੈ, ਉਹ ਭਾਗਵਿਧਾਤਾ ਹੈ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਕਿਸਮਤ ਦੇ ਅਰਥਾਂ ਵਾਲਾ ਭਾਗ ਸ਼ਬਦ ਵੀ ਭਗ ਤੋਂ ਹੀ ਬਣਿਆ ਹੈ। ਧਿਆਨ ਦਿਓ ਭਾਗ ਦਾ ਅਰਥ ਵੰਡ, ਤਕਸੀਮ ਹੈ ਤੇ ਸਾਡਾ ਭਾਗ ਉਹ ਹੈ ਜੋ ਭਗਵਾਨ ਨੇ ਸਾਡੇ ਵੰਡੇ ਦਿੱਤਾ ਹੈ। ਅਰਬੀ ਪਿਛੋਕੜ ਵਾਲੇ ਕਿਸਮਤ ਸ਼ਬਦ ਦੇ ਪਿੱਛੇ ਵੀ ਵੰਡਣ ਦੇ ਅਰਥ ਵਾਲੀ ਕਿਰਿਆ 'ਕਿਸਮ' ਹੈ, ਸ਼ਿਅਰ ਅਰਜ਼ ਹੈ, "ਕਿਸਮਤ ਕੀਆ ਕਿਸਾਨੇ ਅਜ਼ਰ ਨੇ ਜੋ ਸ਼ਖਸ ਕਿ ਜਿਸ ਚੀਜ਼ ਕੇ ਕਾਬਿਲ ਨਜ਼ਰ ਆਇਆ; ਬੁਲਬੁਲ ਕੋ ਦੀਆ ਨਾਲਾ, ਪਰਵਾਨੇ ਕੋ ਜਲਨਾ, ਗ਼ਮ ਹਮ ਕੋ ਦੀਆ ਜੋ ਸਬ ਸੇ ਮੁਸ਼ਕਿਲ ਨਜ਼ਰ ਆਇਆ।"

ਕਿਸਮਤ ਦਾ ਅਰਥ ਤਕਸੀਮ ਦੀ ਬਾਕੀ ਵੀ ਹੈ ਤੇ ਜ਼ਿਲੇ ਦੀ ਵੰਡ ਤੇ ਅੱਗੇ ਸੂਬੇ ਦਾ ਇਕ ਹਿੱਸਾ ਵੀ ਹੈ ਜਿਸ ਨੂੰ ਅੰਗਰੇਜ਼ੀ ਵਿਚ ਡਿਵੀਜ਼ਨ ਆਖਦੇ ਹਨ। ਪੰਜਾਬ ਦੀ ਵੰਡ ਤੋਂ ਪਹਿਲਾਂ 'ਜਲੰਧਰ ਡਿਵੀਜ਼ਨ' ਨੂੰ 'ਕਿਸਮਤ ਜਲੰਧਰ' ਕਿਹਾ ਜਾਂਦਾ ਸੀ। ਪ੍ਰਕਾਰ, ਭਾਂਤ ਦੇ ਅਰਥਾਂ ਵਾਲੇ ਕਿਸਮ ਸ਼ਬਦ ਵਿਚ ਵੀ ਵੰਡ ਦੇ ਅਰਥ ਹਨ ਅਤੇ ਤਕਸੀਮ ਸ਼ਬਦ ਵੀ ਕਿਸਮ ਤੋਂ ਬਣਿਆ ਹੈ। ਭਾਗ ਤੋਂ ਕਿਸਮਤ ਵਾਲਾ ਦੇ ਅਰਥਾਂ ਵਾਲੇ ਸ਼ਬਦ ਭਾਗੀ ਅਤੇ ਵਡਭਾਗੀ ਵੀ ਬਣੇ ਹਨ ਤੇ ਵਿਪਰੀਤਾਰਥਕ ਸ਼ਬਦ ਅਭਾਗਾ, ਭਾਗਹੀਣ ਵੀ। 'ਦੁਰਭਾਗ ਵੱਸ' ਉਕਤੀ ਵੀ ਖੂਬ ਚਲਦੀ ਹੈ। ਮੱਥੇ ਨੂੰ ਬੰਦੇ ਦੇ ਭਾਗ ਦਾ ਸਥਾਨ ਕਲਪਿਆ ਗਿਆ ਹੈ ਇਸ ਲਈ ਭਾਗ ਦਾ ਇਕ ਅਰਥ ਮੱਥਾ ਵੀ ਹੈ, 'ਜਿਸੁ ਮਸਤਕਿ ਭਾਗੀਠਾ' (ਗੁਰੂ ਅਰਜਨ ਦੇਵ)। ਭਾਗ ਦਾ ਅਰਥ ਜ਼ਮੀਨ ਆਦਿ ਦਾ ਟੁਕੜਾ, ਖੰਡ, ਅੰਸ਼ ਵੀ ਹੈ।

ਭਾਗ ਸ਼ਬਦ ਤੋਂ ਹੀ ਵਿਗੜ ਕੇ ਮੁਲਤਾਨੀ ਦਾ ਸ਼ਬਦ ਬਣਿਆ 'ਭਾਅ'। ਮਾਲਕ ਅਤੇ ਮੁਜ਼ਾਰੇ ਵਿਚਕਾਰ 2/5 ਦੀ ਅਨੁਪਾਤ ਅਨੁਸਾਰ ਫਸਲ ਦੀ ਵੰਡ ਲਈ ਉਕਤੀ ਵਰਤੀ ਜਾਂਦੀ ਹੈ 'ਭਾਅ ਡੇਢ਼ ਭਾਅ' ਜਿਸ ਨੂੰ ਪੰਜਦੂ ਜਾਂ ਪੰਜ-ਦੁਪੰਜੀ ਵੀ ਕਿਹਾ ਜਾਂਦਾ ਹੈ। ਭਾਗ ਤੋਂ ਅੱਗੇ ਭਾਗਵਾਨ ਸ਼ਬਦ ਬਣਿਆ ਜਿਸ ਦਾ ਅਰਥ ਚੰਗੇ ਭਾਗਾਂ ਵਾਲਾ, ਖੁਸ਼ਨਸੀਬ, ਧਨਾਡ, ਅਮੀਰ ਹੁੰਦਾ ਹੈ।

ਭਗ ਸ਼ਬਦ ਪਿਛੇ ਕਾਰਜਸ਼ੀਲ ਹੈ, 'ਭਜ' ਧਾਤੂ ਜਿਸ ਵਿਚ ਵੰਡਣ, ਪ੍ਰਦਾਨ ਕਰਨ ਦੇ ਭਾਵ ਹਨ। ਦਰਅਸਲ ਭਜ ਧਾਤੂ ਤੋਂ ਭਜ ਸ਼ਬਦ ਵੀ ਬਣਿਆ ਹੈ ਜਿਸ ਦਾ ਅਰਥ ਦੇਣਾ, ਵੰਡਣਾ, ਬਖਸ਼ਣਾ, ਸੇਵਾ ਕਰਨਾ ਹੈ। ਇਥੋਂ ਹੀ ਇਸ ਸ਼ਬਦ ਦੇ ਇਸ਼ਟ ਨੂੰ ਧਿਆਉਣ, ਸਿਮਰਣ ਕਰਨ, ਉਸ ਦੀ ਉਸਤਤ ਕਰਨ ਜਾਂ ਗੁਣ ਗਾਉਣ ਦੇ ਅਰਥ ਸਹੀ ਹੁੰਦੇ ਹਨ, 'ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥' (ਗੁਰੂ ਅਰਜਨ ਦੇਵ)। ਭਜਨ ਸ਼ਬਦ ਦੇ ਆਮ ਅਰਥ ਪੂਜਣ, ਸੇਵਨ, ਨਾਮ ਜਪਣ ਹੀ ਹਨ, "ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ॥" (ਗੁਰੂ ਤੇਗ ਬਹਾਦਰ)। ਗੁਰਭਜਨ, ਹਰਭਜਨ ਦਾ ਅਰਥ ਹੈ, ਗੁਰੂ/ਹਰੀ ਦਾ ਗੁਣਗਾਇਨ। ਪਰ ਪਰਮਾਤਮਾ ਦੀ ਸਿਫਤ ਵਿਚ ਇਕ ਖਾਸ ਕਿਸਮ ਦੇ ਗੀਤ ਲਈ ਵੀ ਭਜਨ ਸ਼ਬਦ ਰੂੜ ਹੋ ਗਿਆ ਹੈ। ਅਸਲ ਵਿਚ ਕਿਸੇ ਇਸ਼ਟ ਦਾ ਵਾਰ ਵਾਰ ਨਾਮ ਲੈਣ ਵਿਚ ਵੀ ਉਸ ਨੂੰ ਵੰਡਣ ਦਾ ਭਾਵ ਹੈ, ਮਾਨੋ ਸਿਮਰਣ ਅਨੇਕਾਂ ਭਾਗਾਂ ਵਿਚ ਵੰਡੇ ਸ਼ਬਦਾਂ ਦਾ ਨਿਰੰਤਰ ਜਾਪ ਹੈ। ਇਸੇ ਧਾਤੂ ਤੋਂ ਬਰਤਨ, ਭਾਂਡਾ ਦੇ ਅਰਥਾਂ ਵਾਲਾ ਭਾਜਨ ਸ਼ਬਦ ਵਿਕਸਿਤ ਹੋਇਆ, "ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ।" (ਭਗਤ ਨਾਮਦੇਵ)। ਸਪੱਸ਼ਟ ਹੈ, ਇਥੇ ਭਾਜਨ ਤੋਂ ਭਾਂਡੇ ਦਾ ਭਾਵ ਇਸ ਰਾਹੀਂ ਪਰਸ਼ਾਦ ਆਦਿ ਵੰਡਣ, ਵਰਤਾਉਣ ਦੀ ਕਿਰਿਆ ਤੋਂ ਲਿਆ ਜਾਂਦਾ ਹੈ।

ਐਪਰ 'ਭਗ' ਸ਼ਬਦ ਦੇ ਕਈ ਅਰਥਾਂ ਵਿਚ ਜੋੜ ਬਿਠਾਉਣਾ ਜ਼ਰੂਰੀ ਹੈ। ਇਸ ਦੇ ਸੂਰਜ, ਸ਼ਿਵ, ਚੰਦਰਮਾ ਆਦਿ ਦੇਵਤੇ ਵਾਲੇ ਅਰਥ ਦੇਵਤੇ ਵਿਚ ਪ੍ਰਦਾਨ ਕਰਨ ਦੀ ਸ਼ਕਤੀ ਦੇ ਧਾਰਕ ਵਜੋਂ ਸਹੀ ਹੁੰਦੇ ਹਨ। ਸੂਰਜ ਤਾਂ ਧਰਤੀ ਨੂੰ ਸਾਰੀ ਸ਼ਕਤੀ ਪ੍ਰਦਾਨ ਕਰਦਾ ਹੈ। ਵੈਦਿਕ ਕਾਲ ਵਿਚ ਸੂਰਜ ਨੂੰ ਭਗ ਕਿਹਾ ਗਿਆ ਹੈ। ਜਿਸ ਵਿਅਕਤੀ 'ਤੇ ਦੇਵਤਾ ਨਿਹਾਲ ਹੋ ਕੇ ਸਭ ਕੁਝ ਪ੍ਰਦਾਨ ਕਰਦਾ ਹੈ, ਉਹ ਖੁਸ਼ਹਾਲ ਵੀ ਹੈ, ਜਸਵੰਤ ਵੀ ਹੈ, ਸੋਭਾ ਵਾਲਾ ਰੂਪਵੰਤ ਅਤੇ ਬਲਵਾਨ ਵੀ ਹੈ। ਭਗ ਦੇ ਯੋਨੀ ਵਾਲੇ ਅਰਥਾਂ ਦੀ ਵਿਆਖਿਆ ਵਿਚ ਕੁਝ ਔਖਿਆਈ ਹੈ। ਅਜਿਤ ਵਡਨੇਰਕਰ ਨੇ ਇਸ ਦੀ ਵਿਆਖਿਆ ਦੋ ਤਰ੍ਹਾਂ ਕੀਤੀ ਹੈ। ਸ੍ਰਿਸ਼ਟੀ ਦਾ ਜਨਮ ਇਕ ਵਿਸ਼ਾਲ ਪਿੰਡ ਤੋਂ ਮੰਨਿਆ ਜਾਂਦਾ ਰਿਹਾ ਹੈ। ਜਿਸ ਯੋਨੀ ਅਰਥਾਤ ਭਗ ਤੋਂ ਸ੍ਰਿਸ਼ਟੀ ਦਾ ਨਿਰਮਾਣ ਹੋਇਆ ਹੈ, ਉਸ ਨੂੰ ਧਾਰਨ ਕਰਨ ਵਾਲਾ ਭਗਵਾਨ ਹੈ।

ਬਿਗਬੈਂਗ ਦੇ ਸਿਧਾਂਤ ਅਨੁਸਾਰ ਮਹਾਂਵਿਸਫੋਟ ਪਿਛੋਂ ਪਿੰਡ ਅਨੰਤ ਪਿੰਡਾਂ ਵਿਚ ਵੰਡਿਆ ਗਿਆ ਤੇ ਫੈਲਦਾ ਗਿਆ। ਇਸ ਤਰ੍ਹਾਂ ਬ੍ਰਹਿਮੰਡ ਦੇ ਵੰਡ ਹੋਣ ਦੀ ਪ੍ਰਕਿਰਿਆ ਪਿਛੇ ਇਕ ਭਗ ਨੂੰ ਕਲਪਿਆ ਗਿਆ। ਇਸੇ ਤਰਜ਼ 'ਤੇ ਔਰਤ ਦੀ ਕੁੱਖ 'ਚ ਕੋਸ਼ਿਕਾਵਾਂ ਦੇ ਵਿਭਾਜਨ ਨਾਲ ਜੀਵਨ ਦੇ ਨਿਰਮਾਣ ਦੀ ਪ੍ਰਕਿਰਿਆ ਹੁੰਦੀ ਹੈ। ਮੈਨੂੰ ਇਹ ਵਿਆਖਿਆ ਬਹੁਤੀ ਖਿੱਚ ਕੇ ਕੀਤੀ ਲਗਦੀ ਹੈ। ਭਗ ਵਿਚ ਜੇ ਵੰਡਣ ਦੇ ਅਰਥ ਹਨ, ਤਾਂ ਕਿਉਂ ਨਾ ਇਸ ਨੂੰ ਦੋ ਹਿੱਸਿਆਂ 'ਚ ਵੰਡੀ ਹੋਈ ਭਾਵ ਇਕ ਪਾੜ ਵਜੋਂ ਸਮਝਿਆ ਜਾਵੇ? ਆਯੁਰਵੇਦ ਅਨੁਸਾਰ ਭਗ ਪੁਰਖ-ਇਸਤਰੀ ਦੇ ਗੁਪਤ ਅੰਗ ਤੋਂ ਲੈ ਕੇ ਗੁਦਾ ਤੱਕ ਦਾ ਹਿੱਸਾ ਹੈ। ਭਗੰਦਰ ਉਹ ਫੋੜਾ ਹੈ ਜੋ ਇਸ ਹਿੱਸੇ ਵਿਚ ਹੁੰਦਾ ਹੈ।

ਅਸੀਂ ਮੁੜ ਭਗਵਾਨ ਸ਼ਬਦ 'ਤੇ ਆਉਂਦੇ ਹਾਂ। ਇਹ ਸ਼ਬਦ ਉਤਰ-ਵੈਦਿਕ ਕਾਲ ਦੀ ਉਪਜ ਹੈ। ਇਸ ਕਾਲ ਵਿਚ ਭਗਵਾਨ ਦੀ ਪਦਵੀ ਧਰਤੀ 'ਤੇ ਵਿਚਰਦੇ ਉਨ੍ਹਾਂ ਵਿਅਕਤੀਆਂ ਜਾਂ ਨਾਇਕਾਂ ਨੂੰ ਦਿੱਤੀ ਗਈ, ਜਿਨ੍ਹਾਂ ਨੂੰ ਜੀਵਨ ਦੀਆਂ ਸੁੱਖ ਸਹੂਲਤਾਂ ਅਤੇ ਮੁੱਲਾਂ ਦਾ ਪ੍ਰਦਾਤਾ ਸਮਝਿਆ ਗਿਆ। ਮਨੁੱਖ ਮਾਤਰ ਨੂੰ ਇਨ੍ਹਾਂ ਦੀ ਸ਼ਰਨ ਵਿਚ ਆਉਣ ਦਾ ਉਪਦੇਸ਼ ਦਿੱਤਾ ਗਿਆ। ਇਹ ਵਿਅਕਤੀ ਇਕ ਤਰ੍ਹਾਂ ਨਿਜੀ ਰੱਬ ਵੀ ਹਨ, ਅਰਥਾਤ ਸ਼ਰਧਾ ਅਨੁਸਾਰ ਹਰ ਇਕ ਦੇ ਆਪੋ ਆਪਣੇ ਹੋ ਸਕਦੇ ਹਨ ਜਿਵੇਂ ਭਗਵਾਨ ਕ੍ਰਿਸ਼ਨ, ਭਗਵਾਨ ਮਹਾਂਵੀਰ, ਭਗਵਾਨ ਬੁਧ, ਭਗਵਾਨ ਰਜਨੀਸ਼। ਸਹਿਜੇ ਸਹਿਜੇ ਭਗਵਾਨ ਇਕ ਈਸ਼ਵਰਵਾਦੀ ਭਾਵ ਗ੍ਰਹਿਣ ਕਰਦਾ ਰੱਬ ਦਾ ਅਰਥਾਵਾਂ ਵੀ ਬਣ ਗਿਆ। ਭਗਵਾਨ ਲਈ ਭਗਵੰਤ ਸ਼ਬਦ ਵੀ ਚਲਦਾ ਹੈ, "ਭਗਵੰਤ ਕੀ ਟਹਲ ਕਰੈ ਨਿਤ ਨੀਤ॥" ਅਤੇ "ਊਚੇ ਤੇ ਊਚਾ ਭਗਵੰਤ" (ਗੁਰੂ ਅਰਜਨ ਦੇਵ) ਪਰ ਭਗਵੰਤ ਦਾ ਅਰਥ ਭਾਗਵਾਨ ਅਰਥਾਤ ਧਨਾਡ, ਅਮੀਰ ਵੀ ਹੈ, "ਇਹੁ ਧਨੁ ਸੰਚਹੁ ਹੋਵਹੁ ਭਗਵੰਤ" (ਗੁਰੂ ਅਰਜਨ ਦੇਵ)। ਪੰਜਾਬ ਦਾ ਅਜੋਕਾ ਭਗਵੰਤ ਤਾਂ ਭਗਵੰਤ ਮਾਨ ਜਾਪਦਾ ਹੈ! ਭਜ ਧਾਤੂ ਨਾਲ ਸਬੰਧਤ ਹੋਰ ਸ਼ਬਦਾਂ ਦੀ ਵਿਆਖਿਆ ਬਾਕੀ ਹੈ। ਹੇ ਭਗਵਾਨ ਕਿੰਨਾ ਔਖਾ ਵਿਸ਼ਾ ਹੈ ਇਹ।

# ਜੰਗਲਨਾਮਾ

*(ਪਿਛਲੇ ਸਫੇ ਦੀ ਬਾਕੀ)*

ਤਰ੍ਹਾਂ ਖੜ੍ਹਾ ਹੋ ਗਿਆ ਜਿਵੇਂ ਮੋਰਚਾ ਮੱਲੀਦਾ ਹੈ। ਗਸ਼ਤ ਕਰ ਰਹੀ ਟੁਕੜੀ ਖ਼ਬਰ ਲੈ ਕੇ ਆਈ ਸੀ ਕਿ ਪੁਲਿਸ ਦਲ ਥੋੜ੍ਹੇ ਹੀ ਫ਼ਾਸਲੇ ਉਤੇ ਜੰਗਲ ਵਿਚੋਂ ਗੁਜ਼ਰ ਰਿਹਾ ਹੈ। ਪੁਲਿਸ ਆਪਣੀ ਗਸ਼ਤ ਤੋਂ ਪਰਤ ਰਹੀ ਸੀ। ਉਸ ਨੇ ਉਹ ਰਸਤਾ ਨਹੀਂ ਲਿਆ ਜਿਸ ਨਾਲ ਦੋਵੇਂ ਧਿਰਾਂ ਆਹਮੋ-ਸਾਹਮਣੇ ਹੋ ਜਾਂਦੀਆਂ।

"ਜੇ ਸਾਨੂੰ ਪਹਿਲਾਂ ਖ਼ਬਰ ਹੋ ਗਈ ਹੁੰਦੀ।" ਸੋਮੰਨਾ ਹੌਲੀ ਜਿਹੀ ਬੋਲਿਆ।

"ਘਾਤ ਤਾਂ ਹੁਣ ਵੀ ਲੱਗ ਸਕਦੀ ਹੈ।" ਕਿਸੇ ਹੋਰ ਦੀ ਆਵਾਜ਼ ਆਈ।

"ਦੇਰ ਹੋ ਚੁੱਕੀ।" ਸੋਮੰਨਾ ਦਾ ਜਵਾਬ ਸੀ।

ਜਦ ਦੂਸਰੀਆਂ ਦੋ ਟੁਕੜੀਆਂ ਗਸ਼ਤ ਤੋਂ ਮੁੜੀਆਂ ਤਾਂ ਉਨ੍ਹਾਂ ਮੁਤਾਬਕ ਇਲਾਕੇ ਵਿਚ ਕੋਈ ਵੀ ਅਜੀਬ ਤਰ੍ਹਾਂ ਦੀ ਨਕਲੋ-ਹਰਕਤ ਮੌਜੂਦ ਨਹੀਂ ਸੀ। ਸੋਮੰਨਾ ਨੇ ਸਿੱਟਾ ਕੱਢਿਆ ਕਿ ਕੋਈ ਵੱਡਾ ਪੁਲਿਸ ਓਪਰੇਸ਼ਨ ਨਹੀਂ ਸੀ ਚੱਲ ਰਿਹਾ। ਪੁਲਿਸ ਨੇ ਦੋ ਸਾਲ ਦੇ ਅਰਸੇ ਬਾਅਦ ਇਸ ਇਲਾਕੇ ਵਿਚ ਇਸ ਤਰ੍ਹਾਂ ਦਾ ਚੱਕਰ ਲਗਾਇਆ ਸੀ ਜਿਸ ਦਾ ਮਤਲਬ ਸੀ ਕਿ ਉਹ ਫਿਰ ਅਜਿਹਾ ਕਰੇਗੀ। ਜੀਪਾਂ ਦੀ ਵਰਤੋਂ ਪੁਲਿਸ ਨੇ ਬੰਦ ਕਰ ਦਿਤੀ ਹੋਈ ਸੀ। ਕਦੇ ਕਦੇ ਉਹ ਭਾਰੀ ਨਫ਼ਰੀ ਨਾਲ ਇਕ ਪੁਲਿਸ ਸਟੇਸ਼ਨ ਤੋਂ ਦੂਸਰੇ ਤਕ ਮਾਰਚ ਕਰਦੀ ਸੀ, ਪਰ ਇਸ ਵਾਰ ਉਨ੍ਹਾਂ ਨੇ ਜੰਗਲ ਵਿਚ ਡੂੰਘੇ ਘੁਸ ਆਉਣ ਦਾ ਹੀਆ ਕੀਤਾ ਸੀ। ਸੋਮੰਨਾ ਨੇ ਇਸ ਨੂੰ ਆਉਣ ਵਾਲੇ ਦਿਨਾਂ ਦੇ ਸੰਕੇਤ ਵਜੋਂ ਲਿਆ।

"ਬੁਰੀ ਗੱਲ ਇਹ ਹੈ ਕਿ ਉਨ੍ਹਾਂ ਦੀ ਅਜਿਹਾ ਕਰਨ ਦੀ ਹਿੰਮਤ ਪਈ ਹੈ। ਚੰਗੀ ਇਹ ਹੈ ਕਿ ਉਹ ਹੋਰ ਵੀ ਡੂੰਘਾ ਘੁਸਣਗੇ ਤੇ ਮੌਕਾ ਦੇਣਗੇ।"

ਸੋਮੰਨਾ ਪੁਲਿਸ ਦਾ ਡੂੰਘੇ ਜੰਗਲ ਵਿਚ ਦਾਖ਼ਲਾ ਹੀ ਨਹੀਂ ਬੰਦ ਕਰਵਾਉਣਾ ਚਾਹੁੰਦਾ, ਸਗੋਂ ਠਾਣੇ ਤੋਂ ਠਾਣੇ ਤੱਕ ਦਾ ਮਾਰਚ ਵੀ ਰੋਕਣਾ ਚਾਹੁੰਦਾ ਹੈ। ਪੁਲਿਸ ਦੀ ਇਸ ਗਸ਼ਤ ਨੇ ਗੁਰੀਲਿਆਂ ਦੇ ਸੂਚਨਾ ਤਾਣੇ-ਬਾਣੇ ਵਿਚਲੀਆਂ ਤਰੁੱਟੀਆਂ ਪ੍ਰਤੀ ਉਂਗਲ ਉਠਾ ਦਿਤੀ ਸੀ।



*ਗੁਰੀਲਾ ਦਸਤਾ: ਸਾਹ ਲੈਣ ਦੀ ਵਾਰੀ...।*

ਉਸ ਦਿਨ ਜੰਗਲ ਵਿਚ ਅਸੀਂ ਕਿਤੇ ਵੀ ਜ਼ਿਆਦਾ ਸਮਾਂ ਨਹੀਂ ਟਿਕੇ। ਅਗਲੀ ਰਾਤ ਵੀ ਪਹਿਲੀ ਰਾਤ ਵਰਗੀ ਚੌਕਸੀ ਬਰਕਰਾਰ ਰਹੀ। ਤੀਸਰੇ ਦਿਨ ਅਗਲ-ਬਗਲ ਦੇ ਕਈ ਪਿੰਡਾਂ ਦੇ ਮਿਲੀਸ਼ੀਆ ਦਸਤਿਆਂ ਦੇ ਆਗੂਆਂ ਦੀ ਮੀਟਿੰਗ ਹੋਈ। ਸੋਮੰਨਾ ਚਿਹਰੇ ਉਤੇ ਤਸੱਲੀ ਦੇ ਭਾਵ ਲੈ ਕੇ ਉਸ ਮੀਟਿੰਗ 'ਚੋਂ ਬਾਹਰ ਆਇਆ। ਸ਼ਾਇਦ ਅਗਲੀ ਵਾਰ ਉਨ੍ਹਾਂ ਦਾ ਸੂਚਨਾ ਕੇਂਦਰ ਬਿਹਤਰ ਕਾਰਗੁਜ਼ਾਰੀ ਦਿਖਾਵੇ!

ਸੋਮੰਨਾ ਦਾ ਦਸਤਾ ਪਹਿਲਾਂ ਦੇ ਸਾਰੇ ਦਸਤਿਆਂ ਨਾਲੋਂ ਮੈਨੂੰ ਵੱਧ ਗਤੀਸ਼ੀਲ ਮਹਿਸੂਸ ਹੋਇਆ। ਉਸ ਦੀ ਇਕ ਵਿਸ਼ੇਸ਼ਤਾਈ ਇਹ ਸੀ ਕਿ ਹੋਰਨਾਂ ਵਾਂਗ ਭਾਵੇਂ ਉਹ ਜੰਗਲ ਵਿਚ ਹੀ ਟਿਕਦਾ ਸੀ, ਪਰ ਉਹ ਹਰ ਪਿੰਡ ਕੋਲ ਰੁਕਦਾ ਤੇ ਉਥੋਂ ਦਾ ਹਾਲ ਪਤਾ ਕਰਦਾ।

---

ਇਕ ਦਿਨ ਇਕ ਖੇਤੁਲ ਵਿਚ ਬੈਠਿਆਂ ਉਸ ਨੇ ਪੁੱਛਿਆ, "ਜੰਗਲ ਕਿਹੋ ਜਿਹਾ ਲੱਗਾ?"

"ਵਧੀਆ, ਸਗੋਂ ਬਹੁਤ ਹੀ ਖ਼ੂਬਸੂਰਤ!"

"ਤੇ ਲੋਕ?"

"ਜੰਗਲ ਤੋਂ ਵੀ ਚੰਗੇ।"

"ਤੇ ਅਸੀਂ?"

ਉਸ ਦੇ "ਅਸੀਂ" ਵਿਚ ਬਹੁਤ ਕੁਝ ਆ ਜਾਂਦਾ ਸੀ। ਅਕੀਦੇ, ਰਹਿਣ-ਸਹਿਣ, ਬੋਲ-ਚਾਲ, ਔਕੜਾਂ, ਖ਼ੁਸ਼ੀਆਂ ਅਤੇ ਹੋਰ ਕਿੰਨਾ ਕੁਝ। ਉਸ ਦੇ ਸਵਾਲ ਦਾ ਜਵਾਬ ਉਨਾ ਸੰਖੇਪ ਨਹੀਂ ਸੀ ਹੋ ਸਕਦਾ ਜਿੰਨਾ ਸਵਾਲ ਸੀ। ਮੈਂ ਉਸ ਨੂੰ ਆਪਣੀ ਹਰ ਉਸ ਜਿਗਿਆਸਾ ਤੇ ਘੋਖ ਬਾਰੇ ਦੱਸਿਆ ਜਿਹੜੀ ਮੈਂ ਕਰਨ ਵਾਸਤੇ ਨਿਕਲਿਆ ਸਾਂ। ਫਿਰ ਉਸ ਨੇ ਕਿਹਾ: "ਇਹ ਸਹੀ ਹੈ ਕਿ ਸਾਡੇ ਉਤੇ ਕੰਮਾਂ ਦਾ ਬਹੁਤ ਬੋਝ ਹੈ। ਸਾਨੂੰ ਹਾਲਾਤ ਦੀਆਂ ਸੀਮਾਵਾਂ ਵਿਚ ਹੀ ਸਾਰਾ ਕੁਝ ਕਰਨਾ ਪੈ ਰਿਹਾ ਹੈ। ਜਿਸ ਸੀਮਾ ਨੂੰ ਅਸੀਂ ਤੋੜ ਸਕਦੇ ਹਾਂ, ਤੋੜ ਦਿੰਦੇ ਹਾਂ। ਅਸਲੀ ਗੱਲ ਇਹ ਹੈ ਕਿ ਇਥੇ ਅਸੀਂ ਸੀਮਾਵਾਂ ਨਾਲ ਹੀ ਲੜਦੇ ਹਾਂ। ਸ਼ਾਇਦ ਹਰ ਥਾਂ ਜ਼ਿੰਦਗੀ ਅਜਿਹੀ ਹੀ ਹੈ। ਤੁਸੀਂ ਇਕ ਰੁਕਾਵਟ ਦੂਰ ਕਰਦੇ ਹੋ ਤਾਂ ਦੂਸਰੀ ਖੜ੍ਹੀ ਹੋ ਜਾਂਦੀ ਹੈ। ਇਨਸਾਨ ਨੂੰ ਬਹੁਤ ਸਾਰੀਆਂ ਨਾਜਾਇਜ਼ ਰੁਕਾਵਟਾਂ ਨੇ ਬੰਨ੍ਹ ਮਾਰਿਆ ਹੋਇਆ ਹੈ। ਇਨ੍ਹਾਂ ਨੇ ਜ਼ਿੰਦਗੀ ਰੋਕ ਦਿਤੀ ਹੈ। ਅਸੀਂ ਇਹ ਰੁਕਾਵਟਾਂ ਦੂਰ ਕਰ ਕੇ ਇਨਸਾਨੀ ਜ਼ਿੰਦਗੀ ਵਾਸਤੇ ਰਾਹ ਖੋਲ੍ਹ ਦੇਣਾ ਚਾਹੁੰਦੇ ਹਾਂ।"

"ਤੂੰ ਇਸ ਵਿਚ ਪੂਰਾ ਮਜ਼ਾ ਲੈਂਦਾ ਹੈਂ। ਸ਼ਾਇਦ ਇਸੇ ਲਈ ਜ਼ਿੰਦਾਦਿਲ ਹੈਂ।"

ਮੇਰੇ ਸ਼ਬਦਾਂ ਉਤੇ ਉਹ ਮੁਸਕਰਾ ਪਿਆ। ਉਸ ਦੇ ਸੁਭਾਅ ਵਿਚ ਰੁਕ ਜਾਣਾ ਸ਼ਾਮਲ ਨਹੀਂ ਸੀ। ਉਹ ਕਹਿੰਦਾ ਸੀ ਕਿ 'ਮੈਂ ਰੁਕਣਾ ਪਸੰਦ ਨਹੀਂ ਕਰਦਾ, ਮੈਂ ਰੁਕ ਨਹੀਂ ਸਕਦਾ।' ਰੁਕਾਵਟਾਂ ਉਸ ਨੂੰ ਪ੍ਰੇਸ਼ਾਨ ਨਹੀਂ ਸਨ ਕਰਦੀਆਂ।

"ਪਰ ਬਸਤਰ ਦੀਆਂ ਨਦੀਆਂ ਵਾਂਗ ਹੀ ਤੁਹਾਡੀ ਗਤੀ ਵੀ ਮਸਤ ਹੈ। ਠਾਠਾਂ ਮਾਰਦੇ ਦਰਿਆਵਾਂ ਵਾਂਗ ਨਹੀਂ ਹੈ।" ਮੈਂ ਉਸ ਨੂੰ ਕਿਹਾ।

"ਧੀਮੀ ਹੈ, ਕਿਉਂਕਿ ਅਸੀਂ ਬਹੁਤ ਪੁਰਾਣੇ ਯੁੱਗ ਤੋਂ ਚੀਜ਼ਾਂ ਨੂੰ ਉਠਾ ਰਹੇ ਹਾਂ। ਇਥੋਂ ਦੀ ਗਤੀ 'ਚੋਂ ਹੀ ਨਵੀਂ ਗਤੀ ਨੇ ਵਿਕਸਤ ਹੋਣੈਂ। ਅਸੀਂ ਕਾਹਲੀ ਨਹੀਂ ਕਰ ਸਕਦੇ। ਕੁਝ ਲੋਕ ਇਹ ਵੀ ਕਹਿੰਦੇ ਹਨ ਕਿ ਇਥੋਂ ਦੇ ਬਾਸ਼ਿੰਦਿਆਂ ਨੂੰ ਛੇੜਿਆ ਨਾ ਜਾਵੇ ਅਤੇ ਉਸੇ ਤਰ੍ਹਾਂ ਰਹਿਣ ਦਿਤਾ ਜਾਵੇ ਜਿਵੇਂ ਦੇ ਉਹ ਹਨ। ਉਹ ਉਨ੍ਹਾਂ ਨੂੰ ਮਿਊਜ਼ੀਅਮ ਵਿਚ ਢਾਲ ਦੇਣਾ ਚਾਹੁੰਦੇ ਹਨ। ਉਹ ਕਹਿੰਦੇ ਹਨ ਕਿ ਇਨ੍ਹਾਂ ਨੂੰ ਆਪਣੇ ਆਪ ਜੀਣ ਦਿਓ ਤੇ ਵਿਕਸਤ ਹੋਣ ਦਿਓ। ਕੀ ਸਰਮਾਏ ਦਾ ਹਮਲਾ ਇਥੋਂ ਦੇ ਵਿਕਾਸ ਨੂੰ ਕੁਦਰਤੀ ਰੂਪ ਵਿਚ ਚੱਲਣ ਦੇਵੇਗਾ? ਕਤੱਈ ਨਹੀਂ। ਨਾ ਰਾਇਪੁਰ ਇਸ ਦੀ ਇਜਾਜ਼ਤ ਦੇਵੇਗਾ, ਨਾ ਭੁਵਨੇਸ਼ਵਰ, ਨਾ ਰਾਂਚੀ, ਨਾ ਭੂਪਾਲ ਤੇ ਨਾ ਹੀ ਦਿੱਲੀ। ਇਨ੍ਹਾਂ ਨੂੰ ਪਹਿਲਾਂ ਵੀ ਇਸੇ ਤਰ੍ਹਾਂ ਕਿਸ ਨੇ ਰਹਿਣ ਦਿਤਾ ਹੈ? ਬੈਲਾਡਿੱਲਾ ਨੇ ਕਿ ਟਾਟਾਨਗਰ ਨੇ? ਤੇ ਰਹਿਣ ਵੀ ਕੌਣ ਦੇਵੇਗਾ? ਸਰਦਾਰ ਸਰੋਵਰ ਪ੍ਰਾਜੈਕਟ ਕਿ ਸੰਸਾਰ ਬੈਂਕ, ਕਿ ਵਿਸ਼ਵੀਕਰਨ? ਨਾ ਪਹਿਲਾਂ ਅਜਿਹਾ ਸੀ, ਨਾ ਹੁਣ ਹੋਵੇਗਾ। ਅਸੀਂ ਵਿਕਾਸ ਲਈ ਨਵਾਂ ਰਾਹ ਖੋਲ੍ਹਣਾ ਚਾਹੁੰਦੇ ਹਾਂ, ਜੋ ਬਰਬਾਦ ਨਾ ਕਰੇ ਸਗੋਂ ਸਿਰਜਣਾ ਕਰੇ। ਜਿਸ ਵਿਚ ਲੁੱਟ-ਖਸੁੱਟ ਨਾ ਹੋਵੇ। ਇਸੇ ਲਈ ਸਾਨੂੰ ਦਿੱਲੀ ਉਤੇ ਕਦਮ ਰੱਖਣ ਦੀ ਜ਼ਰੂਰਤ ਹੈ।"


"ਸੋ, ਬੰਦੂਕ ਤੋਂ ਬਿਨਾ ਕੋਈ ਹੱਲ ਨਹੀਂ?"

"ਹੋ ਸਕਦਾ ਹੁੰਦਾ ਤਾਂ ਇਸ ਨੂੰ ਚੁੱਕਣ ਦੀ ਜ਼ਰੂਰਤ ਹੀ ਨਾ ਪੈਂਦੀ।"

*(ਚਲਦਾ)*

# ਇਸਤਰੀ ਦੀ ਆਜ਼ਾਦੀ ਤੇ ਚਿਤਰਕਾਰ ਦੀ ਤੂਲਿਕਾ

*ਦਿੱਲੀ ਵੱਸਦੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਨੇ ਸਾਧਾਰਨ ਕਿਸਾਨ ਪਰਿਵਾਰ ਵਿਚ ਪੈਦਾ ਹੋਏ ਚਿਤਰਕਾਰ ਦਰਸ਼ਨ ਸਿੰਘ ਵੱਲੋਂ ਇਸਤਰੀ ਦੀ ਆਜ਼ਾਦੀ ਬਾਰੇ ਬਣਾਏ ਚਿਤਰ ਨੂੰ ਆਪਣੇ ਇਸ ਲੇਖ 'ਇਸਤਰੀ ਦੀ ਆਜ਼ਾਦੀ ਤੇ ਚਿਤਰਕਾਰ ਦੀ ਤੂਲਿਕਾ' ਦਾ ਵਿਸ਼ਾ ਬਣਾਇਆ ਹੈ। ਸਿੱਟੇ ਵਜੋਂ ਬਹੁਤ ਸਾਧਾਰਨ ਦਿਸਦੇ ਚਿਤਰ ਦੀਆਂ ਪਰਤਾਂ ਇਕ-ਇਕ ਕਰ ਕੇ ਉਵੇਂ ਹੀ ਖੁੱਲ੍ਹਣ ਲਗਦੀਆਂ ਹਨ, ਜਿਵੇਂ ਲਿਖਾਰੀ ਆਪਣੀਆਂ ਹੋਰ ਰਚਨਾਵਾਂ ਵਿਚ ਅਕਸਰ ਖੋਲ੍ਹਦਾ ਹੈ। ਜਿੰਨੇ ਸਹਿਜ ਨਾਲ ਚਿਤਰਕਾਰ ਨੇ ਆਪਣੀ ਗੱਲ ਆਪਣੇ ਚਿਤਰ ਵਿਚ ਉਤਾਰੀ ਹੈ, ਉਨੇ ਹੀ ਸਹਿਜ ਨਾਲ ਲੇਖਕ ਨੇ ਚਿਤਰ ਬਾਬਤ ਆਪਣੇ ਵਿਚਾਰ ਸਾਂਝੇ ਕਰ ਲਏ ਹਨ। ਬੁਰਸ਼ ਅਤੇ ਕਲਮ ਦੀ ਇਹ ਜੁਗਲਬੰਦੀ ਪੂਰੇ ਨਖਰੇ ਨਾਲ ਨਿੱਖਰ ਕੇ ਸਾਹਮਣੇ ਆਈ ਹੈ। -ਸੰਪਾਦਕ*




**ਗੁਰਬਚਨ ਸਿੰਘ ਭੁੱਲਰ**
ਫੋਨ: 011-42502364

ਜ਼ਿਲਾ ਸੰਗਰੂਰ ਦੇ ਪਿੰਡ ਟਿੱਬਾ ਦੇ ਸਾਧਾਰਨ ਕਿਸਾਨ ਪਰਿਵਾਰ ਵਿਚ ਪੈਦਾ ਹੋਏ ਦਰਸ਼ਨ ਨੂੰ ਕਲਾ ਕੁਦਰਤੀ ਦਾਤ ਵਜੋਂ ਮਿਲੀ। ਬਚਪਨ ਵਿਚ ਹੀ ਉਹ ਗਿੱਲੀ ਮਿੱਟੀ ਦੇ ਬਲ੍ਹਦ-ਬੋਤੇ ਬਣਾਉਣ ਲੱਗ ਪਿਆ ਸੀ। ਟਿੱਬਿਆਂ ਦੇ ਕੱਕੇ ਰੇਤੇ ਉਤੇ ਉਂਗਲਾਂ ਨਾਲ ਮੂਰਤਾਂ ਵਾਹੁਣ ਦਾ ਉਹਦਾ ਸ਼ੌਕ ਜਦੋਂ ਸਕੂਲ ਦੀਆਂ ਕਾਪੀਆਂ ਦੇ ਪੰਨਿਆਂ ਉਤੇ ਪੈਨਸਿਲ ਰਾਹੀਂ ਉਤਰਨ ਲਗਿਆ ਤਾਂ ਡਰਾਇੰਗ ਮਾਸਟਰ ਮਹਿੰਦਰ ਸਿੰਘ ਦੀ ਪਾਰਖੂ ਅੱਖ ਨੇ ਉਹਦੀ ਭਵਿੱਖੀ ਪ੍ਰਤਿਭਾ ਨੂੰ ਪਛਾਣ ਲਿਆ। ਉਹਦੀ ਹੱਲਾਸ਼ੇਰੀ ਨਾਲ ਕਲਾ ਦੇ ਰਾਹ ਤੁਰਿਆ ਦਰਸ਼ਨ ਆਖਰ ਨਾਭੇ ਤੋਂ ਆਰਟ ਐਂਡ ਕਰਾਫਟ ਟੀਚਰ ਵਜੋਂ ਟਰੇਨਿੰਗ ਲੈ ਕੇ ਚਿਤਰਕਲਾ ਤੇ ਮੂਰਤੀਕਾਰੀ ਦਾ ਸਾਧਕ ਬਣ ਗਿਆ। ਇਹਦੇ ਨਾਲ ਹੀ ਉਹ ਸਾਹਿਤ ਦਾ ਰਸੀਆ ਪਾਠਕ ਤਾਂ ਹੈ ਹੀ, ਕਦੀ ਕਦੀ ਸਾਹਿਤ ਰਚਨ ਵਾਸਤੇ ਕਲਮਕਾਰ ਦਾ ਰੂਪ ਵੀ ਧਾਰ ਲੈਂਦਾ ਹੈ। ਆਯੂ ਦੇ ਸੱਤਵੇਂ ਦਹਾਕੇ ਵਿਚ ਦਾਖ਼ਲ ਹੋ ਚੁੱਕਿਆ ਦਰਸ਼ਨ ਸਿੰਘ ਹੁਣ ਬਰਨਾਲੇ ਦਾ ਵਾਸੀ ਹੈ। ਉਹਨੇ ਸਾਧਾਰਨ ਮਨੁੱਖ ਦੇ, ਖਾਸ ਕਰ ਕੇ ਇਸਤਰੀ ਦੇ ਮੁਸ਼ੱਕਤੀ ਜੀਵਨ ਨੂੰ ਆਪਣੀਆਂ ਬਹੁਤੀਆਂ ਕਿਰਤਾਂ ਦਾ ਵਿਸ਼ਾ ਬਣਾਇਆ ਹੈ। ਇਸ ਪਿੱਛੇ ਭਾਵਨਾ ਤੇ ਪ੍ਰੇਰਨਾ ਬਚਪਨ ਤੋਂ ਥੁੜਾਂ ਤੇ ਤੰਗੀਆਂ-ਤੁਰਸ਼ੀਆਂ ਨਾਲ ਘੁਲਦਿਆਂ ਉਸ ਸਮਾਜਕ ਆਲੇ-ਦੁਆਲੇ ਵਿਚ ਅੱਗੇ ਵਧਿਆ ਉਹਦਾ ਆਪਣਾ ਜੀਵਨ ਹੈ ਜਿਸ ਵਿਚ ਪੁਰਸ਼ ਦੇ ਮੁਕਾਬਲੇ ਇਸਤਰੀ ਬਹੁਤ ਵੱਧ ਕੁਝ ਸਹਿੰਦੀ-ਭੋਗਦੀ ਹੈ। ਉਹ ਸੱਚੀ ਤੇ ਖਰੀ ਕਲਾ ਉਸੇ ਨੂੰ ਮੰਨਦਾ ਹੈ ਜੋ ਸਾਧਾਰਨ ਮਨੁੱਖ ਦੇ ਜੀਵਨ ਦਾ ਅਕਸ ਹੋਵੇ ਅਤੇ ਨਰੋਈਆਂ ਮਨੁੱਖੀ ਤੇ ਸਮਾਜਕ ਕਦਰਾਂ-ਕੀਮਤਾਂ ਦੀ ਪ੍ਰੇਰਕ ਬਣੇ।

ਮਨੁੱਖ ਜਾਤੀ ਨੂੰ ਹਨੇਰੇ ਤੋਂ ਚਾਨਣ ਤੱਕ ਪੁੱਜਣ ਲਈ ਬੜਾ ਲੰਮਾ ਪੰਧ ਤੈਅ ਕਰਨਾ ਪਿਆ ਹੈ। ਆਪਣੇ ਆਰੰਭਕ ਕਾਲ ਵਿਚ, ਕੀ ਪੁਰਸ਼ ਤੇ ਕੀ ਇਸਤਰੀ, ਸਮੁੱਚੀ ਮਾਨਵ ਜਾਤੀ ਹੀ ਕੁਦਰਤੀ ਸ਼ਕਤੀਆਂ ਸਾਹਮਣੇ ਬੇਵਸੀ ਤੇ ਅਧੀਨਗੀ ਦਾ ਜੰਗਲੀ ਜੀਵਨ ਬਤੀਤ ਕਰਦੀ ਸੀ। ਕੁਝ ਸੋਝੀ ਆਉਣ ਨਾਲ ਜਦੋਂ ਮਨੁੱਖ ਹੌਲੀ ਹੌਲੀ ਕੁਝ ਪੱਖਾਂ ਤੋਂ ਕੁਦਰਤ ਉਤੇ ਭਾਰੂ ਹੋਣ ਲੱਗ ਪਿਆ, ਪੁਰਸ਼ ਨੇ ਆਪਣੇ ਬਾਹੂਬਲ ਅਤੇ ਇਸਤਰੀ ਦੇ ਮਾਂ-ਰੂਪੀ ਫ਼ਰਜ਼ਾਂ ਤੇ ਰੁਝੇਵਿਆਂ ਦਾ ਲਾਹਾ ਲੈ ਕੇ ਉਹਨੂੰ ਅਧੀਨਗੀ ਵੱਲ ਧੱਕਣਾ ਸ਼ੁਰੂ ਕਰ ਦਿੱਤਾ। ਇਸ ਕਰ ਕੇ ਜਿਥੇ ਪੁਰਸ਼ ਨੂੰ ਕੇਵਲ ਕੁਦਰਤ ਨਾਲ ਹੀ ਲੜਨਾ ਪਿਆ, ਇਸਤਰੀ ਨੂੰ ਇਸ ਲੜਾਈ ਦੇ ਸਮਾਨੰਤਰ ਪੁਰਸ਼ ਤੋਂ ਆਪਣੇ ਅਧਿਕਾਰ ਖੋਹਣ ਦੀ ਲੰਮੀ ਲੜਾਈ ਵੀ ਲੜਨੀ ਪਈ ਜੋ ਅੱਜ ਤੱਕ ਵੀ ਅਧੂਰੀ ਹੋਣ ਕਰ ਕੇ ਜਾਰੀ ਹੈ। ਆਪਣੇ ਸਥਾਨ ਅਤੇ ਅਧਿਕਾਰ ਦੀ ਲੜਾਈ ਦੇ ਲੰਮੇ ਇਤਿਹਾਸ ਵਿਚ ਇਸਤਰੀ ਨੇ ਅਨੇਕ ਮੋਰਚੇ ਫ਼ਤਿਹ ਕੀਤੇ ਹਨ। ਪੁਰਸ਼ ਨਾਲ ਪੂਰੀ ਸਮਾਜਕ-ਆਰਥਕ ਬਰਾਬਰੀ ਭਾਵੇਂ ਅਜੇ ਵੀ ਦੂਰ ਦਾ ਸੁਫ਼ਨਾ ਲਗਦੀ ਹੈ, ਤਾਂ ਵੀ ਇਸਤਰੀ ਦੀ ਸਫਲਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਦਰਸ਼ਨ ਸਿੰਘ ਟਿੱਬਾ ਦਾ ਇਥੇ ਪੇਸ਼ ਸੱਜਰਾ, 2015 ਦਾ ਸਿਰਜਿਆ ਚਿੱਤਰ ਇਸੇ ਸਫਲਤਾ ਦੀ ਹੀ ਬਾਤ ਪਾਉਂਦਾ ਹੈ। ਉਹਨੇ ਡੂੰਘੇ ਹਨੇਰੇ ਅਤੀਤ ਤੋਂ ਜਾਗਰਿਤ ਵਰਤਮਾਨ ਤੱਕ ਦੀ ਇਸ ਸੰਗਰਾਮੀ ਯਾਤਰਾ ਦੇ ਸੱਤ ਪੜਾਅ ਦਿਖਾਏ ਹਨ ਅਤੇ ਹਰ ਪੜਾਅ ਨੂੰ ਇਸਤਰੀ ਦੀ ਉਸ ਸਮੇਂ ਦੀ ਹਾਲਤ ਰਾਹੀਂ ਪੇਸ਼ ਕੀਤਾ ਹੈ।

ਸੁਭਾਵਿਕ ਸੀ ਕਿ ਪਹਿਲੇ ਪੜਾਅ ਨੂੰ ਵਿਸਤਾਰ ਵਿਚ ਚਿਤਰਿਆ ਜਾਂਦਾ। ਇਥੇ ਨਿੰਮੋਝੂਣ ਇਸਤਰੀ ਗੋਡਿਆਂ ਵਿਚ ਸਿਰ ਦੇ ਕੇ ਸੁੰਗੜੀ ਬੈਠੀ ਹੈ। ਦਰਸ਼ਕ ਵੱਲ, ਖੁੱਲ੍ਹੀ-ਡੁੱਲ੍ਹੀ ਉਤਸਾਹੀ ਜ਼ਿੰਦਗੀ ਵੱਲ ਉਹਦੀ ਪਿੱਠ ਹੈ। ਸਾਹਮਣੇ ਨਿਪੱਤਰਾ ਬਿਰਛ ਹੈ ਜੋ ਇਸਤਰੀ ਦੀ ਖ਼ੁਸ਼ੀਓਂ ਵਿਰਵੀ ਨਿਹਫਲ ਜ਼ਿੰਦਗੀ ਨੂੰ ਪੇਸ਼ ਕਰਦਾ ਹੈ। ਬਿਰਛ ਦੇ ਪੋਰੇ ਦੇ ਅੱਧ ਵਿਚ, ਪਹਿਲਾਂ ਕਦੀ ਡਾਹਣੀ ਦੇ ਟੁੱਟਣ ਨਾਲ ਬਣੀ ਹੋਈ, ਅੰਨ੍ਹੀ ਅੱਖ ਹੈ ਜੋ ਸਮਾਜ ਦੀ ਦ੍ਰਿਸ਼ਟੀਹੀਣਤਾ ਦੀ ਲਖਾਇਕ ਹੈ। ਖੱਬੇ ਹੱਥ ਬਿਰਛ ਦੀ ਟੁੱਟੀ ਹੋਈ ਨਿਪੱਤਰੀ ਡਾਹਣੀ ਪਈ ਹੈ ਜੋ ਮਾਹੌਲ ਦੀ ਨੀਰਸਤਾ ਤੇ ਬੰਜਰਤਾ ਵਿਚ ਵਾਧਾ ਕਰਦੀ ਹੈ। ਕੋਲ ਮਰਦਾਵੇਂ ਜੁੱਤੇ ਦੇ ਦੋਵੇਂ ਪੈਰ ਅੱਗੜ-ਪਿੱਛੜ ਪਏ ਹਨ। ਜੁੱਤਾ ਸ਼ੁਰੂ ਤੋਂ ਹੀ ਪੁਰਸ਼ ਦੀ ਨਜ਼ਰ ਵਿਚ ਬਣੀ ਹੋਈ ਪੈਰ ਦੀ ਜੁੱਤੀ ਵਾਲੀ ਇਸਤਰੀ ਦੀ ਹੈਸੀਅਤ ਦਾ ਪ੍ਰਤੀਕ ਹੈ ਤੇ ਜਦੋਂ ਵੀ ਪੁਰਸ਼ ਦੇ ਮਨ ਦੀ ਮੌਜ ਹੋਵੇ, ਉਹਨੂੰ ਦੁਸ਼ਾਂਦਾ ਦੇਣ ਲਈ ਸੌਖਾ ਸ਼ਸਤਰ ਵੀ ਬਣਦਾ ਰਿਹਾ ਹੈ। ਜੁੱਤੇ ਦੇ ਦੋਵਾਂ ਪੈਰਾਂ ਵਿਚਕਾਰ ਪੁਲਾਂਘ ਜਿੰਨੀ ਵਿੱਥ ਹੈ। ਉਨ੍ਹਾਂ ਦਾ ਰੁਖ਼ ਇਸਤਰੀ-ਯਾਤਰਾ ਦੇ ਸਮਾਨੰਤਰ ਹੈ। ਇਉਂ ਲਗਦਾ ਹੈ ਜਿਵੇਂ ਉਹ ਪੁਰਸ਼ ਦੇ ਅਦਿਸ ਪੈਰਾਂ ਨੇ ਪਾਏ ਹੋਏ ਹੋਣ ਜਿਸ ਨੇ ਇਸਤਰੀ ਦੇ ਨਾਲ ਨਾਲ ਚੱਲਣ ਦੀ ਧਾਰੀ ਹੋਈ ਹੋਵੇ, ਪਰ ਸੰਘਰਸ਼ੀ ਇਸਤਰੀ ਅੱਗੇ ਨਿਕਲ ਜਾਂਦੀ ਹੈ, ਜੁੱਤੇ ਮਾਤ ਖਾ ਕੇ ਥਾਂ ਦੀ ਥਾਂ ਰਹਿ ਜਾਂਦੇ ਹਨ। ਉਹਦੇ ਪੈਰੀਂ, ਗੁਲਾਮੀ ਦਾ ਚਿੰਨ੍ਹ, ਮੋਟਾ-ਲੰਮਾ ਸੰਗਲ ਹੈ। ਉਹ ਵੀ ਉਹਦਾ ਸਾਥ ਛੱਡਣ ਵਾਲਾ ਨਹੀਂ ਲਗਦਾ। ਉਹ ਵੀ ਉਸੇ ਸੇਧ ਵਿਚ ਦੂਰ ਤੱਕ ਵਧਿਆ-ਵਿਛਿਆ ਹੋਇਆ ਹੈ, ਪਰ ਆਖਰ ਇਸਤਰੀ ਦੀ ਛੂਹਲੀ ਤੋਰ ਤੋਂ ਪਛੜ ਕੇ ਉਸ ਨਾਲੋਂ ਵਿੱਥ ਪਾਉਂਦਾ ਤੇ ਦੂਰ ਹੁੰਦਾ ਔਝਲ ਵਿਚ ਮੁੱਕ ਜਾਂਦਾ ਹੈ।

ਬਿਰਛ ਹੇਠ ਕੁੰਡਲੀਆ ਸੱਪ ਇਸਤਰੀ ਵੱਲ ਫਨ ਚੁੱਕ ਕੇ ਫੁੰਕਾਰੇ ਮਾਰ ਰਿਹਾ ਹੈ। ਫੁੰਕਾਰਦੇ ਫਨ ਵਾਲਾ ਸੱਪ ਗੁੱਟ ਤੋਂ ਕੁਝ ਉਤਾਂਹ ਤੱਕ ਦਿਸਦੇ ਡਾਂਗ ਵਾਲੇ ਖੱਬੇ ਹੱਥ ਦੇ ਰੂਪ ਵਿਚ ਹਾਜ਼ਰ ਅਦਿਸਦੇ ਪੁਰਸ਼ ਨਾਲ ਪੂਰੀ ਤਰ੍ਹਾਂ ਮੇਲ ਖਾਂਦਾ ਹੈ; ਸਗੋਂ ਸੱਪ ਤੇ ਪੁਰਸ਼ ਇਸਤਰੀ ਵੱਲ ਰਵੱਈਏ ਦੇ ਪੱਖੋਂ ਇਕ ਦੂਜੇ ਦੇ ਪੂਰਕ ਤੇ ਅਰਥਾਵੇ ਹਨ। ਚਿਤਰਕਾਰ ਦਾ ਪੁਰਸ਼ ਦੀ ਇਸ ਤੋਂ ਵਧੀਕ ਕਾਇਆ ਨੂੰ ਚਿਤਰਨ ਦੇ ਮੋਹ ਵਿਚ ਨਾ ਪੈਣਾ ਡੂੰਘੀ ਰਮਜ਼ ਦਿੰਦਾ ਹੈ। ਚਿਤਰ ਦੇ ਚੌਖਟੇ ਤੋਂ ਬਾਹਰ ਰੱਖੇ ਗਏ ਪੁਰਸ਼ ਦਾ ਸਰੂਪ ਕੋਈ ਅਰਥ ਤੇ ਅਹਿਮੀਅਤ ਨਹੀਂ ਰਖਦਾ। ਉਹ ਕੋਈ ਵੀ ਹੋਵੇ, ਕਿਹੋ ਜਿਹਾ ਵੀ ਹੋਵੇ, ਇਸਤਰੀ ਜਾਤ ਲਈ ਉਹਦੀ ਪੁਰਸ਼ੀ ਹਉਂ ਤੇ ਹੈਂਕੜ ਹੱਥ ਵਿਚ ਫੜੀ ਹੋਈ ਮੋਟੀ ਡਾਂਗ ਦਾ ਰੂਪ ਧਾਰ ਕੇ ਹੀ ਪ੍ਰਗਟ ਹੁੰਦੀ ਹੈ। ਚਿਤਰ ਵਿਚ ਉਹਦੀ ਏਨੀ, ਟੋਟਾ ਹੋਂਦ ਹੀ ਪੂਰੀ ਇਸਤਰੀ ਦੇ ਮੁਕਾਬਲੇ ਭਾਰੂ ਅਤੇ ਕਾਬਜ਼ ਹੈ। ਇਹ ਚਿਤਰਕਾਰ ਦੀ ਕਲਾ ਦਾ ਕਮਾਲ ਹੀ ਹੈ ਕਿ ਕੂਹਣੀ ਤੇ ਗੁੱਟ ਦੇ ਵਿਚਕਾਰ ਤੱਕ ਦਿਸਦੀ ਡਾਂਗ ਵਾਲੀ ਬਾਂਹ ਰਾਹੀਂ ਉਹਨੇ ਉਹ ਸਭ ਕੁਝ ਕਹਿ ਤੇ ਦਰਸਾ ਦਿੱਤਾ ਹੈ ਜੋ ਕਿਹਾ-ਦਰਸਾਇਆ ਜਾਣਾ ਚਾਹੀਦਾ ਸੀ। ਕੁੜਤੇ ਦੀ ਬਾਂਹ ਦਾ ਜੋ ਥੋੜ੍ਹਾ ਜਿਹਾ ਅਗਲਾ ਗੋਲ ਸਿਰਾ ਦਿਸਦਾ ਹੈ, ਉਹਦੇ ਕੱਪੜੇ ਦੀ ਬਣਤ-ਬੁਣਤ ਤੇ ਸਿਲਾਈ ਤੋਂ ਪੁਰਾਤਨਤਾ ਦੀ ਦੱਸ ਪੈਂਦੀ ਹੈ। ਕੁੜਤੇ ਦੀ ਬਾਂਹ ਤੋਂ ਦੋ ਕੁ ਉਂਗਲਾਂ ਪਿੱਛੇ ਤੱਕ ਕੋਟ ਦੀ ਬਾਂਹ ਦਾ ਅਜਿਹਾ ਹੀ ਪੁਰਾਤਨੀ ਖੁਰਦਰਾ ਸਿਰਾ ਦਿਖਾਈ ਦਿੰਦਾ ਹੈ। ਇਹ ਕੋਟ ਸੱਤਾ, ਅਧਿਕਾਰ, ਦਬਦਬੇ ਤੇ ਦਾਬੇ ਦਾ ਚਿੰਨ੍ਹ ਹੈ, ਕਿਉਂਕਿ ਉਸ ਜ਼ਮਾਨੇ ਵਿਚ ਸਾਧਾਰਨ ਜਨਮਾਨਸ ਲਈ ਅਜਿਹਾ ਬਾਣਾ ਪਹੁੰਚ ਵਿਚ ਨਾ ਹੋਣ ਤੋਂ ਇਲਾਵਾ ਸਮਾਜਿਕ ਦਰਜੇਬੰਦੀ ਦੇ ਪੱਖੋਂ ਪਹਿਨਣਾ ਵੀ ਸੰਭਵ ਨਹੀਂ ਸੀ ਸਗੋਂ ਵਰਜਿਤ ਸੀ। ਗਿੱਠ ਕੁ ਬਾਂਹ ਤੋਂ ਬਿਨਾ ਚਿਤਰ ਵਿਚੋਂ ਪੁਰਸ਼ ਦੀ ਗ਼ੈਰਹਾਜ਼ਰੀ ਇਸ ਦਸਦੀ ਹੈ ਕਿ ਪੁਰਸ਼ ਗ਼ੈਰ-ਹਾਜ਼ਰ ਵੀ ਹੋਵੇ, ਇਸਤਰੀ ਉਤੇ ਉਹਦਾ ਦਾਬਾ ਹਾਜ਼ਰ ਰਹਿੰਦਾ ਹੈ।



*ਚਿਤਰ ਦੇ ਖੱਬੇ ਹੇਠਲੇ ਕੋਨੇ ਤੋਂ ਸੱਜੇ ਉਪਰਲੇ ਕੋਨੇ ਵੱਲ, ਕੇਂਦਰੀ ਸਥਾਨ ਗੁਲਾਮੀ ਤੋਂ ਆਜ਼ਾਦੀ ਵੱਲ ਇਸਤਰੀ ਦੀ ਯਾਤਰਾ ਨੇ ਮੱਲਿਆ ਹੋਇਆ ਹੈ। ਪਹਿਲੀ ਇਸਤਰੀ ਦੇ ਹਨੇਰੇ ਪਿਛਵਾੜੇ ਤੋਂ ਅੱਗੇ ਦੂਜੀ ਇਸਤਰੀ ਦੇ ਪਿਛਵਾੜੇ ਵਿਚ ਫੁੱਟਿਆ ਚਾਨਣ ਵਧਦਾ-ਵਧਦਾ ਅਜੋਕੀ ਇਸਤਰੀ ਦੇ ਪਿਛਵਾੜੇ ਤੱਕ ਪਹੁੰਚ ਕੇ ਚਾਨਣ ਬਣ ਜਾਂਦਾ ਹੈ। ਅੰਦਰਲਾ ਤੇ ਬਾਹਰਲਾ ਚਾਨਣ ਘੁਲਮਿਲ ਕੇ ਇਕ ਹੋ ਜਾਂਦੇ ਹਨ। ਸੱਜੀ ਹੇਠਲੀ ਥਾਂ ਜੰਗਲ-ਪਰਬਤ ਨੇ ਰੋਕੀ ਹੋਈ ਹੈ। ਉਪਰ ਪਿਛਵਾੜੇ ਵਿਚ ਖੱਬਿਉਂ ਸ਼ੁਰੂ ਹੁੰਦੇ ਅੰਬਰ ਉਤੇ, ਨਿਪੱਤਰੇ ਬਿਰਛ ਦੇ ਪਿੱਛੇ, ਧੁੰਦਲਾ ਹਨੇਰਾ ਹੈ। ਸੱਜੇ ਵੱਲ ਬੱਦਲਾਂ ਤੇ ਹਨੇਰੇ ਦੀ ਸੰਘਣੀ ਮਿੱਸ ਹੈ ਜੋ ਪਤਲੀ ਤੇ ਛਿਦਰੀ ਹੁੰਦੀ ਜਾਂਦੀ ਹੈ।*

ਪੁਰਸ਼ ਦੀ ਬਾਂਹ ਦੇ ਏਨੇ ਕੁ ਹਿੱਸੇ ਵਾਂਗ ਡਾਂਗ ਵੀ ਬਹੁਤ ਕੁਝ ਕਹਿੰਦੀ-ਦਿਖਾਉਂਦੀ ਹੈ। ਡਾਂਗ ਮੋਟੀ ਤੇ ਮਜ਼ਬੂਤ ਤਾਂ ਹੈ ਹੀ, ਪੋਰੀਦਾਰ ਵੀ ਹੈ। ਪੋਰੀਆਂ ਸਮਾਜ ਵਿਚ ਸੱਤਾ ਦੀ ਪਰਤਬੰਦੀ ਦੀਆਂ ਪ੍ਰਤੀਕ ਹਨ। ਇਸਤਰੀ ਤਾਂ ਸਭ ਤੋਂ ਹੇਠਾਂ ਹੈ ਹੀ, ਪੁਰਸ਼-ਪ੍ਰਧਾਨ ਸਮਾਜ ਵਿਚ ਛੋਟੇ ਸੱਤਾਧਾਰੀ ਪੁਰਸ਼ ਦੇ ਉਤੇ ਉਸ ਤੋਂ ਵੱਡਾ ਸੱਤਾਧਾਰੀ ਤੇ ਉਸ ਤੋਂ ਉਤੇ ਹੋਰ ਵੱਡਾ ਸੱਤਾਧਾਰੀ ਹੋਣ ਦਾ ਸਿਲਸਿਲਾ ਡਾਂਗ ਦੀਆਂ ਪੋਰੀਆਂ ਵਾਂਗ ਕਈ ਪਰਤਾਂ ਵਾਲਾ ਰਿਹਾ ਹੈ। ਡਾਂਗ ਦਾ ਸੱਜੇ ਦੀ ਥਾਂ ਖੱਬੇ ਹੱਥ ਵਿਚ ਹੋਣਾ ਪੁਰਸ਼ ਦੀ ਇਸ ਮਾਨਸਿਕਤਾ ਦਾ ਲਖਾਇਕ ਹੈ ਕਿ ਇਸਤਰੀ ਨੂੰ ਉਹਦੀ ਗੁਲਾਮ ਹੈਸੀਅਤ ਵਿਚ ਰੱਖਣਾ ਉਹਦੇ ਖੱਬੇ ਹੱਥ ਦੀ ਖੇਡ ਹੈ। ਡਾਂਗ ਉਤੇ ਪੰਜਾਂ ਉਂਗਲਾਂ ਦੀ ਮਜ਼ਬੂਤ ਪਕੜ ਰਾਹੀਂ ਉਜਾਗਰ ਹੁੰਦਾ ਇਸਤਰੀ-ਜੀਵਨ ਉਤੇ ਪੁਰਸ਼ੀ ਵਸੀਕਾਰ ਡਾਂਗ ਦਾ ਹੇਠਲਾ ਸਿਰਾ ਇਸਤਰੀ ਦੇ ਐਨ ਮੂਹਰੇ ਟਿਕਣ ਨਾਲ ਸੰਪੂਰਨ ਹੋ ਜਾਂਦਾ ਹੈ। ਡਾਂਗ ਦੇ ਉਪਰਲੇ ਸਿਰੇ ਉਤੇ ਸੋਨੇ ਦਾ ਪੋਲਰਾ ਮਜਬੂਰ, ਮਜ਼ਲੂਮ ਤੇ ਹੱਥਲ ਇਸਤਰੀ ਦੇ ਮੁਕਾਬਲੇ ਪੁਰਸ਼ ਦੀ ਜਾਇਦਾਦ-ਮਾਲਕੀ ਤੇ ਆਰਥਿਕ ਸਰਦਾਰੀ ਦਾ ਪ੍ਰਤੀਕ ਹੈ।

ਨਿਪੱਤਰਾ ਬਿਰਛ, ਫਨਦਾਰ ਨਾਗ ਅਤੇ ਡਾਂਗੂ ਪੁਰਸ਼ ਮਿਲ ਕੇ ਧੌਂਸ ਭਰੇ ਵਿਸ਼ੈਲੇ ਪੁਰਸ਼-ਪ੍ਰਧਾਨ ਮਾਹੌਲ ਵਿਚ ਇਸਤਰੀ ਦੇ ਹਿੱਸੇ ਆਈ ਨਿਪੱਤਰੀ-ਨਿਹਫਲ ਜ਼ਿੰਦਗੀ ਦੀ ਤਸਵੀਰ ਮੁਕੰਮਲ ਕਰ ਦਿੰਦੇ ਹਨ!

ਦੂਜੇ ਪੜਾਅ ਉਤੇ ਇਸਤਰੀ ਬੈਠੀ ਉਸੇ ਪਹਿਲੀ ਨਿੰਮੋਝੂਣ ਸਰੀਰਕ-ਮਾਨਸਿਕ ਹਾਲਤ ਵਿਚ ਹੈ ਪਰ ਉਹਨੇ ਲੰਮਾ ਘੁੰਡ ਕਢਿਆ ਹੋਇਆ ਹੈ। ਜਿਥੇ ਪਹਿਲਾਂ ਵਾਲਾ ਨੰਗਾ ਸਿਰ ਕਾਮੁਕ ਪੱਖੋਂ ਕਿਸੇ ਤੇਰ-ਮੇਰ ਤੋਂ ਪੂਰਵਲੇ ਇੱਜੜੀ ਦੌਰ ਦੀ ਸੋਚ ਦੀ ਦੱਸ ਪਾਉਂਦਾ ਸੀ ਜਦੋਂ ਇਸਤਰੀ ਉਤੇ ਪੁਰਸ਼ ਦੇ ਕਾਇਆ-ਕਬਜ਼ੇ ਦੇ ਵਿਚਾਰ ਦੀ ਅਣਹੋਂਦ ਕਾਰਨ ਅਜੇ ਲਾਜ-ਸ਼ਰਮ ਦਾ ਸੰਕਲਪ ਉਸ ਨਾਲ ਜੋੜਿਆ ਨਹੀਂ ਸੀ ਗਿਆ, ਇਹ ਘੁੰਡ ਇਸਤਰੀ ਉਤੇ ਇਕ ਪੁਰਸ਼ ਦੀ ਹੋ ਕੇ ਰਹਿਣ ਦਾ ਤੇ ਲਾਜ-ਸ਼ਰਮ ਦਾ ਨੇਮ ਲਾਗੂ ਤੇ ਲਾਦੂ ਕਰ ਦਿੱਤੇ ਜਾਣ ਦਾ ਸੂਚਕ ਹੈ। ਅਗਲੇ ਦੌਰ ਦੀ ਇਸਤਰੀ ਨੇ ਗਰਦਨ ਕੁਝ ਕੁਝ ਉਚੀ ਕਰ ਲਈ ਹੈ। ਬੁੱਕਲ ਵਿਚ ਟਿਕੇ ਹੋਣ ਕਰ ਕੇ ਪਹਿਲਾਂ ਦੇ ਅਦਿਸਦੇ ਹੱਥਾਂ ਦੀ ਥਾਂ ਉਹਨੇ ਖੱਬਾ ਹੱਥ ਧਰਤੀ ਉਤੇ ਟੇਕ ਲਿਆ ਹੈ ਜੋ ਹੰਭਲਾ ਮਾਰਨ ਦੀ ਤਿਆਰੀ ਦਾ ਸੰਕੇਤ ਹੈ। ਅਸਲ ਮੋੜ ਉਸ ਤੋਂ ਅਗਲਾ ਹੈ ਜਿਥੇ ਇਸਤਰੀ ਨੇ ਚਿਹਰਾ ਸਾਹਮਣੇ ਵੱਲ ਕਰਨ ਵਾਸਤੇ ਪਾਸਾ ਤਾਂ ਮੋੜ ਲਿਆ ਹੈ ਪਰ ਸੰਗਲ ਲਹਿ ਜਾਣ ਦੇ ਬਾਵਜੂਦ ਬਚੀ-ਖੁਚੀ ਗੁਲਾਮੀ ਦਾ ਚਿੰਨ੍ਹ, ਮੋਟਾ ਕੜਾ, ਖੱਬੇ ਗਿੱਟੇ ਕੋਲ ਬਾਕੀ ਹੋਣ ਕਾਰਨ ਉਹ ਅੱਧਾ ਘੁੰਡ ਚੁੱਕਣ ਦਾ ਸਾਹਸ ਹੀ ਕਰ ਸਕੀ ਹੈ। ਅਗਲੀ ਇਸਤਰੀ ਪੂਰਾ ਘੁੰਡ ਚੁੱਕ ਕੇ ਚਿਹਰਾ ਤਾਂ ਸਾਹਮਣੇ ਕਰ ਲੈਂਦੀ ਹੈ ਪਰ ਉਹ ਚਿਹਰਾ ਹੁਣ ਤੱਕ ਦੀ ਲੰਮੀ ਔਖੀ ਯਾਤਰਾ ਦੀ ਥਕਾਵਟ ਤੇ ਪੀੜ ਕਾਰਨ ਅਤੇ ਭਵਿੱਖ ਵਿਚ ਲੜਨੀ ਪੈਣੀ ਲੜਾਈ ਦੀ ਫ਼ਿਕਰਮੰਦੀ ਕਾਰਨ ਖੇੜੇ-ਖ਼ੁਸ਼ੀ ਦੇ ਕਿਸੇ ਵੀ ਸੰਕੇਤ ਤੋਂ ਸੱਖਣਾ ਹੈ। ਇਹ ਅਗਲਾ ਪੜਾਅ ਹੈ ਜਿਸ ਵਿਚ ਫ਼ੈਸਲਾਕੁਨ ਮੋੜ ਆਉਂਦਾ ਹੈ। ਇਥੇ ਗੋਡਿਆਂ ਭਾਰ ਹੋਈ ਇਸਤਰੀ ਦੇ ਛੇਤੀ ਹੀ ਖੜ੍ਹੀ ਹੋ ਜਾਣ ਵਿਚ ਕੋਈ ਸੰਦੇਹ ਨਹੀਂ ਰਹਿ ਜਾਂਦਾ। ਉਹਨੇ ਘੁੰਡ ਪੂਰੀ ਤਰ੍ਹਾਂ ਲਾਹ ਮਾਰਿਆ ਹੈ। ਸਿਰ ਉਤੇ ਟਿਕੇ ਹੋਏ ਸੱਜੇ ਹੱਥ ਤੋਂ ਅਤੇ ਦੂਰ ਦੁਮੇਲ ਵੱਲ ਟਿਕੀਆਂ ਹੋਈਆਂ ਇਕਾਗਰ ਨਜ਼ਰਾਂ ਤੋਂ ਆਪਣੀ ਹਾਲਤ-ਹੈਸੀਅਤ ਬਾਰੇ ਸੋਚ-ਵਿਚਾਰ ਦੀ ਅਤੇ ਅਗਲੇ ਪੰਧ ਬਾਰੇ ਚਿੰਤਨ-ਮੰਥਨ ਦੀ ਦੱਸ ਪੈਂਦੀ ਹੈ। ਘੁੰਡ ਸਾਂਭਣ ਤੋਂ ਮੁਕਤ ਹੋ ਚੁਕਿਆ ਖੱਬਾ ਹੱਥ ਉਹਦੀ ਸੋਚ ਨੂੰ ਅਮਲ ਵਿਚ ਸਾਕਾਰ ਕਰਨ ਵਾਸਤੇ ਤਿਆਰ-ਬਰ-ਤਿਆਰ ਦਿਸਦਾ ਹੈ।

ਅੰਤ ਵਿਚ ਅਜੋਕੀ ਜਾਗ੍ਰਿਤ ਤੇ ਚੇਤੰਨ ਮੁਟਿਆਰ ਹੈ। ਉਹਦਾ ਬਾਣਾ ਆਧੁਨਿਕ ਹੈ ਜੋ ਕਿਸੇ ਘੁੰਡ ਦੀ ਗੁੰਜਾਇਸ਼ ਹੀ ਨਹੀਂ ਰਹਿਣ ਦਿੰਦਾ। ਬਾਣਾ ਆਧੁਨਿਕ ਹੋਣ ਦੇ ਨਾਲ ਨਾਲ ਸਾਊ-ਸੁਚੱਜਾ ਹੈ, ਕੁਚੱਜਾ ਅੰਗ-ਪ੍ਰਦਰਸ਼ਕ ਤੇ ਅਖੌਤੀ ਨਾਰੀਵਾਦੀ ਆਧੁਨਿਕ ਨਹੀਂ। ਖੁੱਲ੍ਹੇ ਭਰਪੂਰ ਕੇਸ ਸਭ ਬੰਧਨਾਂ ਤੋਂ ਉਹਦੀ ਮੁਕਤੀ ਦਾ ਜੈਕਾਰਾ ਹਨ। ਉਚੇ ਚੁੱਕੇ ਹੋਏ ਖੱਬੇ ਹੱਥ ਵਿਚ ਲਟਲਟ ਬਲਦੀ ਮਸ਼ਾਲ ਹੈ ਜਿਸ ਦੀ ਲਾਟ ਦੀ ਨੋਕ ਦੂਰ ਦੁਮੇਲ ਉਤੇ ਉਦੈ ਹੋਏ ਚੰਦਰਮਾ ਤੋਂ ਵੀ ਉਚੀ ਦਿਸਦੀ ਹੈ। ਸੱਜੇ ਹੱਥ ਵਿਚ ਅਕਲ ਦਾ ਸਾਕਾਰ ਰੂਪ ਪੁਸਤਕ ਹੈ ਜੋ ਉਸਨੇ ਹਿੱਕ ਨਾਲ ਲਾਈ ਹੋਈ ਹੈ। ਮਸ਼ਾਲ ਤੇ ਪੁਸਤਕ, ਦੋਵੇਂ ਸੰਪੂਰਨਤਾਵਾਂ ਮਿਲ ਕੇ ਇਕ ਨਵੀਂ ਵਡੇਰੀ ਸੰਪੂਰਨਤਾ, ਚਾਨਣ ਦੀ ਵਿਆਪਕਤਾ ਸਿਰਜਦੀਆਂ ਹਨ ਅਤੇ ਇਉਂ ਇਕ ਦੂਜੀ ਦੀਆਂ ਪੂਰਕ ਬਣ ਜਾਂਦੀਆਂ ਹਨ। ਮਸ਼ਾਲ ਬਾਹਰ ਚੁਫੇਰੇ ਚਾਨਣ ਕਰਦੀ ਹੈ ਤਾਂ ਪੁਸਤਕ ਚਿੱਤ-ਚੇਤੇ ਨੂੰ ਰੌਸ਼ਨ ਕਰਦੀ ਹੈ। ਅੱਖਾਂ ਵਿਚ ਕਿਸੇ ਵੀ ਡਰ-ਭੈ ਜਾਂ ਦੁਬਿਧਾ ਦੀ ਥਾਂ ਦ੍ਰਿੜ੍ਹਤਾ ਹੈ। ਪੈਰਾਂ ਵਿਚ ਲੰਮੀਆਂ ਵਾਟਾਂ ਤੈਅ ਕਰਨ ਦੀ ਤਾਂਘ ਤੇ ਹਿੰਮਤ ਹੈ ਅਤੇ ਉਸੇ ਅਨੁਸਾਰ ਤਿੱਖੀ ਹਰਕਤ ਹੈ। ਚਿਹਰੇ ਉਤੇ ਪ੍ਰਾਪਤੀ, ਜਿੱਤ, ਖ਼ੁਸ਼ੀ ਤੇ ਤਸੱਲੀ ਦੀ ਮੋਨਾਲਿਜ਼ੀ ਮੁਸਕਾਨ ਹੈ। ਚਿਹਰੇ ਉਤੋਂ ਹੀ ਨਹੀਂ, ਸਮੁੱਚੀ ਕਾਇਆ ਵਿਚੋਂ ਆਤਮ-ਵਿਸ਼ਵਾਸ ਅਤੇ ਨਾਰੀ-ਸ਼ਕਤੀ ਦਾ ਤੇਜ ਤੇ ਜਲੌਅ ਝਲਕਦਾ, ਡਲ੍ਹਕਦਾ ਤੇ ਛਲਕਦਾ ਹੈ। ਜਿਥੇ ਪਹਿਲੀ, ਗੁਲਾਮ ਇਸਤਰੀ ਨੇੜਲਾ ਬਿਰਛ ਉਹਦੀ ਹਾਲਤ ਨਾਲ ਮੇਲ ਖਾਂਦਿਆਂ ਖੜਸੁਕ ਨਿਪੱਤਰਾ ਸੀ, ਉਹਦੇ ਮੁਕਾਬਲ ਆਜ਼ਾਦ ਇਸਤਰੀ ਨੇੜਲਾ ਬਿਰਛ ਉਹਦੀ ਹੈਸੀਅਤ ਅਨੁਸਾਰ ਖ਼ੂਬ ਫੁੱਲਿਆ-ਫਲਿਆ ਹੋਇਆ ਹੈ। ਉਸ ਇਕੱਲੇ ਦਾ ਫੁਟਾਰਾ ਤੇ ਪਸਾਰਾ ਪੂਰੇ ਵਣ ਦਾ ਪ੍ਰਤੀਨਿਧ ਬਣ ਜਾਂਦਾ ਹੈ। ਵਣ-ਪਰਬਤ ਇਸਤਰੀ ਦੀਆਂ ਪੁਲਾਂਘਾਂ ਤੋਂ ਬਹੁਤ ਹੇਠ ਰਹਿ ਗਏ ਹਨ। ਉਹਦਾ ਦਾਈਆ ਉਚੇ ਅੰਬਰਾਂ ਨਾਲ ਹੈ।

ਇਸਤਰੀ ਦੀ ਬੰਧਨ-ਬੱਝੀ ਹਾਲਤ ਤੋਂ ਖੰਭ ਖੋਲ੍ਹਣ ਤੇ ਤੋਲਣ ਤੱਕ ਦੀ ਇਸ ਸੱਤ-ਪੜਾਵੀ ਯਾਤਰਾ ਨੂੰ ਕਲਾਕਾਰ ਨੇ ਆਕਾਸ਼ ਵਿਚ ਸਫ਼ੈਦ ਪੰਛੀ ਦੀ ਸਮਾਨੰਤਰ ਉਡਾਣ ਰਾਹੀਂ ਦੂਹਰਾ ਪ੍ਰਗਟਾਉ ਦਿੱਤਾ ਹੈ। ਪੰਛੀ ਨੇ ਆਪਣੇ ਛੋਟੇ-ਛੋਟੇ ਤੇ ਖੰਭ-ਖੰਭ ਵਿਚ ਬਲ ਜਗਾਇਆ ਹੋਇਆ ਹੈ ਜੋ ਦੂਰ ਮੰਜ਼ਿਲ ਵੱਲ ਟਿਕੀ ਹੋਈ ਸੁਰਤੀ, ਲੰਮੀ ਉਡਾਣ ਲਈ ਤਤਪਰ ਸੂਤਵੇਂ ਸਰੀਰ ਅਤੇ ਵਿਰੋਧੀ ਪੌਣਾਂ ਨੂੰ ਚੀਰਨ ਲਈ ਖੁੱਲ੍ਹੇ ਹੋਏ ਖੰਭਾਂ ਵਿਚ ਉਜਾਗਰ ਹੁੰਦਾ ਹੈ। ਚਿਤਰ ਦੇ ਖੱਬੇ ਹੇਠਲੇ ਕੋਨੇ ਤੋਂ ਸੱਜੇ ਉਪਰਲੇ ਕੋਨੇ ਵੱਲ ਦਾ ਕੇਂਦਰੀ ਸਥਾਨ, ਕੁਦਰਤੀ ਗੱਲ ਹੈ, ਮੁੱਖ ਵਿਸ਼ੇ, ਗੁਲਾਮੀ ਤੋਂ ਆਜ਼ਾਦੀ ਵੱਲ ਦੀ ਇਸਤਰੀ ਦੀ ਯਾਤਰਾ ਨੇ ਮੱਲਿਆ ਹੋਇਆ ਹੈ। ਪਹਿਲੀ ਇਸਤਰੀ ਦੇ ਹਨੇਰੇ ਪਿਛਵਾੜੇ ਤੋਂ ਅੱਗੇ ਦੂਜੀ ਇਸਤਰੀ ਦੇ ਪਿਛਵਾੜੇ ਵਿਚ ਫੁੱਟਿਆ ਚਾਨਣ ਵਧਦਾ-ਵਧਦਾ, ਫੈਲਦਾ-ਫੈਲਦਾ ਅਜੋਕੀ ਇਸਤਰੀ ਦੇ ਪਿਛਵਾੜੇ ਤੱਕ ਪਹੁੰਚ ਕੇ ਚਾਨਣ ਦਾ ਛਲਕਾਰਾ ਬਣ ਜਾਂਦਾ ਹੈ। ਅੰਦਰਲਾ ਤੇ ਬਾਹਰਲਾ ਚਾਨਣ ਘੁਲਮਿਲ ਕੇ ਇਕ ਹੋ ਜਾਂਦੇ ਹਨ। ਸੱਜੀ ਹੇਠਲੀ ਥਾਂ ਜੰਗਲ-ਪਰਬਤ ਨੇ ਰੋਕੀ ਹੋਈ ਹੈ। ਉਪਰ ਪਿਛਵਾੜੇ ਵਿਚ ਖੱਬਿਉਂ ਸ਼ੁਰੂ ਹੁੰਦੇ ਅੰਬਰ ਉਤੇ, ਨਿਪੱਤਰੇ ਬਿਰਛ ਦੇ ਪਿੱਛੇ, ਧੁੰਦਲਾ-ਹਨੇਰਾ ਹੈ। ਸੱਜੇ ਵੱਲ ਬੱਦਲਾਂ ਤੇ ਹਨੇਰੇ ਦੀ ਸੰਘਣੀ ਮਿੱਸ ਹੈ ਜੋ ਸਹਿਜੇ ਸਹਿਜੇ ਪਤਲੀ ਤੇ ਛਿਦਰੀ ਹੁੰਦੀ ਜਾਂਦੀ ਹੈ ਅਤੇ ਅੰਤ ਨੂੰ ਮਸ਼ਾਲ ਵਾਲੀ ਨਾਇਕਾ ਦੇ ਪਿਛਵਾੜੇ ਤੱਕ ਪਹੁੰਚਦਿਆਂ ਚਿੱਟੇ ਚਾਨਣ ਵਿਚ ਪਲਟ ਕੇ ਉਹਦੇ ਦੁਆਲੇ ਦੇ ਚਾਨਣੇ ਜਲੌਅ ਵਿਚ, ਸਾਗਰ ਪਹੁੰਚੀ ਨਦੀ ਵਾਂਗ, ਲੀਨ ਹੋ ਜਾਂਦੀ ਹੈ।

ਕਲਾਕਾਰ ਨੇ ਇਸਤਰੀ ਦੇ ਔਖੇ ਤੇ ਲੰਮੇ ਆਜ਼ਾਦੀ ਸੰਗਰਾਮ ਨੂੰ ਚਿਤਰਨ ਦੇ ਜਿਸ ਦਾਈਏ ਨਾਲ ਪਹਿਲੀ ਛੋਹ ਦੀ ਕਲਪਨਾ ਕਰਦਿਆਂ ਕੈਨਵਸ ਅੱਗੇ ਖਲੋ ਕੇ ਰੰਗ ਵਿਚ ਆਪਣੀ ਤੂਲਿਕਾ ਡਬੋਈ ਸੀ, ਉਹ ਉਸ ਦਾਈਏ ਦੇ ਪੂਰਾ ਉਤਰਿਆ ਹੈ।

*ਇਹ ਚਿਤਰਕਾਰ ਦੀ ਕਲਾ ਦਾ ਕਮਾਲ ਹੀ ਹੈ ਕਿ ਕੂਹਣੀ ਤੇ ਗੁੱਟ ਦੇ ਵਿਚਕਾਰ ਤੱਕ ਦਿਸਦੀ ਡਾਂਗ ਵਾਲੀ ਬਾਂਹ ਰਾਹੀਂ ਉਹਨੇ ਉਹ ਸਭ ਕੁਝ ਕਹਿ ਤੇ ਦਰਸਾ ਦਿੱਤਾ ਹੈ। ਕੁੜਤੇ ਦੀ ਬਾਂਹ ਦਾ ਜੋ ਥੋੜ੍ਹਾ ਜਿਹਾ ਅਗਲਾ ਗੋਲ ਸਿਰਾ ਦਿਸਦਾ ਹੈ, ਉਹਦੇ ਕੱਪੜੇ ਦੀ ਬਣਤ-ਬੁਣਤ ਤੇ ਸਿਲਾਈ ਤੋਂ ਪੁਰਾਤਨਤਾ ਦੀ ਦੱਸ ਪੈਂਦੀ ਹੈ। ਕੁੜਤੇ ਦੀ ਬਾਂਹ ਤੋਂ ਦੋ ਕੁ ਉਂਗਲਾਂ ਪਿੱਛੇ ਤੱਕ ਕੋਟ ਦੀ ਬਾਂਹ ਦਾ ਅਜਿਹਾ ਹੀ ਪੁਰਾਤਨੀ ਖੁਰਦਰਾ ਸਿਰਾ ਦਿਖਾਈ ਦਿੰਦਾ ਹੈ। ਇਹ ਕੋਟ ਸੱਤਾ, ਦਬਦਬੇ ਤੇ ਦਾਬੇ ਦਾ ਚਿੰਨ੍ਹ ਹੈ, ਕਿਉਂਕਿ ਉਸ ਜ਼ਮਾਨੇ ਵਿਚ ਸਾਧਾਰਨ ਜਨਮਾਨਸ ਲਈ ਅਜਿਹਾ ਬਾਣਾ ਪਹੁੰਚ ਵਿਚ ਨਾ ਹੋਣ ਤੋਂ ਇਲਾਵਾ ਸਮਾਜਿਕ ਦਰਜੇਬੰਦੀ ਦੇ ਪੱਖੋਂ ਪਹਿਨਣਾ ਵੀ ਸੰਭਵ ਨਹੀਂ ਸੀ ਸਗੋਂ ਵਰਜਿਤ ਸੀ।*

## .ਗ਼ਦਰ ਦੀ ਤਵਾਰੀਖ

*.ਗ਼ਦਰ ਅਖਬਾਰ ਦਾ ਪਹਿਲਾ ਪੰਜਾਬੀ ਪਰਚਾ ਕਦੋਂ ਛਪਿਆ, ਇਸ ਬਾਰੇ ਬਹੁਤ ਭੁਲੇਖੇ ਹਨ। .ਗ਼ਦਰ ਦਾ ਪਹਿਲਾ ਪਰਚਾ ਪਹਿਲੀ ਨਵੰਬਰ 1913 ਨੂੰ ਉਰਦੂ ਵਿਚ ਛਪਿਆ ਸੀ। ਇਹ ਅਖਬਾਰ ਹਫ਼ਤਾਵਰ ਸੀ। ਇਸ ਦੇ ਉਰਦੂ ਵਿਚ ਤਿੰਨ ਅੰਕ ਛਪਣ ਤੋਂ ਬਾਅਦ 9 ਦਸੰਬਰ 1913 ਨੂੰ ਪੰਜਾਬੀ ਦਾ ਪਹਿਲਾ ਪਰਚਾ ਛਾਪਿਆ ਗਿਆ। ਇਹ ਅੰਕ ਪਹਿਲੀ ਨਵੰਬਰ 1913 ਵਾਲੇ ਉਰਦੂ ਪਰਚੇ ਦਾ ਹੀ ਪੰਜਾਬੀ ਰੂਪ ਸੀ ਜਿਸ ਨੂੰ ਕਰਤਾਰ ਸਿੰਘ ਸਰਾਭਾ ਨੇ ਗੁਰਮੁਖੀ ਲਿਪੀ ਵਿਚ ਲਿਖਿਆ। ਬਾਬਾ ਹਰਨਾਮ ਸਿੰਘ ਟੁੰਡੀਲਾਟ ਵੀ ਉਨ੍ਹਾਂ ਦੇ ਨਾਲ ਸਨ। ਪਹਿਲੀ ਨਵੰਬਰ 1913 ਵਾਲੇ ਉਰਦੂ ਦੇ ਪਹਿਲੇ ਪਰਚੇ ਨੂੰ ਲਾਲਾ ਹਰਦਿਆਲ ਜੋ ਅਖਬਾਰ ਦੇ ਐਡੀਟਰ ਤੇ ਪਾਰਟੀ ਦੇ ਜਨਰਲ ਸੈਕਟਰੀ ਸਨ, ਨੇ ਆਪਣੇ ਸਾਥੀਆਂ ਸਮੇਤ ਬਰਕਲੇ ਦੇ ਸ਼ੇਟਿਲ ਹੋਟਲ ਦੇ ਖਚਾ-ਖਚ ਭਰੇ ਹਾਲ ਵਿਚ ਰਿਲੀਜ਼ ਕੀਤਾ ਸੀ। ਪਰਚੇ ਦਾ ਐਡੀਟੋਰੀਅਲ ਲਾਲਾ ਹਰਦਿਆਲ ਦਾ ਭਾਸ਼ਨ ਹੀ ਹੈ ਜਿਹੜਾ ਉਨ੍ਹਾਂ ਪਰਚਾ ਜਾਰੀ ਕਰਦਿਆਂ ਅਮਰੀਕੀ ਲੋਕਾਂ ਸਾਹਮਣੇ ਅੰਗਰੇਜ਼ੀ ਵਿਚ ਦਿਤਾ ਸੀ। ਧੁਨੰਤਰ ਅਖਬਾਰਾਂ ਦੇ ਕਹਿੰਦੇ-ਕਹਾਉਂਦੇ ਕਾਲਮਨਵੀਸ ਅਸ਼-ਅਸ਼ ਕਰ ਉਠੇ। ਨਵੰਬਰ ਵਿਚ .ਗ਼ਦਰ ਹਫਤਾਵਾਰ ਅਖਬਾਰ ਦੇ ਤਿੰਨ ਪਰਚੇ ਹੀ ਛਪ ਸਕੇ ਸਨ। ਇਹੋ ਤਿੰਨੇ ਪਰਚੇ ਪੰਜਾਬੀ ਵਿਚ 9, 23 ਅਤੇ 30 ਦਸੰਬਰ ਨੂੰ ਛਪੇ। ਬਾਅਦ ਦੇ ਅੰਕ ਰੈਗੂਲਰ ਹਨ। .ਗ਼ਦਰ ਅਖਬਾਰ ਦੇ 8 ਸਫ਼ੇ ਹੁੰਦੇ ਸਨ। ਅਸੀਂ ਆਪਣੇ ਪਾਠਕਾਂ ਲਈ ਪੰਜਾਬੀ ਦਾ ਪਹਿਲਾ ਪਰਚਾ ਛਾਪ ਰਹੇ ਹਾਂ। ਐਤਕੀਂ ਇਸ ਅੰਕ ਦੇ ਤਿੰਨ ਸਫ਼ੇ ਛਾਪੇ ਜਾ ਰਹੇ ਹਨ। ਬਾਕੀ ਸਫੇ ਅਗਲੇ ਅੰਕ ਵਿਚ ਛਾਪੇ ਜਾਣਗੇ। ਇਹ ਸਮੁੱਚਾ ਕਾਰਜ ਸਾਡੇ ਸਹਿਯੋਗੀ ਕਸ਼ਮੀਰ ਸਿੰਘ ਕਾਂਗਣਾ (ਫੋਨ: 661-331-5651) ਦੇ ਉਦਮ ਤੇ ਹਿੰਮਤ ਨਾਲ ਸਿਰੇ ਚੜ੍ਹ ਰਿਹਾ ਹੈ।*

# ਪੰਜਾਬੀ ਵਿਚ .ਗ਼ਦਰ ਅਖਬਾਰ ਦਾ ਪਹਿਲਾ ਅੰਕ

***ਅਖਬਾਰ .ਗ਼ਦਰ/ਸਾਨ ਫਰਾਂਸਿਸਕੋ/ ਅਮਰੀਕਾ/9 ਦਸੰਬਰ 1913***

ਅੱਜ ਪਹਿਲੀ ਨਵੰਬਰ ਸਨ 1913 ਨੂੰ ਭਾਰਤ ਦੀ ਤਵਾਰੀਖ ਵਿਚ ਇਕ ਨਵਾਂ ਸੰਮਤ ਚਲਦਾ ਹੈ। ਕਿਉਂਕਿ ਅੱਜ ਅੰਗਰੇਜ਼ੀ ਰਾਜ ਦੇ ਵਰੁੱਧ ਪ੍ਰਦੇਸ ਵਿਚੋਂ ਦੇਸੀ ਜ਼ਬਾਨ ਵਿਚ ਜੰਗ ਛਿੜਦੀ ਹੈ। ਅੱਜ ਦਾ ਦਿਨ ਸ਼ੁਭ ਹੈ ਕਿ ਅੰਗਰੇਜ਼ੀ ਜ਼ੁਲਮ ਦੀ ਜੜ੍ਹ ਉਖਾੜਨ ਵਾਲਾ ਅੱਖਰ, ਉਰਦੂ ਅਤੇ ਗੁਰਮੁਖੀ ਅਖਬਾਰ ਉਤੇ ਜਾਹਰ ਹੁੰਦਾ ਹੈ। ਘਰ ਤੋਂ ਦਸ ਹਜ਼ਾਰ ਮੀਲ ਦੂਰ ਪ੍ਰਦੇਸ ਵਿਚ ਇਸ ਅਖਬਾਰ ਦਾ ਛਪਨਾ ਇਕ ਅਜਿਹਾ ਕੰਮ ਹੈ ਜਿਸ ਤੇ ਨਿਗਾ ਮਾਰਨ ਤੇ ਦਿਲ ਵਿਚ ਖੁਸ਼ੀ ਭਰੀ ਨਹੀਂ ਸਮਾਉਂਦੀ।

ਅੱਜ ਭਾਰਤ ਦੀ ਕਿਸਮਤ ਹੱਸ ਰਹੀ ਹੈ। ਨਵੀਂ ਉਮੈਦਾਂ ਤੇ ਨਵੇਂ ਕੰਮ ਦਾ ਵੇਲਾ ਆ ਗਿਆ ਹੈ। ਅੱਜ ਚੋਬਰਾਂ ਦੇ ਕਮਲਾਏ ਹੋਏ ਦਿਲਾਂ ਤੇ ਜੋਸ਼ ਤੇ ਹਿੰਮਤ ਦਾ ਛਿਟਾ ਦੇ ਕੇ ਉਨ੍ਹਾਂ ਵਿਚ ਨਵੀਂ ਜਾਨ ਪਾਈ ਗਈ ਹੈ। ਅੱਜ ਕਲਮ ਦੀ ਤਾਕਤ ਦੇ ਨਾਲ ਅੰਗਰੇਜ਼ੀ ਰਾਜ ਪੁਰ ਤੋਪ ਬੀੜ ਦਿਤੀ ਗਈ ਹੈ। ਜਿਸ ਦਾ ਨਾਸ਼ ਕਰੇ ਬਿਨਾਂ ਬੰਦ ਨਾ ਹੋਵੇਗੀ। ਅੱਜ ਹਿੰਦੀ ਭਾਈਆਂ ਦੀ ਗੁਲਾਮੀ ਨੂੰ ਦੂਰ ਕਰਨ ਦੀ ਖਾਤਰ ਇਕ ਨਵਾਂ ਸੰਦ ਘੜਿਆ ਗਿਆ ਹੈ। ਜਿਸ ਤੋਂ ਸਰਕਾਰ ਦਾ ਲਹੂ ਸੁਕ ਗਿਆ ਹੈ। ਅੱਜ ਉਹ ਕੰਮ ਚੱਲਿਆ ਹੈ। ਜਿਦੀ ਮੈਹਮਾਂ ਸਾਰੀ ਦੁਨੀਆਂ ਵਿਚ ਹੋ ਜਾਵੇਗੀ। ਜਿਸ ਦੀਆਂ ਗੱਲਾਂ ਸਾਡੇ ਪੁੱਤ ਤੇ ਪੋਤਰੇ ਬੜੀ ਖੁਸ਼ੀ ਨਾਲ ਕਰਿਆ ਕਰਨਗੇ।

ਸਾਡਾ ਨਾਓ ਕੀ ਹੈ? 'ਗਦਰ'। ਕੰਮ ਕੀ ਹੈ? 'ਗਦਰ'। ਨਾਓ ਅਤੇ ਕੰਮ ਇਕੋ ਹੈ। ਕੋਈ ਪੁਸ਼ ਗਿਛ ਦੀ ਲੋੜ ਨਹੀਂ। ਸਵਾਲ ਤੋਂ ਜਵਾਬ ਪਹਿਲਾਂ ਹਾਜ਼ਰ ਹੈ। ਗਦਰ ਦੀ ਕੀ ਲੋੜ ਹੈ? ਕਿਉਂ ਇਹ ਗ਼ਦਰ ਹੋਵੇਗਾ? ਕਿਸ ਤਰ੍ਹਾਂ ਹੋਵੇਗਾ? ਕਦੋਂ ਹੋਵੇਗਾ? ਲਓ ਜੀ ਸਾਰਾ ਭੇਦ ਦੱਸ ਦਿੰਦੇ ਹਾਂ। ਹਿੰਮਤ ਹੈ ਤਾਂ ਸੁਣ ਲਵੋ, ਨਹੀਂ ਤੇ ਘਰ ਨੂੰ ਭੱਜ ਜਾਓ!

ਕਿਥੇ ਗ਼ਦਰ ਹੋਵੇਗਾ? ਭਾਰਤ ਵਿਚ। ਕਦੋਂ ਹੋਵੇਗਾ? ਥੋੜੇ ਬਰਸਾਂ ਤੱਕ। ਕਿਉਂ ਹੋਵੇਗਾ? ਕਿਉਂਕਿ ਅਬ ਅੰਗਰੇਜ਼ਾਂ ਦੇ ਜ਼ੁਲਮ ਤੋਂ ਖ਼ਿਲਕਤ ਦੁਖੀ ਹੋ ਗਈ ਹੈ। ਅਤੇ ਅਜ਼ਾਦੀ ਦੀ ਖਾਤਰ ਲੜਨ ਮਰਨ ਨੂੰ ਤਿਆਰ ਹੈ। ਏਸ ਗ਼ਦਰ ਦੀ ਖਾਤਰ ਹਰ ਇਕ ਹਿੰਦੋਸਤਾਨੀ ਦਾ ਤਿਆਰ ਹੋ ਜਾਨਾ ਧਰਮ ਹੈ।

ਡੇਢ ਸੌ ਬਰਸ ਤੋਂ ਅੰਗਰੇਜ਼ਾਂ ਨੇ ਰਾਜ ਜਮਾਓਨਾ ਅਰੰਭਿਆ ਹੋਇਆ ਹੈ। ਹੌਲੇ ਹੌਲੇ ਸਾਰਾ ਹਿੰਦੋਸਤਾਨ ਦਬ ਲਿਆ ਹੈ। ਰਿਆਸਤਾਂ ਵਿਚ ਭੀ ਅਪਨਾ ਹਥ ਪਾਉਂਦੇ ਜਾਂਦੇ ਹਨ। ਮਸਾਂ ਨਿਪਾਲ ਤੇ ਭੂਟਾਨ ਇਨ੍ਹਾਂ ਦੇ ਦੰਦ ਤੋਂ ਬਚੇ ਹੋਏ ਹਨ। ਹੁਣ ਵੇਲਾ ਆ ਗਿਆ ਹੈ ਕਿ ਏਸ ਅੱਗ ਨੂੰ ਬੁਝਾਇਆ ਜਾਵੇ। ਏਸ ਪਲੇਗ ਦਾ ਖਾਤਮਾ ਕੀਤਾ ਜਾਵੇ। ਏ ਬੇਜਾਤ ਜ਼ਾਲਮ ਗਵਰਮਿੰਟ ਨੂੰ ਬਰਬਾਦ ਕਰਕੇ ਮੁਲਕ ਦੀ ਭਲਾਈ ਦਾ ਰਸਤਾ ਫੜਿਆ ਜਾਵੇ। ਅੰਗਰੇਜ਼ਾਂ ਦੇ ਰਾਜ ਨੇ ਮੁਲਕ ਦਾ ਨਾਸ ਕਰ ਦਿਤਾ ਹੈ। ਜਿਥੇ ਅੰਗਰੇਜ਼ਾਂ ਦੇ ਪਾਪੀ ਝੰਡੇ ਦੀ ਛਾਂ ਪੈਂਦੀ ਹੈ, ਉਥੇ ਖੁਸ਼ੀ ਤਾਂ ਪਲ ਵਿਚ ਉਡ ਜਾਂਦੀ ਹੈ। ਏਹ ਆਹਣ (ਐਹਰਣ) ਜਿਥੇ ਵੀ ਜਾਂਦੀ ਹੈ। ਹਰ ਇਕ ਹਰਾ ਪੱਤਾ ਨਹੀਂ ਛਡਦੀ। ਜਿਸ ਮੁਲਕ ਵਿਚ ਏਨਾਂ ਲੁਟੇਰਿਆਂ ਨੇ ਡੇਰਾ ਲਾਇਆ ਹੈ, ਉਥੇ ਕਾਲ ਪਲੇਗ ਤੇ ਹੈਜਾ ਝਟ ਪੈਣ ਲੱਗ ਪਏ ਹਨ। ਜੇ ਏਸ ਘੋਲ ਵਿਚ ਜੀਤ ਹੋਈ ਤਾਂ ਮੁਲਕ ਦੀ ਤਰੱਕੀ ਦੇ ਝੰਡੇ ਉਠਾਏ ਜਾਣਗੇ। ਸੰਮਤ 1857 ਵਿਚ ਭਾਰਤ ਦੇ ਲੋਕਾਂ ਨੇ ਸੋਚ ਵਿਚਾਰ ਕੇ ਅੰਗਰੇਜ਼ਾਂ ਨੂੰ ਕੱਢ ਦੇ ਆਪਣਾ ਰਾਜ ਬਣਾਉਣ ਦੀ ਖਾਤਰ ਹਿੰਦੂ ਤੇ ਮੁਸਲਮਾਨ ਤੇ ਰਾਜਾ ਪਰਜਾ ਸਭ ਇਕੱਠੇ ਹੋ ਗਏ। ਮਈ ਦੇ ਮਹੀਨੇ ਗਦਰ ਅਰੰਭ ਹੋਇਆ ਜਿਸ ਦੇ ਨਾਓ ਤੋਂ ਅੰਗਰੇਜ਼ ਹੁਣ ਵੀ ਕੰਬਦੇ ਹਨ। ਪਰ ਪੂਰਾ ਇਤਫਾਕ ਨਾ ਹੋਣ ਕਰਕੇ ਉਹ ਵਾਰ ਖਾਲੀ ਗਿਆ। ਅੰਗਰੇਜ਼ ਉਸ ਵੇਲੇ ਸਾਰੇ ਲੋਕਾਂ ਨੂੰ ਇਸਾਈ ਬਣਾ ਰਹੇ ਸਨ। ਰਿਆਸਤਾਂ ਖੋਹ ਰਹੇ ਸੀ। ਜੇ ਇਹ ਲੜਾਈ ਨਾ ਹੁੰਦੀ ਤਾਂ ਸਾਰੀ ਇਸਾਈ ਬਣ ਜਾਂਦੇ।

ਪੰਦਰਾਂ ਬਰਸ ਪਿਛੋਂ ਗੁਰੂ ਰਾਮ ਸਿੰਘ ਨੇ ਕੂਕੇ ਤਿਆਰ ਕੀਤੇ ਕਿ ਅੰਗਰੇਜ਼ਾਂ ਦੀ ਜੜ੍ਹ ਪੁਟ ਸੁਟੀਏ। ਕੂਕਿਆਂ ਨੇ ਅੰਗਰੇਜ਼ਾਂ ਦੀ ਨੌਕਰੀ ਨੂੰ ਪਾਪ ਕਿਹਾ ਤੇ ਗ਼ਦਰ ਦਾ ਉਪਦੇਸ਼ ਕਰਨ ਲੱਗ ਪਏ। ਸੰਮਤ 1872 ਵਿਚ ਉਨ੍ਹਾਂ ਨੇ ਲੜਾਈ ਸ਼ੁਰੂ ਕਰ ਦਿਤੀ। ਪਰ ਸੁੱਤਿਆਂ ਵਿਚੋਂ ਇਕ ਜਾਗਦਾ ਭਾਈ ਕਿਸ ਤਰ੍ਹਾਂ ਲੜ ਸਕਦਾ ਹੈ। ਸੂਰਬੀਰ ਕੂਕੇ ਆਦਮੀ ਤੇ ਬੱਚੇ ਤੋਪ ਦੇ ਨਾਲ ਉਡਾ ਦਿਤੇ ਅਤੇ ਸਾਰੇ ਨਾਮਰਦ ਦੇਖਦੇ ਰਹੇ।

ਹੁਣ ਫੇਰ 1905 ਵਿਚ ਫੇਰ ਲੜਾਈ ਦਾ ਕੰਮ ਤੋਰਿਆ। ਜਿਸ ਦੇ ਪੂਰ ਕਰਨ ਦੀ ਖਾਤਰ ਮਹਾਂ ਪੁਰਸ਼ਾਂ ਤੇ ਬਹਾਦਰਾਂ ਨੇ ਆਪਣੀ ਜਾਨ ਦਿਤੀ। ਹੁਣ ਏਹ ਧੜਾ ਦਿਨ ਦਿਨ ਦੁਗਣਾ ਤੇ ਰਾਤ ਚੌਗਣਾ ਬਣਦਾ ਜਾਂਦਾ ਹੈ। ਏਸ ਦੇ ਵਿਚ ਬੜੇ ਬੜੇ ਵਿਦਵਾਨ ਤੇ ਧਰਮਾਤਮਾ ਹਨ। ਜਿਨ੍ਹਾਂ ਦਾ ਨਾਓਂ ਮੋਤੀ ਦੀ ਲੜੀ ਦੀ ਤਰ੍ਹਾਂ ਭਾਰਤ ਦੀ ਤਵਾਰੀਖ ਵਿਚ ਲਿਖੇ ਜਾਣਗੇ। ਏਸ ਧੜੇ ਦਾ ਏਹ ਧਰਮ ਹੈ ਕਿ ਹਿੰਦੋਸਤਾਨ ਵਿਚ ਗਦਰ ਕਰਕੇ ਅੰਗਰੇਜ਼ੀ ਰਾਜ ਨੂੰ ਬਰਬਾਦ ਕੀਤਾ ਜਾਵੇ ਅਤੇ ਪਰਜਾ ਆਪਣਾ ਰਾਜ ਬਣਾ ਕੇ ਸੁਖ ਨਾਲ ਰਹੇ।

ਏਹ ਗਲ ਤਾਂ ਠੀਕ ਹੈ। ਪਰ ਕਿਥੇ? ਹਿੰਦੋਸਤਾਨ ਕਿ ਸਾਨ ਫਰਾਂਸਿਸਕੋ। ਏਹ ਤਾਂ ਦੱਸੋ, ਏਥੇ ਕਿਉਂ ਕਰ ਆਏ ਅਤੇ ਅਖਬਾਰ ਲਿਖਣ ਦੀ ਕਿਕੂੰ ਸੁਝੀ?

ਸੁਣੋ! ਹਿੰਦੋਸਤਾਨ ਵਿਚ 1905 ਤੋਂ ਉਹ ਬੜਾ ਭਾਰੀ ਕੰਮ ਤੁਰਿਆ। ਤਿੰਨ ਸਾਲ ਵਿਚ ਅੰਗਰੇਜ਼ ਥਰ ਥਰ ਕੰਬਣ ਲੱਗ ਪਏ। ਫੇਰ 1907 ਵਿਚ ਪੰਜਾਬ ਵਿਚ ਅਜੀਤ ਸਿੰਘ ਤੇ ਲਾਜਪਤ ਰਾਏ ਨੇ 'ਬਾਰ' ਵਿਚ ਮਾਮਲਾ ਵਧਨ ਤੋਂ ਬੜੇ ਜ਼ੋਰ ਨਾਲ ਲੈਕਚਰ ਦਿਤੇ। ਜਿਮੀਦਾਰ ਲੱਠ ਲੈ ਕੇ ਲਾਹੌਰ ਆ ਗਏ। ਫੌਜ ਭੀ ਬਿਗੜਨ ਲੱਗ ਪਈ ਤਾਂ ਸਰਕਾਰ ਨੇ ਅਜੀਤ ਸਿੰਘ ਤੇ ਲਾਜਪਤ ਰਾਏ ਨੂੰ ਫੜ ਕੇ ਬਰਮਾ ਭੇਜ ਦਿਤਾ। ਏਸ ਤੋਂ ਮਗਰੋਂ ਬੰਗਾਲ ਵਿਚ ਬੜਾ ਕੰਮ ਹੋਇਆ।

ਦੱਖਣੀ ਅਫਰੀਕਾ ਵਿਚ ਹਿੰਦੀਆਂ ਨੇ ਏਕਾ ਕਰਕੇ ਸਾਫ ਕਹਿ ਦਿਤਾ ਕਿ ਅਸੀਂ ਬੇਇਜ਼ਤ ਕੌਮ ਦੀ ਤਰ੍ਹਾਂ ਰਹਿਣਾ ਪਸੰਦ ਨਹੀਂ ਕਰਾਂਗੇ ਅਤੇ ਕਾਨੂੰਨ ਨੂੰ ਨਾ ਮੰਨਣ ਕਰਕੇ ਸੈਂਕੜੇ ਆਦਮੀ ਜੇਲਖਾਨੇ ਵਿਚ ਭੇਜੇ ਗਏ, ਛੇਕੜ ਫੇਰ ਛੱਡਣੇ ਪਏ।

ਏਸ ਤੋਂ ਮਗਰੋਂ ਬੰਗਾਲ ਦੇ ਸੂਰੇ ਹੇਮ ਚੰਦਰ ਨੇ ਪੈਰਸ ਵਿਚ ਜਾ ਕੇ ਬੰਬ ਬਣਾਉਣੇ ਸਿਖੇ। ਕਲਕੱਤੇ ਆ ਕੇ ਹੋਰ ਆਦਮੀਆਂ ਨੂੰ ਸਖਾਉਣ ਲੱਗ ਪਿਆ। 20 ਮਈ 1909 ਨੂੰ ਮੁਜੱਫਰਪੁਰ ਬੰਗਾਲ ਵਿਚ ਪਹਿਲਾ ਬੰਬ ਪਿਆ। ਏਸ ਬੰਬ ਦੀ ਅਵਾਜ਼ ਨਾਲ ਅੰਗਰੇਜ਼ਾਂ ਦੇ ਹੋਸ਼ ਉਡ ਗਏ। ਸਭ ਨੂੰ ਪਕੜਨ ਲੱਗ ਪਏ। ਫੇਰ ਕੀ ਸੀ, ਦੇਸ਼ ਅੰਦਰ ਸਾਰਾ ਪ੍ਰਚਾਰ ਬੰਦ ਹੋ ਗਿਆ। ਅਖਬਾਰ ਬੰਦ ਕਰ ਦਿਤੇ। ਲਿਖਣ ਵਾਲਿਆਂ ਨੂੰ ਸਜ਼ਾ ਦੇ ਦਿਤੀ। ਲੈਕਚਰ ਦੇਣ ਵਾਲੇ ਕਾਲੇ ਪਾਣੀ ਭੇਜ ਦਿਤੇ। ਤਿਲਕ ਨੂੰ ਛੇ ਸਾਲ ਦੀ ਜੇਲ੍ਹ ਦੇ ਦਿਤੀ। ਮਹਾਤਮਾ ਅਰਬਿੰਦੋ ਘੋਸ਼ ਤੇ ਮੁਕੱਦਮਾ ਚਲਾ ਕੇ ਐਵੇਂ ਬਿਨਾਂ ਕਸੂਰ ਇਕ ਸਾਲ ਹਵਾਲਾਤ ਰੱਖਿਆ। ਬਨਸ ਗੋਪਾਲ ਨਾਮੇ ਇਕ ਲਾਹੌਰ ਦੇ ਰਹਿਣ ਵਾਲੇ ਗੱਭਰੂ ਨੂੰ ਸੱਤ ਸਾਲ ਦੇ ਕਾਲੇ ਪਾਣੀ ਦੇ ਦਿਤੇ। ਬਸ ਅੰਗਰੇਜ਼ਾਂ ਨੇ ਸਭ ਨੂੰ ਚੁਪ ਕਰਾ ਦਿਤਾ।

ਪਰ ਜ਼ਾਲਮ ਹਮੇਸ਼ਾ ਗਲਤੀ ਕਰਦਾ ਹੈ। ਉਹਦੀ ਹਰ ਇਕ ਚਾਲ ਉਲਟੀ ਹੀ ਪੈਂਦੀ ਹੈ। ਹਰ ਇਕ ਤਦਬੀਰ ਸੁਆਹ ਹੋ ਜਾਂਦੀ ਹੈ। ਏਸ ਹਿਲ ਜੁਲ ਵਿਚ ਕੁਝ ਦੇਸ਼ ਭਗਤ ਭੇਦੀਆਂ ਤੇ ਸਰਕਾਰ ਦੇ ਜਾਲ ਨੂੰ ਤੋੜ ਕੇ ਬਾਹਰ ਦੇਸ਼ਾਂ ਵਿਚ ਚਲੇ ਗਏ। ਅਤੇ ਅੰਗਰੇਜ਼ ਦੇਖਦੇ ਰਹਿ ਗਏ। ਅਰਬਿੰਦੋ ਘੋਸ਼ ਤਾਂ ਫਰੰਚਾਂ ਦੇ ਪਾਡੀਚਰੀ ਵਿਚ ਚਲੇ ਗਏ। ਜਿਥੇ ਅੰਗਰੇਜ਼ ਬਾਲ ਬਿੰਗਾ ਵੀ ਨਹੀਂ ਕਰ ਸਕਦੇ। ਸੂਫੀ ਅੰਬਾ ਪ੍ਰਸਾਦ ਤੇ ਅਜੀਤ ਸਿੰਘ ਫਾਰਸ ਚਲੇ ਗਏ। ਸ਼ਾਮ ਜੀ ਕ੍ਰਿਸ਼ਨ ਵਰਮਾ ਜਿਹੜੇ ਲੰਦਨ ਵਿਚ ਰਹਿੰਦੇ ਸੀ, ਪੈਰਸ ਚਲੇ ਗਏ। ਮੈਡਮ ਕਾਮਾ ਨੇ ਸਵਿਟਜ਼ਰਲੈਂਡ ਵਿਚ ਬੰਦੇ ਮਾਤਰਮ ਅਖਬਾਰ ਕਢਨਾ ਸ਼ੁਰੂ ਕਰ ਦਿਤਾ। ਸੂਫੀ ਅੰਬਾ ਪ੍ਰਸਾਦ ਨੇ ਫਾਰਸ ਵਿਚ ਹੀ ਉਥੇ ਦੇ ਲੋਕਾਂ ਨੂੰ ਅਖਬਾਰ ਕੱਢ ਕੇ ਅੰਗਰੇਜ਼ਾਂ ਦੇ ਬਰਖਿਲਾਫ ਕਰ ਦਿਤਾ।

ਹੁਣ ਏਸੇ ਫੌਜ ਦਾ ਇਕ ਜਥਾ ਮਿਰਕਨ ਵਿਚ ਵੀ ਆ ਪੁਜਾ ਹੈ। ਗੁਲਾਮੀ ਦੇ ਪੰਜਾਬ ਵਿਚੋਂ ਨਿਕਲ ਕੇ ਕੈਲੇਫੋਰਨੀਆ ਦੂਜਾ ਪੰਜਾਬ ਟੋਲਿਆ ਹੈ। ਏਥੇ ਭਰਾਵਾਂ ਨਾਲ ਸਾਫ ਖੁਲੀਆਂ ਬਾਤਾਂ ਕਰ ਸਕਦੇ ਹਾਂ। ਏਥੇ ਭੀ ਸਾਰੇ ਭਾਈਆਂ ਵਿਚ ਬਹੁਤ ਜੋਸ਼ ਦਿਸਦਾ ਹੈ। ਜਿਹੜਾ ਦੇਸ਼ ਵਿਚ ਹੈ। ਏਥੇ ਖੁਲੇ ਲੈਕਚਰ ਦੇ ਸਕਦੇ ਹਾਂ। ਏਥੇ ਹੀ ਏਸ ਜੰਗ ਵਿਚ ਹਮਲਾ ਕਰਨਾ ਹੈ। ਸਰੀਰ ਭਾਵੇਂ ਦੇਸ਼ ਤੋਂ ਦੂਰ ਹੈ ਪਰ ਦਿਲ ਵਤਨ ਵਿਚ ਹੈ।


"ਭਾਵਾਂ ਹੋਏ ਕੋਸ ਕਰੋੜ ਦੂਰ ਤੈਥੋਂ,  
ਦਿਲ ਤੇਰੇ ਹੀ ਵਿਚ ਹੈ ਮਾਤਾ।  
ਉਥੇ ਜਾਨਣ ਦਾਸ ਗਰੀਬ ਭਾਈ,  
ਦਿਲ ਜਿਸ ਦੇ ਹੀ ਵਿਚ ਹੈ ਮਾਤਾ।"

ਹੁਣ ਲੜਾਈ ਤੁਰੀ ਰਹਿਣ ਦੀ ਖਾਤਰ ਅਖਬਾਰ ਚਲਾਉਣਾ ਜ਼ਰੂਰੀ ਹੈ। ਏਥੇ ਕਿਤਾਬਾਂ ਛਾਪੀਆਂ ਜਾਣ ਅਤੇ ਦੇਸ ਭੀ ਭੇਜੀਆਂ ਜਾਣ ਅਤੇ ਜੰਗੀ ਕੰਮ ਸਿਖੇ ਜਾਨ। ਦੂਜੀ ਕੌਮਾਂ ਦੀ ਮਦਦ ਮੰਗੀ ਜਾਵੇ। ਏਸ ਕੰਮ ਦੀ ਖਾਤਰ ਇਕ ਸਭਾ ਬਣਾਈ ਗਈ ਹੈ। ਜਿਸ ਦਾ ਨਾਓ, 'ਪੈਸੀਫਿਕ ਕੋਸਟ ਹਿੰਦੀ ਸਭਾ' ਰਖਾ ਗਿਆ ਹੈ। ਪੋਰਟ ਲੈਂਡ, ਅਸਟੋਰੀਆ, ਸੇਂਟ ਜਾਨ, ਸੈਕਰਾਮਿੰਟੋ ਅਤੇ ਬਰੇਡਰਵੀਲ ਵਿਚ ਏਸ ਦੇ ਜਥੇ ਹਨ। ਦੇਸ਼ ਭਗਤਾਂ ਨੇ ਰੂਪੈਏ ਦਿਤੇ ਹਨ। ਸਾਨ ਫਰਾਂਸਿਸਕੋ ਵਿਚ ਜੁਗਾਂਤਰ ਆਸ਼ਰਮ ਬਣਾਇਆ ਗਿਆ ਹੈ। ਏਸ ਆਸ਼ਰਮ ਵਿਚ ਅਖਬਾਰ ਛਪਦਾ ਹੈ। ਕਿਤਾਬਾਂ ਵੀ ਛਪਨਗੀਆਂ। ਜਵਾਨ ਪ੍ਰਚਾਰਕ ਤਿਆਰ ਕੀਤੇ ਜਾਂਦੇ ਹਨ। ਅਤੇ ਗਦਰ ਦੀ ਤਿਆਰੀ ਦਾ ਕੰਮ ਅਰੰਭ ਦਿਤਾ ਹੈ। ਏਹੇ ਜਿਹੇ ਆਸ਼ਰਮ ਫਰਾਂਸ, ਜਰਮਨੀ ਤੇ ਹੋਰ ਮੁਲਕਾਂ ਵਿਚ ਬਨਾਏ ਜਾਣਗੇ। ਫੇਰ ਕਿਸੇ ਤਰ੍ਹਾਂ ਦਾ ਡਰ ਨਹੀਂ।

ਏਹ ਆਸ਼ਰਮ ਨਹੀਂ ਹੈ ਕਿਲਾ ਹੈ, ਜਿਸ ਤੋਂ ਅੰਗਰੇਜ਼ੀ ਰਾਜ ਪੁਰ ਗੋਲਾਬਾਰੀ ਸ਼ੁਰੂ ਕੀਤੀ ਗਈ ਹੈ। ਇਹ ਅਖਬਾਰ ਨਹੀਂ ਤੋਪ ਹੈ। ਜਿਸ ਤੋਂ ਕੋਈ ਜ਼ਾਲਮ ਬਚ ਕੇ ਨਹੀਂ ਜਾਵੇਗਾ। ਇਹ ਅਖਬਾਰ ਸਿਆਹੀ ਨਾਲ ਛਪਦਾ ਹੈ। ਪਰ ਜਿਗਰ ਦੇ ਖੂਨ ਨਾਲ ਲਿਖਿਆ ਜਾਂਦਾ ਹੈ। ਏਸ ਵਿਚ ਮਾਮੂਲੀ ਲਿਖਤ ਨਹੀਂ, ਇਹ ਸੰਤਾਂ ਤੇ ਸੂਰਬੀਰਾਂ ਦੀ ਬਾਣੀ ਹੈ। ਜਿਹੜੀ ਭਾਈਆਂ ਨੂੰ ਜਗਾਉਗੀ। ਇਹ ਪ੍ਰੇਮੀ ਸੁਨੇਹਾ ਹਜ਼ਾਰਾਂ ਮੀਲ ਸਮੁੰਦਰ ਪਾਰ ਜਾ ਕੇ ਦਿਲਾਂ ਤੇ ਅਸਰ ਕਰੇਗਾ। ਏਹ ਸ਼ਬਦ ਚਿੜੀਆਂ ਨੂੰ ਬਾਜ਼ ਬਣਾਉਗਾ ਅਤੇ ਲੋਭ, ਮੋਹ, ਹੰਕਾਰ, ਮੂਰਖਤਾ ਅਤੇ ਡਰ ਨੂੰ ਦੂਰ ਕਰਕੇ ਦੇਸ ਨੂੰ ਗਦਰ ਦੀ ਖਾਤਰ ਤਿਆਰ ਕਰੂਗਾ। ਜੇਹੜਾ ਮਹਾ ਜੁਗ ਹੋਵੇਗਾ।

ਏਸ ਅਖਬਾਰ ਦਾ ਕੰਮ ਪ੍ਰੇਮ ਨਾਲ ਹੁੰਦਾ ਹੈ। ਲਿਖਣਾ ਛਾਪਣਾ, ਭੇਜਨਾ, ਸਭ ਕੰਮ ਪ੍ਰੇਮੀ ਲੋਕ ਕਰਦੇ ਹਨ। ਕਿਸੇ ਨੂੰ ਮਜੂਰੀ ਨਹੀਂ ਦਿਤੀ ਜਾਂਦੀ। ਏਸ ਤਰ੍ਹਾਂ ਸੰਜਮ ਦੇ ਨਾਲ ਕੰਮ ਚਲ ਸਕਦਾ ਹੈ। ਆਪਣਾ ਛਾਪਾ ਖਰੀਦ ਲਿਆ ਹੈ। ਹਿੰਦੋਸਤਾਨ ਵਿਚ ਕਈ ਲੱਖ ਉਰਦੂ ਤੇ ਗੁਰਮੁਖੀ ਪੜ੍ਹਨ ਵਾਲੇ ਹਨ। ਥੋੜੇ ਅਖਬਾਰਾਂ ਨਾਲ ਕੁਛ ਨਹੀਂ ਬਨ ਸਕਦਾ। ਸਾਨੂੰ ਲੱਖਾਂ ਅਖਬਾਰਾਂ ਦੇਸ਼ ਭੇਜਣੇ ਚਾਹੀਦੇ ਹਨ। ਜੇ ਥੋੜਾ ਚਿਰ ਅਖਬਾਰ ਚਲ ਕੇ ਬੰਦ ਹੋ ਗਿਆ ਤਾਂ ਅੰਗਰੇਜ਼ ਖੁਸ਼ੀ ਮਨਾਉਣਗੇ। ਸਾਨੂੰ ਅਖਬਾਰ ਦੀ ਹਰ ਤਰ੍ਹਾਂ ਮਦਦ ਕਰਨੀ ਚਾਹੀਦੀ ਹੈ।

ਆਓ ਪਿਆਰਿਓ ਵੇਲਾ ਬੀਤਦਾ ਜਾਂਦਾ ਹੈ। ਦੇਸ ਵਿਚ ਜੁਲਮ ਦੀ ਹਦ ਹੋ ਗਈ ਹੈ। ਸਾਰੀ ਦੁਨੀਆਂ ਤੁਹਾਡਾ ਮੂੰਹ ਦੇਖ ਰਹੀ ਹੈ। ਕਿ ਕਦ ਇਹ ਸ਼ੇਰ ਉਠਣ ਤੇ ਕਦ ਅੰਗਰੇਜ਼ਾਂ ਦਾ ਸੱਤਿਆਨਾਸ ਕਰਨ। ਤਨ, ਮਨ, ਧਨ ਸੇ ਵਤਨ ਦੀ ਸੇਵਾ ਕਰੋ। ਸਾਰਿਆਂ ਨੂੰ ਗਦਰ ਦੀ ਖਾਤਰ ਤਿਆਰ ਕਰ ਲਵੋ। ਕਿਸੇ ਦਿਨ ਕਲਮ ਦੀ ਥਾਂ ਬੰਦੂਕ ਤੇ ਸਿਆਹੀ ਦੀ ਥਾਂ ਲਹੂ ਨਾਲ ਕੰਮ ਹੋਵੇਗਾ। ਏਸ ਗਦਰ ਦੀ ਖਾਤਰ ਪ੍ਰਾਰਥਨਾ ਕਰੋ। ਗਲ ਕਰੋ ਤਾਂ ਗਦਰ ਦੀ, ਸੁਪਨਾ ਦੇਖੋ ਤਾਂ ਗਦਰ ਦਾ। ਧਨ ਕਮਾਓ ਤਾਂ ਗਦਰ ਦੀ ਖਾਤਰ, ਅੰਨ ਖਾਓ ਤਾਂ ਗਦਰ ਦੀ ਖਾਤਰ। ਬਸ ਗਦਰ ਦੇ ਸਿਪਾਹੀ ਬਨ ਜਾਵੋ। ***(ਚੱਲਦਾ)***



**ਜੇ ਚਿਤ ਪ੍ਰੇਮ ਖੇਲਣ ਦਾ ਚਾਓ। ਸਿਰ ਧਰ ਤਲੀ ਗਲੀ ਮੋਰੀ ਆਓ।**

## .ਗ਼ਦਰ

**ਜਿਲਦ ਪਹਿਲੀ**
**ਅੰਗਰੇਜ਼ੀ ਰਾਜ ਦਾ ਕੱਚਾ ਚਿੱਠਾ**
**ਮੋਟੀਆਂ ਮੋਟੀਆਂ ਗੱਲਾਂ**

**1. ਅੰਗਰੇਜ਼ ਹਰ ਸਾਲ 50 ਕਰੋੜ ਇੰਗਲੈਂਡ ਨੂੰ ਲੈ ਜਾਂਦੇ ਹਨ। ਜਿਸ ਕਰਕੇ ਅਸੀਂ ਏਤਨੇ ਗਰੀਬ ਹੋ ਗਏ ਹਾਂ ਕਿ ਹਿੰਦੋਸਤਾਨ ਵਿਚ ਪੰਜ ਪੈਸੇ ਦਿਹਾੜੀ ਹੈ।**
**2. ਜ਼ਮੀਨ ਦਾ ਮਾਮਲਾ 65 ਰੁਪਏ ਸੌ ਮਗਰ ਤੋਂ ਜ਼ਿਆਦਾ ਹੈ।**
**3. 24 ਕਰੋੜ ਆਦਮੀਆਂ ਦੀ ਵਿਦਿਆ ਤੇ ਪੌਣੇ ਅੱਠ ਕਰੋੜ ਰੁਪਿਆ ਤੇ ਬੀਮਾਰੀਆਂ ਦੇ ਰੋਕਣ ਪਰ ਸਿਰਫ 2 ਕਰੋੜ ਪਰ ਫੌਜ ਤੇ 29 ਕਰੋੜ ਰੁਪਿਆ ਖਰਚ ਕੀਤਾ ਜਾਂਦਾ ਹੈ।**
**4. ਅੰਗਰੇਜ਼ੀ ਰਾਜ ਵਿਚ ਕਾਲ ਵਧ ਗਏ ਹਨ ਅਤੇ ਦਸ ਸਾਲ ਵਿਚ 2 ਕਰੋੜ ਆਦਮੀ ਮਰ ਗਏ।**
**5. ਪਲੇਗ ਨਾਲ ਬਰਸਾਂ ਵਿਚ ਅੱਸੀ ਲੱਖ ਮੌਤਾਂ ਹੋਈਆਂ ਹਨ।**
**6. ਹਿੰਦੋਸਤਾਨੀ ਰਿਆਸਤਾਂ ਵਿਚ ਫਸਾਦ ਕਰਾਉਣੇ ਅਤੇ ਆਪਣਾ ਡਰ ਬਣਾਉਣਾ ਅੰਗਰੇਜ਼ਾਂ ਦਾ ਕੰਮ ਹੈ।**
**7. ਅੰਗਰੇਜ਼ਾਂ ਨੂੰ ਹਿੰਦੋਸਤਾਨੀ ਆਦਮੀਆਂ ਨੂੰ ਮਾਰਨ ਅਤੇ ਹਿੰਦੋਸਤਾਨੀ ਤ੍ਰੀਮਤਾਂ ਦੀ ਇਜ਼ਤ ਖਰਾਬ ਕਰਨ ਦੀ ਕੋਈ ਸਜ਼ਾ ਨਹੀਂ ਦਿੱਤੀ ਜਾਂਦੀ।**
**8. ਹਿੰਦੂ, ਮੁਸਲਮਾਨਾਂ ਦੇ ਪੈਸੇ ਨਾਲ ਇਸਾਈਆਂ ਨੂੰ ਮਦਦ ਦਿੱਤੀ ਜਾਂਦੀ ਹੈ।**
**9. ਹਿੰਦੂ, ਮੁਸਲਮਾਨਾਂ ਵਿਚ ਹਮੇਸ਼ਾ ਫਸਾਦ ਕਰਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।**
**10. ਹਿੰਦੋਸਤਾਨ ਦੇ ਰੁਪੈਏ ਨਾਲ**

**ਨੰਬਰ ਪਹਿਲਾ**
**ਲੇਖਾਂ ਦੀ ਲੜੀ**



| ਲੇਖ | ਪੰਨਾ |
|---|---|
| 1. ਸਾਡਾ ਕੰਮ ਸਾਡਾ ਨਾਓ | 2 |
| 2. ਅੰਗਾਂ ਦੀ ਗਵਾਹੀ | 6 |
| 3. ਸਿੱਖ ਅਤੇ ਗਵਰਮਿੰਟ | 4 |
| 4. ਤਵਾਰੀਖ ਗਦਰ 1857 | 5 |
| 5. ਮਿਰਕਣੀਏ ਦੀ ਕਹਿੰਦੇ ਹਨ | 7 |
| 6. ਹੁਣ ਤਾਂ ਚੰਦ ਬਣ ਗਈਆਂ | 7 |
| 7. ਸੁਤਿਆ ਜਾਗ ਸ਼ੇਰਾ (ਝੋਕ) | 8 |
| 8. ਨੋਟ:- | 8 |



**ਸਾਰੇ ਚਿੱਠੀ ਪੱਤਰ ਤੇ ਮਾਇਆ ਦਾ ਦਾਨ ਹੇਠ ਲਿਖੇ ਪਤੇ ਤੇ ਆਉਣ।**
**ਸਕੱਤਰ; ਯੁਗਾਂਤਰ ਆਸ਼ਰਮ**
**ਸਾਨ ਫਰਾਂਸਿਸਕੋ**

The Secretary,
Yugantar Ashram
San Francisco
California
USA.

*ਪੰਜਾਬੀ ਵਿਚ ਛਪੇ 'ਗਦਰ' ਅਖਬਾਰ ਦੇ ਪਹਿਲੇ ਅੰਕ ਦਾ ਪਹਿਲਾ ਸਫਾ ਅਤੇ (ਸੱਜੇ) ਇਸ ਪਹਿਲੇ ਸਫੇ ਦਾ ਹੂ-ਬ-ਹੂ ਉਤਾਰਾ।*

# ਜਿਹੜੇ ਲੱਗਣ ਨਾ ਦਿੰਦੇ 'ਵਾ ਤੱਤੀ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਮੀਤੋ ਨੇ ਪੁੱਤਰ ਨੂੰ ਜਨਮ ਦਿੰਦਿਆਂ ਕਿਹਾ, "ਦਲੀਪੋ ਭੈਣ, ਮੇਰੇ ਬਿਰਜੂ ਦਾ ਖਿਆਲ ਰੱਖੀਂ, ਪੁੱਤ ਦਾ ਸੁੱਖ ਸ਼ਾਇਦ ਮੇਰੇ ਕਰਮਾਂ 'ਚ ਨਹੀਂ। ਮੈਂ ਪੁੱਤ ਨੂੰ ਠੰਢੀਆਂ ਛਾਂਵਾਂ ਨਾ ਕਰ ਸਕਾਂ, ਪਰ ਤੂੰ ਇਸ ਨੂੰ ਤੱਤੀ 'ਵਾ ਨਾ ਲੱਗਣ ਦੇਈਂ। ਇਹ ਤੇਰੀਆਂ ਦੋਵਾਂ ਧੀਆਂ ਦਾ ਵੀਰ ਬਣ ਕੇ ਬਹੁੜਿਆ ਹੈ।"

"ਮੀਤੋ ਭੈਣ, ਤੈਨੂੰ ਕੁਝ ਨਹੀਂ ਹੁੰਦਾ। ਫਿਕਰ ਨਾ ਕਰ, ਅਸੀਂ ਤੈਨੂੰ ਮਰਨ ਨਹੀਂ ਦਿੰਦੇ।" ਪਰ ਮੀਤੋ ਨੇ ਦਲੀਪੋ ਤੋਂ 'ਹਾਂ' ਕਰਵਾ ਕੇ ਧੁਰ ਦੀ ਟਿਕਟ ਲੈ ਲਈ। ਪਤਾ ਨਹੀਂ ਡਾਕਟਰਾਂ ਜਾਂ ਨਰਸਾਂ ਦੀ ਅਣਗਹਿਲੀ ਸੀ, ਜਾਂ ਫਿਰ ਮੀਤੋ ਦੇ ਸਾਹ ਹੀ ਇੰਨੇ ਸਨ। ਉਹ ਪੁੱਤ ਦਾ ਮੂੰਹ ਵੀ ਨਾ ਦੇਖ ਸਕੀ।

ਵਰਿਆਮ ਸਿੰਘ ਦੇ ਦੋ ਪੁੱਤ ਸਨ-ਵੱਡਾ ਹਰਨੇਕ ਸਿੰਘ ਤੇ ਛੋਟਾ ਦੇਵ। ਹਰਨੇਕ ਦਾ ਵਿਆਹ ਹੋ ਗਿਆ, ਪਰ ਦੇਵ ਨੂੰ ਕੋਈ ਰਿਸ਼ਤਾ ਨਹੀਂ ਆਇਆ। ਉਸ ਦੀ ਬੋਲੀ ਬੜੀ ਰੁੱਖੀ ਸੀ ਤੇ ਕਿਸੇ ਨਾਲ ਮੇਲ-ਮਿਲਾਪ ਵੀ ਬਹੁਤਾ ਨਹੀਂ ਸੀ। ਉਂਜ ਦਿਲ ਦਾ ਭਲਾ ਬੰਦਾ ਸੀ। ਵਿਆਹ ਵਾਲੀ ਵੱਤ ਲੰਘਣ ਲੱਗੀ ਤਾਂ ਵਰਿਆਮ ਸਿੰਘ ਨੇ ਵੱਡੀ ਨੂੰਹ ਦਲੀਪੋ ਨੂੰ ਕਿਹਾ, "ਦਲੀਪ ਕੁਰੇ, ਦੇਵ ਲਈ ਆਪਣੀ ਛੋਟੀ ਭੈਣ ਮੀਤੋ ਦਾ ਰਿਸ਼ਤਾ ਲੈ ਆ, ਦੋਵੇਂ ਭੈਣਾਂ ਮੌਜਾਂ ਕਰਨਗੀਆਂ। ਰਲ-ਮਿਲ ਸਮਾਂ ਕੱਢ ਲੈਣਗੀਆਂ। ਜੇ ਕੋਈ ਹੋਰ ਬਿਗਾਨੀ ਆ ਗਈ, ਕੀ ਪਤਾ ਆਉਂਦੀ ਹੀ ਵਿਹੜੇ ਕੰਧ ਕਢਵਾ ਦੇਵੇ।"

"ਕੋਈ ਨਾ ਬਾਪੂ ਜੀ, ਅਸੀਂ ਜਾ ਕੇ ਬੇਬੇ ਬਾਪੂ ਨਾਲ ਗੱਲ ਤੋਰ ਕੇ ਦੇਖ ਲਵਾਂਗੇ।" ਦਲੀਪੋ ਨੇ ਸਹੁਰੇ ਨੂੰ ਹਲੀਮੀ ਨਾਲ ਉਤਰ ਦਿਤਾ।

ਚੜ੍ਹੇ ਫੱਗਣ ਮਹੀਨੇ ਦਲੀਪੋ ਹਰਨੇਕ ਨੂੰ ਨਾਲ ਲੈ ਕੇ ਪੇਕੇ ਜਾ ਪਹੁੰਚੀ। ਆਪਣੇ ਬੇਬੇ ਬਾਪੂ ਤੋਂ ਮੀਤੋ ਦਾ ਹੱਥ ਮੰਗ ਲਿਆ ਤੇ ਆਣ ਕੇ ਰੁਪਿਆ ਸਹੁਰੇ ਦੀ ਤਲੀ ਉਤੇ ਰੱਖ ਦਿਤਾ।

"ਬਾਪੂ ਜੀ! ਕਰਲੋ ਵਿਆਹ ਦੀ ਤਿਆਰੀ।" ਦੇਵ ਹੁਣ ਦਿਉਰ ਤੋਂ ਜੀਜਾ ਬਣ ਗਿਆ। ਵਰਿਆਮ ਸਿੰਘ ਤੋਂ ਚਾਅ ਚੁੱਕ ਨਾ ਹੋਵੇ। ਵਿਹੜੇ ਵਿਚ ਖੁਸ਼ੀਆਂ ਡੁੱਲ੍ਹ-ਡੁੱਲ੍ਹ ਪੈਂਦੀਆਂ। ਬੜੇ ਸਾਦੇ ਢੰਗ ਨਾਲ ਦੇਵ ਦਾ ਮੰਗਣਾ ਕਰ ਦਿਤਾ। ਵਿਆਹ ਅਗਲੇ ਸਾਲ ਫੱਗਣ ਦਾ ਰੱਖ ਦਿਤਾ। ਮੰਗਣੇ ਪਿਛੋਂ ਦੇਵ ਦੇ ਸੁਭਾਅ 'ਚ ਹਲੀਮੀ ਆਉਣ ਲੱਗੀ। ਉਹ ਸਭ ਨੂੰ ਹੱਸ ਕੇ ਬੁਲਾਉਣ ਲੱਗਾ। ਹਰਨੇਕ ਨੇ ਵੀ ਛੋਟੇ ਭਰਾ ਲਈ ਨਵੀਂ ਬੈਠਕ ਬਣਾਉਣੀ ਸ਼ੁਰੂ ਕਰ ਦਿਤੀ। ਮੱਕੀ ਤੇ ਕਪਾਹ ਦੀ ਫਸਲ ਚੰਗੀ ਹੋ ਗਈ ਸੀ। ਵਰਿਆਮ ਸਿੰਘ ਕਪਾਹ ਵੇਚਣ ਜਗਰਾਉਂ ਨੂੰ ਰੇੜ੍ਹੀ ਜੋੜ ਰਿਹਾ ਸੀ ਕਿ ਦੇਵ ਨੇ ਤਰਲਾ ਕੀਤਾ, "ਬਾਪੂ ਜੀ! ਮੈਂ ਵੀ ਚੱਲਦਾਂ ਨਾਲ, ਸਾਈਕਲ 'ਤੇ ਪਿੱਛੇ-ਪਿੱਛੇ। ਕੋਈ ਪੰਡ ਨਾ ਖਿਸਕੇ, ਧਿਆਨ ਰੱਖੂੰ।" ਬਾਪੂ ਨੇ ਹਾਂ ਕਰ ਦਿਤੀ।

ਦੇਵ ਨੇ ਦਾੜ੍ਹੀ ਦੇ ਖਤ ਪਹਿਲਾਂ ਹੀ ਕਢਵਾਏ ਹੋਏ ਸੀ, ਚਾਦਰਾ ਤੇ ਕੁੜਤਾ ਪਾਇਆ, ਪੱਗ ਝੋਲੇ ਵਿਚ ਪਾ ਸਾਈਕਲ ਦੇ ਹੈਂਡਲ ਨਾਲ ਬੰਨ੍ਹ ਦਿਤੀ। ਜਗਰਾਵੀਂ ਪੰਡਾਂ ਲੁਹਾ ਕੇ, ਤੇ ਬਾਪੂ ਨੂੰ ਕੋਲ ਬਿਠਾ ਕੇ ਉਹ ਲਾਗੇ ਆਪਣੇ ਸਹੁਰਿਆਂ ਦੇ ਪਿੰਡ ਜਾ ਪਹੁੰਚਿਆ। ਦੇਵ ਦੇ ਸਹੁਰਿਆਂ ਦਾ ਖੇਤ ਸੂਏ ਤੋਂ ਹੀ ਦਿਸ ਪੈਂਦਾ ਸੀ। ਦੇਵ ਨੇ ਦੇਖਿਆ ਕਿ ਸਾਰਾ ਟੱਬਰ ਕਪਾਹ ਦੀ ਪਿਛਲੀ ਵਾਰੀ ਚੁਗ ਰਿਹਾ ਹੈ ਤੇ ਮੀਤੋ ਘਰੇ ਇਕੱਲੀ ਹੋਵੇਗੀ। ਉਸ ਨੇ ਪਾਣੀ ਦਾ ਸ਼ੀਸ਼ਾ ਬਣਾ ਕੇ ਪੱਗ ਬੰਨ੍ਹ ਲਈ। ਸਹੁਰਿਆਂ ਦੇ ਘਰ ਮੂਹਰੇ ਦੀ ਦੋ ਵਾਰ ਲੰਘਿਆ, ਤੇ ਅੰਦਰ ਜਾ ਵੜਿਆ। ਮੀਤੋ ਸ਼ਾਮ ਦੀ ਚਾਹ ਬਣਾਉਣ ਲੱਗੀ ਸੀ। ਉਹ ਦੇਵ ਨੂੰ ਦੇਖ ਕੇ ਬੋਲੀ, "ਵੇ ਦੇਵ ਤੂੰ!"

"ਤੂੰ ਨਹੀਂ ਕਮਲੀਏ... ਤੁਸੀਂ। ਹੁਣ ਮੈਂ ਤੁਹਾਡਾ ਹੋਣ ਵਾਲਾ ਪਤੀ ਹਾਂ।" ਇਹ ਕਹਿੰਦਿਆਂ ਦੇਵ ਨੇ ਮੀਤੋ ਨੂੰ ਗਲਵੱਕੜੀ ਪਾ ਲਈ।

"ਵੇ ਆਹ ਕੀ ਕਰਦਾਂ! ਅਜੇ ਸੌਦਾ ਤੈਅ ਹੋਇਐ, ਕਬਜ਼ਾ ਨਹੀਂ ਦਿਤਾ", ਮੀਤੋ ਨੇ ਕਿਹਾ, "ਨਾ ਤੂੰ ਆਇਆ ਕੀ ਕਰਨ ਐਂ? ਕੁਆਰੇ ਨਾਤੇ ਸਹੁਰੀਂ ਨਹੀਂ ਆਈਦਾ, ਮਾੜਾ ਹੁੰਦੈ।"

"ਮੀਤੋ! ਮੈਂ ਤਾਂ ਤੇਰੇ ਦਰਸ਼ਨ ਕਰਨ ਆਇਆਂ। ਸਹੁੰ ਲੱਗੇ ਬਾਬੇ ਦੀ, ਜਿਦਣ ਦਾ ਮੂੰਹ ਛੁਹਾਰਾ ਪਿਆ, ਮੇਰਾ ਤਾਂ ਦਿਲ ਨਹੀਂ ਲੱਗਦਾ। ਤੂੰ ਬੇਸ਼ੱਕ ਅੱਜ ਹੀ ਨਾਲ ਚੱਲ ਪੈ।" ਦੇਵ ਨੇ ਮੀਤੋ ਦੀ ਬਾਂਹ ਫੜ ਕੇ ਹਿੱਕ ਨਾਲ ਲਾਉਂਦਿਆਂ ਕਿਹਾ।

"ਭੈਣ ਦੱਸਦੀ ਸੀ ਕਿ ਹੁਣ ਤਾਂ ਚੌਵੀ ਘੰਟੇ ਮੂੰਹ ਮਿਸ਼ਰੀ ਪਾਈ ਰੱਖਦੈਂ, ਨਹੀਂ ਤਾਂ ਪਹਿਲਾਂ ਕਰੇਲਿਆਂ ਦੇ ਬੀ ਚੱਬਦਾ ਰਹਿੰਦਾ ਸੀ।" ਮੀਤੋ ਨੇ ਦੇਵ ਦੀ ਬੋਲੀ ਵਿਚ ਆਏ ਫਰਕ ਬਾਰੇ ਦੱਸਦਿਆਂ ਗੱਲ ਹੋਰ ਪਾਸੇ ਟਾਲ ਦਿਤੀ।

ਦੇਵ ਨੇ ਮੀਤੋ ਨਾਲ ਪਿਆਰ ਦੀਆਂ ਹੋਰ ਗੱਲਾਂ ਕੀਤੀਆਂ ਤੇ ਚਾਹ ਪੀ ਕੇ ਤੁਰਨ ਲੱਗਿਆ ਲਿਫਾਫਾ ਕੱਢ ਕੇ ਕਹਿੰਦਾ, "ਮੀਤੋ, ਆ ਫੜ ਆਗਰੇ ਦਾ ਪੇਠਾ, ਜਗਰਾਵਾਂ ਤੋਂ ਲਿਆਇਆ ਸੀ ਤੇਰੇ ਲਈ।" ਮੀਤੋ ਨੇ ਇਕ ਪੀਸ ਦੇਵ ਦੇ ਮੂੰਹ ਪਾ ਦਿਤਾ ਤੇ ਦੇਵ ਨੇ ਮੀਤੋ ਦੇ ਮੂੰਹ 'ਚ ਪਾਉਂਦਿਆਂ ਉਸ ਦੀ ਗੱਲ੍ਹ ਵੀ ਜੂਠੀ ਕਰ ਦਿਤੀ। ਉਹ ਸ਼ਰਮ ਨਾਲ ਅੰਦਰ ਵੜ ਗਈ ਤੇ ਦੇਵ ਨੇ ਪੈਡਲ ਮਾਰਨੇ ਸ਼ੁਰੂ ਕਰ ਦਿਤੇ। ਬਾਪੂ ਕਹਿੰਦਾ, ਤੂੰ ਕਿਥੇ ਤੁਰ ਗਿਆ ਸੀ। ਕਹਿੰਦਾ, ਸ਼ਹਿਰੋਂ ਸਾਈਕਲ ਗਰੀਸ ਕਰਵਾ ਕੇ ਲਿਆਇਆਂ। ਦੇਵ ਦੇ ਖਿੜੇ ਚਿਹਰੇ ਨੂੰ ਦੇਖ ਕੇ ਬਾਪੂ ਨੇ ਕਿਹਾ, "ਮੈਨੂੰ ਸਭ ਪਤੈ...।"

ਫਿਰ ਚੜ੍ਹਦੇ ਫੱਗਣ ਦੇਵ ਤੇ ਮੀਤੋ ਦਾ ਵਿਆਹ ਹੋ ਗਿਆ। ਮੀਤੋ ਨੂੰ ਸਹੁਰਾ ਘਰ ਬਿਲਕੁਲ ਓਪਰਾ ਨਾ ਲੱਗਾ। ਮੰਗਣੇ ਤੋਂ ਪਹਿਲਾਂ ਉਹ ਕਈ-ਕਈ ਦਿਨ ਦਲੀਪੋ ਕੋਲ ਲਾ ਜਾਂਦੀ ਸੀ। ਦੋਵਾਂ ਭੈਣਾਂ ਨੇ ਘਰ ਦਾ ਕੰਮ ਚੁੱਕ ਲਿਆ। ਹਰਨੇਕ ਤੇ ਦੇਵ ਖੇਤਾਂ ਵਿਚ ਕੰਮ ਕਰਦੇ।

ਦਲੀਪੋ ਦਾ ਪੈਰ ਭਾਰਾ ਹੋ ਗਿਆ। ਉਸ ਦੇ ਪਹਿਲਾਂ ਇਕ ਧੀ ਸੀ। ਇਕ ਧੀ ਹੋਰ ਹੋ ਗਈ। ਦੋ-ਚਾਰ ਦਿਨ ਉਦਾਸੀ ਪਿਛੋਂ ਦਲੀਪੋ ਨੇ ਫਿਰ ਕੰਮ ਨੂੰ ਹੱਥ ਪਾ ਲਿਆ। ਦਲੀਪੋ ਦੀ ਧੀ ਅਜੇ ਸਾਲ ਦੀ ਹੋਈ ਸੀ ਜਦੋਂ ਮੀਤੋ ਨੇ ਦਲੀਪੋ ਨੂੰ ਕਿਹਾ ਸੀ, "ਭੈਣ ਜੀ! ਵੀਹ ਦਿਨ ਟੱਪ ਗਏ।" ਦਲੀਪੋ ਨੇ ਅਰਦਾਸਾਂ ਕੀਤੀਆਂ, ਮੇਰੀ ਭੈਣ ਨੂੰ ਪੁੱਤ ਦੀ ਦਾਤ ਬਖ਼ਸ਼ ਦੇਈਂ। ਸਾਡੇ ਵਿਹੜੇ ਵੀ ਚਿਰਾਗ ਬਲ ਪਵੇ। ਨਹੀਂ ਤਾਂ ਲੋਕਾਂ ਨੇ ਤਾਅਨੇ ਮਾਰਨੇ ਕਿ ਪੱਥਰ ਹੀ ਜੰਮਦੀਆਂ ਨੇ ਦੋਵੇਂ ਭੈਣਾਂ।

ਸਮਾਂ ਲੰਘਿਆ, ਮੀਤੋ ਨੂੰ ਜਣੇਪੇ ਦੀਆਂ ਪੀੜਾਂ ਉਠੀਆਂ। ਉਸ ਨੂੰ ਹਸਪਤਾਲ ਲੈ ਗਏ ਜਿਥੇ ਮੀਤੋ ਪੁੱਤ ਜੰਮ ਕੇ ਸਦਾ ਦੀ ਨੀਂਦ ਸੌਂ ਗਈ।

ਦੇਵ ਦੀ ਦੁਨੀਆਂ ਵੱਸ ਕੇ ਉਜੜ ਗਈ ਸੀ। ਉਹ ਹੁਣ ਪਹਿਲਾਂ ਵਾਲਾ ਦੇਵ ਬਣ ਗਿਆ। ਮੀਤੋ ਦਾ ਭੋਗ ਪਾ ਦਿਤਾ। ਦਲੀਪੋ ਨੇ ਆਪਣਾ ਪੁੱਤ ਵਰਗਾ ਭਾਣਜਾ ਹਿੱਕ ਨਾਲ ਲਾ ਲਿਆ। ਪਤਾ ਨਹੀਂ ਕੀ ਕਰੋਪੀ ਹੋਈ, ਉਸ ਦੀ ਇਕ ਲੱਤ ਸੁੱਕਣ ਲੱਗ ਪਈ। ਇਲਾਜ ਕਰਵਾਇਆ, ਜਦੋਂ ਤੁਰਨ ਲੱਗਾ ਤਾਂ ਲੰਗ ਮਾਰ ਕੇ ਤੁਰਦਾ। ਦਲੀਪੋ ਨੂੰ ਪੁੱਤ ਦੀ ਘਾਟ ਘੱਟ ਮਹਿਸੂਸ ਹੁੰਦੀ, ਪਰ ਭੈਣ ਦੀ ਘਾਟ ਜ਼ਿਆਦਾ ਰੜਕਦੀ ਰਹਿੰਦੀ। ਦੇਵ ਤਾਂ ਹੁਣ ਜ਼ਿਆਦਾ ਸਮਾਂ ਖੇਤ ਹੀ ਰਹਿੰਦਾ। ਵਰਿਆਮ ਸਿੰਘ ਵੀ ਮੀਤੋ ਦੀ ਮੌਤ ਪਿਛੋਂ ਬਹੁਤ ਸਮਾਂ ਸੱਥ ਵਿਚ ਬੈਠਾ ਰਹਿੰਦਾ। ਮੀਤੋ ਦੀ ਮੌਤ ਨੇ ਸਾਰਾ ਪਰਿਵਾਰ ਜਿਵੇਂ ਬਿਖੇਰ ਦਿਤਾ ਹੋਵੇ।

ਬਿਰਜੂ ਸਕੂਲ ਜਾਣ ਲੱਗਾ। ਦਲੀਪੋ ਨੇ ਪੁੱਤ ਦੀ ਤਮੰਨਾ ਨਾਲ ਇਕ ਹੋਰ ਧੀ ਨੂੰ ਜਨਮ ਦਿਤਾ। ਹਰਨੇਕ ਨੇ ਵੀ ਹੁਣ ਰੱਬ ਦੀ ਰਜ਼ਾ ਮੰਨ ਲਈ ਕਿ ਧੀਆਂ ਵੀ ਪੁੱਤਾਂ ਬਰਾਬਰ ਹੁੰਦੀਆਂ ਹਨ।

ਦੇਵ ਪਿੰਡ ਛੱਡ ਕੇ ਨਿਹੰਗ ਸਿੰਘਾਂ ਨਾਲ ਰਲ ਗਿਆ। ਉਹ ਹੁਣ ਘਰੇ ਸਾਲ ਛਿਮਾਹੀ ਹੀ ਆਉਂਦਾ। ਵਰਿਆਮ ਸਿੰਘ ਰੱਬ ਨੂੰ ਪਿਆਰਾ ਹੋ ਗਿਆ। ਬਿਰਜੂ ਛੇ ਜਮਾਤਾਂ ਪੜ੍ਹ ਕੇ ਮੱਝਾਂ ਚਾਰਨ ਲੱਗਾ। ਉਹ ਪਿੰਡ ਦੇ ਸੂਏ ਉਤੇ ਮੱਝਾਂ ਛੱਡ ਲੈਂਦਾ ਤੇ ਸ਼ਾਮ ਨੂੰ ਧਾਰਾਂ ਵੇਲੇ ਲੈ ਆਉਂਦਾ। ਉਸ ਦੀ ਆਵਾਜ਼ ਵਿਚ ਐਨੀ ਮਿਠਾਸ ਸੀ ਕਿ ਜਦੋਂ ਉਹ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਸਾਕਾ ਕਵਿਤਾ ਦੇ ਰੂਪ ਵਿਚ ਸੁਣਾਉਂਦਾ ਤਾਂ ਲੋਕ ਰੁਪਈਆਂ ਦਾ ਮੀਂਹ ਵਰਸਾ ਦਿੰਦੇ। ਹੌਲੀ-ਹੌਲੀ ਉਸ ਨੂੰ ਕੀਰਤਨ ਸਿੱਖਣ ਦੀ ਮਨਸ਼ਾ ਜਾਗੀ। ਉਹ ਗੁਰਦੁਆਰੇ ਕੀਰਤਨ ਸਿੱਖਣ ਲੱਗਾ। ਫਿਰ ਕੀ ਸੀ! ਵਾਜੇ ਤੇ ਰਾਗਾਂ ਵਿਚ ਜਦੋਂ ਕਵਿਤਾ ਪੜ੍ਹਦਾ ਤਾਂ ਲੋਕੀਂ ਉਸ ਨੂੰ ਰੁਪਈਆਂ ਨਾਲ ਲੱਦ ਦਿੰਦੇ। ਉਸ ਦੇ ਅੰਦਰਲੇ ਦਰਦ ਨੂੰ ਮਹਾਂਪੁਰਸ਼ਾਂ ਨੇ ਪਛਾਣ ਲਿਆ ਤੇ ਉਸ ਨੂੰ ਆਪਣੇ ਜਥੇ 'ਚ ਲੈ ਆਏ। ਹੌਲੀ-ਹੌਲੀ ਉਹ ਸਿੰਗਾਪੁਰ, ਇੰਗਲੈਂਡ, ਕੈਨੇਡਾ, ਮਹਾਂਪੁਰਸ਼ਾਂ ਨਾਲ ਕੀਰਤਨ ਕਰਨ ਜਾਣ ਲੱਗਾ। ਇਕ ਵਾਰੀ ਉਹ ਅਮਰੀਕਾ ਜਥੇ ਨਾਲ ਆਇਆ ਤੇ ਕੀਰਤਨ ਕਰਦੇ ਨੇ ਸ਼ਬਦ ਪੜ੍ਹਿਆ, ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮਾਰੇ ਲੇਖੇ॥ ਸ਼ਬਦ ਵਿਚ ਐਨਾ ਦਰਦ ਤੇ ਮਿਠਾਸ ਸੀ ਕਿ ਸੰਗਤ ਵਿਚ ਬੈਠੀ ਇਕ ਲੜਕੀ ਉਸ ਦੀ ਦੀਵਾਨੀ ਹੋ ਗਈ। ਬਾਹਰ ਜਾ ਕੇ ਉਹ ਬਿਰਜੂ ਨੂੰ ਮਿਲੀ ਤੇ ਆਪਣੇ ਘਰਦਿਆਂ ਦੀ ਗੱਲ ਕਰਾਈ। ਬਿਰਜੂ ਨੇ ਆਪਣੀ ਸੁੱਕੀ ਲੱਤ ਵੱਲ ਵੀ ਇਸ਼ਾਰਾ ਕੀਤਾ, ਪਰ ਉਹ ਲੜਕੀ ਨਾ ਡੋਲੀ। ਬਿਰਜੂ ਦਾ ਵਿਆਹ ਉਸ ਲੜਕੀ ਨਾਲ ਹੋ ਗਿਆ ਜੋ ਚੰਗੀ ਨੌਕਰੀ ਕਰਦੀ ਸੀ।

ਬਿਰਜੂ ਨੇ ਮਹਾਂਪੁਰਸ਼ਾਂ ਨਾਲ ਇੰਡੀਆ ਨੂੰ ਮੁੜਨਾ ਚਾਹਿਆ ਤਾਂ ਉਨ੍ਹਾਂ ਕਿਹਾ, "ਬਿਰਜੂ ਸਿਆਂ, ਤੇਰੀ ਮੰਜ਼ਿਲ ਮਿਲ ਗਈ ਹੈ। ਤੂੰ ਇਥੇ ਹੀ ਰਹਿ ਕੇ ਸੰਗਤ ਨੂੰ ਗੁਰੂ ਨਾਲ ਜੁੜਨ ਦਾ ਹੋਕਾ ਦੇ। ਅੰਮ੍ਰਿਤਧਾਰੀ ਹੋ ਕੇ ਗੁਰੂ ਦਾ ਸੱਚਾ ਸਿੰਘ ਬਣ ਜਾ।" ਬਿਰਜੂ ਨੇ ਆਪਣੀ ਘਰਵਾਲੀ ਸਣੇ ਅੰਮ੍ਰਿਤ ਛਕ ਲਿਆ ਤੇ ਅਮਰੀਕਾ ਹੀ ਰਹਿ ਪਿਆ।

ਦਲੀਪੋ ਨੇ ਅਜੇ ਆਪਣੀ ਵੱਡੀ ਧੀ ਹੀ ਵਿਆਹੀ ਸੀ। ਦੋ ਛੋਟੀਆਂ ਅਜੇ ਰਹਿੰਦੀਆਂ ਸਨ। ਬਿਰਜੂ ਨੇ ਚੰਗੇ ਘਰ ਦੇ ਮੁੰਡੇ ਵੇਖ ਕੇ ਉਨ੍ਹਾਂ ਦੋਵਾਂ ਦਾ ਵੀ ਵਿਆਹ ਕਰ ਦਿਤਾ। ਬਿਰਜੂ ਆਪ ਨੌਕਰੀ ਕਰਨ ਲੱਗਾ, ਵਧੀਆ ਘਰ ਲੈ ਲਿਆ। ਹੁਣ ਬਿਰਜੂ ਆਪਣੇ ਪਿਤਾ ਦੇਵ ਨੂੰ ਅਮਰੀਕਾ ਲਿਆਉਣਾ ਚਾਹੁੰਦਾ ਸੀ। ਉਹ ਦੋ ਮਹੀਨੇ ਲਈ ਇੰਡੀਆ ਚਲਾ ਗਿਆ। ਆਪਣੇ ਪਿਤਾ ਨੂੰ ਉਸ ਨੇ ਸਾਬੋ ਕੀ ਤਲਵੰਡੀ ਤੋਂ ਲੱਭ ਲਿਆ। ਪਹਿਲਾਂ ਤਾਂ ਉਹ ਆਉਣ ਲਈ ਮੰਨਿਆ ਨਾ, ਪਰ ਬਿਰਜੂ ਜਥੇਦਾਰ ਤੋਂ ਪ੍ਰਵਾਨਗੀ ਲੈ ਕੇ ਉਸ ਨੂੰ ਵਾਪਸ ਘਰ ਲੈ ਆਇਆ। ਘਰ ਮੁੜ ਖੁਸ਼ੀਆਂ ਨੇ ਫੇਰਾ ਪਾਇਆ। ਬਿਰਜੂ ਆਪਣੇ ਤਾਏ ਹਰਨੇਕ ਅਤੇ ਤਾਈ ਦਲੀਪੋ ਨੂੰ ਵੀ ਅਮਰੀਕਾ ਲੈ ਆਇਆ। ਤਾਏ ਹਰਨੇਕ ਦੇ ਕਹਿਣ ਉਤੇ ਪਿੰਡ ਕੋਠੀ ਪਾ ਦਿਤੀ। ਹੁਣ ਤਾਇਆ ਅਤੇ ਤਾਈ ਪਿੰਡ ਰਹਿੰਦੇ ਹਨ। ਪਿਤਾ ਦੇਵ ਉਸ ਕੋਲ ਅਮਰੀਕਾ ਰਹਿੰਦਾ ਹੈ। ਬਿਰਜੂ ਦੇ ਦੋ ਪੁੱਤ ਹਨ ਤੇ ਸਾਰਾ ਪਰਿਵਾਰ ਖੁਸ਼ ਹੈ।

ਇਕ ਦਿਨ ਦਲੀਪੋ ਬਿਰਜੂ ਨੂੰ ਕਹਿਣ ਲੱਗੀ, "ਬਿਰਜੂ! ਤੇਰਾ ਨਾਂ ਤੇਰੀ ਮਾਂ ਨੇ ਪਹਿਲਾਂ ਹੀ ਰੱਖ ਲਿਆ ਸੀ। ਸਾਡੇ ਵਡੇਰਿਆਂ ਵਿਚ ਇਥੇ ਬਿਰਜੂ ਸੰਤ ਹੋਇਆ ਸੀ। ਤੇਰੀ ਮਾਂ ਤਾਂ ਮੈਨੂੰ ਕਹਿ ਗਈ ਸੀ ਕਿ ਬਿਰਜੂ ਨੂੰ ਤੱਤੀ 'ਵਾ ਨਾ ਲੱਗਣ ਦੇਈਂ, ਪਰ ਪੁੱਤਰਾ! ਤੈਂ ਮੈਨੂੰ ਤੱਤੀ 'ਵਾ ਨਹੀਂ ਲੱਗਣ ਦਿਤੀ। ਤੇਰੇ ਵਰਗੇ ਪੁੱਤ ਤਾਂ ਘਰ-ਘਰ ਜੰਮਣ ਮਾਂਵਾਂ। ਰੱਬ ਰਾਖਾ!

---

# ਚੌਧਰ

**_ਅਸੀਂ ਗੁਰਦੁਆਰੇ ਜਾਂਦੇ ਹਾਂ, ਵਾਹਿਗੁਰੂ ਦਾ ਨਾਂ ਲੈਣ। ਕਹਿਣ ਨੂੰ ਆਪਣੀ ਹਉਮੈ ਮਾਰਨ ਪਰ ਸੱਚ ਇਹ ਹੈ ਕਿ ਜਿੰਨੀ ਹਉਮੈ ਅਸੀਂ ਗੁਰਦੁਆਰੇ ਜਾ ਕੇ ਪਾਲਦੇ ਹਾਂ, ਸ਼ਾਇਦ ਉਨੀ ਕਿਤੇ ਹੋਰ ਨਹੀਂ। ਇਸੇ ਕਰਕੇ ਗੁਰੂ ਘਰਾਂ ਵਿਚ ਲੜਾਈਆਂ ਹੁੰਦੀਆਂ ਹਨ, ਤੇ ਲੱਖਾਂ ਡਾਲਰ ਕੋਰਟ-ਕਚਹਿਰੀਆਂ ਦੇ ਖਾਤੇ ਜਾਂਦਾ ਹੈ। ਇਹ ਗੱਲ ਵੀ ਸੱਚ ਹੈ ਕਿ ਗੁਰਦੁਆਰੇ ਬਹੁਤੀ ਵਾਰ ਕਈ ਲੋਕ ਚੰਗਾ ਲੰਗਰ ਛਕਣ ਅਤੇ ਗੱਪਾਂ ਮਾਰਨ ਹੀ ਪਹੁੰਚਦੇ ਹਨ ਜਾਂ ਫਿਰ ਬੀਬੀਆਂ ਆਪਣੇ ਸੂਟ ਦਿਖਾਉਣ। ਇਸ ਲੇਖ ਵਿਚ ਸ. ਚਰਨਜੀਤ ਸਿੰਘ ਸਾਹੀ ਨੇ ਇਹੋ ਗੱਲਾਂ ਉਭਾਰੀਆਂ ਹਨ। -ਸੰਪਾਦਕ_**



ਚਰਨਜੀਤ ਸਿੰਘ ਸਾਹੀ
ਫੋਨ: 317-430-6545

ਸਨਿਚਰਵਾਰ ਦਾ ਦਿਨ, ਫਰਵਰੀ ਦਾ ਅਖੀਰ। ਦੁਪਹਿਰ ਦਾ ਸਮਾਂ, ਨਿੱਘੀ ਨਿੱਘੀ ਧੁੱਪ ਸਰੀਰ ਨੂੰ ਚੰਗੀ ਲੱਗਦੀ। ਵੈਸੇ ਵੀ ਫਰਵਰੀ ਵਿਚ ਕੈਲੀਫੋਰਨੀਆ ਦਾ ਮੌਸਮ ਸੁਹਾਵਣਾ ਹੋ ਜਾਂਦਾ ਹੈ। ਕੋਈ ਕੋਈ ਅਮਰੀਕਨ ਪਾਰਕ 'ਚ ਸੈਰ ਕਰ ਰਿਹਾ ਸੀ। ਕੇਹਰ ਸਿੰਘ, ਜੋ ਪੰਜਾਬ ਦੇ ਸਰਕਾਰੀ ਸਕੂਲ ਤੋਂ ਹੈਡ ਮਾਸਟਰੀ ਦੀ ਰਿਟਾਇਰਮੈਂਟ ਲੈ ਕੇ ਪੰਦਰਾਂ ਕੁ ਸਾਲ ਪਹਿਲਾਂ ਬੇਟੀ ਦੇ ਜ਼ਰੀਏ ਟੱਬਰ ਸਮੇਤ ਅਮਰੀਕਾ ਆਇਆ ਸੀ, ਕਾਫੀ ਹੰਢਿਆ ਤੇ ਸ਼ਾਂਤ ਸੁਭਾਅ ਵਾਲਾ ਮਨੁੱਖ ਸੀ। ਨਾਲ ਕੁਝ ਹੋਰ ਪੰਜਾਬੀ ਬਜ਼ੁਰਗ ਪਾਰਕ ਦੀ ਬੈਂਚ 'ਤੇ ਬੈਠੇ ਉਚੀ ਆਵਾਜ਼ 'ਚ ਬਹਿਸ ਰਹੇ ਸਨ। ਕੋਲੋਂ ਲੰਘਣ ਵਾਲਿਆਂ ਨੂੰ ਸ਼ੱਕ ਹੋ ਰਿਹਾ ਸੀ, ਸ਼ਾਇਦ ਲੜ ਰਹੇ ਹਨ।

ਕੇਹਰ ਸਿੰਘ ਲੰਘੇ ਐਤਵਾਰ ਗੁਰਦੁਆਰੇ 'ਚ ਚੱਲੀਆਂ ਕਿਰਪਾਨਾਂ ਤੇ ਲਾਠੀਆਂ ਤੋਂ ਬਹੁਤ ਦੁਖੀ ਸੀ। ਇਸੇ ਮਸਲੇ ਨੂੰ ਲੈ ਕੇ ਬਹਿਸ ਹੋ ਰਹੀ ਸੀ। ਲਹਿੰਬਰ ਸਿੰਘ ਬੋਲਿਆ, "ਬਈ ਕੇਹਰ ਸਿਹਾਂ, ਤੂੰ ਵੀ ਕਮੇਟੀ 'ਚ ਰਿਹਾਂ, ਤੂੰ ਹੀ ਦੱਸ ਕੋਈ ਗੁਰੂ ਘਰ ਬਚਿਆ ਹੋਣਾ, ਜਿੱਥੇ ਨਿੱਤ ਛਿੱਤਰੋ-ਛਿੱਤਰੀ ਨਹੀਂ ਹੁੰਦੇ।"

ਕੇਹਰ ਸਿੰਘ ਦੇ ਜਵਾਬ ਤੋਂ ਪਹਿਲਾਂ ਹੀ ਕੋਲ ਬੈਠਾ ਕਾਮਰੇਡ ਬਚਿੱਤਰ ਸਿੰਘ ਬੋਲ ਪਿਆ, "ਬਾਈ ਜੀ, ਆਪਾਂ ਤਾਂ ਛੇ ਦਿਨ ਕਰਦੇ ਆਂ ਹੱਡ ਭੰਨਵੀਂ ਮਿਹਨਤ। ਨਾ ਕਰੀਏ ਕਿਸੇ ਨਾਲ ਧੋਖਾ, ਨਾ ਫਰੇਬ। ਕਿਸੇ ਦਾ ਹੱਕ ਮਾਰਦੇ ਨਹੀਂ, ਆਪਣਾ ਛੱਡਦੇ ਨਹੀਂ। ਇਕ ਦਿਨ ਛੁੱਟੀ, ਉਸ ਦਿਨ ਢੋਲੇ ਦੀਆਂ ਲਾਈ ਦੀਆਂ, ਦੋ ਹਾੜੇ ਲਾ ਕੇ।"

"ਯਾਰ ਤੁਹਾਡਾ ਕੀ ਆ, ਤੁਸੀਂ ਤਾਂ ਰੱਬ ਨੂੰ ਮੰਨਦੇ ਈ ਨਹੀਂ, ਤਾਂ ਈ ਤਾਂ ਦੁਨੀਆਂ 'ਚੋਂ ਤੁਹਾਡਾ ਭੋਗ ਪੈ ਚੱਲਾ।" ਨੰਬਰਦਾਰ ਤਾਰਾ ਸਿੰਘ ਨੇ ਕਾਮਰੇਡ ਨੂੰ ਚੋਭ ਮਾਰੀ।

"ਬਈ ਇਕ ਗੱਲ ਪੱਕੀ ਆ, ਜੇ ਕਿਤੇ ਗੁਰੂ ਘਰ ਨਾ ਹੋਣ ਇਨ੍ਹਾਂ ਮੁਲਕਾਂ 'ਚ, ਤਾਂ ਪੱਕੀ ਉਮਰ 'ਚ ਇਥੇ ਆਉਣ ਵਾਲਿਆਂ ਦਾ ਹਾਲ ਜਮਾਂ ਈ ਕੈਦੀਆਂ ਵਾਲਾ ਹੋਣਾ ਸੀ, ਖਾਸ ਕਰ ਸਾਡੇ ਵਰਗਿਆਂ ਦਾ। ਨਾ ਸਾਨੂੰ ਬੋਲੀ ਆਵੇ, ਨਾ ਗੱਡੀ ਚਲਾਉਣੀ, ਚਲੋ ਘੱਟੋ ਘੱਟ ਐਤਵਾਰ ਨੂੰ ਈ ਬੱਚੇ ਇਥੇ ਲੈ ਆਉਂਦੇ ਨੇ, ਸੰਗਤ ਦੇ ਦਰਸ਼ਨ ਮੇਲੇ ਹੋ ਜਾਂਦੇ ਨੇ। ਕੋਈ ਗੱਲਬਾਤ ਕਰਕੇ ਮਨ ਹੌਲਾ ਕਰ ਲੈਂਦਾ, ਕੋਈ ਰੱਬ ਦੀ ਸਿਫਤ ਸਾਲਾਹ ਕੰਨੀਂ ਪੈਂਦੀ ਏ। ਮੈਂ ਤਾਂ ਕਹਿਨਾਂ ਨਾਲੇ ਪੁੰਨ ਤੇ ਨਾਲੇ ਫਲੀਆਂ। ਮਹਾਰਾਜ ਤਾਂ ਕਹਿੰਦਾ, ਬਈ ਪਿਆਰ ਨਾਲ ਰਹੋ। ਝਗੜਾ ਪਤਾ ਨਹੀਂ ਕਾਹਦਾ, ਕੀ ਵੰਡਣਾ ਇਨ੍ਹਾਂ ਨੇ!" ਬਲਵੰਤ ਸਿੰਘ ਨੇ ਆਪਣੇ ਦਿਲ ਦੀ ਗੱਲ ਸਾਂਝੀ ਕੀਤੀ ਜੋ ਕੁਝ ਸਮਾਂ ਪਹਿਲਾਂ ਪੰਜਾਬ 'ਚੋਂ ਆਪਣੇ ਪੁੱਤਰ ਕੋਲ ਆਇਆ ਸੀ, ਪਿੰਡੋਂ ਖੇਤੀਬਾੜੀ ਕਰਦਾ।

"ਚੌਧਰ! ਦੇਖੋ ਮੈਂ ਜੋ ਗੁਰੂ ਘਰਾਂ ਦੀ ਲੜਾਈ ਦਾ ਤੱਤ ਕੱਢਿਆ।" ਕੇਹਰ ਸਿੰਘ ਨੇ ਲੰਮਾ ਹਉਕਾ ਲੈਂਦਿਆਂ ਆਪਣੀ ਗੱਲ ਜਾਰੀ ਰੱਖੀ, "ਗੱਲ ਇਸ ਤਰ੍ਹਾਂ ਭਰਾਵੋ, ਆਪਾਂ ਸਾਰੇ ਬਾਹਲੇ ਪਿੰਡਾਂ 'ਚੋਂ ਆਏ ਆਂ, ਉਥੇ ਚੌਧਰ ਦਾ ਝੱਸ ਪੂਰਾ ਕਰਨ ਲਈ ਬਹੁਤ ਖੇਤਰ ਹਨ ਜਿਵੇਂ ਸਰਪੰਚੀ, ਮੈਂਬਰੀ, ਨੰਬਰਦਾਰੀ, ਸੰਮਤੀ, ਚੇਅਰਮੈਨੀ; ਤੇ ਨੌਕਰੀ ਵਾਲੇ ਯੂਨੀਅਨਾਂ ਦਾ ਹਿਸਾ ਬਣ ਆਪਣਾ ਸ਼ੋਕ ਪੂਰਾ ਕਰ ਲੈਂਦੇ। ਆਏ ਦਿਨ ਇਲੈਕਸ਼ਨਾਂ-ਕਦੀ ਵਿਧਾਨ ਸਭਾ ਤਾਂ ਕਦੀ ਪਾਰਲੀਮੈਂਟ। ਆਪ ਭਾਵੇਂ ਨਾ ਖੜ੍ਹੇ ਹੋਣ, ਪਰ ਉਨ੍ਹਾਂ ਦੇ ਅੱਗੇ-ਪਿੱਛੇ ਤਾਂ ਖੱਜਲ ਹੋਈ ਜਾਂਦੇ ਨੇ। ਜਿਦ੍ਹੀ ਕਿਤੇ ਦਾਲ ਨਹੀਂ ਗਲਦੀ, ਘਰ 'ਚ ਤਾਂ ਚੌਧਰ ਚਲਾ ਈ ਲੈਂਦਾ। ਇਥੇ ਤਾਂ ਘਰ ਵੀ ਨਹੀਂ ਚਲਦੀ, ਉਥੇ ਪਰਿਵਾਰ ਤੁਹਾਡੇ 'ਤੇ ਨਿਰਭਰ ਕਰਦਾ, ਇਥੇ ਤੁਸੀਂ ਬੱਚਿਆਂ 'ਤੇ। ਸੋ, ਮੇਰੇ ਇਹ ਸਾਰਾ ਕੁਝ ਕਹਿਣ ਦਾ ਮਤਲਬ ਹੈ ਕਿ ਇਥੇ ਆ ਜਾ ਕੇ ਚੌਧਰ ਲਈ ਇਕੋ ਫੀਲਡ ਬਚਦਾ, ਆਪਣੇ ਲੋਕਾਂ ਵਾਸਤੇ, ਗੁਰੂ ਘਰ! ਘਰ ਜਿਸ ਨੂੰ ਕੋਈ ਧੇਲੇ ਵੱਟੇ ਨਹੀਂ ਪੁਛਦਾ, ਗੁਰੂ ਘਰ ਉਹ ਵੀ ਲੱਤ ਅੜਾਊ! ਅੱਛਾ, ਬਾਹਰ ਇਥੋਂ ਦੀ ਸਿਆਸਤ 'ਚ ਨਾ ਇਨ੍ਹਾਂ ਨੂੰ ਗੱਲ ਕਰਨੀ ਆਵੇ, ਨਾ ਇਨ੍ਹਾਂ ਨੂੰ ਸ਼ੌਕ, ਜਿਸ ਦਾ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਜਾਂ ਸਾਨੂੰ ਸਾਰਿਆਂ ਨੂੰ ਫਾਇਦਾ। ਸੋ ਵੀਰੋ ਆਮ ਸੁਣਨ 'ਚ ਤੇ ਵੇਖਣ 'ਚ ਆਇਆ ਜਿਹੜਾ ਇਕ ਵਾਰੀ ਗੁਰੂ ਘਰ ਦੇ ਪ੍ਰਧਾਨ ਜਾਂ ਕਿਸੇ ਹੋਰ ਅਹੁਦੇ 'ਤੇ ਬਿਰਾਜਮਾਨ ਹੋ ਜਾਵੇ, ਉਹਦੇ ਮਗਰ ਜਿਹੜੀ ਪ੍ਰਧਾਨ ਸਾਬ੍ਹ, ਸੈਕਟਰੀ ਸਾਬ੍ਹ ਵਾਲੀ ਪੂਛ ਲੱਗ ਜਾਂਦੀ ਆ, ਅਗਲੀਆਂ ਚੋਣਾਂ 'ਚ ਜੇ ਲੱਥ ਜਾਵੇ, ਸਮਝ ਲੋ ਵਿਰੋਧੀ ਧੜਾ ਬਣ ਗਿਆ ਤੇ ਲੜਾਈ ਸ਼ੁਰੂ ਜਾਂ ਨਵਾਂ ਗੁਰੂ ਘਰ ਤਾਂ ਪੱਕਾ! ਫੇਰ ਮਾਇਆ ਨਾਗਣੀ ਵੀ ਕਿਤੇ ਕਿਤੇ ਡੰਗਦੀ ਆ। ਇਨ੍ਹਾਂ ਚੌਧਰੀਆਂ ਦੇ ਖਾਨੇ ਕੋਈ ਗੁਰੂ ਦੀ ਕਹੀ ਗੱਲ ਨਹੀਂ ਪੈਂਦੀ, ਗੁਰੂ ਦੀ ਹਾਜ਼ਰੀ 'ਚ ਫੱਕੜ ਤੋਲਦੇ, ਲਾਠੀਆਂ, ਕਿਰਪਾਨਾਂ ਚੱਲਦੀਆਂ। ਕਈ ਗੁਰੂਘਰਾਂ 'ਚ ਬੀਬੀਆਂ ਵੀ ਪੂਰਾ ਸਾਥ ਦਿੰਦੀਆਂ। ਫੇਰ ਪੱਗਾਂ, ਚੁੰਨੀਆਂ ਲੱਥਦੀਆਂ, ਪੁਲਿਸ ਜੁੱਤੀਆਂ ਸਣੇ ਦਾਖਲ ਹੁੰਦੀ, ਇਨ੍ਹਾਂ ਨੂੰ ਕੋਈ ਪਰਵਾਹ ਨਹੀਂ। ਹਾਂ! ਏਅਰਪੋਰਟ ਜਾਂ ਕਿਸੇ ਹੋਰ ਥਾਂ ਸਕਿਉਰਿਟੀ ਖਾਤਰ ਪੱਗ ਨੂੰ ਚੈਕ ਕਰਵਾਉਣਾ ਹੋਵੇ? ਕੋਈ ਨੰਗੇ ਸਿਰ ਗਲਤੀ ਨਾਲ ਗੁਰੂ ਘਰ ਦਾਖਲ ਹੋ ਜਾਵੇ, ਫੇਰ ਹੇਠਲਾ ਉਤੇ ਕਰ ਦੇਣਗੇ। ਕਈ ਗੁਰੂ ਘਰਾਂ ਦੇ ਚੌਧਰੀ ਆਪਣੀ ਹਉਮੈ ਨੂੰ ਪੱਠੇ ਪਾਉਣ ਲਈ ਕੇਸ ਕੋਰਟਾਂ 'ਚ ਲੈ ਜਾਂਦੇ ਹਨ ਤੇ ਸੰਗਤ ਦਾ ਆਪਣੀ ਕਮਾਈ 'ਚੋਂ ਸ਼ਰਧਾ ਨਾਲ ਦਿਤਾ ਡਾਲਰ ਡਾਲਰ, ਇਹ ਚੌਧਰ ਦੇ ਭੁੱਖੇ ਕੋਰਟਾਂ 'ਚ ਪਾਣੀ ਵਾਂਗ ਰੋੜ ਦਿੰਦੇ। ਇਥੋਂ ਦੇ ਜੰਮਪਲ ਬੱਚੇ ਇਸ ਬਾਰੇ ਜਵਾਬ-ਸਵਾਲ ਪੁੱਛਦੇ...।"

ਵਿਚੋਂ ਟੋਕਦਿਆਂ ਸਰਦਾਰਾ ਸਿੰਘ, ਜੋ ਕੁਝ ਮਹੀਨੇ ਪਹਿਲਾਂ ਹੀ ਦੂਜੀ ਸਟੇਟ 'ਚੋਂ ਮੂਵ ਹੋਇਆ ਸੀ, ਬੋਲਿਆ, "ਬਾਈ ਜੀ ਕੀ ਕਹਿਣਾ ਸ਼ਰਾਰਤੀ ਲੋਕਾਂ ਦਾ, ਮੈਂ ਹੱਡਬੀਤੀ ਦੱਸਦਾਂ ਉਥੋਂ ਦੇ ਗੁਰੂਘਰ ਦੀ, ਜਿਥੋਂ ਮੈਂ ਮੂਵ ਹੋਇਆਂ। ਬਹੁਤ ਵਧੀਆ ਕਮੇਟੀ ਸਰਬਸੰਮਤੀ ਨਾਲ ਕੰਮ ਕਰ ਰਹੀ ਸੀ ਕਈ ਸਾਲਾਂ ਤੋਂ। ਕਦੀ ਕਿਸੇ ਕਿਸਮ ਦਾ ਰੌਲਾ ਜਾਂ ਝਗੜਾ ਨਹੀਂ ਸੀ ਹੋਇਆ। ਰਲੇ-ਮਿਲੇ ਮੈਂਬਰ ਸਿੱਖ ਤੇ ਕਲੀਨ ਸ਼ੇਵ ਸਿੱਖ ਕਮੇਟੀ ਚਲਾ ਰਹੇ ਸਨ ਤੇ ਮੈਂ ਵੀ ਅਹੁਦੇਦਾਰ ਸਾਂ। ਆ ਗਿਆ ਇਕ ਸ਼ਰਾਰਤੀ, ਕਹਿੰਦਾ, 'ਬਈ ਕਮੇਟੀ ਅੰਮ੍ਰਿਤਧਾਰੀਆਂ ਦੀ ਹੋਣੀ ਚਾਹੀਦੀ।' ਲਾ ਲਏ ਮਗਰ ਕੁਝ ਮੈਂਬਰ। ਮੈਨੂੰ ਆਇਆ ਗੁੱਸਾ, ਮੈਂ ਸਵਾਲ ਕੀਤਾ, 'ਸਰਦਾਰ ਜੀ, ਕਦੋਂ ਆਏਂ ਓ ਅਮਰੀਕਾ?' ਕਹਿੰਦਾ, 'ਪੰਜ ਕ ਸਾਲ ਹੋ'ਗੇ।' ਮੈਂ ਕਿਹਾ, 'ਚਾਲੀ ਸਾਲ ਹੋ ਗਏ ਸਾਨੂੰ, ਅਸੀਂ ਸਾਰੇ ਈ ਕਲੀਨ ਸ਼ੇਵ ਸਾਂ, ਉਸ ਵਕਤ ਜਦੋਂ ਨਵੇਂ ਆਏ ਸੀ। ਗੁਰੂ ਘਰ ਬਣਾਇਆ, ਕਈਆਂ ਨੇ ਘਰਾਂ 'ਤੇ ਲੋਨ ਚੁਕੇ, ਹੈਸੀਅਤ ਮੁਤਾਬਕ ਸਭ ਨੇ ਤਨ, ਮਨ ਤੇ ਧਨ ਨਾਲ ਸੇਵਾ ਕੀਤੀ। ਸਾਨੂੰ ਆਪਣੇ ਧਰਮ ਤੇ ਗੁਰੂ ਨਾਲ ਪਿਆਰ ਹੈ, ਉਸ ਵਕਤ ਵੀ ਸੀ ਤੇ ਅੱਜ ਵੀ ਹੈ। ਲਓ ਅੱਜ ਤੋਂ ਛੱਡਿਆ ਅਹੁਦਾ, ਅਸੀਂ ਕੋਈ ਪਾਰਟੀ ਵੀ ਨਹੀਂ ਬਣਾਉਣੀ, ਜਦੋਂ ਵਾਹਿਗੁਰੂ ਮਿਹਰ ਕਰੂ ਛੱਕ ਲਾਂਗੇ। ਪਰ ਜਿਹੜੀ ਮਰਜੀ ਕਮੇਟੀ ਬਣਾ ਲਉ, ਅਸੀਂ ਆਉਣਾ ਵੀ ਇਸੇ ਗੁਰੂ ਘਰ। ਚਲੋ, ਸਾਡਾ ਛੇਤੀ ਉਥੋਂ ਦਾਣਾ-ਪਾਣੀ ਚੁਕਿਆ ਗਿਆ, ਇਥੇ ਮੂਵ ਹੋਣਾ ਪੈ ਗਿਆ। ਸੁਣਨ 'ਚ ਆਇਆ ਉਸੇ ਬੰਦੇ ਦਾ ਪਾਇਆ ਕਲੇਸ਼ ਹੁਣ ਤੱਕ ਚਲੀ ਜਾਂਦਾ।"

ਵਿਚੋਂ ਕਾਮਰੇਡ ਬੋਲ ਪਿਆ, "ਕੇਹਰ ਸਿਹਾਂ, ਇਕ ਰਾਏ ਦੇਵਾਂ, ਜੇ ਮੰਨੇਂ।"

"ਦੱਸ ਕਾਮਰੇਡਾ!"

"ਕਮੇਟੀ ਵਾਲੇ ਕਹਿੰਦੇ ਨੇ ਅਸੀਂ ਸੰਗਤ ਦੀ ਸੇਵਾ ਕਰਦੇ ਆਂ। ਨਵੀਂ ਕਮੇਟੀ ਬਣਾਓ ਤੇ ਪਹਿਲਾਂ ਸੰਗਤ ਇਕ ਕੰਮ ਕਰੇ, ਬਈ ਜਿਹੜੇ ਵੀ ਅਹੁਦੇਦਾਰ ਹੋਣਗੇ ਜਿਵੇਂ ਪ੍ਰਧਾਨ, ਸੈਕਟਰੀ, ਖਜ਼ਾਨਚੀ, ਸਾਰੇ ਗੁਰੂ ਘਰ ਦੀ ਸੇਵਾ ਕਰਨ, ਗਾਰਬੇਜ ਚੁੱਕਣ, ਟਾਇਲਟਾਂ ਸਾਫ ਕਰਨ, ਵਾਸ਼ਰੂਮ, ਲੰਗਰ ਹਾਲ ਤੇ ਰਸੋਈ ਨੂੰ ਸਾਫ ਕਰਨ। ਫਿਰ ਦੇਖਿਓ ਅਸਲੀ ਸੇਵਾਦਾਰ ਹੀ ਟਿਕਣਗੇ, ਨਕਲੀ ਕਈ ਬਹਾਨੇ ਬਣਾਉਣਗੇ, ਬਈ ਅਸੀਂ ਨਹੀਂ ਸੇਵਾ ਲੈਣੀ।"

ਸਾਰੇ ਕਾਮਰੇਡ ਦੀ ਰਾਏ ਸੁਣ ਕੇ ਸੀਰੀਅਸ ਹੋ ਗਏ ਤੇ ਸਰਦਾਰਾ ਸਿੰਘ ਦੇ ਮੂੰਹੋਂ ਨਿਕਲ ਗਿਆ, "ਮਿੱਤਰੋ ਬਿੱਲੀ ਗਲ ਟੱਲੀ ਕੌਣ ਬੰਨੂ?"

ਜ਼ਿੰਦਗੀ ਦਾ ਨਾਦ

# ਹਿੱਕ ਦਾ ਹਰਫਨਾਮਾ

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜਿਕਸ ਜਿਹੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨਗੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਦੱਸ ਰਿਹਾ ਹੋਵੇ। ਇਸ ਲੇਖ ਲੜੀ ਵਿਚ ਉਨ੍ਹਾਂ ਸਰੀਰ ਦੇ ਵੱਖ ਵੱਖ ਅੰਗਾਂ ਦਾ ਨਾਦ ਪੇਸ਼ ਕੀਤਾ ਹੈ। ਇਸ ਲੇਖ ਤੋਂ ਪਹਿਲਾਂ ਨੈਣਾਂ, ਮੂੰਹ, ਜ਼ੁਬਾਨ ਦੇ ਰਸ ਅਤੇ ਜ਼ੁਬਾਨ ਦੇ ਪਾਏ ਪੁਆੜਿਆਂ ਦੀ ਗੱਲ ਕਰ ਚੁਕੇ ਹਨ। ਹੱਥਾਂ ਦੀ ਦਾਸਤਾਨ ਦੱਸਦਿਆਂ ਉਨ੍ਹਾਂ ਕਿਹਾ ਕਿ ਪਾਕ ਹੱਥਾਂ ਨਾਲ ਪਾਣੀ ਵਿਚ ਪਤਾਸੇ ਪਾਏ ਜਾਂਦੇ ਤਾਂ ਅੰਮ੍ਰਿਤ ਬਣ ਜਾਂਦਾ ਜਦ ਕਿ ਮਲੀਨ ਹੱਥ ਸਦਾ ਹੀ ਨਿਰਦੋਸ਼ਾਂ ਦੇ ਖੂਨ ਦੀ ਹੋਲੀ ਖੇਡਦੇ। ਲੱਤਾਂ ਦੀ ਵਾਰਤਾ ਸੁਣਾਉਂਦਿਆਂ ਬਾਬਾ ਫਰੀਦ ਦੇ ਸਲੋਕ "ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ॥ ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮ॥" ਦੇ ਹਵਾਲੇ ਨਾਲ ਉਨ੍ਹਾਂ ਕੋਮਲ ਲੱਤਾਂ ਦਾ ਸੁਡੌਲ ਤੇ ਮਜਬੂਤ ਹੋ ਕੇ ਜੀਵਨ-ਸਫਰ ਦੇ ਅਣਥੱਕ ਸੰਗੀ ਬਣਨ ਤੋਂ ਬਾਅਦ ਬੁਢਾਪੇ ਵਿਚ ਕਮਜੋਰ ਤੇ ਨਿਤਾਣੀਆਂ ਬਣਨ ਦੇ ਸਫਰ ਦੀ ਗੱਲ ਕੀਤੀ ਸੀ। ਬੰਦੇ ਦੇ ਪੈਰਾਂ ਦੀ ਵਾਰਤਾ ਸੁਣਾਉਂਦਿਆਂ ਉਨ੍ਹਾਂ ਕਿਹਾ ਸੀ ਕਿ ਸੋਚ ਸਮਝ ਕੇ ਪੈਰ ਟਿਕਾਉਣ ਵਾਲੇ ਲੋਕ ਸਾਬਤ ਕਦਮੀਂ ਤੁਰਦੇ, ਮੁਸ਼ਕਲਾਂ ਨਾਲ ਬਰ ਮੇਚਦੇ, ਸਫਲਤਾ ਦਾ ਨਵਾਂ ਵਰਕਾ ਬਣਦੇ। ਉਨ੍ਹਾਂ ਮੁੱਖੜੇ ਦੇ ਬਹੁਤ ਸਾਰੇ ਰੂਪ ਕਿਆਸੇ ਹਨ-ਮੁੱਖੜਾ ਹੱਸਮੁੱਖ, ਮੁੱਖੜਾ ਚਿੜਚਿੜਾ। ਮੁੱਖੜਾ ਖੁਸ਼-ਮਿਜ਼ਾਜ, ਮੁੱਖੜਾ ਰੋਂਦੂ। ਮੁੱਖੜਾ ਟਹਿਕਦਾ, ਮੁੱਖੜਾ ਬੁੱਸਕਦਾ। ਮੁੱਖੜਾ ਤ੍ਰੇਲ ਧੋਤਾ, ਮੁੱਖੜਾ ਹੰਝ ਪਰੋਤਾ। ਮੁੱਖੜਾ ਸੱਜਰੀ ਸਵੇਰ, ਮੁੱਖੜਾ ਉਤਰਦਾ ਹਨੇਰ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਮਨ ਦੀ ਬਾਤ ਪਾਉਂਦਿਆਂ ਕਿਹਾ ਸੀ ਕਿ ਮਨ ਦੀ ਤਾਕਤ ਹੀ ਆਦਮੀ ਦੀ ਅਸਲ ਤਾਕਤ ਹੁੰਦੀ ਏ। ਮਨ ਅਸੀਮ, ਮਨ ਅਮੋੜ, ਮਨ ਅਜਿੱਤ, ਮਨ ਅਮੋਲਕ, ਮਨ ਦੀਆਂ ਮਨ ਹੀ ਜਾਣੇ। ਗੁਰਬਾਣੀ ਦੇ ਹਵਾਲੇ ਨਾਲ ਉਨ੍ਹਾਂ ਦੱਸਿਆ ਸੀ, 'ਭਾਈ ਰੇ ਇਸੁ ਮਨ ਕਉ ਸਮਝਾਇ॥" ਹਥਲੇ ਲੇਖ ਵਿਚ ਉਨ੍ਹਾਂ ਦੱਸਿਆ ਹੈ ਕਿ ਹਿੱਕ ਵਿਚ ਜਦ ਰੋਹ ਦਾ ਉਬਾਲ ਫੁੱਟਦਾ ਤਾਂ ਇਸ ਵਿਚੋਂ ਹੀ ਦੁੱਲਾ ਭੱਟੀ, ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਜਾਂ ਇਕ ਸ਼ਖਸ ਊਧਮ ਸਿੰਘ ਦਾ ਰੂਪ ਧਾਰ ਲੰਡਨ ਵੱਲ ਨੂੰ ਚਾਲੇ ਪਾਉਂਦਾ। ਹਿੱਕ ਵਿਚ ਬਦਲੇ ਦੀ ਭਾਵਨਾ, ਭਾਂਬੜ ਦਾ ਰੂਪ ਧਾਰ, ਕੁਰਬਾਨੀਆਂ ਦਾ ਨਵਾਂ ਇਤਿਹਾਸ ਸਿਰਜ ਜਾਂਦੀ। -ਸੰਪਾਦਕ***

ਹਿੱਕ, ਮਰਦਾਨਗੀ, ਮਾਨਵੀ ਹੌਂਸਲਾ, ਮਨੁੱਖੀ ਤਸਵੀਰ ਤੇ ਤਦਬੀਰ, ਜੀਵਨੀ ਬਿੰਬ, ਸੁਘੜ ਸਰੂਪ ਅਤੇ ਸਰੀਰਕ ਬਣਤਰ ਦਾ ਵਿਸਥਾਰ ਤੇ ਵਿਸ਼ਲੇਸ਼ਣ। ਹਿੱਕ ਮਨੁੱਖੀ ਸਰੀਰ ਦਾ ਸਭ ਤੋਂ ਮਜਬੂਤ ਅੰਗ ਜਿਸ ਵਿਚ ਸੁਰੱਖਿਅਤ ਨੇ ਦਿਲ ਅਤੇ ਫੇਫੜੇ। ਸੋਹਣੀ ਸ਼ਕਲ ਦਾ ਪ੍ਰਮਾਣ ਤੇ ਸੋਹਣੀ ਸੀਰਤ ਦੀ ਪਹਿਚਾਣ। ਚੌੜੀ ਤੇ ਉਭਰਵੀਂ ਹਿੱਕ, ਸ਼ਖਸੀ ਮਾਣ।

ਹਿੱਕ 'ਤੇ ਜਦ ਲੂੰਈਂ ਫੁੱਟਦੀ ਤਾਂ ਮਨ ਵਿਚ ਉਠਦੀਆਂ ਲੂਰੀਆਂ ਤੇ ਮਚਲਦਾ ਚਾਵਾਂ ਦਾ ਜਵਾਰਭਾਟਾ। ਸੋਚਾਂ ਵਿਚ ਕੁਝ ਚੰਗੇਰਾ ਅਤੇ ਨਰੋਇਆ ਕਰਨ ਦੀ ਚਾਹਤ ਅੰਗੜਾਈਆਂ ਭਰਦੀ।

ਹਿੱਕ 'ਚ ਜਦ ਸੁਪਨਿਆਂ ਦੀ ਅੱਖ ਖੁੱਲ੍ਹਦੀ ਤਾਂ ਇਸ ਦੀ ਪੂਰਤੀ ਲਈ ਤਦਬੀਰਾਂ ਅਤੇ ਤਕਦੀਰਾਂ ਦਾ ਇਕ ਵਿਸ਼ਾਲ ਕੈਨਵਸ ਮਨ-ਦਰਪਣ 'ਤੇ ਉਕਰਿਆ ਜਾਂਦਾ। ਮਨ ਨਵੇਂ ਦਿਸਹੱਦਿਆਂ ਵੰਨੀਂ ਅਹੁਲਦਾ।

ਹਿੱਕ ਦੇ ਉਭਾਰ ਜਿਥੇ ਜਵਾਨੀ ਅਤੇ ਸੁੰਦਰਤਾ ਨੂੰ ਚਾਰ ਚੰਨ ਲਾਉਂਦੇ, ਉਥੇ ਇਨ੍ਹਾਂ ਵਿਚਲਾ ਜੀਵਨ-ਅੰਮ੍ਰਿਤ ਦੁੱਧ ਚੁੰਘਦੇ ਬੱਚੇ ਲਈ ਜੀਵਨ-ਦਾਨ ਹੁੰਦਾ। ਇਸ ਅੰਮ੍ਰਿਤ-ਬੂੰਦ ਵਿਚੋਂ ਹੀ ਜੀਵਨ ਦੀ ਨਵੀਂ ਰੰਗਤ, ਦੁਨੀਆਂ ਨੂੰ ਨਿਹਾਰਨ ਅਤੇ ਇਸ



ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 1-216-556-2080

ਦੀ ਦਿੱਖ ਸੰਵਾਰਨ ਲਈ ਨਵੀਂ ਸੇਧ ਤੇ ਸਮਰਪਿਤਾ ਮਿਲਦੀ। ਮਾਂ ਦੇ ਦੁੱਧ ਦੀ ਸਹੁੰ ਖਾ ਕੇ ਆਪਣੀਆਂ ਮੰਜਿਲਾਂ ਅਤੇ ਟੀਚਿਆਂ ਨੂੰ ਪੂਰਾ ਕਰਨ ਵਾਲੇ ਸੂਰਮੇ, ਸਮਾਜ ਦਾ ਅਜਿਹਾ ਸੁੱਚਾ ਮੁਹਾਂਦਰਾ ਹੁੰਦੇ ਜੋ ਜੀਵਨੀ ਕਦਰਾਂ-ਕੀਮਤਾਂ ਦਾ ਦਗਦਾ ਸੂਰਜ ਅਤੇ ਨਿੱਕੀਆਂ ਪੈੜਾਂ ਲਈ ਰਹਿਨੁਮਾ ਬਣਦੇ।

ਜਦ ਬੱਚਾ ਮਾਂ ਦੀ ਹਿੱਕ ਨਾਲ ਲੱਗਾ ਅੰਮ੍ਰਿਤ ਚੱਖਦਾ, ਮਾਂ ਦੀਆਂ ਲੋਰੀਆਂ ਸੁਣਦਾ, ਇਤਿਹਾਸ ਤੇ ਮਿਥਿਹਾਸ ਸੁਣਦਾ ਤਾਂ ਉਸ ਦੇ ਅਚੇਤ ਮਨ ਵਿਚ ਆਪਣੇ ਅਤੀਤ ਤੇ ਵਿਰਸੇ ਦੀ ਜਾਗ ਲੱਗਦੀ। ਉਹ ਵੱਡਾ ਹੋ ਕੇ ਆਪਣੀ ਵਿਰਾਸਤ ਦਾ ਮਾਣਮੱਤਾ ਹਰਫ ਬਣਨ ਦੀ ਮਨ ਵਿਚ ਧਾਰਦਾ।

ਬੱਚਾ ਜਦ ਆਪਣੇ ਦਾਦਾ-ਦਾਦੀ ਜਾਂ ਨਾਨਾ-ਨਾਨੀ ਦੀ ਹਿੱਕ 'ਤੇ ਲੇਟਿਆ, ਉਨ੍ਹਾਂ ਦੇ ਚਾਨਣੀ ਰੰਗੇ ਵਾਲਾਂ ਨਾਲ ਖੇਡਦਾ, ਨਿੱਕੀਆਂ ਨਿੱਕੀਆਂ ਬਾਤਾਂ ਪਾਉਂਦਾ, ਨਿੱਕੇ ਨਿੱਕੇ ਹੁੰਗਾਰੇ ਭਰਦਾ ਤਾਂ ਉਸ ਦੇ ਮਨ ਵਿਚ ਆਪਣੇ ਬਜੁਰਗਾਂ ਨਾਲ ਸਦੀਵੀ ਸਾਂਝ ਅਤੇ ਉਨ੍ਹਾਂ ਦਾ ਵਾਰਸ ਬਣਨ ਦੀ ਚਾਹਨਾ ਪੈਦਾ ਹੁੰਦੀ। ਇਹ ਸਮਾਜ ਲਈ ਸਭ ਤੋਂ ਸਿਹਤਮੰਦ ਰੁਝਾਨ ਅਤੇ ਇਸ ਵਿਚੋਂ ਹੀ ਜਨਮ ਲੈਂਦੀਆਂ ਨਵੀਆਂ ਕੀਰਤੀਆਂ।

ਹਿੱਕ, ਮਨੁੱਖੀ ਸੁਹੱਪਣ, ਸਾਦਗੀ ਦਾ ਸੱਚ ਤੇ ਸੁੰਦਰ ਸਰੂਪ, ਵਿਲੱਖਣਤਾ ਦਾ ਨਗਮਾ ਅਤੇ ਸਮੁੱਚੀ ਸਰੀਰਕ ਬਣਤਰ ਦਾ ਬਿੰਬ। ਇਸ ਵਿਚੋਂ ਹੀ ਪ੍ਰਤੱਖ ਦਿਸਦੀ ਸ਼ਖਸੀਅਤੀ ਇਬਾਰਤ। ਕਦੇ ਕਦੇ ਹਿੱਕ ਦੀ ਇਬਾਰਤ ਹੀ ਤੁਹਾਡੀਆਂ ਸਮੁੱਚੀਆਂ ਪ੍ਰਾਪਤੀਆਂ ਲਈ ਮਾਣ-ਸਨਮਾਨ ਬਣਦੀ। ਹਿੱਕ ਚੌੜੀ ਕਰ ਕੇ ਤੁਰਦਾ ਸ਼ਖਸ, ਸਰਫ ਦਾ ਹਾਸਲ ਜਾਂ ਨਵੀਂ ਪ੍ਰਾਪਤੀ ਦਾ ਹਰਫਨਾਮਾ ਹੀ ਤਾਂ ਹੁੰਦਾ।

ਹਿੱਕ, ਹੱਕ ਦਾ ਹੁਕਮਨਾਮਾ, ਰਾਹਾਂ ਦੀ ਟੋਹ, ਪਰਾਂ ਲਈ ਸੋਹ ਅਤੇ ਕੁਝ ਕਰ ਗੁਜਰਨ ਲਈ ਵਗਦਾ ਰੋਹ ਦਾ ਚੋਅ।

ਹਿੱਕ ਨਾਲ ਹਿੱਕ ਦਾ ਭਿੜਨਾ, ਜੋਰ-ਅਜ਼ਮਾਈ ਵੀ ਅਤੇ ਮੋਹ-ਭਿੱਜੀ ਗਲਵੱਕੜੀ ਵੀ। ਜੋਰ ਕਰਦਿਆਂ ਚੂੰਘੀਆਂ ਬੂਰੀਆਂ, ਕੱਢੇ ਹੋਏ ਡੰਡ-ਬੈਠਕਾਂ ਅਤੇ ਫੇਰੀਆਂ ਹੋਈਆਂ ਮੂੰਗਲੀਆਂ ਨਾਲ ਨਿਖਰੇ ਜੁੱਸਿਆਂ ਦੇ ਸ਼ਾਖਸਾਤ ਦਰਸ਼ਨ। ਨਿੱਘੀ ਗਲਵੱਕੜੀ ਵਿਚ ਦਿਲਾਂ ਦੀ ਧੜਕਣ, ਇਕਸਾਰਤਾ ਦਾ ਰਾਗ ਅਲਾਪਦੀ।

ਚੌੜੀ ਤੇ ਮਜਬੂਤ ਹਿੱਕ ਤੂਫਾਨਾਂ ਨੂੰ ਠੱਲ ਪਾਉਂਦੀ, ਝੱਖੜਾਂ ਦੀ ਮੁਹਾਰ ਮੋੜਦੀ, ਸੁਨਾਮੀਆਂ ਦਾ ਰੁੱਖ ਮੋੜਦੀ ਅਤੇ ਅਮੋੜ ਦਰਿਆ ਵੀ ਆਪਣੀ ਔਕਾਤ ਦਿਖਾਉਣ ਦੀ ਜੁਰਅਤ ਨਾ ਕਰਦੇ।

ਹਿੱਕ 'ਤੇ ਹਾਰ ਹਮੇਲਾਂ ਮੇਲਦੀਆਂ, ਤਵੀਤੜੀਆਂ ਸੋਂਹਦੀਆਂ ਜਾਂ ਰੋਹਬਦਾਰ ਸ਼ਖਸੀਅਤ ਲਈ ਕੈਂਠਾ ਵਿਰਾਸਤੀ ਬਿੰਬ ਬਣਦਾ। ਇਸ ਵਿਚੋਂ ਬੀਤੇ ਦਾ ਮੋਹ, ਸੋਹਣਾ ਬਣਨ ਦੀ ਚਾਹਨਾ ਅਤੇ ਚੰਗੇਰਾ ਸੱਜਣ ਸੰਵਾਰਨ ਦਾ ਚੱਜ-ਅਚਾਰ ਨਜ਼ਰ ਆਉਂਦਾ। ਇਸ ਵਿਚੋਂ ਹੀ ਪ੍ਰਗਟ ਹੁੰਦੀ ਇਕ ਦੂਜੇ ਸਾਹਵੇਂ ਚੰਗਾ ਲੱਗਣ ਦੀ ਲੋਚਾ ਜਿਸ ਵਿਚੋਂ ਅਦਿੱਖ ਰੂਪ ਵਿਚ ਨਜ਼ਰ ਆਉਂਦੀ ਕਿਸੇ ਨੂੰ ਪਾਉਣ ਦੀ ਲੋਚਾ। ਸੌਗਾਤ-ਰੂਪੀ ਗਹਿਣਿਆਂ ਨਾਲ ਜੁੜੀਆਂ ਹੁੰਦੀਆਂ ਨੇ ਕੋਮਲ ਮਨ ਦੀਆਂ ਸੁੱਚੀਆਂ ਭਾਵਨਾਵਾਂ, ਫਲਦੀਆਂ ਇਛਾਵਾਂ ਅਤੇ ਇਕ ਦੂਜੇ ਦੇ ਸਾਹ ਬਣਨ ਦੀਆਂ ਆਸ਼ਾਵਾਂ।

ਹਿੱਕ 'ਚ ਜਦ ਰੋਹ ਦਾ ਉਬਾਲ ਫੁੱਟਦਾ ਤਾਂ ਇਸ ਵਿਚੋਂ ਹੀ ਦੁੱਲਾ ਭੱਟੀ, ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਜਾਂ ਇਕ ਸ਼ਖਸ ਊਧਮ ਸਿੰਘ ਦਾ ਰੂਪ ਧਾਰ ਲੰਡਨ ਵੱਲ ਨੂੰ ਚਾਲੇ ਪਾਉਂਦਾ। ਹਿੱਕ 'ਚ ਬਦਲੇ ਦੀ ਭਾਵਨਾ, ਭਾਂਬੜ ਦਾ ਰੂਪ ਧਾਰ, ਕੁਰਬਾਨੀਆਂ ਦਾ ਨਵਾਂ ਇਤਿਹਾਸ ਸਿਰਜ ਜਾਂਦੀ।


ਹਿੱਕ ਵਿਚ ਜਦ ਪਿਆਰ ਠਾਠਾਂ ਮਾਰਦਾ ਤਾਂ ਝਨਾਂ ਦੀ ਹਿੱਕ ਲੋਰੀਆਂ ਸੁਣਾਉਂਦੀਆਂ, ਤੱਤੀ ਰੇਤ ਦੀ ਹਿੱਕੜੀ ਪੈਰਾਂ 'ਤੇ ਛਾਲਿਆਂ ਦੀ ਮਹਿੰਦੀ ਲਾਉਂਦੀ ਅਤੇ ਆਪਣੀ ਹਿੱਕ 'ਤੇ ਪਿਆਰ-ਰੱਤੀ ਸਾਹਿਬਾਂ ਨੂੰ ਲਿਟਾ, ਮਿਰਜ਼ਾ ਗੂੜ੍ਹੀ ਨੀਂਦ ਦੇ ਮੌਤ ਰੂਪੀ ਹਿਲੋਰੇ ਲੈਂਦਾ।

ਹਿੱਕ ਜਦ ਤਲਵਾਰ ਦੇ ਫੱਟ ਦੀ ਕਰਮਭੂਮੀ ਬਣਦੀ, ਨੇਜੇ ਜੀਰਦੀ ਜਾਂ ਗੋਲੀਆਂ ਨਾਲ ਛਲਣੀ ਹੋ ਧੜਕਣ ਦਾ ਨਾਮਕਰਨ ਬਣਦੀ ਤਾਂ ਇਸ ਵਿਚੋਂ ਹੀ ਉਗਦਾ, ਮਰ ਕੇ ਵੀ ਜਿਊਣ ਦਾ ਵਿਸਮਾਦ।

ਹਿੱਕ ਜਦ ਹਿੱਕ ਨਾਲ ਲੱਗਦੀ ਤਾਂ ਹਿੱਕੜੀਆਂ ਵਿਚ ਜਵਾਰਭਾਟਾ ਪੈਦਾ ਹੁੰਦਾ ਤੇ ਤੇਜ ਧੜਕਣਾਂ ਸੁਖਦ ਅਹਿਸਾਸ ਜਨਮਦੀਆਂ। ਇਹ ਅਹਿਸਾਸ ਹੀ ਸਾਡੇ ਜੀਵਨ ਨੂੰ ਨਵੀਆਂ ਬੁਲੰਦੀਆਂ ਅਤੇ ਨਵੇਂ ਦਿਸਹੱਦਿਆਂ ਦੀ ਕਰਮਭੂਮੀ ਬਣਾਉਂਦੇ।

ਹਿੱਕ ਜਦ ਹਿੱਕ ਦਾ ਸਿਰਨਾਵਾਂ ਬਣਨ ਦੀ ਲੋਰ ਮਨ ਵਿਚ ਪੈਦਾ ਕਰੇ, ਹਿੱਕ ਨੂੰ ਮਿਲਣ ਦਾ ਹੁੰਗਾਰਾ ਭਰੇ ਅਤੇ ਮਿਲਾਪ ਲਈ ਤੁਫਾਨਾਂ ਦੀ ਹਿੱਕ ਤਰੇ ਤਾਂ ਹਿੱਕ ਦਾ ਨਗਮਾ ਹਰ ਹੋਠ 'ਤੇ ਤਰੇ ਅਤੇ ਹਰ ਬੋਲ ਇਸ ਦੀ ਅਰਦਾਸ ਬਣੇ।

ਹਿੱਕ ਨਾਲ ਹਿੱਕ ਮਿਲਣ 'ਤੇ ਜਦ ਤਵੀਤੜੀ ਜਿੰਨੀ ਜਗ੍ਹਾ ਮਿਲਾਪ ਵਿਚ ਰੁਕਾਵਟ ਬਣੇ ਜਾਂ ਹਾਰ-ਹਮੇਲ ਰੜਕਣ ਲੱਗ ਪਵੇ ਤਾਂ ਹਿੱਕ ਦਾ



*ਜਾਲਮਾਂ ਅੱਗੇ ਛਾਤੀ ਡਾਹੁੰਦੇ ਹੋਏ ਭਾਈ ਮਤੀ ਦਾਸ*

ਸੇਕ ਆਪਣੀ ਮਰਸੀਆ ਖੁਦ ਪੜ੍ਹੇ, ਅਨਿਆਈ ਮੌਤ ਮਰੇ ਅਤੇ ਵੈਣ-ਸਾਗਰ ਤਰੇ।

ਮਾਂ ਦੀ ਹਿੱਕ ਦਾ ਨਿੱਘ ਮਾਣ ਕੇ, ਮਾਂ-ਹਿੱਕ ਨੂੰ ਬੇਦਾਵਾ ਦੇਣ ਵਾਲੇ ਸਭ ਤੋਂ ਵੱਡੇ ਅਕ੍ਰਿਤਘਣ। ਜਦ ਕੋਈ ਮਾਂ, ਮਮਤਾ ਅਤੇ ਮਮਤਾਈ ਲੋਰ ਨੂੰ ਮਨੋਂ ਵਿਸਾਰਦਾ ਤਾਂ ਉਹ ਆਪਣੇ ਸਿਵਿਆਂ ਨੂੰ ਹਾਕ ਮਾਰਦਾ। ਮਾਂ ਦੀਆਂ ਲੋਰੀਆਂ ਨੂੰ ਅਲਾਹੁਣੀਆਂ ਤੇ ਲੇਰਾਂ ਵਿਚ ਤਬਦੀਲ ਕਰਨ ਵਾਲੇ ਬੱਚਿਆਂ ਦੇ ਜਿਉਂਦੇ ਜੀਅ ਹੀ ਮਰ ਜਾਂਦੀਆਂ ਨੇ ਮਾਂਵਾਂ ਅਤੇ ਉਹ ਆਪਣੀਆਂ ਆਖਰੀ ਰਸਮਾਂ ਹਿੱਕ ਵਿਚ ਸਦਾ ਲਈ ਸਮਾ, ਜੀਵਨ ਦੇ ਆਖਰੀ ਰਾਹ 'ਤੇ ਤੁਰ ਪੈਂਦੀਆਂ ਨੇ।

ਬਾਪ ਦੀ ਹਿੱਕ ਦੇ ਵਾਲਾਂ ਦੀ ਤਾਸੀਰ ਤੇ ਤਕਦੀਰ ਨੂੰ ਅਪਨਾਉਣ ਵਾਲੀ ਔਲਾਦ, ਆਪਣੇ ਪਰਿਵਾਰ ਤੇ ਸਮਾਜ ਦਾ ਸੁੱਚਾ ਸਰੂਪ ਹੁੰਦੇ। ਉਨ੍ਹਾਂ ਨੂੰ ਬਜੁਰਗੀ ਅਸੀਸਾਂ, ਦੁਆਵਾਂ ਤੇ ਅਰਦਾਸਾਂ ਦਾ ਅਜ਼ੀਮ ਖਜ਼ਾਨਾ ਮਿਲਿਆ ਹੁੰਦਾ ਅਤੇ ਉਹ ਇਸ ਦੇ ਵਾਰਸ ਬਣ, ਕੁਲਾਂ ਸੰਵਾਰ ਜਾਂਦੇ।

ਹਿੱਕ ਵਿਚ ਉਗੀਆਂ ਭਾਵਨਾਵਾਂ ਦੀ ਰਾਖ ਜਦ ਨੈਣਾਂ ਵਿਚ ਉਗ ਆਵੇ, ਦੀਦਿਆਂ ਵਿਚ ਧੁੰਧਲਕੇ ਦੇ ਕੁੱਕਰੇ ਪੈ ਜਾਣ ਅਤੇ ਕਦਮਾਂ ਨੂੰ ਜੰਜੀਰਾਂ ਦੀ ਕੈਦ ਹੋ ਜਾਵੇ ਤਾਂ ਸਮਾਂ ਬਦਲਣ 'ਤੇ ਸਮਾਜ ਨੂੰ ਵੀ ਕੁਕਨੂਸ ਦੇ ਮੇਚ ਦਾ ਹੋਣਾ ਪੈਂਦਾ।

ਆਪਣਿਆਂ ਦੇ ਵਿਯੋਗ ਵਿਚ ਉਠਦੀਆਂ ਲੇਰਾਂ, ਜੁਦਾਈ ਦਾ ਸਦਮਾ ਅਤੇ ਆਪਣਿਆਂ ਦੀ ਬੇਰੁਖੀ ਦਾ ਸੰਤਾਪ ਜਦ ਹਿੱਕ ਦਾ ਰਿਸਦਾ ਜ਼ਖਮ ਬਣ ਜਾਵੇ ਤਾਂ ਹਿੱਕ ਵਿਚ ਹੀ ਅਲਾਮਤਾਂ ਨੂੰ ਸਮਝਣ ਅਤੇ ਇਨ੍ਹਾਂ ਤੋਂ ਨਿਜਾਤ ਪਾਉਣ ਦਾ ਅਜਿਹਾ ਉਦਮ ਪੈਦਾ ਹੁੰਦਾ ਕਿ ਸਮਾਂ ਵੀ ਜਰਾ ਕੁ ਰੁੱਕ ਕੇ ਅਜਿਹੀ ਕ੍ਰਿਸ਼ਮਈ ਸ਼ਖਸੀਅਤ ਦਾ ਬਿੰਬ ਆਪਣੇ ਵਿਚੋਂ ਨਿਹਾਰਦਾ।

ਜਦ ਕੋਈ ਬਜੁਰਗ ਜੁਆਕ ਨੂੰ ਆਪਣੀ ਹਿੱਕ ਨਾਲ ਲਾ ਕੇ ਸਹਿਲਾਉਂਦਾ, ਉਸ ਦੇ ਨੈਣਾਂ ਵਿਚ ਜੀਵਨ-ਜੁਗਤਾਂ ਟਿਕਾਉਂਦਾ, ਨਿੱਕੇ ਜਿਹੇ ਪੈਰਾਂ ਦੇ ਨਾਂਵੇਂ ਲੰਮੇ ਪੈਂਡਿਆਂ ਦਾ ਸਿਰਨਾਵਾਂ ਲਾਉਂਦਾ ਅਤੇ ਉਸ ਦੇ ਸਿਰ 'ਤੇ ਅਸੀਸਾਂ ਭਰਿਆ ਹੱਥ ਟਿਕਾਉਂਦਾ ਤਾਂ ਮਾਨੋ ਰੱਬੀ ਰਹਿਮਤਾਂ ਦਾ ਕਰਤਾਰੀ ਰੂਪ, ਜੁਆਨ ਤਲੀ 'ਤੇ ਉਗ ਆਉਂਦਾ।

ਹਿੱਕ 'ਤੇ ਸ਼ਹਾਦਤਾਂ ਦੀ ਵਰਣਮਾਲਾ ਉਕਰਨ ਲਈ ਹਿੱਕ ਚੀਰੀ ਜਾਂਦੀ, ਹਿੱਕ 'ਤੇ ਸਿਵੇ ਬਾਲੇ ਜਾਂਦੇ ਅਤੇ ਹਿੱਕ 'ਚੋਂ ਦਰਦ-ਦਰਿਆ ਵਹਾਉਣ ਦੀ ਪੂਰੀ ਵਾਹ ਲਾਈ ਜਾਂਦੀ। ਪਰ ਮੌਤ-ਪ੍ਰਵਾਨਿਆਂ ਲਈ ਇਹ ਸਭ ਕੁਝ ਅਰਥਹੀਣ ਹੁੰਦਾ ਅਤੇ ਉਹ ਆਰਿਆਂ ਦੀ ਛਾਂਵੇਂ ਮੁਸਕਰਾਉਂਦੇ।

ਜਦ ਕੋਈ ਜਾਲਮ-ਜਰਵਾਣਾ ਹਿੱਕ 'ਤੇ ਬਹਿ, ਮਾਸੂਮ ਸਾਹਾਂ ਦੀ ਸੰਘੀ ਨੱਪਦਾ, ਹਿੱਕ ਵਿਚ ਪਨਪਦੇ ਖਿਆਲਾਂ ਨੂੰ ਦਬਾਉਂਦਾ ਜਾਂ ਖਿੱਲੀ ਉਡਾਉਣ ਦਾ ਭਰਮ ਪਾਲਦਾ ਤਾਂ ਹਿੱਕ ਵਿਚੋਂ ਉਗੀ ਲਾਟ, ਜਾਲਮਾਨਾ ਹਨੇਰੀਆਂ ਦਾ ਵਹਿਮ ਬਹੁਤ ਜਲਦੀ ਤੋੜ ਦਿੰਦੀ।

ਛਪੰਜਾ ਇੰਚੀ ਹਿੱਕ ਦੀ ਟਾਹਰ ਜਦ ਵਕਤ ਆਉਣ 'ਤੇ ਸੁੰਗੜ ਕੇ, ਆਪਣੀ ਹੋਂਦ ਤੇ ਔਕਾਤ ਨੂੰ ਮਿਟਾਉਣ ਦੇ ਰਾਹ ਤੁਰ ਪਵੇ ਤਾਂ ਕੀਹਨੇ ਇਤਬਾਰ ਕਰਨਾ ਏ ਚੌੜੀਆਂ ਛਾਤੀਆਂ 'ਤੇ। ਜਦ ਕਿਸੇ ਕੌਮ ਵਿਚੋਂ ਚੌੜੀਆਂ ਛਾਤੀਆਂ ਅਲੋਪ ਹੋ ਜਾਣ, ਹਿੱਕ ਨਮੋਸ਼ੀ ਬਣ ਜਾਵੇ ਜਾਂ ਦਰਿਆਵਾਂ ਦੀ ਹਿੱਕ ਨੂੰ ਗੰਧਲੇਪਣ ਅਤੇ ਨਿਤਾਣੇਪਣ ਦੀ ਹੋਂਦ ਹੰਢਾਉਣੀ ਪਵੇ ਤਾਂ ਤਹਿਰੀਕ ਸ਼ਰਮਸ਼ਾਰ ਹੋ ਜਾਂਦੀ। ਤਹਿਜ਼ੀਬ ਨੂੰ ਹਮੇਸ਼ਾ ਨਵੀਆਂ ਬੁਲੰਦੀਆਂ ਅਤੇ ਨਵੇਂ ਕੀਰਤੀਮਾਨਾਂ ਦੀ ਲੋੜ ਹੁੰਦੀ ਏ। ਦਰਦ ਇਸ ਗੱਲ ਦਾ ਏ ਕਿ ਰੋਣ ਹਾਕੀ ਤਹਿਜ਼ੀਬ ਹੋਂਦ ਦੀ ਮਾਯੂਸੀ ਬਣ ਗਈ ਏ।

ਜਦ ਕਿਸੇ ਧਰਤ ਦੀ ਹਿੱਕ ਵਿਚ ਜ਼ਹਿਰ ਬੀਜੇ ਜਾਣ, ਖੁਦਕੁਸ਼ੀਆਂ ਉਗਣ ਲੱਗ ਪੈਣ, ਮਰਦਾਨਗੀ ਵਿਹੂਣੇ ਨੌਜਵਾਨ ਨਾਮਰਦ ਹੋ ਜਾਣ, ਲੁੱਡਣ ਮਲਾਹ ਬੇੜੀਆਂ ਸਣੇ ਬਰੇਤਿਆਂ ਵਿਚ ਗਰਕ ਜਾਣ ਅਤੇ ਕੰਢਿਆਂ 'ਤੇ ਕਬਰਾਂ ਉਸਰ ਜਾਣ ਤਾਂ ਮਰਨ ਹਾਕੀ ਧਰਤ ਦਾ ਮਰਸੀਆ ਕੌਣ ਪੜ੍ਹੇ ਅਤੇ ਇਸ ਦੇ ਨੈਣਾਂ ਵਿਚ ਸੁਰਖ-ਸੂਰਜ ਕੌਣ ਧਰੇ?

ਜਦ ਹਿੱਕ ਨੂੰ ਹਉਕਾ, ਹੇਠੀ, ਹੱਠ ਧਰਮੀ ਤੇ ਹੰਝੂ ਦਾ ਪਾਠ ਪੜ੍ਹਨਾ ਪੈ ਜਾਵੇ ਤਾਂ ਇਸ 'ਤੇ ਖੇੜਿਆਂ ਦੀ ਕਿਹੜੀ ਫਸਲ ਲਹਿਰਾਏਗੀ ਅਤੇ ਕੌਣ ਇਸ ਦੀਆਂ ਆਸਾਂ ਦਾ ਬੂਰ ਬਣੇਗਾ?

ਜਦ ਹਿੱਕ ਵਿਚੋਂ ਹਉਮੈ ਰਿੱਸਦੀ, ਹੰਕਾਰ ਦੀ ਨੈਂ ਫੁੱਟਦੀ ਜਾਂ ਖੌਫ ਦਾ ਹਊਆ ਪਨਪਦਾ ਤਾਂ ਅਜਿਹੀ ਹਿੱਕ ਬਿਗਾਨੇ ਦੁੱਖਾਂ-ਦਰਦਾਂ 'ਚੋਂ ਸੁਖਨ ਲੋਚਦੀ, ਆਪਣੀ ਸੀੜ੍ਹੀ ਤਿਆਰ ਕਰਦੀ, ਖੁਦ ਦੀ ਕਬਰ ਪੁੱਟਣ ਦੇ ਆਹਰ ਵਿਚ ਗਲਤਾਨ ਹੁੰਦੀ ਏ। ਸਮਿਆਂ ਦਾ ਇਤਿਹਾਸ, ਚਸ਼ਮਦੀਦ ਗਵਾਹ।

ਜਦ ਬਜੁਰਗ ਮਾਪਿਆਂ ਦੀ ਹਿੱਕ ਵਿਚ ਜਵਾਨ ਰੁੱਤੇ ਤੁਰ ਗਏ ਪੁੱਤ ਦਾ ਗ਼ਮ, ਦਾਜ ਖੁਣੋਂ ਵਿਆਹ ਦੀ ਉਮਰ ਵਿਹਾਜ ਚੁੱਕੀ ਧੀ ਦਾ ਫਿਕਰ, ਕਰਜ਼ਿਆਂ ਵਿਚ ਡੁੱਬੀ ਜ਼ਿੰਦ ਅਤੇ ਤਨ ਤੇ ਪਾਈਆਂ ਲੀਰਾਂ ਦੀ ਚਿੰਤਾ, ਘੁੱਣ ਬਣ ਜਾਵੇ ਤਾਂ ਹਿੱਕ ਧੁਖਣ ਲੱਗ ਪੈਂਦੀ ਅਤੇ ਇਸ ਵਿਚ ਰਾਖ ਹੋ ਜਾਂਦਾ ਜਮਾਨੇ ਦਾ ਸਿੱਤਮ। ਨਵੇਂ ਸੂਰਜ ਦੀ ਦਸਤਕ, ਹਨੇਰੀਆਂ ਰਾਤਾਂ ਨੂੰ ਰੁਸ਼ਨਾਉਣ ਦਾ ਸਬੱਬ ਬਣਦੀ।

ਜਦ ਹਿੱਕ ਵਿਚ ਸੁਪਨੇ ਸਜਾਉਣ ਦੀ ਰੁੱਤ ਵਿਧਵਾ ਹੋ ਜਾਵੇ, ਸੁਪਨਿਆਂ ਦੀ ਧਰਤ ਕਰੰਡੀ ਜਾਵੇ ਜਾਂ ਕੋਫਾਂ ਨੂੰ ਕਹਿਰ ਦਾ ਕੋਹਰਾ ਮਾਰ ਦੇਵੇ ਤਾਂ ਹਿੱਕ ਵਿਚ ਪੈਦਾ ਹੋਈ ਹਲਚਲ, ਅਣਹੋਣੀ ਨੂੰ ਹੋਣੀ ਵਿਚ ਬਦਲ ਕੇ ਤਹਿਰੀਕ ਨੂੰ ਨਵਾਂ ਮੁਹਾਂਦਰਾ ਪ੍ਰਦਾਨ ਕਰਦੀ।

ਹਿੱਕ ਦਾ ਵਾਲ ਬਣੇ ਸੱਜਣਾਂ ਤੋਂ ਸਾਹਾਂ ਦੀ ਸਲਤਨਤ, ਦੌਲਤਾਂ ਦੇ ਅੰਬਾਰ ਤੇ ਸਹੂਲਤਾਂ ਦੇ ਸੰਸਾਰ ਵਾਰਨਾ, ਜਿਊਣ-ਸਰਗਮ ਬਣਦਾ ਜਿਸ ਦੀ ਸੁਗਮਤਾ 'ਚੋਂ ਜੀਵਨ-ਰਸ ਚੋ-ਚੋ ਪੈਂਦਾ।

ਜਦ ਜਵਾਨ ਹਿੱਕ ਵਿਚ ਸੂਹੇ ਪਲਾਂ ਦੀ ਤਸ਼ਬੀਹ ਲਰਜਣ ਲੱਗ ਪਵੇ, ਸੁਪਨਾ ਤੇ ਸੱਚ ਸਾਹਮਣੇ ਨਜ਼ਰ ਆਉਣ ਲੱਗ ਪਵੇ ਤਾਂ ਜ਼ਿੰਦਗੀ ਦੀ ਮਾਰਗ-ਦਰਸ਼ਨਾਂ ਲਈ, ਦੋ ਜਿਸਮ ਇਕ ਜਾਨ ਦਾ ਸਾਥ ਸਦੀਵੀ ਸਾਥ ਬਣ ਜਾਂਦਾ।

ਹਿੱਕ ਸੁਹੰਢਣੀ, ਹਿੱਕ ਸੰਜੋਗੀ। ਹਿੱਕ ਸੁਹੱਪਣ, ਹਿੱਕ ਅਰੋਗੀ। ਹਿੱਕ 'ਚੋਂ ਉਗੇ ਸਮਿਆਂ ਦਾ ਰਾਗ, ਹਿੱਕ ਹੀ ਬਣਦੀ ਕਿਸਮਤ-ਭਾਗ। ਹਿੱਕ ਬਣਾਉਂਦੀ ਨਵੀਆਂ ਰਾਹਾਂ, ਹਿੱਕ-ਜੋਰ ਲਈ ਨਵੀਆਂ ਦਿਸ਼ਾਵਾਂ। ਹਿੱਕ 'ਚੋਂ ਉਗਦਾ ਜੋਸ਼ ਤੇ ਹੋਸ਼, ਹਿੱਕ ਹੀ ਬਣਦੀ ਮਾਂ-ਆਗੋਸ਼। ਹਿੱਕ ਹੀ ਹਿੱਕ ਦਾ ਹਾਸਲ ਹੋਵੇ, ਹਿੱਕ ਹੀ ਹਿੱਕ ਲਈ ਚਾਨਣ ਚੋਵੇ। ਹਿੱਕ ਹੀ ਬਣਦੀ ਨਿੱਘ ਤੇ ਲੋਰ, ਹਿੱਕ ਸਰੂਰ ਤੇ ਹਿੱਕ ਮਨ-ਮੋਰ। ਹਿੱਕ ਨੂੰ ਹਿੱਕ ਦਾ ਹੱਕ ਦੁਆਵੇ, ਹਿੱਕ ਹੀ ਹਿੱਕ ਲਈ ਹਾਅ ਬਣ ਜਾਵੇ। ਹਿੱਕ ਜਦ ਹਿੱਕ ਸਹਿਲਾਵੇ, ਤਾਂ ਹਿੱਕ ਰੂਹ-ਨਗਮੇ ਗਾਵੇ। ਹਿੱਕ ਨੂੰ ਹਿੱਕ ਦੇ ਨਾਲ ਲਗਾਵੋ, ਤੇ ਹਿੱਕ-ਝੋਲੀ ਸੁੱਚੀਆਂ ਸੱਧਰਾਂ ਪਾਓ।

ਹਿੱਕ ਦੇ ਜੋਰ ਗਾਉਣ ਵਾਲੇ ਆਪਣੀ ਆਵਾਜ਼ ਦੇ ਦਮ 'ਤੇ ਬੁਲੰਦੀ ਦੀ ਵਿਲੱਖਣਤਾ ਹੁੰਦੇ। ਹਿੱਕ 'ਤੇ ਸਲੀਬਾਂ, ਸਲਾਖਾਂ ਅਤੇ ਸੂਲਾਂ ਨੂੰ ਜਰਨ ਵਾਲਿਆਂ ਨੂੰ ਇਤਿਹਾਸ ਨਤ ਮਸਤਕ ਹੁੰਦਾ। ਹਿੱਕ, ਹਾਅ ਦਾ ਨਾਹਰਾ ਵੀ ਬਣਦੀ, ਨਿਤਾਣੇ ਲਈ ਸਹਾਰਾ ਵੀ ਬਣਦੀ, ਅਬਲਾ ਦੇ ਸਿਰ ਦੀ ਛੱਤ, ਬੱਚੇ ਲਈ ਅਸ਼ੀਰਵਾਦੀ ਹੱਥ ਅਤੇ ਲੋੜਵੰਦ ਲਈ ਬਖਸ਼ਿਸ਼ਾਂ ਵਾਲਾ ਰੱਬ ਵੀ ਹੁੰਦੀ।

ਹਿੱਕ 'ਚ ਚੀਰ ਪਵਾਉਣ ਵਾਲੇ ਆਰਿਆਂ ਦੇ ਦੰਦਿਆਂ ਦੇ ਮੂੰਹ ਮੋੜਦੇ। ਆਪਣਿਆਂ ਦੇ ਬੋਲ ਜਦ ਹਿੱਕ ਚੀਰ ਜਾਂਦੇ ਤਾਂ ਹਿੱਕ ਵਿਚੋਂ ਉਠੀ ਕਾਂਗ, ਮਹਿਲਾਂ ਨੂੰ ਤਹਿਸ-ਨਹਿਸ ਕਰਦੀ, ਕੁੱਲੀਆਂ ਦਾ ਸੰਗਮਰਮਰੀ ਥਮਲਾ ਬਣਦੀ।

ਹਿੱਕ ਨੂੰ ਸੁਪਨਿਆਂ ਦੀ ਸਰਜਮੀਂ ਬਣਾਓ ਅਤੇ ਇਸ ਵਿਚ ਸੁੱਚੀ ਸੋਚ ਦੀਆਂ ਕਲਮਾਂ ਲਾਓ ਤਾਂ ਇਸ ਦੀਆਂ ਟਾਹਣੀਆਂ 'ਤੇ ਕੋਮਲ ਭਾਵਨਾਵਾਂ ਤੇ ਚਾਵਾਂ ਦੀਆਂ ਲਗਰਾਂ, ਜੀਵਨ-ਵਿਹੜੇ 'ਚ ਬਹਾਰ ਦਾ ਨਿਉਂਦਾ ਬਣ, ਜੀਵਨੀ ਰੰਗਾਂ ਤੇ ਮਹਿਕਾਂ ਦਾ ਸੰਧਾਰਾ ਬਣਨਗੀਆਂ।

ਆਮੀਨ!

## ਤਸ਼ਖੀਸ਼, ਤਫਤੀਸ਼ ਅਤੇ ਅਹਿਸਾਸ

*(ਸਫਾ 27 ਦੀ ਬਾਕੀ)*

ਤੀਮਾਰਦਾਰੀ ਦਾ ਦਾਅਵਾ ਕੀਤਾ। ਪਾਤਰ ਦੀ ਕਵਿਤਾ ਵੱਡੇ ਦਾਅਵਿਆਂ 'ਚ ਯਕੀਨ ਨਹੀਂ ਕਰਦੀ। ਇਹ ਮਾਡਰਨ ਨੇਅਮਤਾਂ ਦੇ ਬਹੁਪਰਤੀ ਮਾਇਆ ਜਾਲ ਵਿਚ ਉਲਝੇ ਸੂਖਮ ਅਤੇ ਸੰਵੇਦਨਸ਼ੀਲ ਮਨੁੱਖ ਦੀਆਂ ਅਨੇਕ ਮਹੀਨ ਮਰਜ਼ਾਂ ਵਿਚ ਉਸ ਦਾ ਹਾਲ ਪੁੱਛਦੀ ਹੈ ਤੇ ਨਾਲ ਧਰਵਾਸ ਦਿੰਦੀ ਹੈ। ਇਹ ਪਾਠਕ ਨੂੰ ਕਿਧਰੇ ਉੜਾ ਕੇ ਨਹੀਂ ਲੈ ਜਾਂਦੀ, ਬਲਕਿ 'ਠੁਮਕ ਠੁਮਕ' ਉਸ ਦੇ ਨਾਲ ਤੁਰਦਿਆਂ ਸੁਚੇਤ ਕਰਦੀ ਹੋਈ ਮਿਜ਼ਾਜਪੁਰਸੀ ਕਰਦੀ ਹੈ। ਦੁੱਖ ਵਿਚ ਬਗਲਗੀਰ ਹੋਣਾ, ਸੁੱਖ ਵਿਚ ਹਮਸਫਰ ਹੋਣਾ ਤੇ ਉਤਸ਼ਾਹੀ ਘੜੀਆਂ ਵਿਚ ਹਮਰਕਾਬ ਹੋਣਾ ਇਸ ਦਾ ਸੁਭਾ ਹੈ।

ਗਾਲਿਬ ਨੇ ਕਿਹਾ ਕਿ "ਗ਼ਮਿ ਇਸ਼ਕ ਗਰ ਨਾ ਹੋਤਾ ਤੋ ਗ਼ਮਿ ਰੋਜ਼ਗਾਰ ਹੋਤਾ।" ਪਾਤਰ ਦੀ ਕਵਿਤਾ ਗ਼ਮਿਰੋਜ਼ਗ਼ਾਰ ਨੂੰ ਗ਼ਮਿਰੋਜ਼ਮਰਹ ਤੱਕ ਫੈਲਾ ਲੈਂਦੀ ਹੈ ਤੇ ਰੋਜ਼ਮਰਹ ਦੇ ਅਣਦਿਸਦੇ ਜ਼ਖ਼ਮਾਂ 'ਤੇ ਮਰਹਮ ਵਜੋਂ ਪੂਣੀਆਂ ਦੇ ਫਹੇ ਧਰਦੀ ਹੈ।

ਪੰਜਾਬ ਪਾਤਰ ਤੇ ਉਸ ਦੀ ਕਵਿਤਾ ਦਾ ਕਦਰਦਾਨ ਹੈ ਤੇ ਉਸ ਨੂੰ ਪਿਆਰ ਵੀ ਕਰਦਾ ਹੈ। ਪਾਤਰ ਨੇ ਇਹ ਪਿਆਰ ਲੁੱਟਿਆ ਵੀ ਹੈ। ਇਹ ਲੁੱਟ ਉਹ ਪੰਜਾਬੀ ਅਦਬ ਦੀ ਭੇਟ ਚੜ੍ਹਾ ਰਿਹਾ ਹੈ। ਭੇਟ ਦਰ ਭੇਟ, ਇਹ ਨਿਰੰਤਰ ਸਿਲਸਿਲਾ ਏਦਾਂ ਹੀ ਜਾਰੀ ਰਹੇ। ਸ਼ਮਾਂਦਾਨ ਮਚਦਾ ਰਹੇ, ਕਵਿਤਾ ਭਖਦੀ ਰਹੇ, ਪਾਤਰ ਸੁਰਜੀਤ ਰਹੇ ਤੇ ਉਸ ਨੂੰ ਅਦਬ ਦੀ ਅਸੀਸ ਰਹੇ।

# ਗਾਂਧੀ ਦੇ ਵਿਚਾਰਾਂ ਦਾ ਹਕੀਕੀ ਰੂਪ: ਆਂਖਨ ਦੇਖੀ

ਆਵਾਜ਼ ਦੇ ਕਹਾਂ ਹੈ... -60-



ਕੁਲਦੀਪ ਕੌਰ
ਫੋਨ: +91-98554-04330

ਫਿਲਮ 'ਆਂਖਨ ਦੇਖੀ' ਰਾਜਿੰਦਰ ਸਿੰਘ ਬੇਦੀ ਦੁਆਰਾ ਨਿਰਦੇਸ਼ਤ ਆਖਰੀ ਫਿਲਮ ਸੀ। ਇਹ ਫਿਲਮ ਭਾਵੇਂ ਸਿੱਧੇ ਤੌਰ 'ਤੇ ਉਨ੍ਹਾਂ ਦੁਆਰਾ ਰਚੀ ਕਿਸੇ ਕਹਾਣੀ/ਅਫਸਾਨੇ ਜਾਂ ਨਾਵਲ 'ਤੇ ਆਧਾਰਿਤ ਨਹੀਂ ਸੀ, ਪਰ ਇਸ ਫਿਲਮ ਵਿਚਲੇ ਮੁੱਦੇ ਬੇਦੀ ਦੇ ਸਾਹਿਤ ਵਿਚਲੀਆਂ ਕਦਰਾਂ-ਕੀਮਤਾਂ ਅਤੇ ਵਿਚਾਰਧਾਰਾ ਨਾਲ ਮੇਚ ਖਾਂਦੇ ਸਨ। ਇਹ ਫਿਲਮ ਸਿਆਸਤ ਵਿਚ ਸਰਗਰਮ ਲੋਕਾਂ ਦੇ ਨਿੱਜੀ ਦਾਇਰਿਆਂ ਅੰਦਰ ਝਾਤੀ ਮਾਰਦੀ ਹੈ। ਫਿਲਮ ਇਸ ਇਬਾਰਤ ਨਾਲ ਸ਼ੁਰੂ ਹੁੰਦੀ ਹੈ:

'ਇਹ ਚੀਕ ਹੈ। ਇਹ ਅਜਿਹੀ ਫਿਲਮ ਹੈ ਜਿਸ ਦੀ ਲੰਮੇ ਸਮੇਂ ਤੋਂ ਉਡੀਕ ਕੀਤੀ ਜਾ ਰਹੀ ਹੈ। ਅਜਿਹਾ ਇਸ ਲਈ ਕਿ ਹੁਣ ਸਾਡਾ ਭਾਰਤ ਗਲਾਜ਼ਤ ਦੀਆਂ ਨਵੀਆਂ ਨਿਵਾਣਾਂ ਵਿਚ ਜਾ ਰਿਹਾ ਹੈ। ਇਹ ਇਸ ਲਈ ਵੀ ਕਿ ਭਾਰਤ ਦਾ ਅਜਿਹਾ ਹਾਲ ਬਾਪੂ ਦੇ ਗੁਜ਼ਰ ਜਾਣ ਦੇ ਸਿਰਫ ਇਕ ਦਹਾਕੇ ਬਾਅਦ ਹੀ ਹੋ ਚੁੱਕਾ ਹੈ।'

ਫਿਲਮ ਦਾ ਕਥਾਨਿਕ ਸਿੱਧਾ-ਸਾਦਾ ਨਹੀਂ, ਸਗੋਂ ਬੇਦੀ ਦੁਆਰਾ ਨਿਰਦੇਸ਼ਿਤ ਬਾਕੀ ਫਿਲਮਾਂ ਵਾਂਗ ਗੁੰਝਲਦਾਰ ਤੇ ਬਹੁਪਰਤੀ ਹੈ। ਸਿਆਸਤ ਦੇ ਵੱਖ-ਵੱਖ ਰੰਗ ਫੜਨ ਲਈ ਨਿਰਦੇਸ਼ਕ ਨੇ ਬਹੁਤ ਸਾਰੇ ਕਿਰਦਾਰਾਂ ਦੀ ਮਦਦ ਲਈ ਹੈ। 1930 ਦੀ ਬਸੰਤ ਦੌਰਾਨ ਬ੍ਰਾਹਮਣਾਂ ਦੇ ਮੁੰਡੇ ਮੋਹਨ (ਸੁਰੇਸ਼ ਭਾਗਵਤ) ਅਤੇ ਦਲਿਤਾਂ ਦੀ ਕੁੜੀ ਦੁਲਾਰੀ (ਭਾਨੂਮਤੀ) ਦੀ ਮੁਹਬੱਤ ਨੂੰ ਬੂਰ ਪੈਂਦਾ ਹੈ। ਮੁਲਕ ਦਾ ਸਿਆਸੀ ਮਾਹੌਲ ਪੂਰੀ ਗਰਮੀ ਫੜ ਚੁੱਕਾ ਹੈ। ਮੋਹਨ ਮਹਾਤਮਾ ਗਾਂਧੀ ਦੁਆਰਾ ਸ਼ੁਰੂ ਕੀਤੀ ਅਸਹਿਯੋਗ ਲਹਿਰ ਵਿਚ ਕੰਮ ਕਰ ਰਿਹਾ ਹੈ ਅਤੇ ਅਹਿੰਸਾ ਦਾ ਪ੍ਰਚਾਰਕ ਹੈ। ਇਕ ਜਗ੍ਹਾ ਪੁਲਿਸ ਦੁਆਰਾ ਕੀਤੇ ਲਾਠੀਚਾਰਜ ਦੌਰਾਨ ਜ਼ਖਮੀ ਹੋਏ ਮੋਹਨ ਦੀ ਜਾਨ ਦੁਲਾਰੀ ਬਚਾਉਂਦੀ ਹੈ। ਮੋਹਨ ਨੂੰ ਉਸ ਵਿਚ ਆਪਣਾ ਜੀਵਨ ਸਾਥੀ ਨਜ਼ਰ ਆਉਂਦਾ ਹੈ। ਦੁਲਾਰੀ ਦਾ ਪਰਿਵਾਰ ਅਤੇ ਮੋਹਨ ਦੀ ਪਾਰਟੀ ਇਸ ਰਿਸ਼ਤੇ ਦਾ ਸਖਤ ਵਿਰੋਧ ਕਰਦੇ ਹਨ। ਇਸ ਦੇ ਬਾਵਜੂਦ ਮੋਹਨ, ਦੁਲਾਰੀ ਦੀ ਗੰਦੀ ਬਸਤੀ ਵਿਚ ਜਾ ਕੇ ਸਮਾਜਿਕ ਚੇਤਨਾ ਦੀ ਅ.ਲਖ ਜਗਾਉਣ ਲੱਗਦਾ ਹੈ। ਉਨ੍ਹਾਂ ਦੋਵਾਂ ਨੂੰ ਪਰਿਵਾਰਕ ਕਲੇਸ਼ ਦੇ ਨਾਲ-ਨਾਲ ਸਮਾਜਿਕ









*(ਉਪਰ) ਰਾਜਿੰਦਰ ਸਿੰਘ ਬੇਦੀ, ਫਿਲਮ ਦਾ ਪੋਸਟਰ ਅਤੇ (ਹੇਠਾਂ) ਮੁਹੰਮਦ ਰਫੀ।*

ਵਿਰੋਧ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਇਉਂ ਉਨ੍ਹਾਂ ਨੂੰ ਆਜ਼ਾਦੀ ਦੀ ਦੂਹਰੀ ਲੜਾਈ ਲੜਨੀ ਪੈਂਦੀ ਹੈ ਜਿਸ ਵਿਚ ਉਨ੍ਹਾਂ ਨੂੰ ਆਪਣਾ ਰਿਸ਼ਤਾ ਬਚਾਉਣ ਲਈ ਬਹੁਤ ਤਰੱਦਦ ਕਰਨਾ ਪੈਂਦਾ ਹੈ ਅਤੇ ਕੌਮੀ ਲਹਿਰ ਲਈ ਵੀ ਜਾਨ ਹੂਲਣੀ ਪੈਂਦੀ ਹੈ। ਇਸ ਫਿਲਮ ਨੂੰ ਜੈਨ ਭਜਨ 'ਉਠ ਜਾਗ ਮੁਸਾਫਿਰ ਭੋਰ ਭਈ, ਅਬ ਰੈਨ ਕਹਾਂ ਜੋ ਸੋਵਤ ਹੈ' (ਮੁਹੰਮਦ ਰਫੀ) ਦੀਆਂ ਕਾਲਜਈ ਧੁਨਾਂ ਲਈ ਜਾਣਿਆ ਜਾਂਦਾ ਹੈ। ਇਸ ਵਿਚ ਉਠਣ ਦੇ ਹੋਕੇ ਦਾ ਸਮਾਂ ਬੇਹੱਦ ਮਹਤੱਵਪੂਰਨ ਹੈ। ਇਸ ਸਮੇਂ ਮਹਾਤਮਾ ਗਾਂਧੀ ਦਾ ਅਸਹਿਯੋਗ ਅੰਦੋਲਨ ਚੱਲ ਰਿਹਾ ਹੈ ਜਿਸ ਵਿਚ ਅਹਿੰਸਾ ਦੀ ਰਾਜਨੀਤੀ 'ਤੇ ਜ਼ੋਰ ਦਿਤਾ ਜਾ ਰਿਹਾ ਹੈ। ਦੂਜੇ ਪਾਸੇ ਅੰਗਰੇਜ਼ੀ ਸ਼ਾਸਕ ਉਨ੍ਹਾਂ ਨੂੰ ਭੇਡਾਂ-ਬੱਕਰੀਆਂ ਮੰਨ ਕੇ ਡੰਡੇ ਦੇ ਜ਼ੋਰ ਸਬਕ ਸਿਖਾਉਣਾ ਚਾਹੁੰਦੇ ਹਨ। ਮੋਹਨ ਇਸ ਰਾਜਸੀ ਹਿੰਸਾ ਦੀਆਂ ਲੁਕੀਆਂ ਪਰਤਾਂ ਦੀ ਨਿਸ਼ਾਨਦੇਹੀ ਕਰਦਾ ਹੈ। ਉਸ ਉਤੇ ਲਾਠੀਚਾਰਜ ਕਰਨ ਤੋਂ ਬਾਅਦ ਥਾਣੇਦਾਰ ਉਨ੍ਹਾਂ ਦੀ ਬਸਤੀ ਵਿਚ ਛਾਪੇ ਮਾਰਨ ਆਉਂਦਾ ਹੈ। ਪਿਆਸ ਲੱਗਣ 'ਤੇ ਜਦੋਂ ਉਸ ਨੂੰ ਦੁਲਾਰੀ ਪਾਣੀ ਦਾ ਗਿਲਾਸ ਦਿੰਦੀ ਹੈ ਤਾਂ ਉਹ ਉਸ ਨੂੰ ਅਛੂਤ ਕਹਿ ਕੇ ਜ਼ਲੀਲ ਕਰਦਾ ਹੈ। ਬਾਅਦ ਵਿਚ ਉਹੀ ਥਾਣੇਦਾਰ ਥਾਣੇ ਵਿਚ ਬੰਦ ਦੁਲਾਰੀ ਨਾਲ ਬਲਾਤਕਾਰ ਕਰਨ ਦੀ ਕੋਸ਼ਿਸ਼ ਕਰਦਾ ਹੈ ਜਿਸ ਨੂੰ ਮੋਹਨ ਅਸਫਲ ਬਣਾ ਦਿੰਦਾ ਹੈ। ਇਸ ਸਮੇਂ ਉਸ ਦਾ ਇਕ ਹਮਦਰਦ ਅਫਸਰ ਇਸ ਗੱਲ 'ਤੇ ਸਵਾਲ ਕਰਦਾ ਹੈ ਕਿ ਕੀ ਆਜ਼ਾਦੀ ਮਿਲਣ ਤੋਂ ਬਾਅਦ ਅਜਿਹੀ ਹਿੰਸਾ ਨੂੰ ਨੱਥ ਪੈਣ ਦੀ ਸੰਭਾਵਨਾ ਹੈ ਜਿਹੜੀ ਇੰਨੇ ਬੁਰੇ ਤਰੀਕੇ ਨਾਲ ਵਿਵਸਥਾ ਦੀ ਰਗ-ਰਗ ਵਿਚ ਵਸ ਚੁੱਕੀ ਹੈ?

ਫਿਲਮ ਮਹਾਤਮਾ ਗਾਂਧੀ ਦੁਆਰਾ ਪ੍ਰਚਾਰੇ ਆਦਰਸ਼ਾਂ ਦੀ ਹੋਣੀ 'ਤੇ ਵੀ ਸਵਾਲ ਖੜ੍ਹਾ ਕਰਦੀ ਹੈ। ਗੋਲੀ ਦੇ ਸਾਹਮਣੇ ਭਲਾ ਕਿੰਨੀ ਕੁ ਦੇਰ ਅਹਿੰਸਕ ਰਿਹਾ ਜਾ ਸਕਦਾ ਹੈ? ਗਾਂਧੀ ਦੁਆਰਾ ਦਲਿਤਾਂ ਨੂੰ ਸਨਮਾਨ ਦੇਣ ਲਈ ਸ਼ੁਰੂ ਕੀਤੀ 'ਹਰੀਜਨ' ਲਹਿਰ ਦੀਆਂ ਆਪਣੇ ਵਿਰੋਧਾਭਾਸ ਸਨ। ਇਸ ਲਹਿਰ ਦਾ ਸਭ ਤੋਂ ਤਿੱਖਾ ਵਿਚਾਰਧਾਰਕ ਵਿਰੋਧ ਉਸ ਉਚ ਜਾਤ ਬੁਧੀਜੀਵੀ ਤਬਕੇ ਵੱਲੋਂ ਆਉਂਦਾ ਹੈ ਜਿਹੜਾ ਉਂਜ ਤਾਂ ਆਪਣੇ ਲਈ ਅੰਗਰੇਜ਼ਾਂ ਤੋਂ ਪੂਰਨ ਆਜ਼ਾਦੀ ਭਾਲ ਰਿਹਾ ਹੈ, ਪਰ ਇਸ ਨੂੰ ਦਲਿਤਾਂ ਨਾਲ ਬਰਾਬਰ ਵੰਡਣ ਸਮੇਂ ਇਸ ਨੂੰ ਗਸ਼ੀਆਂ ਪੈਣ ਲੱਗ ਜਾਂਦੀਆਂ ਹਨ। ਫਿਲਮ ਵਿਚ ਮੋਹਨ, ਗਾਂਧੀਵਾਦੀ ਵਿਚਾਰਾਂ ਦਾ ਪ੍ਰਤੀਕ ਹੈ ਜਿਸ ਦੇ ਦੁਲਾਰੀ ਨਾਲ ਰਿਸ਼ਤੇ ਅਤੇ ਦਲਿਤਾਂ ਦੇ ਸਮਾਨ ਅਧਿਕਾਰਾਂ ਨੂੰ ਜ਼ੋਰਦਾਰ ਤਰੀਕੇ ਨਾਲ ਉਠਾਉਣ ਕਾਰਨ ਉਸੇ ਦੀ ਪਾਰਟੀ ਦੇ ਨੇਤਾ ਉਸ ਦੇ ਕਤਲ ਦੀ ਸਕੀਮ ਬਣਾਉਂਦੇ ਹਨ। ਇਸ ਹਮਲੇ ਵਿਚ ਮੋਹਨ ਦੀ ਜਾਨ ਭਾਵੇਂ ਬਚ ਜਾਂਦੀ ਹੈ, ਪਰ ਉਸ ਨੂੰ ਬਚਾਉਂਦਿਆਂ ਦੁਲਾਰੀ ਦੀ ਮੌਤ ਹੋ ਜਾਂਦੀ ਹੈ। ਇਸ ਤਰ੍ਹਾਂ ਇਹ ਫਿਲਮ ਗਾਂਧੀਵਾਦੀ ਆਦਰਸ਼ਾਂ ਦੇ ਭਾਰਤੀ ਸਿਆਸਤ ਨਾਲ ਸਬੰਧਾਂ ਬਾਰੇ ਗੱਲ ਕਰਦੀ ਹੈ। ਫਿਲਮ ਵਿਚ ਹਿੰਦੂ-ਮੁਸਲਿਮ ਏਕਤਾ ਦੀ ਰਗ ਬਾਰੇ ਵੀ ਚਰਚਾ ਕੀਤੀ ਗਈ ਹੈ। ਹਿੰਦੂ-ਮੁਸਲਿਮ ਏਕਤਾ ਸਬੰਧੀ ਬਣੀ-ਬਣਾਈ ਧਾਰਨਾ ਇਹ ਹੈ ਕਿ ਅੰਗਰੇਜ਼ਾਂ ਨੇ ਇਨ੍ਹਾਂ ਦੋਹਾਂ ਧਰਮਾਂ ਵਿਚ ਗਲਤਫਹਿਮੀਆਂ ਪੈਦਾ ਕੀਤੀਆਂ ਸਨ ਤਾਂ ਕਿ ਉਹ ਆਪਣਾ ਰਾਜ-ਭਾਗ ਕਾਇਮ ਰੱਖ ਸਕਣ। ਫਿਲਮ ਦਰਸ਼ਕਾਂ ਨੂੰ ਇਸ ਧਾਰਨਾ ਤੋਂ ਪਾਰ ਜਾ ਕੇ ਹਿੰਦੂਆਂ ਤੇ ਮੁਸਲਮਾਨਾਂ ਦੇ ਰਿਸ਼ਤਿਆਂ ਦਾ ਇਤਿਹਾਸਕ ਪੱਖ ਘੋਖਣ ਦਾ ਸੱਦਾ ਦਿੰਦੀ ਹੈ। ਫਿਲਮ ਵਿਚ ਮੋਹਨ ਹਿੰਦੂ-ਮੁਸਲਿਮ ਏਕਤਾ ਤੋਂ ਪਹਿਲਾਂ ਦੋਹਾਂ ਧਰਮਾਂ ਵਿਚ ਆਦਰ ਅਤੇ ਸਹਿ-ਹੋਂਦ ਦਾ ਰਿਸ਼ਤਾ ਸਿਰਜਣ ਦੀ ਲੋੜ 'ਤੇ ਜ਼ੋਰ ਦਿੰਦਾ ਹੈ। ਟੁੱਟੀਆਂ ਤੰਦਾਂ ਗੰਢਣ ਅਤੇ ਨਵੇਂ ਪੁਲ ਬਣਾਉਣ ਦਾ ਸੱਦਾ ਦਿੰਦਾ ਹੈ। ਉਹ ਬਾਹਰਲੇ ਦੁਸ਼ਮਣਾਂ ਨਾਲ ਦੋ-ਦੋ ਹੱਥ ਕਰਨ ਲਈ ਪਹਿਲਾਂ ਆਪਸੀ ਕੁੜੱਤਣ ਮਾਰਨ ਦਾ ਹੋਕਾ ਦਿੰਦਾ ਹੈ ਜਿਸ ਦੀ ਕੀਮਤ ਉਸ ਨੂੰ ਦੁਲਾਰੀ ਦੀ ਮੌਤ ਨਾਲ ਚਕਾਉਣੀ ਪੈਂਦੀ ਹੈ।

ਫਿਲਮ ਭਾਰਤੀ ਔਰਤਾਂ ਦੇ ਆਜ਼ਾਦੀ ਸੰਗਰਾਮ ਵਿਚ ਪਾਏ ਯੋਗਦਾਨ ਨੂੰ ਇਕ ਤਰ੍ਹਾਂ ਨਾਲ ਸ਼ਰਧਾਂਜਲੀ ਵੀ ਹੈ। ਮੋਹਨ ਦੀ ਮਾਂ ਭਾਰਤੀ ਔਰਤਾਂ ਦੇ ਜੇਰੇ ਦਾ ਪ੍ਰਤੀਕ ਬਣ ਕੇ ਉਭਰਦੀ ਹੈ ਅਤੇ ਦੁਲਾਰੀ ਉਨ੍ਹਾਂ ਔਰਤਾਂ ਦੀ ਯਾਦ ਦਿਵਾਉਂਦੀ ਹੈ ਜਿਨ੍ਹਾਂ ਨੇ ਇਸ ਸੰਗਰਾਮ ਵਿਚ ਅੱਗੇ ਹੋ ਕੇ ਗੋਲੀਆਂ ਖਾਧੀਆਂ। ਇਸ ਫਿਲਮ ਵਿਚ ਸੁਰੇਸ਼ ਭਾਗਵਤ, ਭਾਨੂਮਤੀ, ਬਿਪਨ ਗੁਪਤਾ ਤੇ ਦਿਨੇਸ਼ ਕੁਮਾਰ ਨੇ ਮੁੱਖ ਭੂਮਿਕਾਵਾਂ ਨਿਭਾਈਆਂ ਸਨ ਜਦਕਿ ਨਿਰਦੇਸ਼ਨ ਤੇ ਸੰਵਾਦ ਰਾਜਿੰਦਰ ਸਿੰਘ ਬੇਦੀ ਦੇ ਸਨ। -0-

# ਕਲਕੀ'ਜ਼ ਗ੍ਰੇਟ ਐਸਕੇਪ...



ਅਦਾਕਾਰਾ ਕਲਕੀ ਕੋਇਚਲਿਨ ਪਹਿਲੀ ਵਾਰ ਟੈਲੀਵਿਜ਼ਨ 'ਤੇ ਨਜ਼ਰ ਆਵੇਗੀ। ਉਹ 'ਕਲਕੀ 'ਜ਼ ਗ੍ਰੇਟ ਐਸਕੇਪ' ਸ਼ੋਅ ਕਰ ਰਹੀ ਹੈ। ਇਹ ਸ਼ੋਅ ਕਰ ਕੇ ਉਹ ਖੁਸ਼ ਹੈ, ਉਹਦਾ ਕਹਿਣਾ ਹੈ ਕਿ ਇਸ ਸ਼ੋਅ ਕਾਰਨ ਉਹਨੂੰ ਆਪਣੇ ਪਿਤਾ ਜੋਲ ਕੋਇਚਲਿਨ ਨਾਲ ਵਧੇਰੇ ਵਕਤ ਬਿਤਾਉਣ ਅਤੇ ਉਨ੍ਹਾਂ ਨੂੰ ਹੋਰ ਸਮਝਣ ਦਾ ਮੌਕਾ ਮਿਲਿਆ ਹੈ। ਇਸ ਸ਼ੋਅ ਵਿਚ ਕਲਕੀ ਮੋਟਰਸਾਈਕਲ 'ਤੇ ਆਪਣੇ ਪਿਤਾ, ਬਾਈਕਰ ਅਤੇ ਫੋਟੋਗ੍ਰਾਫਰ ਨਾਲ ਉਤਰ-ਪੂਰਬੀ ਖਿੱਤੇ ਵਿਚ ਘੁੰਮਦੀ ਹੈ। ਇਸ ਵਿਚ ਅਸਾਮ, ਅਰੁਣਾਚਲ ਪ੍ਰਦੇਸ਼ ਅਤੇ ਮੇਘਾਲਿਆ ਦੀਆਂ ਅਣਦੇਖੀਆਂ ਥਾਂਵਾਂ ਦੀ ਚਰਚਾ ਹੈ। ਇਹ ਟੈਲੀਵਿਜ਼ਨ ਪ੍ਰੋਗਰਾਮ 'ਫੌਕਸ ਲਾਈਫ਼' ਉਤੇ ਹਰ ਸ਼ਨਿੱਚਰਵਾਰ ਨਸ਼ਰ ਹੋਵੇਗਾ। ਉਤਰ-ਪੂਰਬ ਦੀ ਚੋਣ ਬਾਰੇ ਕਲਕੀ ਬਹੁਤ ਸਪਸ਼ਟ ਆਖਦੀ ਹੈ- 'ਅਸੀਂ ਭਾਰਤ ਦੇ ਹੋਰ ਹਿੱਸਿਆਂ ਵਿਚ ਤਾਂ ਬਥੇਰਾ ਘੁੰਮੇ ਹਾਂ, ਪਰ ਉਤਰ-ਪੂਰਬ ਵੱਲ ਘੱਟ ਹੀ ਗਏ ਹਾਂ। ਮੇਰੇ ਪਿਤਾ ਚਹੁੰਦੇ ਸਨ ਕਿ ਮੈਂ ਉਤਰ-ਪੂਰਬ ਦੇ ਸੱਤਾਂ ਹੀ ਸੂਬਿਆਂ ਵਿਚ ਜਾਵਾਂ।' ਯਾਦ ਰਹੇ ਕਿ ਕਲਕੀ ਦੇ ਮਾਤਾ-ਪਿਤਾ ਫਰਾਂਸਵਾ ਅਰਮਾਂਡੀ ਤੇ ਜੋਲ ਕੋਇਚਲਿਨ ਫਰਾਂਸੀਸੀ ਮੂਲ ਦੇ ਹਨ ਅਤੇ ਪੁਡੂਚਿਰੀ ਵਿਚ ਵਸ ਗਏ ਸਨ। ਉਥੇ ਹੀ ਕਲਕੀ 1984 ਨੂੰ ਦਾ ਜਨਮ ਹੋਇਆ। ਕਲਕੀ ਦੇ ਮਾਪੇ ਸ੍ਰੀ ਅਰਬਿੰਦੋ ਦੇ ਸ਼ਰਧਾਲੂ ਹਨ। ਬਾਅਦ ਵਿਚ ਇਹ ਪਰਿਵਾਰ ਤਾਮਿਲਨਾਡੂ ਵਿਚ ਊਟੀ ਨੇੜੇ ਇਕ ਪਿੰਡ ਵਿਚ ਵਸ ਗਿਆ। ਕਲਕੀ ਕੋਇਚਲਿਨ ਨੇ ਆਪਣਾ ਫਿਲਮੀ ਕਰੀਅਰ 2009 ਵਿਚ ਅਨੁਰਾਗ ਕਸ਼ਯਪ ਦੀ ਫਿਲਮ 'ਦੇਵ-ਡੀ' ਨਾਲ ਸ਼ੁਰੂ ਕੀਤਾ ਸੀ। ਮਗਰੋਂ ਦੋਵਾਂ ਵਿਚਕਾਰ ਨੇੜਤਾ ਵਧ ਗਈ ਅਤੇ ਉਨ੍ਹਾਂ ਅਪਰੈਲ 2011 ਵਿਚ ਵਿਆਹ ਕਰਵਾ ਲਿਆ, ਪਰ ਮਤਭੇਦਾਂ ਕਾਰਨ 2013 ਵਿਚ ਦੋਵੇਂ ਵੱਖਰੇ ਹੋ ਗਏ। ਪਿਛਲੇ ਸਾਲ ਕਲਕੀ ਦੀ ਫਿਲਮ 'ਮਾਰਗਰੀਟਾ ਵਿਦ ਏ ਸਟ੍ਰਾਅ' ਨੇ ਖੂਬ ਧੁੰਮਾਂ ਪਾਈਆਂ ਸਨ। ਉਸ ਦੀਆਂ ਦੋ ਫਿਲਮਾਂ 'ਏ ਡੈੱਥ ਇਨ ਦਿ ਗੰਜ' ਤੇ 'ਜੀਆਹ ਔਰ ਜੀਆਹ' ਫਿਲਮ ਮੁਕੰਮਲ ਹੋ ਚੁੱਕੀਆਂ ਹਨ ਅਤੇ ਉਹ ਅੱਜ ਕੱਲ੍ਹ 'ਕੈਂਡੀਫਲਿਪ' ਤੇ 'ਅਜ਼ਮਾਇਸ਼' ਫਿਲਮਾਂ ਦੀ ਸ਼ੂਟਿੰਗ ਵਿਚ ਰੁੱਝੀ ਹੋਈ ਹੈ।



# ਸਈਦ ਮਿਰਜ਼ਾ ਬਾਰੇ ਦਸਤਾਵੇਜ਼ੀ ਫਿਲਮ

ਫਿਲਮਸਾਜ਼ ਕਿਰੀਤ ਖੁਰਾਣਾ ਨੇ ਤਿੰਨ ਵਾਰ ਕੌਮੀ ਪੁਰਸਕਾਰ ਜੇਤੂ ਫਿਲਮਸਾਜ਼ ਸਈਦ ਅਖਤਰ ਮਿਰਜ਼ਾ ਬਾਰੇ ਦਸਤਾਵੇਜ਼ੀ ਫਿਲਮ ਬਣਾਈ ਹੈ। ਇਕ ਘੰਟੇ ਦੀ ਇਸ ਫਿਲਮ ਵਿਚ ਸਈਦ ਮਿਰਜ਼ਾ ਦੀ ਜ਼ਿੰਦਗੀ ਤੇ ਕਲਾ ਦੇ ਅਣਛੋਹੇ ਪੱਖਾਂ ਬਾਰੇ ਚਰਚਾ ਹੈ। ਕਿਰੀਤ ਦੱਸਦਾ ਹੈ ਕਿ ਉਹ ਸਈਦ ਮਿਰਜ਼ਾ ਵਾਲੀ ਬਿਲਡਿੰਗ ਵਿਚ ਹੀ ਰਹਿੰਦਾ ਸੀ, ਉਸ ਨੇ ਉਸ ਨੂੰ ਬਹੁਤ ਨੇੜਿਓਂ ਦੇਖਿਆ-ਜਾਣਿਆ ਹੈ। ਆਪਣੀ ਇਸ ਫਿਲਮ ਦੀ ਸ਼ੂਟਿੰਗ ਉਸ ਨੇ 40-45 ਦਿਨਾਂ ਵਿਚ ਪੂਰੀ ਕਰ ਲਈ ਸੀ। ਯਾਦ ਰਹੇ ਕਿ ਸਈਦ ਮਿਰਜ਼ਾ ਨੇ 'ਅਲਬਰਟ ਪਿੰਟੋ ਕੋ ਗੁੱਸਾ ਕਿਉਂ ਆਤਾ ਹੈ', 'ਮੋਹਨ ਜੋਸ਼ੀ ਹਾਜ਼ਰ ਹੋ', 'ਸਲੀਮ ਲੰਗੜੇ ਪੇ ਮਤ ਰੋ' ਵਰਗੀਆਂ ਯਾਦਗਾਰੀ ਫਿਲਮਾਂ ਬਣਾਈਆਂ ਹਨ। ਕਿਰੀਤ ਖੁਰਾਣਾ ਨੇ ਆਪਣੀ ਇਹ ਦਸਤਾਵੇਜ਼ੀ ਫਿਲਮ ਲਈ ਤਕਰੀਬਨ ਡੇਢ ਸਾਲ ਖੋਜ ਕੀਤੀ। ਇਸ ਪ੍ਰੋਜੈਕਟ ਵਿਚ ਸਈਦ ਮਿਰਜ਼ਾ ਨੇ ਆਪਣਾ ਕੋਈ ਦਖ਼ਲ ਨਹੀਂ ਦਿੱਤਾ, ਸਗੋਂ ਕਿਰੀਤ ਖੁਰਾਣਾ ਨੂੰ ਆਪਣੇ ਹਿਸਾਬ ਨਾਲ ਇਹ ਪ੍ਰੋਜੈਕਟ ਸਿਰੇ ਚਾੜ੍ਹਨ ਦਿੱਤਾ।

School's out. Dada and Dadi are in town.

**Summers were made for Punjabi TV.**




## SAVE BIG ON THE PUNJABI MEGA PACK

This summer, DISH has the whole family covered with 10 channels of the best Punjabi news, dramas, movies, kids shows, and more. **Get this amazing deal before October 27!**

**40% OFF**
SAVE $120 IN 12 MONTHS

$14.99/mo. FOR 12 MONTHS
$24.99/mo. in Year 2, subject to change
USE OFFER CODE **SAVEBIG**

**PUNJABI** MEGA PACK

WILLOW HD · PTC PUNJABI · jus punjabi · mh · JUS one · 9X TASHAN · JUS 24x7 · PTC NEWS · PTC chak de

Requires credit qualification, 24-month commitment, and subscription to qualifying American or DishLATINO programming. International offers cannot be combined.

**50% OFF**
SAVE $360 IN 12 MONTHS

$24.99/mo. FOR 12 MONTHS
$54.99/mo. in Year 2, subject to change
USE OFFER CODE **SAVEBIG**

**HINDI** MEGA PACK

WILLOW HD · LifeOK · rishtey · PLUS MORE

Requires credit qualification, 24-month commitment, and subscription to qualifying American or DishLATINO programming. International offers cannot be combined.

**Call Now 1-888-628-5880** USE OFFER CODE **SAVEBIG**

dish

International programming requires additional $10/mo International Basic package or any America's Top or DishLATINO package.
**Important Terms and Conditions: Promotional Offers: $30/mo. Credit for 12 Months Offer:** Valid for activation and installation of qualifying new DISH service. Requires subscription to a qualifying American or DishLATINO package in addition to Hindi Mega Pack. Must provide Offer Code at time of order. Receive a monthly credit of $30 for the first 12 months. Advertised price requires credit qualification and eAutoPay. Upfront activation and/or receiver upgrade fees may apply based on credit qualification. After 12-month promotional period, then-current monthly price applies and is subject to change. **$10/mo. Credit for 12 Months Offer:** Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Must provide Offer Code at time of order. Receive a monthly credit of $10 for the first 12 months. Advertised price requires credit qualification and eAutoPay. Upfront activation and/or receiver upgrade fees may apply based on credit qualification. After 12-month promotional period, then-current monthly price applies and is subject to change. **Offer ends 10/26/16. 2 Year Commitment:** Early termination fee of $20/mo. remaining applies if you cancel early. **Installation/Equipment Requirements:** A second dish antenna may be required to view both International and American programming. Leased equipment must be returned to DISH upon cancellation or unreturned equipment fees apply. **Other:** All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2016 DISH Network L.L.C. All rights reserved.

ਵਿਚ ਫਰਿਜ਼ਨੋ ਕਬੱਡੀਆਂ ਪੈਣੀਆਂ, ਚਾਰੇ ਟੀਮਾਂ ਇਕ ਦੂਜੇ ਨਾਲ ਖਹਿਣੀਆਂ, ਜ਼ੋਰ ਵੇਖਣਾ ਖਾਧੀ ਘਿਓ ਦੀ ਚੂਰੀ ਦਾ, ਫੁੱਲ ਪੈਣਾਂ ਅੱਖਾਂ ਦੀ ਘੂਰੀ ਦਾ, ਰੇਡਰਾਂ ਵੀ ਪੱਟਾਂ ਦਾ ਜ਼ੋਰ ਵਿਖਾਉਣਾ, ਜਾਫੀਆਂ ਵੀ ਹੱਸ-ਹੱਸ ਜੱਫਾ ਲਾਉਣਾ, ਨਜ਼ਾਰਾ ਆਉਣਾ ਸਾਨ੍ਹਾਂ ਦੇ ਭੇੜ ਦਾ, ਵੱਖਰਾ ਨਜ਼ਾਰਾ ਯਾਰੋ ਕਬੱਡੀ ਖੇਡ ਦਾ।

# ਇੰਟਰਨੈਸ਼ਨਲ ਕਬੱਡੀ ਕੱਪ

# ਫਰਿਜ਼ਨੋ 2016



## 2 ਅਕਤੂਬਰ, ਦਿਨ ਐਤਵਾਰ

## ਸਮਾਂ :- ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ

## Chukchansi Park 1800 Tulare St Fresno, CA 93721

## ਇਸ ਵਿਚ ਇੰਟਰਨੈਸ਼ਨਲ ਖਿਡਾਰੀ ਹਿੱਸਾ ਲੈ ਰਹੇ ਹਨ



## ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਫਰਿਜ਼ਨੋ ਅਤੇ ਸ਼ਹੀਦ ਊਧਮ ਸਿੰਘ ਸਪੋਰਟਸ ਕਲੱਬ ਸੇਲਮਾ

ਵੱਲੋਂ

## ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਯੂ.ਐੱਸ.ਏ. ਅਤੇ ਸਮੂਹ ਜਥੇਬੰਦੀਆਂ, ਕਬੱਡੀ ਪ੍ਰੇਮੀਆਂ, ਸੰਸਥਾਵਾਂ, ਖੇਡ ਕਲੱਬਾਂ, ਖਿਡਾਰੀਆਂ ਅਤੇ ਮਹਾਨ ਸ਼ਖਸੀਅਤਾਂ ਦੇ ਸੰਪੂਰਨ ਸਹਿਯੋਗ ਨਾਲ

### OPENING CEREMONY

ਸਾਰੀਆਂ ਮਹਾਨ ਸ਼ਖਸੀਅਤਾਂ ਸੀਨੀਅਰ ਪਲੇਅਰ ਅਤੇ ਸਾਰੇ ਇੰਟਰਨੈਸ਼ਨਲ ਕਬੱਡੀ ਪ੍ਰਮੋਟਰ ਕਰ ਰਹੇ ਹਨ।
ਇਹ ਮੈਚ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੇ ਲਾਅ ਅਨੁਸਾਰ ਕਰਵਾਏ ਜਾ ਰਹੇ ਹਨ।

### ਕੁਮੈਂਟਰੀ :






**ਸਹਿਯੋਗੀ ਕਲੱਬ :** ਗੁਰੂ ਗੋਬਿੰਦ ਸਿੰਘ ਸਪੋਰਟਸ ਕਲੱਬ ਸੈਨਹੋਜ਼ੇ, ਬੇ ਏਰੀਆ ਸਪੋਰਟਸ ਕਲੱਬ, ਫਤਿਹ ਸਪੋਰਟਸ ਕਲੱਬ, ਗੁਰੂ ਨਾਨਕ ਸਪੋਰਟਸ ਕਲੱਬ ਸੈਨਵਾਕੀਨ, ਯੂਨਾਈਟਿਡ ਸਪੋਰਟਸ ਕਲੱਬ, ਬਾਬਾ ਦੀਪ ਸਿੰਘ ਸਪੋਰਟਸ ਕਲੱਬ, ਰਾਇਲ ਸਪੋਰਟਸ ਕਲੱਬ, ਪੰਜਾਬ ਸਪੋਰਟਸ ਕਲੱਬ ਨਿਊਯਾਰਕ, ਗਦਰੀ ਬਾਬੇ ਸਪੋਰਟਸ ਕਲੱਬ, ਸੈਂਟਰ ਵੈਲੀ ਸਪੋਰਟਸ ਕਲੱਬ, ਸੈਂਟਾ ਕਲਾਰਾ ਸਪੋਰਟਸ ਕਲੱਬ, ਗੋਲਡਨ ਸਟੇਟ ਸਪੋਰਟਸ ਕਲੱਬ, ਪੰਜਾਬੀ ਵਿਰਸਾ ਸਪੋਰਟਸ ਕਲੱਬ, ਸਿਆਟਲ ਸਪੋਰਟਸ ਕਲੱਬ, ਬੇਕਰਸਫੀਲਡ ਸਪੋਰਟਸ ਕਲੱਬ, ਡਾਇਮੰਡ ਸਪੋਰਟਸ ਕਲੱਬ, ਯੂਥ ਅਕਾਲੀ ਦਲ ਸਪੋਰਟਸ ਕਲੱਬ, ਪੰਜਾਬੀ ਕਲਚਰ ਐਸੋਸੀਏਸ਼ਨ, ਆਜ਼ਾਦ ਕਲੱਬ, ਇੰਡੋ-ਅਮਰੀਕਨ ਹੈਰੀਟੇਜ ਫੋਰਮ, ਜੀ.ਐੱਚ.ਜੀ. ਕਲੱਬ, ਮਾਲਵਾ ਵੈਲਫੇਅਰ ਕਲੱਬ, ਇੰਡੋ-ਯੂ.ਐੱਸ. ਹੈਰੀਟੇਜ ਐਸੋਸੀਏਸ਼ਨ, ਪੰਜਾਬੀ ਸਪੋਰਟਸ ਅਤੇ ਪੰਜਾਬੀ ਪ੍ਰੈੱਸ ਕਲੱਬ ਫਰਿਜ਼ਨੋ, ਪੀ.ਸੀ.ਏ. ਕਲੱਬ ਫਰਿਜ਼ਨੋ

### ਰੈਫਰੀ ਦੀਆਂ ਸੇਵਾਵਾਂ

ਮੱਖਣ ਸਿੰਘ ਭੰਡਾਲ, ਗੁਰਪ੍ਰੀਤ ਸਿੰਘ, ਦਵਿੰਦਰ ਸਿੰਘ, ਜਰਨੈਲ ਉੱਪਲ, ਲਹਿੰਬਰ ਸਿੱਧੂ ਅਤੇ ਦਲਵੀਰ ਚੌਧਰੀ

| A-TEAM | | UNDER 21 | |
|---|---|---|---|
| FIRST PRIZE | : 14000 | FIRST PRIZE | : 3100 |
| 2nd | : 13000 | 2nd | : 2500 |
| 3rd | : 12000 | 3rd | : 2000 |
| 4th | : 11000 | 4th | : 1500 |

ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਕੋਈ ਵੀ ਵੀਰ ਨਸ਼ਾ ਕਰਕੇ ਗਰਾਊਂਡ ਵਿਚ ਨਾ ਆਵੇ।

ਸਮੁੱਚੇ ਭਾਈਚਾਰੇ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਹੁੰਮਹੁਮਾ ਕੇ ਕਾਰਾਂ, ਟਰੱਕ ਭਰ ਕੇ ਮੇਲੇ ਵਿਚ ਪਹੁੰਚ ਕੇ ਰੌਣਕਾਂ ਨੂੰ ਵਧਾਓ ਜੀ।

**ਖਾਣ-ਪੀਣ ਦਾ ਪੂਰਾ ਪ੍ਰਬੰਧ ਹੋਵੇਗਾ।**

**ਗੁਰੂ ਕਾ ਲੰਗਰ ਅਤੁੱਟ ਵਰਤੇਗਾ।**

**ਸਕਿਓਰਿਟੀ ਦਾ ਪੂਰਾ ਪ੍ਰਬੰਧ ਹੋਵੇਗਾ।**

**ਗਰੈਂਡ ਸਪਾਂਸਰ :** ਟੁੱਟ ਭਰਾ ਵਾਟਸਨਵਿੱਲ, ਪਾਲ ਸਿਹੋਤਾ, ਗੁਰਚਰਨ ਸਿੰਘ ਰੱਕੜ, ਪ੍ਰੀਤਮ ਸਿੰਘ ਪਾਸਲਾ, ਪਾਲ ਕੈਲੇ, ਰਣਜੀਤ ਸਿੰਘ ਨਾਗਰਾ, ਸੁਰਿੰਦਰ ਸਿੰਘ ਨਿੱਝਰ ਅਤੇ ਅੰਮ੍ਰਿਤਪਾਲ ਸਿੰਘ ਨਿੱਝਰ, ਨਾਜਰ ਸਿੰਘ ਸਹੋਤਾ, ਟਹਿਲ ਬਾਂਦੀ, ਗੁਰਦੀਪ ਚੌਹਾਨ, ਕਰਮਜੀਤ ਨਿੱਝਰ, ਅਮਰਜੀਤ ਨਿੱਝਰ, ਨੀਟੂ ਬੜਿਆਲ, ਪੰਮਾ ਦੇਕੇ, ਤੂਰ ਭਰਾ ਸੀ.ਐੱਫ.ਐਕਸ ਟਰਾਂਸਪੋਰਟ, ਜਸਪ੍ਰੀਤ ਸਟੋਨ ਟਰੱਕਿੰਗ, ਲਾਖ ਬਰਾੜ ਤੇ ਨਿਰਵੈਰ ਬਰਾੜ, ਅਟਵਾਲ ਸਰਬਜੀਤ ਸਿੰਘ ਅਟਵਾਲ, ਕੁਲਦੀਪ ਸਿੰਘ ਤੇ ਸੁਰਜੀਤ ਸਿੰਘ ਅਟਵਾਲ, ਕਮਲ ਕੈਮਵੇਅ ਟਰਾਂਸਪੋਰਟ, ਰੇਸ਼ਮ ਸਿੰਘ ਤੱਖਰ, ਗਿੱਲ ਭਰਾ ਜੀ.ਵੀ.ਟੀ., ਲਖਵੀਰ ਸਿੰਘ ਗਿੱਲ ਟਰੱਕਿੰਗ, ਪ੍ਰਿੰਸੀਪਲ ਪ੍ਰੀਤਮ ਸਿੰਘ ਨਾਹਲ ਅਤੇ ਅਜਮੇਰ ਸਿੰਘ ਨਾਹਲ, ਗੁਰਦੀਪ ਸਿੰਘ ਨਿੱਝਰ, ਹਰਮੇਸ਼ ਮੇਸ਼ੀ, ਲੱਖੀ ਦੁਸਾਂਝ ਡੀ.ਟੀ.ਐੱਲ., ਅਮੋਲਕ ਸਿੰਘ ਸਿੱਧੂ ਐੱਨ.ਕੇ.ਆਰ.ਐੱਸ. ਟਰਾਂਸਪੋਰਟ, ਧਨਜੀਤ ਸਿੰਘ ਬੀਸਲਾ, ਡੀ.ਐੱਸ. ਐਕਸਪ੍ਰੈੱਸ, ਨਿਰਮਲ ਸਹੋਤਾ ਬਰਾ, ਜੋਗ ਟਰੱਕਿੰਗ, ਬਲਵਿੰਦਰ ਬਰਾੜ, ਰਾਜ ਡੀ.ਕੇ. ਟਰੱਕਿੰਗ, ਸੁਖਵਿੰਦਰ ਸਿੰਘ ਟਿਵਾਣਾ, ਮਨਦੀਪ ਸਮਰਾ, ਹਰਜੀਤ ਸਮਰਾ, ਰੌਡੀ ਚੌਹਾਨ, ਹਰਮਿੰਦਰ ਸਿੰਘ ਚੌਹਾਨ, ਹਾਕਮ ਸਿੰਘ ਢਿੱਲੋਂ, ਰਾਜਦੀਪ ਸਿੰਘ ਸੰਧੂ, ਮਨਧੀਰ ਸਿੰਘ ਤੂੰਗ, ਮੇਜਰ ਟਰੱਕ ਟੂਲ, ਬੱਲਾ ਚੀਮਾ, ਪਰਮਜੀਤ ਸਿੰਘ ਧਾਰੀਵਾਲ, ਜਰਨੈਲ ਸਿੰਘ ਉੱਪਲ, ਬਲਵਿੰਦਰ ਉੱਪਲ, ਗੋਲਡੀ, ਜੈਸੀ ਸੈਮ ਬੁਦਰਜ਼, ਡਾ. ਧਾਰੀਵਾਲ, ਬਲਜੀਤ ਸਿੰਘ ਅਟਵਾਲ, ਸੁਖਬੀਰ ਸਿੰਘ, ਚਰਨਜੀਤ ਸਿੰਘ ਬੁੱਟਰ, ਬਲਵਿੰਦਰ ਸਿੰਘ, ਸੰਤੋਖ ਸਿੰਘ ਢਿੱਲੋਂ, ਅਜੀਤ ਸਿੰਘ ਗਿੱਲ, ਮਾਲਵਾ ਇੰਸ਼ੋਰੈਂਸ, ਲਿੰਕ ਇੰਸ਼ੋਰੈਂਸ, ਰਾਜਬੀਰ ਸਿੰਘ ਪੰਨੂ, ਸ਼ਿਵਰਾਜ ਪੰਨੂ, ਜੀਤੀ ਪੰਨੂ, ਸੁਖਜਿੰਦਰ ਬੋਲਾ, ਮੰਗਲ ਸਿੰਘ ਜੌਹਲ, ਬੱਗਾ ਸਿੰਘ, ਮੋਗਾ ਟਾਇਰ ਸ਼ਰਮਾ, ਰਮਨ ਕੂਰ, ਬਿੰਟਾ ਕੂਰ, ਸੁਰਜੀਤ ਸਿੰਘ ਧਾਲੀਵਾਲ, ਟੋਨੀ ਗਿੱਲ, ਤੀਰਥ ਸਿੰਘ ਨਿੱਝਰ, ਗੁਰਦੀਪ ਸਿੰਘ ਨਿੱਝਰ, ਅਮਰੀਕ ਸਿੰਘ ਵਿਰਕ, ਜਸਪ੍ਰੀਤ ਮਾਨ, ਅਮਰੀਕ ਸਿੰਘ ਸੰਧੂ, ਚਰਨਜੀਤ ਸਿੰਘ ਸਹੋਤਾ, ਚੈਨ ਸਿੰਘ ਪੂੰਨੀ, ਬਲਦੇਵ ਸਿੰਘ ਸੰਘਾ, ਸਰਦੂਲ ਸਿੰਘ ਸਹੋਤਾ, ਸਾਈਮਨ ਸਹੋਤਾ, ਕਾਹਲੋਂ ਬ੍ਰਦਰਜ਼ ਮੰਡੇਰਾ, ਸੋਹਣ ਸਿੰਘ ਸਮਰਾ, ਸੁਖਦੇਵ ਸਿੰਘ ਸਮਰਾ (ਬਾਪੂ ਫਾਰਮ ਮੰਡੇਰਾ), ਪ੍ਰਦੀਪ ਮਿਨਹਾਸ, ਰਛਪਾਲ ਸਿੰਘ ਪਾਲਾ, ਗੁਰਦੇਵ ਸਿੰਘ ਨਿੱਝਰ ਐੱਨ.ਬੀ. ਟਰੱਕਿੰਗ, ਬਿੱਲਾ ਜੌਹਲ, ਪਾਲ ਧਾਰੀਵਾਲ, ਕਮਲਜੀਤ ਟਿਵਾਣਾ, ਕਮਲ ਭਿੰਡਰ, ਅਮਰੀਕ ਬਸਰਾ ਐੱਨ.ਡੀ., ਗੁੱਲੂ, ਗੁਰਜੀਤ ਸਿੰਘ, ਮਿੱਕੀ ਸਰਾਂ, ਸੀਜੇ, ਅੰਮ੍ਰਿਤਸਰ ਸਿੰਘ ਧਾਰੀਵਾਲ, ਸੁੱਖੀ ਘੁੰਮਣ, ਦਲਜੀਤ ਸਿੰਘ ਗਿੱਲ, ਗੁਰਦੀਪ ਸਿੰਘ ਤੰਦੂਰੀ ਨਾਈਟ ਰੈਸਟੋਰੈਂਟ, ਹੈਰੀ ਲੌਜਿਸਟਿਕ, ਜੀ.ਐੱਸ.ਐੱਸ. ਕੈਰੀਅਰ, ਪੋਸਟ ਟੂ ਪੋਸਟ, ਏ.ਐੱਲ.ਆਰ., ਪ੍ਰਭਵਿੰਦਰ ਸਿੰਘ, ਪ੍ਰੀਤ ਚੌਹਾਨ, ਸਨੀ ਚੌਹਾਨ, ਪਾਲ ਮਾਹਲ, ਹਰਨੇਕ ਸੰਘੇੜਾ, ਜਸਦੇਵ ਸਿੰਘ ਗਿੱਲ, ਟੋਨੀ ਘੁਮਾਣ, ਬਲਵਿੰਦਰ ਸਿੰਘ ਪੰਜਾਬੀ ਠੇਕਾ, ਜੱਗਾ ਸੰਘੇੜਾ, ਗੋਲਡੀ ਟਾਇਰ, ਪੰਮੀ ਮਾਹਲ ਆਇਸ ਫੈਕਟਰੀ, ਮੋਹਣੀ ਬੈਂਸ, ਬਲਵੀਰ ਸਿੰਘ ਢਿੱਲੋਂ, ਜੈਸੀ ਸਿੰਘ, ਰੌਇਲ ਫੈਬਰਿਕ, ਗੋਰੀ ਢੇਸੀ, ਗੁਰਿੰਦਰ ਸਿੰਘ ਧਾਰੀਵਾਲ, ਹਰਜੀਤ ਸਿੰਘ, ਰਾਜ ਰੰਧਾਵਾ, ਰਸ਼ਪਾਲ ਸਹੋਤਾ, ਰੂਬੀ ਧਾਲੀਵਾਲ, ਅੰਤਰਪ੍ਰੀਤ ਸਿੰਘ ਬੈਂਸ ਗੋਗੀ, ਸ਼ਾਮ ਮਨਰੋਏ, ਬੇਬੀ ਫਰਿਜ਼ਨੋ, ਫਰਿਜ਼ਨੋ ਟਰੱਕ ਟਾਇਰ, ਮਨਜੀਤ ਸਿੰਘ, ਪਵਿੱਤਰ ਸਿੰਘ ਸ਼ੇਰਗਿੱਲ, ਬਲਰਾਜ ਗਿੱਲ, ਰਾਵੀ ਸਮਰਾ, ਸਟਾਰ ਲੌਜਿਸਟਿਕ, ਹਰਮਨ ਸਹੋਤਾ, ਮਹਿੰਦਰ ਸਿੰਘ ਸੇਧਾਵਾਲ, ਨਰਿੰਦਰ ਸਿੰਘ ਗਿੱਲ, ਸੁਖਪਾਲ ਸਿੰਘ ਧਾਲੀਵਾਲ, ਸੁਖਦੇਵ ਸਿੰਘ ਧਾਲੀਵਾਲ, ਨਗਜੀਤ ਸਿੰਘ ਧਾਲੀਵਾਲ, ਚਰਨਜੀਤ ਸਿੰਘ ਧਾਲੀਵਾਲ, ਜਗਜੀਤ ਸਿੰਘ ਧਾਲੀਵਾਲ, ਕਰਮ ਸਿੰਘ ਸੰਘਾ, ਡਾ. ਬੂਟਾ ਸਿੰਘ, ਪਰਮਿੰਦਰ ਸਿੰਘ ਬਰਾ, ਖੋਸਾ ਬ੍ਰਦਰਜ਼, ਮਨਦੀਪ ਸਿੰਘ ਸਿੱਧੂ ਸਾਈਨ ਸਟੂਡੀਓ, ਤਿਰਲੋਚਨ ਸਿੰਘ ਡੀ.ਵੀ. ਟਰੱਕਿੰਗ, ਵਨ ਫੂਡ ਸਟੋਰ ਰੰਧਾਵਾ, ਪ੍ਰੀਤ ਬਰੌਡਵੇ ਲੀਕਰ, ਬਿੱਟੂ ਖੋਸਾ, ਪਾਲ ਲਿੱਧੜ, ਰਾਜੂ ਕਿੰਗਜ਼ਬਰਗ, ਮਿੱਕੀ ਯੂ ਸੇਵ, ਹੈਰੀ ਮਾਨ, ਭਰਪੂਰ ਸਿੰਘ ਸਾਹੋਕੇ, ਅਮਰੀਕ ਭੰਡਾਲ, ਨਛੱਤਰ ਸਿੰਘ, ਪਾਲ ਟਰੈਸ ਲੀਕਰ, ਪ੍ਰਿਥੀਪਾਲ ਸਿੰਘ, ਹਰਵੀਰ ਚੌਧਰੀ, ਹਰਜੀਤ ਗਿੱਲ, ਜੋਗਾ ਸਿੰਘ ਲਿੱਧੜ, ਰਾਣੂ ਸੇਲਮਾ, ਜੋਲਾ ਦੁਰਕੋਟ, ਬਹਾਦਰ ਸਿੰਘ ਦੌਧਰ, ਅਮਰਜੀਤ ਸਿੰਘ ਦੌਧਰ, ਗੁਰਪ੍ਰੀਤ ਸਿੰਘ ਦੌਧਰ, ਬਬਲਾ ਮਲਕ, ਹਰਪ੍ਰੀਤ ਗਿੱਲ, ਪ੍ਰੀਤਮ ਸਿੰਘ ਗਿੱਲ, ਖਾਲਸਾ ਟਰੱਕਿੰਗ, ਚਰਨਜੀਤ ਸਿੰਘ ਬਾਠ, ਅਜੀਤ ਸਿੰਘ ਗਿੱਲ, ਜੋਗਾ ਸਿੰਘ ਮਾਹਲ, ਬਲਰਾਜ ਬਰਾੜ, ਤਰਸੇਮ ਸਿੰਘ ਢਿੱਲੋਂ, ਵੈਸ਼ਦੀਪ ਸਿੱਧੂ, ਹਰਭਜਨ ਸਿੰਘ ਸਹੋਤਾ, ਬਿੱਕਰ ਸਿੰਘ ਬੈਂਸ, ਸੋਢੀ (ਰੌਇਲ ਤਾਜ), ਮਨਜੀਤ ਸਿੰਘ ਕੁਲਾਰ, ਅਮਰੀਕ ਸਿੰਘ ਭੰਡਾਲ, ਜਸਬੀਰ ਸਿੰਘ ਸਹਾਏ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :

ਸ. ਸੁਰਜੀਤ ਸਿੰਘ ਟੁੱਟ : 831-750-7500, ਪਾਲ ਸਿਹੋਤਾ : 559-269-6974, ਸ. ਅਵਤਾਰ ਸਿੰਘ ਗਿੱਲ : 559-352-7222, ਸ. ਗੁਰਚਰਨ ਸਿੰਘ ਰੱਕੜ : 559-479-0341, ਸ. ਸੁਰਿੰਦਰ ਸਿੰਘ ਨਿੱਝਰ : 559-479-1804, ਸ. ਗੁਰਦੀਪ ਸਿੰਘ ਚੌਹਾਨ : 559-994-3016, ਸ. ਪਾਲ ਸਿੰਘ ਕੈਲੇ : 559-259-1841, ਸ. ਪ੍ਰੀਤਮ ਸਿੰਘ ਪਾਸਲਾ : 559-790-2377, ਸ. ਨਾਜਰ ਸਿੰਘ ਸਹੋਤਾ : 559-351-6592, ਸ. ਨੇਕੀ ਸੰਘੇੜਾ : 559-970-4683, ਸ. ਨੀਟੂ ਬੜਿਆਲ : 559-352-0489, ਸ. ਚਰਨਜੀਤ ਸਿੰਘ ਬਾਠ, ਸ. ਟਹਿਲ ਸਿੰਘ ਬਾਂਦੀ : 559-280-1313, ਕਮਲ ਬਾਂਦੀ : 559-281-1824, ਰਣਜੀਤ ਸਿੰਘ ਨਾਗਰਾ : 559-302-7061, ਕਰਮਜੀਤ ਸਿੰਘ ਨਿੱਝਰ : 559-352-5518, ਮਨਧੀਰ ਸਿੰਘ ਤੂੰਗ : 559-930-7127, ਚਰਨ ਸਿੰਘ ਗਿੱਲ : 559-906-7413, ਅੰਮ੍ਰਿਤਪਾਲ ਸਿੰਘ ਨਿੱਝਰ : 559-479-1802, ਹਰਮੇਸ਼ ਮੇਸ਼ੀ, ਪਾਲੀ ਬਾਂਦੀ, ਪਾਲ ਮਾਹਲ : 559-349-9333, ਨਿਰਵੈਰ ਬਰਾੜ, ਲੱਖ ਬਰਾੜ : 559-978-4911, ਹੈਰੀ ਗਿੱਲ, ਗੈਰੀ ਤੂਰ, ਪਾਲ ਤੂਰ, ਚਰਨਜੀਤ ਸਿੰਘ ਸਿਹੋਤਾ : 559-779-8215, ਕਮਲ ਬਾਂਦੀ : 559-281-1824, ਅਮੋਲਕ ਸਿੰਘ ਸਿੱਧੂ : 559-709-0089, ਜਸਪ੍ਰੀਤ ਸਿੰਘ : 559-352-9873, ਗੁਰਦੇਵ ਸਿੰਘ ਨਿੱਜਰ : 559-250-1220, ਰਾਜਦੀਪ ਸੰਧੂ : 559-776-8125, ਲਖਵੀਰ ਗਿੱਲ : 559-994-9932, ਸੁੱਖੀ ਘੁੰਮਣ, ਸ. ਹਰਨਰਿੰਦਰ ਸਿੰਘ ਗਿੱਲ : 559-906-7411, ਜਸਵੀਰ ਸਹਾਏ : 209-675-0866, ਧਨਜੀਤ ਸਿੰਘ ਬਿਸਲਾ : 559-274-6119

Designed By : Punjab Mail USA